PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

28th March - 4th April 2024 • Issue No. 3023

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

# ਅਕਾਲੀ ਦਲ ਨੇ ਭਾਜਪਾ ਨੂੰ ਦਿੱਤਾ ਧੋਬੀ ਪਟਕਾ, ਨਹੀਂ ਕੀਤਾ ਸਮਝੌਤਾ

ਕਵਰ ਸਟੋਰੀ

**✪ ਬੰਦੀ ਸਿਖਾਂ ਦੀ ਰਿਹਾਈ ਤੇ ਕਿਸਾਨੀ ਮੰਗਾਂ ਬਣੀਆਂ ਗੱਠਜੋੜ ਵਿਚ ਅੜਿਕਾ ✪ ਦਿੱਤਾ ਸੁਨੇਹਾ ਕਿ ਹੁਣ ਵਡੇ ਬਾਦਲ ਵਾਂਗ ਭਾਜਪਾ ਨਾਲ ਬਿਨਾਂ ਸ਼ਰਤ ਸਮਝੌਤਾ ਨਹੀਂ ਕਰੇਗਾ ✪ ਸ਼੍ਰੋਮਣੀ ਅਕਾਲੀ ਦਲ ਲਈ ਸੱਤਾ ਨਾਲੋਂ ਸਿਧਾਂਤ ਅਹਿਮ : ਬਾਦਲ**



ਜਲੰਧਰ-ਪੰਜਾਬ ਦੀਆਂ ਲੋਕ ਸਭਾ ਚੋਣਾਂ ਵਿੱਚ ਬੇਸ਼ੱਕ ਅਜੇ ਦੋ ਮਹੀਨਿਆਂ ਤੋਂ ਜ਼ਿਆਦਾ ਦਾ ਸਮਾਂ ਪਿਆ ਹੈ ਪਰ ਪਹਿਲਾਂ ਹੀ ਸਿਆਸੀ ਝਟਕਿਆਂ ਨੇ ਮੌਸਮ ਦੇ ਨਾਲ ਨਾਲ ਸਿਆਸੀ ਮਾਹੌਲ ਵੀ ਗਰਮਾ ਦਿੱਤਾ ਹੈ। ਭਾਜਪਾ ਨਾਲ ਗਠਜੋੜ ਤੋਂ ਇਨਕਾਰ ਕਰਕੇ ਬੇਸ਼ੱਕ ਅਕਾਲੀ ਦਲ ਨੇ ਸਖਤ ਸਟੈਂਡ ਲਿਆ ਹੈ, ਪਰ ਇਸ ਵਾਰ ਬਾਦਲ ਦਲ ਵਲੋਂ ਸਿਰ ਧੜ ਦੀ ਬਾਜ਼ੀ ਵਾਲੀਆਂ ਚੋਣਾਂ ਭਾਜਪਾ ਨਾਲ ਗਠਜੋੜ ਤੋਂ ਬਿਨਾਂ ਲੜੀਆਂ ਜਾ ਰਹੀਆਂ ਹਨ। ਭਾਜਪਾ ਵਲੋਂ ਬੰਦੀ ਸਿਖਾਂ ਦੀ ਰਿਹਾਈ, ਕਿਸਾਨ ਮੰਗਾਂ ਨਾ ਮੰਨਣ ਕਾਰਣ, ਅਕਾਲੀ ਦਲ ਤੋਂ ਚਾਰ ਤੋਂ ਵੱਧ ਸੀਟਾਂ ਮੰਗਣ ਕਾਰਣ ਸਿਆਸੀ ਗੱਠਜੋੜ ਸਿਰੇ ਨਾ ਚੜ ਸਕਿਆ।

ਭਾਜਪਾ ਨਾਲ ਗਠਜੋੜ ਤੋਂ ਅਕਾਲੀ ਦਲ ਵਲੋਂ ਇਨਕਾਰ ਕਰਨ ਕਾਰਣ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੋਸ਼ਲ ਮੀਡੀਆ ਉੱਤੇ ਵੀਡੀਓ ਸਾਂਝੀ ਕਰਕੇ ਕਿਹਾ ਕਿ ਭਾਜਪਾ ਆਪਣੇ ਹੀ ਬਲਬੂਤੇ ਉੱਤੇ ਪੰਜਾਬ ਦੀਆਂ 13 ਦੀਆਂ 13 ਲੋਕ ਸਭਾ ਸੀਟਾਂ ਉੱਤੇ ਚੋਣ ਲੜੇਗੀ। ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਚੌਤਰਫਾ ਮੁਕਾਬਲਾ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਅਕਾਲੀ ਦਲ ਅਤੇ ਭਾਜਪਾ ਦੇ ਵੱਖੋ-ਵੱਖਰੇ ਤੌਰ 'ਤੇ ਲੜਨ ਦਾ ਅਸਰ ਸਾਰੀਆਂ ਸੀਟਾਂ 'ਤੇ ਪੈਣ ਦੀ ਸੰਭਾਵਨਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੋਰ ਕਮੇਟੀ ਦੀ ਮੀਟਿੰਗ ਦੇ ਫੈਸਲੇ ਨੂੰ ਨਿਭਾਉਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਲਈ ਸੱਤਾ ਨਾਲੋ ਸਿਧਾਂਤ ਜ਼ਿਆਦਾ ਅਹਿਮ ਹਨ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੀ ਅਮਨ ਸ਼ਾਂਤੀ, ਭਾਈਚਾਰਕ ਸਾਂਝ, ਪੰਥਕ ਮੁੱਦੇ, ਕਿਸਾਨੀ ਦੇ ਮੁੱਦੇ, ਬਾਘਾ ਬਾਰਡਰ ਅਤੇ ਹੁਸੈਨੀਵਾਲ ਬਾਰਡਰ ਖੋਲੇ ਜਾਣ, ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾ ਕੀਤਾ ਜਾਵੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮਾਫ ਕੀਤੀ ਜਾਵੇ ਆਦਿ ਅਜਿਹੇ ਵੱਡੇ ਮਸਲੇ ਹਨ ਜਿਸ ਜਿਨਾਂ ਦੇ ਹੱਲ ਤੋਂ ਬਿਨਾਂ ਸਮਝੌਤਾ ਨਹੀਂ ਕੀਤਾ ਜਾ ਸਕਦਾ ਸੀ। ਭਾਜਪਾ ਦੇ ਬਿਆਨ 'ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਬਾਦਲ ਨੇ ਕਿਹਾ, 'ਸ਼੍ਰੋਮਣੀ ਅਕਾਲੀ ਦਲ ਕੋਈ ਆਮ ਸਿਆਸੀ ਪਾਰਟੀ ਨਹੀਂ ਹੈ, ਇਹ ਸਿਧਾਂਤਾਂ ਦੀ ਪਾਰਟੀ ਹੈ। ਸਾਡੇ ਲਈ ਨੰਬਰ ਦੀ ਖੇਡ ਨਾਲੋਂ ਸਿਧਾਂਤ ਜ਼ਿਆਦਾ ਮਹੱਤਵਪੂਰਨ ਹਨ। ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬਿਆਂ ਵਾਸਤੇ ਵੱਧ ਅਧਿਕਾਰਾਂ ਅਤੇ ਵਾਜਬ ਖੁਦਮੁਖਤਿਆਰੀ ਦੀ ਲੜਾਈ ਜਾਰੀ ਰੱਖੀ ਜਾਵੇਗੀ

*ਵਿਸਥਾਰ ਸਹਿਤ ਖਬਰ ਸਫ਼ਾ 3 ਤੇ ਪੜ੍ਹੋ*

## ਪੰਜਾਬ ਵਿਚ ਭਾਜਪਾ ਲਈ ਚੋਣ ਪ੍ਰਚਾਰ ਕਰਨਾ ਹੋਇਆ ਔਖਾ

### ✪ ਕਿਸਾਨਾਂ ਵਲੋਂ ਭਾਜਪਾ ਦੇ ਚੋਣ ਪ੍ਰਚਾਰ ਉਪਰ ਪਾਬੰਦੀ, ਲਗਾ ਦਿੱਤੇ ਬੋਰਡ

ਮੁਕਤਸਰ-ਆਪਣੀਆਂ ਮੰਗਾਂ ਨੂੰ ਲੈ ਕੇ ਕਿਸਾਨ 13 ਫਰਵਰੀ ਤੋਂ ਹਰਿਆਣਾ ਦੀਆਂ ਸਰਹੱਦਾਂ 'ਤੇ ਡਟੇ ਹੋਏ ਹਨ। ਕਿਸਾਨਾਂ ਨੇ ਹੁਣ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਬੀਜੇਪੀ ਦੇ ਲੀਡਰਾਂ ਨੂੰ ਘੇਰਣ ਦਾ ਫੈਸਲਾ ਲਿਆ ਹੈ। ਸ੍ਰੀ ਮੁਕਤਸਰ ਸਾਹਿਬ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੇ ਪਿੰਡ ਭਾਰੂ ਵਿੱਚ ਲੋਕਾਂ ਵੱਲੋਂ ਭਾਜਪਾ ਆਗੂਆਂ ਦੇ ਦਾਖ਼ਲੇ 'ਤੇ ਪਾਬੰਦੀ ਲਾਉਣ ਦਾ ਬੋਰਡ ਲਾਇਆ ਗਿਆ ਹੈ। ਫਰੀਦਕੋਟ ਲੋਕ ਸਭਾ ਹਲਕੇ ਅਧੀਨ ਪੈਂਦੇ ਪਿੰਡ ਭਾਰੂ ਦੇ ਵਸਨੀਕਾਂ ਨੇ ਆਪਣੇ ਪਿੰਡ ਵਿੱਚ ਭਾਜਪਾ ਆਗੂਆਂ ਦੇ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ ਹੈ। ਸਥਾਨਕ ਲੋਕਾਂ ਵੱਲੋਂ ਲਗਾਏ ਗਏ ਬੋਰਡ 'ਤੇ ਲਿਖਿਆ ਹੈ ਕਿ- ਪਿੰਡ ਭਾਰੂ ਵੱਲੋਂ ਭਾਜਪਾ ਦਾ ਪੂਰਨ ਤੌਰ 'ਤੇ ਬਾਈਕਾਟ ਕੀਤਾ ਗਿਆ ਹੈ। ਕੋਈ ਵੀ ਭਾਜਪਾ ਆਗੂ ਪਿੰਡ ਨਾ ਆਵੇ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸੂਬੇ ਵਿੱਚ ਹਰਿਆਣਾ ਦੀਆਂ ਸਰਹੱਦਾਂ 'ਤੇ ਧਰਨਾ ਦੇ ਰਹੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਕਾਰਨ ਉਹ ਕੇਂਦਰ ਸਰਕਾਰ ਤੋਂ ਨਾਰਾਜ਼ ਹਨ। ਉਹ ਲੋਕ ਸਭਾ ਚੋਣਾਂ ਵਿੱਚ ਭਾਜਪਾ ਦਾ ਵਿਰੋਧ ਕਰ ਰਹੇ ਹਨ ਅਤੇ ਇਸ ਸਬੰਧੀ ਇੱਕ ਬੋਰਡ ਵੀ ਲਾਇਆ ਹੋਇਆ ਹੈ।

# ਬੀਬੀ ਜਗੀਰ ਕੌਰ ਦਾ ਇੰਗਲੈਂਡ ਪੁੱਜਣ ਤੇ ਭਰਵਾਂ ਸਵਾਗਤ




ਇੰਗਲੈਂਡ ਫੇਰੀ ਤੇ ਆਏ ਬੀਬੀ ਜਗੀਰ ਕੌਰ ਦਾ ਸੁਆਗਤ ਕਰਦੇ ਹੋਏ ਵਿਕਰਮ ਸਿੰਘ ਰੰਧਾਵਾ ਅਤੇ ਉਨ੍ਹਾਂ ਦੇ ਸਾਥੀ


ਵਿਸਥਾਰ ਸਹਿਤ ਖਬਰ ਸਫ਼ਾ 40 ਤੇ ਪੜ੍ਹੋ

# CHILD SEXUAL ABUSE

## LET'S START THE CONVERSATION

Shockingly, ***1 in 10 children have experienced sexual abuse before the age of 16.*** A new campaign across Birmingham urges local communities to 'start the conversation' about child sexual abuse, encouraging us to bring the facts out into the open.

Birmingham-based organisation Kikit is leading the campaign, which is running across social media, local radio and press.



Mohammed Ashfaq

In the experience of **Mohammed Ashfaq**, Kikit's Managing Director, people prefer not to talk about child sexual abuse. Changing the community's outlook on this is a top priority for the campaign:

"Child sexual abuse happens in every community, and unfortunately our community is no different. It's time we started understanding what child sexual abuse means, rather than thinking it isn't happening. We need to bring it out into the open so that we can protect our children."

***Around 500,000 children are sexually abused every year***. It can happen anywhere – by people we may trust and in places where we usually feel secure. Child sexual abuse can happen in person or online.

**Ayisha Ali** is a former deputy headteacher and now focuses on safeguarding work within schools across Birmingham. She says:






Ayisha Ali

"Child sexual abuse is a huge concern. The only way we can start to protect our children is to talk about it openly and understand more about what child sexual abuse means. Often, a child might be afraid to tell someone what's happening to them and need the support to speak up."

When a child or young person (anyone under the age of 18) is sexually abused, they could be forced, tricked, or manipulated into sexual activities. This can include things like forcing a child to view sexual content, touching a child inappropriately or exposing yourself to a child. The child might not understand that what's happening is abuse or that it's wrong.

**Nesath Khusbu** is a legal consultant as well as a content creator and social activist, Nesath often supports women and families in her work, and she agrees that sweeping child sexual abuse under the carpet is something we need to change:



Nesath Khusbu

"If I mention to someone that 1 in 10 children have experienced sexual abuse before the age of 16, they find it very hard to believe. It's a huge figure but, unfortunately, it's true and it's closer to home than we may think. We have to understand more about child sexual abuse and talk about it openly."



Rohit Sagoo

The campaign includes more detailed information and guidance on Kikit's website, including where you can go for support if you need it.

**Rohit Sagoo** is a paediatric nurse and Founder of British Sikh Nurses. He is supporting the campaign and agrees with the importance of opening up discussions about child sexual abuse:

"It can be hard to admit that something like this is happening on our doorstep, but the more we talk about child sexual abuse and the more we know about it, the safer we can keep our children."

**To find out more search kikitproject.org/conversation**

**If you feel you need to talk to someone at KIKIT, please call 0121 448 3883 and someone will be there to listen**

# ਅਕਾਲੀ ਦਲ ਨੇ ਭਾਜਪਾ ਨੂੰ ਦਿੱਤਾ ਧੋਬੀ ਪਟਕਾ, ਨਹੀਂ ਕੀਤਾ ਸਮਝੌਤਾ

ਕਵਰ ਸਟੋਰੀ

✪ ਬੰਦੀ ਸਿਖਾਂ ਦੀ ਰਿਹਾਈ ਤੇ ਕਿਸਾਨੀ ਮੰਗਾਂ ਬਣੀਆਂ ਗੱਠਜੋੜ ਵਿਚ ਅੜਿਕਾ ✪ ਦਿੱਤਾ ਸੁਨੇਹਾ ਕਿ ਹੁਣ ਵਡੇ ਬਾਦਲ ਵਾਂਗ ਭਾਜਪਾ ਨਾਲ ਬਿਨਾਂ ਸ਼ਰਤ ਸਮਝੌਤਾ ਨਹੀਂ ਕਰੇਗਾ ✪ ਸ਼੍ਰੋਮਣੀ ਅਕਾਲੀ ਦਲ ਲਈ ਸੱਤਾ ਨਾਲੋਂ ਸਿਧਾਂਤ ਅਹਿਮ : ਬਾਦਲ

*ਮੁੱਖ ਸਫ਼ੇ ਦੀ ਖਬਰ ਦਾ ਬਾਕੀ ਹਿੱਸਾ*

ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਇਨ੍ਹਾਂ ਮੁੱਦਿਆਂ ਨਾਲ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚੋਂ ਗੁਆਚੀ ਆਪਣੀ ਸਿਆਸੀ ਜ਼ਮੀਨ ਨੂੰ ਮੁੜ ਤਲਾਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਕਿਉਂਕਿ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੈ ਤੇ ਜੇ ਇਹੀ ਪੰਜਾਬ ਦੀ ਗੱਲ ਨਹੀਂ ਕਰੇਗੀ ਤਾਂ ਇਨ੍ਹਾਂ ਦਾ ਪਿੰਡਾਂ ਵਿੱਚ ਜਾ ਕੇ ਵੋਟਾਂ ਮੰਗਣਾ ਔਖਾ ਹੋ ਜਾਣਾ ਸੀ। ਭਾਜਪਾ ਨਾਲ ਸਮਝੌਤੇ ਤੋਂ ਇਨਕਾਰ ਕਰਨ ਕਾਰਣ ਸਿਖ ਪੰਥ ਦਾ ਇੱਕ ਵਰਗ ਇਸਨੂੰ "ਸਕਾਰਾਤਮਕ ਕਦਮ" ਮੰਨ ਰਿਹਾ ਹੈ।

## ਵੱਡੇ ਬਾਦਲ ਤੋਂ ਸੁਖਬੀਰ ਬਾਦਲ ਦੀ ਵੱਖਰੀ ਨੀਤੀ

ਪੰਜਾਬ ਭਾਜਪਾ ਨੂੰ ਇਸ ਗੱਲ ਦੀ ਡੂੰਘੀ ਸਮਝ ਹੈ ਕਿ ਕਿਵੇਂ ਅਕਾਲੀ ਦਲ ਨਾਲ ਗਠਜੋੜ ਉਸ ਨੂੰ ਆਪਣੀਆਂ ਪੁਰਾਣੀਆਂ ਸੰਸਦੀ ਸੀਟਾਂ ਜਿੱਤਣ ਅਤੇ ਹੋਰ ਸੀਟਾਂ 'ਤੇ ਵੋਟ ਸ਼ੇਅਰ ਵਧਾਉਣ ਵਿਚ ਮਦਦ ਕਰ ਸਕਦਾ ਹੈ। ਬਾਦਲ ਅਕਾਲੀ ਦਲ ਦਾ ਤਾਜ਼ਾ ਫੈਸਲਾ ਸਵਰਗੀ ਪ੍ਰਕਾਸ਼ ਸਿੰਘ ਬਾਦਲ ਦੀ 1996 ਤੋਂ 2020 ਤੱਕ ਭਾਜਪਾ ਨੂੰ "ਬਿਨਾਂ ਸ਼ਰਤ ਸਮਰਥਨ" ਦੀ 24 ਸਾਲ ਪੁਰਾਣੀ ਨੀਤੀ ਤੋਂ ਇੱਕ ਵੱਡਾ ਬਦਲਾਅ ਹੈ। ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਵੋਟਾਂ ਦੇ ਆਧਾਰ ਅਤੇ ਜਿੱਤ ਜਾਂ ਹਾਰ ਦੀ ਪਰਵਾਹ ਕੀਤੇ ਬਿਨਾਂ ਸਿੱਖਾਂ ਵਿਚ ਘੱਟੋ-ਘੱਟ ਕੁਝ ਗੁਆਚਿਆ ਹੋਇਆ ਆਧਾਰ ਮੁੜ ਹਾਸਲ ਕਰਨ ਦੀ ਨੀਤੀ ਯੋਗ ਫੈਸਲਾ ਹੈ।

ਸੋਸ਼ਲ ਮੀਡੀਆ ਵਿਚ ਸਿਖਾਂ ਦੇ ਪ੍ਰਤੀਕਰਮ ਤੋਂ ਲਗਦਾ ਹੈ ਕਿ ਅਕਾਲੀ ਦਲ ਨੇ ਘੱਟੋ-ਘੱਟ ਭਾਜਪਾ ਦੇ ਹਿੰਦੂਤਵ ਏਜੰਡੇ ਬਾਰੇ ਸਿਖ ਪੰਥ ਦੇ ਖਦਸ਼ੇ ਨੂੰ ਸਮਝਕੇ ਸਹੀ ਫੈਸਲਾ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਪਿਛਲੇ ਫੈਸਲਿਆਂ ਦੇ ਚਲਦੇ ਇਸ ਵਾਰ ਦਲੇਰਾਨਾ ਫ਼ੈਸਲਾ ਲੈਣ ਵਿਚ ਜੋ ਕਾਮਯਾਬ ਹੋਇਆ ਹੈ, ਇਸ ਦੇ ਅਕਾਲੀ ਦਲ ਲਈ ਚੰਗੇ ਸਿੱਟੇ ਨਿਕਲਣਗੇ।

ਸੀਨੀਅਰ ਅਕਾਲੀ ਆਗੂ ਬੀਬੀ ਕਿਰਨਜੋਤ ਕੌਰ ਨੇ ਕਿਹਾ: "ਇਸ ਨਾਲ ਵਿਸ਼ਵਾਸ ਨੂੰ ਹੋਰ ਟੁੱਟਣ ਤੋਂ ਰੋਕਿਆ ਗਿਆ ਹੈ, ਭਾਵੇਂ ਕਿ ਪਿਛਲੇ ਸਾਲਾਂ ਦੇ ਬੋਝ ਨੂੰ ਦੇਖਦੇ ਹੋਏ ਸਿਖ ਪੰਥ ਦੇ ਵਿਸ਼ਵਾਸ ਨੂੰ ਮੁੜ ਜਿੱਤਣ ਵਿੱਚ ਸਮਾਂ ਲੱਗੇਗਾ।"

ਸੋ ਵਡੇ ਬਾਦਲ ਵੇਲੇ ਸਾਲਾਂ ਦੌਰਾਨ ਬਿਨਾਂ ਸ਼ਰਤ ਸਮਰਥਨ ਤੋਂ ਉਲਟ ਹੁਣ ਸ਼੍ਰੋਮਣੀ ਅਕਾਲੀ ਦਲ ਵਿਚ ਗਠਜੋੜ ਦੀ ਸਿਧਾਂਤਕ ਸਮਝ ਵਿਕਸਤ ਹੋਈ ਹੈ। ਪਾਰਟੀ ਦੀ ਬਦਲਦੀ ਸਥਿਤੀ ਮੁੱਖ ਸਿੱਖ ਮੁੱਦਿਆਂ ਨੂੰ ਹੱਲ ਕਰਨ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਝਟਕਿਆਂ ਤੋਂ ਬਾਅਦ ਸਿਖ ਪੰਥ ਦੇ ਸਮਰਥਨ ਪ੍ਰਾਪਤ ਕਰਨ ਦੇ ਬਾਦਲ ਅਕਾਲੀ ਦਲ ਦੇ ਯਤਨਾਂ ਨੂੰ ਦਰਸਾਉਂਦੀ ਹੈ। ਇਸ ਤੋਂ ਪਹਿਲਾਂ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਦੇ ਅੰਦੋਲਨ ਤੋਂ ਬਾਅਦ ਦੋਵੇਂ ਧਿਰਾਂ ਵੱਖ ਹੋ ਗਈਆਂ ਸਨ। 2019 ਦੀਆਂ ਲੋਕ ਸਭਾ ਚੋਣਾਂ ਤੱਕ ਦੋਵੇਂ ਪਾਰਟੀਆਂ ਇਕੱਠੀਆਂ ਲੜੀਆਂ ਸਨ। ਗੱਠਜੋੜ 13 ਵਿਚੋਂ ਚਾਰ ਸੀਟਾਂ ਜਿੱਤਣ ਵਿਚ ਸਫ਼ਲ ਰਿਹਾ ਸੀ।

## ਅਕਾਲੀ ਦਲ ਨੂੰ ਦੋਹਰੀ ਲੜਾਈ ਲੜਨੀ ਪਵੇਗੀ

ਇਸ ਵਾਰ ਸਿਆਸੀ ਸਮੀਕਰਨ ਵੱਖ ਹਨ ਕਿਉਂਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਉਹ ਵੀ 92 ਵਿਧਾਇਕਾਂ ਦੇ ਨਾਲ ਬਣੀ ਹੈ। ਕਾਂਗਰਸ ਦੇ ਵੱਡੇ ਲੀਡਰ ਭਾਰਤੀ ਜਨਤਾ ਪਾਰਟੀ ਵਿੱਚ ਜਾ ਚੁੱਕੇ ਹਨ। ਅਕਾਲੀ ਦਲ ਦੀ ਸਿਆਸੀ ਹਾਲਤ ਕੋਈ ਜ਼ਿਆਦਾ ਚੰਗੀ ਨਹੀਂ ਹੈ। ਇਸ ਲਈ ਅਕਾਲੀ ਦਲ ਪਹਿਲਾਂ ਤਾਂ ਵੱਧ ਤੋਂ ਵੱਧ ਸੀਟਾਂ ਜਿੱਤਣ ਦੀ ਕੋਸ਼ਿਸ਼ ਕਰੇਗੀ ਤੇ ਜੇ ਅਜਿਹਾ ਨਾ ਹੋਇਆ ਤਾਂ ਉਹ ਚਾਹੇਗੀ ਕਿ ਉਨ੍ਹਾਂ ਦੀਆਂ ਵੋਟਾਂ ਭਾਰਤੀ ਜਨਤਾ ਪਾਰਟੀ ਨਾਲੋਂ ਕਿਸੇ ਵੀ ਕੀਮਤ ਉੱਤੇ ਵੱਧ ਹੋਣੀਆਂ ਚਾਹੀਦੀਆਂ ਹਨ

## ਕਦੋਂ ਹੋਇਆ ਸੀ ਅਕਾਲੀ ਦਲ ਦਾ ਭਾਜਪਾ ਨਾਲ ਤੋੜ ਵਿਛੋੜਾ

ਜ਼ਿਕਰ ਕਰ ਦਈਏ ਕਿ ਇਸ ਤੋਂ ਪਹਿਲਾਂ ਚੱਲੇ ਕਿਸਾਨੀ ਅੰਦੋਲਨ ਤੋਂ ਪਹਿਲਾਂ ਅਕਾਲੀ ਭਾਜਪਾ ਗੱਠਜੋੜ ਨੂੰ ਨਹੁੰ ਮਾਸ ਦਾ ਰਿਸ਼ਤਾ ਕਿਹਾ ਜਾਂਦਾ ਸੀ ਪਰ ਕਿਸਾਨਾਂ ਦੇ ਦਬਾਅ ਹੇਠ ਆ ਕੇ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਨਾਲ ਤੋੜ ਵਿਛੋੜਾ ਕਰ ਲਿਆ ਸੀ। ਅਕਾਲੀ ਦਲ ਨੇ ਕੇਂਦਰ ਦੀ ਵਜ਼ਾਰਤ ਨੂੰ 'ਠੋਕਰ' ਮਾਰ ਦਿੱਤੀ ਸੀ। ਇਸ ਤੋਂ ਬਾਅਦ ਅਕਾਲੀ ਦਲ ਨੇ ਦਲਿਤ ਵੋਟ ਉੱਤੇ ਨਜ਼ਰ ਰੱਖਦਿਆਂ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਕੀਤਾ ਪਰ ਅਕਾਲੀ ਦਲ ਨੂੰ ਵਡੀ ਸਫਲਤਾ ਨਹੀਂ ਮਿਲੀ ਹਾਲਾਂਕਿ ਬਸਪਾ ਦੇ ਹੱਥ ਇੱਕ ਵਿਧਾਇਕੀ ਲੱਗੀ ਸੀ।

## ਅਕਾਲੀ ਦਲ ਦਾ ਬਸਪਾ ਨਾਲ ਸਮਝੌਤਾ ਕਿਉਂ ਸਫਲ ਨਾ ਹੋਇਆ

ਇਹ ਆਮ ਚਰਚਾ ਚੱਲ ਰਹੀ ਸੀ ਕਿ ਗੱਠਜੋੜ ਹੋਣ ਦੇ ਬਾਵਜੂਦ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਸਪਾ ਨਾਲ ਕੋਈ ਵੀ ਰਾਬਤਾ ਨਹੀਂ ਰੱਖਿਆ। ਇਸ ਦੌਰਾਨ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੁੜ ਤੋਂ ਗੱਠਜੋੜ ਹੋਣ ਦੀਆਂ ਚਰਚਾਵਾਂ ਨੇ ਵੀ ਜ਼ੋਰ ਫੜ੍ਹ ਲਿਆ ਸੀ। ਸੂਬੇ ਵਿੱਚ ਬਣੇ ਰਹੇ ਇਸ ਗੱਠਜੋੜ ਤੋਂ ਬਸਪਾ ਖਫਾ ਹੁੰਦੀ ਨਜ਼ਰ ਆ ਰਹੀ ਸੀ ਕਿਉਂਕਿ ਉਨ੍ਹਾਂ ਨੂੰ ਖ਼ਦਸ਼ਾ ਸੀ ਕਿ ਜੇ ਇਹ ਸਮਝੌਤਾ ਹੁੰਦਾ ਤਾਂ ਅਕਾਲੀ ਦਲ ਉਨ੍ਹਾਂ ਨੂੰ ਮੁੜ ਤੋਂ ਪਹਿਲਾਂ ਵਾਂਗ ਛੱਡ ਦੇਵੇਗਾ। ਇਹ ਸਭ ਹੋਣ ਤੋਂ ਪਹਿਲਾਂ ਹੀ ਪੰਜਾਬ ਦੀ ਬਸਪਾ ਇਕਾਈ ਨੇ ਆਪਣੀ ਹਾਈਕਮਾਂਡ ਨਾਲ ਗੱਲ ਕਰਕੇ ਸਮਝੌਤਾ ਤੋੜ ਲਿਆ ਸੀ।


## ਭਾਜਪਾ ਪੰਜਾਬ 'ਚ ਇਕੱਲੇ ਹੀ ਲੜੇਗੀ ਚੋਣ- ਪਾਰਟੀ ਸੂਬਾ ਪ੍ਰਧਾਨ ਸੁਨੀਲ ਜਾਖੜ ਦਾ ਵੱਡਾ ਐਲਾਨ



ਪੰਜਾਬ 'ਚ ਭਾਜਪਾ ਇਕੱਲਿਆਂ ਹੀ ਲੋਕ ਸਭਾ ਚੋਣਾਂ ਲੜੇਗੀ। ਇਸ ਦਾ ਐਲਾਨ ਕਰਦਿਆਂ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਹ ਫੈਸਲਾ ਲੋਕਾਂ ਦੀ ਰਾਏ ਤੋਂ ਬਾਅਦ ਲਿਆ ਗਿਆ ਹੈ। ਵਰਕਰਾਂ ਤੇ ਆਗੂਆਂ ਦੀ ਵੀ ਇਹੀ ਰਾਏ ਹੈ। ਪੰਜਾਬ ਵਿੱਚ ਲੋਕ ਸਭਾ ਦੀਆਂ 13 ਸੀਟਾਂ ਹਨ। ਇਹ ਫੈਸਲਾ ਪੰਜਾਬ ਦੇ ਭਵਿੱਖ, ਨੌਜਵਾਨਾਂ, ਕਿਸਾਨਾਂ ਅਤੇ ਵਪਾਰੀਆਂ ਅਤੇ ਪਛੜੇ ਵਰਗਾਂ ਦੀ ਬਿਹਤਰੀ ਲਈ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਇਕੱਠਾ ਹੋਇਆ ਹੈ। ਪੀਐਮ ਮੋਦੀ ਨੇ ਕਰਤਾਰਪੁਰ ਲਾਂਘੇ ਦੀ ਸਦੀਆਂ ਪੁਰਾਣੀ ਮੰਗ ਪੂਰੀ ਕੀਤੀ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਪੰਜਾਬ ਵਿੱਚ ਭਾਜਪਾ ਦੇ ਮੁੜ ਅਕਾਲੀ ਦਲ ਨਾਲ ਗਠਜੋੜ ਦੀ ਚਰਚਾ ਸੀ। ਭਾਜਪਾ ਦੇ ਸੀਨੀਅਰ ਆਗੂ ਵੀ ਇਸ ਦੇ ਹੱਕ ਵਿੱਚ ਸਨ। ਇਸ ਦੇ ਬਾਵਜੂਦ ਗੱਲ ਨਹੀਂ ਬਣ ਸਕੀ।

## ਬਾਦਲ ਦਲ ਵਡੇ ਕਾਰਪੋਰੇਟਾਂ ਦੀ ਪਾਰਟੀ ਬਣਨ ਦੀ ਥਾਂ ਟਕਸਾਲੀ ਸੰਵਿਧਾਨ ਅਪਨਾਏ-ਗੁਰਤੇਜ ਸਿੰਘ ਆਈਏਐਸ

✪ ਸ਼ਹਿਰੀ ਸਿਖਾਂ, ਮਜਹਬੀ ਸਿਖਾਂ ਤੇ ਦਲਿਤਾਂ, ਪਛੜਿਆਂ ਨੂੰ ਪਾਰਟੀ ਵਿਚ ਅਹਿਮ ਥਾਂ ਦੇਵੇ ਅਕਾਲੀ ਦਲ




ਜਲੰਧਰ-ਪ੍ਰਸਿੱਧ ਸਿਖ ਚਿੰਤਕ ਤੇ ਇਤਿਹਾਸਕਾਰ ਗੁਰਤੇਜ ਸਿੰਘ ਆਈਏਐਸ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਭਾਜਪਾ ਦੇ ਕਹਿਣ ਉਪਰ 1996 ਵਿਚ ਅਕਾਲੀ ਦਲ ਨੇ 'ਮੋਗਾ ਐਲਾਨਨਾਮੇ' 'ਤੇ ਦਸਤਖਤ ਕਰਕੇ ਅਨੰਦਪੁਰ ਦਾ ਮਤਾ ਤਿਆਗਕੇ ਆਪਣੀ ਖੇਤਰੀ ਹੋਂਦ, ਅਜ਼ਾਦਾਨਾ ਪਛਾਣ ਮਨਫੀ ਕਰਕੇ 1997 ਵਿਚ ਪਹਿਲੀ ਵਾਰ ਭਾਜਪਾ ਨਾਲ ਇਕੱਠੇ ਚੋਣਾਂ ਲੜੀਆਂ ਸਨ। ਅਕਾਲੀ ਦਲ ਪਹਿਲੀ ਜਥੇਬੰਦੀ ਸੀ ਜਿਸ ਨੇ ਭਾਜਪਾ ਨਾਲ ਹੱਥ ਮਿਲਾਕੇ ਉਸਦੀ ਦੇਸ਼ ਵਿਚ ਸਿਆਸੀ ਹੋਂਦ ਸਥਾਪਤ ਕੀਤੀ ਜੋ ਅਕਾਲੀ ਦਲ ਦੇ ਖੌਰੇ ਦਾ ਕਾਰਣ ਬਣੀ ਹੈ। ਭਾਜਪਾ ਨੇ ਆਪਣਾ ਹਿੰਦੂਤਵ ਦਾ ਸਿਧਾਂਤ ਨਹੀਂ ਛਡਿਆ ਪਰ ਅਕਾਲੀ ਦਲ ਨੇ ਸਤਾ ਲਈ ਪੰਥਕ ਹਿਤ ਤੇ ਵਿਰਾਸਤ ਤਿਆਗ ਦਿਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤਾਂ ਹੀ ਪੰਜਾਬ ਦੀ ਸਹੀ ਖੇਤਰੀ ਪਾਰਟੀ ਬਣ ਸਕੇਗਾ ਜੇ ਉਹ ਪੰਥਕ ਮੁਦਿਆਂ, ਪੰਜਾਬ ਦੇ ਆਰਥਿਕ ਹਿੱਤਾਂ ਤੇ ਕੁਦਰਤੀ ਸਰੋਤਾਂ ਦੀ ਰਾਖੀ ਕਰ ਸਕੇ ਅਤੇ ਸਿੱਖਾਂ ਦੇ ਸਭਿਆਚਾਰਕ, ਧਾਰਮਿਕ ਤੇ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਕਰ ਸਕੇ। ਅਕਾਲੀ ਦਲ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਇਹ ਭਾਰਤ ਦੇ ਦੂਜੇ ਪ੍ਰਾਂਤਾਂ ਵਿਚ ਅਤੇ ਦੁਨੀਆ ਦੇ ਦੂਜੇ ਦੇਸ਼ਾਂ ਵਿਚ ਵਸਦੇ ਸਿੱਖਾਂ ਤੇ ਪੰਜਾਬੀਆਂ ਦੇ ਧਾਰਮਿਕ ਤੇ ਸਭਿਆਚਾਰਕ ਅਧਿਕਾਰਾਂ ਦੀ ਰਾਖੀ ਕਰੇ। ਉਨ੍ਹਾਂ ਕਿਹਾ ਕਿ ਇਹ ਅਕਾਲੀ ਦਲ ਦੀ ਇਤਿਹਾਸਕ ਜ਼ਿੰਮੇਵਾਰੀ ਕਿ ਉਹ ਪੰਜਾਬ ਵਿਚਲੀਆਂ ਘੱਟਗਿਣਤੀਆਂ ਕੌਮਾਂ ਮੁਸਲਮਾਨਾਂ, ਈਸਾਈਆਂ ਦੀ ਵੀ ਰਾਖੀ ਕਰੇ ਤੇ ਪਾਰਟੀ ਵਿਚ ਅਹਿਮ ਥਾਂ ਦੇਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਕਿਰਤੀਆਂ, ਦਲਿਤਾਂ ਦੀ ਪਾਰਟੀ ਬਣਨਾ ਚਾਹੀਦਾ ਹੈ ਨਾ ਕਿ ਵਡੇ ਜਾਗੀਰਦਾਰਾਂ ਦੀ ਪਾਰਟੀ। ਸ਼ਹਿਰੀ ਸਿਖਾਂ ਨੂੰ ਅਕਾਲੀ ਦਲ ਵਿਚ ਅਹਿਮ ਥਾਂ ਦੇਣੀ ਚਾਹੀਦੀ ਹੈ। ਅਕਾਲੀ ਦਲ ਦਾ ਪੁਰਾਣਾ ਟਕਸਾਲੀ ਸਿਧਾਂਤ ਤੇ ਸੰਵਿਧਾਨ ਤੁਰੰਤ ਲਾਗੂ ਹੋਣਾ ਚਾਹੀਦਾ ਹੈ। ਉਨ੍ਹਾਂ ਦਸਿਆ ਕਿ ਕਿਸੇ ਵੇਲੇ ਸ਼ਹਿਰੀ ਸਿਖਾਂ ਵਿਚ ਸੁਰਜਨ ਸਿੰਘ ਠੇਕੇਦਾਰ, ਬਾਪੂ ਸਰੂਪ ਸਿੰਘ, ਇੰਦਰਪਾਲ ਸਿੰਘ ਖਾਲਸਾ ਅਹਿਮ ਅਕਾਲੀ ਲੀਡਰ ਸਨ। ਮਜਹਬੀ ਸਿਖਾਂ ਵਿਚ ਬੂਟਾ ਸਿੰਘ, ਗੁਰਦੇਵ ਸਿੰਘ ਬਾਦਲ ਅਹਿਮ ਲੀਡਰ ਸਨ।ਪਰ ਹੁਣ ਅਕਾਲੀ ਦਲ ਸਿਰਫ 5-7 ਵਡੇ ਜਾਗੀਰਦਾਰਾਂ ਦਾ ਗਰੁਪ ਬਣਕੇ ਰਹਿ ਗਿਆ ਹੈ।

## 2019 ਦੀਆਂ ਲੋਕ ਸਭਾ ਚੋਣਾਂ ਵੇਲੇ ਕੀ ਆਇਆ ਸੀ ਨਤੀਜਾ?

2019 ਦੀਆਂ ਲੋਕ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਅਕਾਲੀ ਦਲ ਤੇ ਭਾਜਪਾ ਵਿਚਾਲੇ ਗਠਜੋੜ ਸੀ, ਜਦਕਿ ਕਾਂਗਰਸ ਅਤੇ 'ਆਪ' ਨੇ ਇਕੱਲਿਆਂ ਹੀ ਚੋਣ ਲੜੀ ਸੀ। ਉਸ ਸਮੇਂ ਸੂਬੇ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਕਾਂਗਰਸ ਅੱਠ ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਬਣੀ। ਕਾਂਗਰਸ ਨੂੰ 40.18 ਫੀਸਦੀ ਵੋਟਾਂ ਮਿਲੀਆਂ। ਅਕਾਲੀ ਦਲ- ਭਾਜਪਾ ਗਠਜੋੜ ਨੂੰ ਚਾਰ ਸੀਟਾਂ ਮਿਲੀਆਂ ਹਨ। ਪਾਰਟੀ ਨੂੰ ਕੁੱਲ 37.08 ਫੀਸਦੀ ਵੋਟਾਂ ਮਿਲੀਆਂ। ਇਸ ਤੋਂ ਇਲਾਵਾ ਆਪ ਪਾਰਟੀ ਨੂੰ ਇੱਕ ਸੀਟ ਮਿਲੀ ਸੀ। ਪਾਰਟੀ ਨੂੰ 7.8 ਫੀਸਦੀ ਵੋਟਾਂ, ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਬੈਨਰ ਹੇਠ 6 ਪਾਰਟੀਆਂ ਨੂੰ 10.69 ਫੀਸਦੀ, ਅਕਾਲੀ ਦਲ ਮਾਨ ਨੂੰ 0.4 ਫੀਸਦੀ ਅਤੇ ਹੋਰਨਾਂ ਨੂੰ 1.12 ਫੀਸਦੀ ਵੋਟਾਂ ਮਿਲੀਆਂ ਸਨ।

# ਹਾਈਕੋਰਟ ਨੇ ਕੇਜਰੀਵਾਲ ਨੂੰ ਨਹੀਂ ਦਿੱਤੀ ਰਾਹਤ 3 ਅ੍ਰਪ੍ਰੈਲ ਤੱਕ ਜੇਲ੍ਹ ਵਿੱਚ ਰਹਿਣਗੇ




ਸ਼ਰਾਬ ਘਪਲੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਮੁੱਖ ਮੰਤਰੀ ਕੇਜਰੀਵਾਲ ਨੂੰ ਹਾਈਕੋਰਟ ਵੱਲੋਂ ਵੀ ਕੋਈ ਰਾਹਤ ਨਹੀਂ ਦਿੱਤੀ ਗਈ। ਉਹ 3 ਤਰੀਕ ਤੱਕ ਜੇਲ੍ਹ ਵਿੱਚ ਰਹਿਣਗੇ। 2 ਅਪ੍ਰੈਲ ਨੂੰ ਈ ਡੀ ਆਪਣਾ ਜਵਾਬ ਦੇਵੇਗੀ। ਫਿਰ ਤਿੰਨ ਅਪ੍ਰੈਲ ਨੂੰ ਸੁਣਵਾਈ ਹੋਵੇਗੀ। ਅਜੇ ਕੇਜਰੀਵਾਲ ਨੂੰ ਜੇਲ੍ਹ ਵਿੱਚ ਹੀ ਰਹਿਣਾ ਪਵੇਗਾ।

# ਈਡੀ ਦੀ ਹਿਰਾਸਤ ਵਿਚ ਕੇਜਰੀਵਾਲ ਦਾ ਵਧਿਆ ਸ਼ੂਗਰ ਲੈਵਲ

## ✪ ਡਾਕਟਰ ਨੇ ਦੱਸਿਆ ਖਤਰਨਾਕ ਪੱਧਰ

ਨਵੀਂ ਦਿੱਲੀ-ਈਡੀ ਦੀ ਹਿਰਾਸਤ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਿਹਤ ਵਿਗੜਦੀ ਜਾ ਰਹੀ ਹੈ। 'ਆਪ' ਦਾ ਦਾਅਵਾ ਹੈ ਕਿ ਕਿਉਂਕਿ ਉਹ ਸ਼ੂਗਰ ਦੇ ਮਰੀਜ਼ ਹਨ, ਉਨ੍ਹਾਂ ਦਾ ਸ਼ੂਗਰ ਲੈਵਲ ਉਤਰਾਅ-ਚੜ੍ਹਾਅ ਰਿਹਾ ਹੈ। ਉਸ ਦਾ ਸ਼ੂਗਰ ਲੈਵਲ 46 ਹੋ ਗਿਆ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਸ਼ੂਗਰ ਲੈਵਲ ਦਾ ਇੰਨਾ ਘੱਟ ਜਾਣਾ ਬਹੁਤ ਖਤਰਨਾਕ ਹੈ।

# 'ਆਪ' ਦੇ ਐਮਪੀ ਸੁਸ਼ੀਲ ਰਿੰਕੂ ਤੇ ਐਮ ਐਲ ਏ ਸ਼ੀਤਲ ਅੰਗੁਰਾਲ ਭਾਜਪਾ ਵਿਚ ਸ਼ਾਮਲ



ਜਲੰਧਰ-ਲੋਕ ਸਭਾ ਚੋਣਾਂ ਵਿਚ ਸਿਆਸੀ ਆਖਾੜਾ ਪੂਰੀ ਤਰ੍ਹਾਂ ਗਰਮ ਹੈ। ਦਲ ਬਦਲੂਆਂ ਦਾ ਬਾਜ਼ਾਰ ਵੀ ਭਖਿਆ ਹੋਇਆ ਹੈ। ਇਸ ਦੌਰਾਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਰਿੰਕੂ ਕੁਮਾਰ ਦਿੱਲੀ ਭਾਰਤੀ ਜਨਤਾ ਪਾਰਟੀ ਦੇ ਮੁੱਖ ਦਫਤਰ ਪਹੁੰਚੇ ਹਨ। ਉਹ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਇਸ ਦੇ ਨਾਲ ਹੀ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਵੀ ਪਾਰਟੀ ਹੈੱਡਕੁਆਰਟਰ ਪਹੁੰਚ ਗਏ ਹਨ। ਸ਼ੀਤਲ ਪੰਜਾਬ ਵਿਧਾਨ ਸਭਾ ਦੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹਨ। ਲੋਕ ਸਭਾ ਚੋਣਾਂ ਦੌਰਾਨ ਇਹ ਆਮ ਆਦਮੀ ਪਾਰਟੀ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਭਾਜਪਾ ਨੇ ਦਿੱਲੀ 'ਚ ਪ੍ਰੈੱਸ ਕਾਨਫਰੰਸ ਕਰਕੇ ਇਸ ਦਾ ਐਲਾਨ ਕੀਤਾ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਵੀ ਰਿੰਕੂ ਤੇ ਸ਼ੀਤਲ ਅੰਗੁਰਾਲ ਦੀਆਂ ਬੀਜੇਪੀ ਵਿਚ ਸ਼ਾਮਲ ਹੋਣ ਦੀਆਂ ਕਿਆਸਅਰਾਈਆਂ ਚੱਲ ਰਹੀਆਂ ਸਨ। ਜਿਨ੍ਹਾਂ ਨੂੰ ਦੋਵਾਂ ਨੇ ਸਿਰੇ ਤੋਂ ਨਕਾਰਿਆ ਸੀ ਤੇ ਪਾਰਟੀ ਦੇ ਵਫਾਦਾਰ ਹੋਣ ਦੀ ਗੱਲ ਕਹੀ ਸੀ।





ਬੁੱਧਵਾਰ ਕੌਮੀ ਇਨਸਾਫ਼ ਮੋਰਚੇ ਦੀ ਚੜਦੀ ਕਲਾਂ ਲਈ ਅਤੇ 1 ਅਪ੍ਰੈਲ ਨੂੰ ਪਿੰਡ ਚਪੜ ਜਿਲ੍ਹਾ ਪਟਿਆਲਾ ਤੋਂ ਕੱਢੇ ਜਾ ਰਹੇ "ਬੰਦੀ ਸਿੰਘ ਰਿਹਾਈ " ਮਾਰਚ ਲਈ ਪਿੰਡ ਅਲੁਣਾਂ ਨੇੜੇ ਰਾਜਪੁਰਾ ਵਿੱਖੇ ਮੀਟਿੰਗ ਕੀਤੀ ਗਈ ਜਿਸ ਵਿੱਚ ਕੌਮੀ ਇਨਸਾਫ਼ ਮੋਰਚੇ ਦੇ ਕਨਵੀਨਰ ਭਾਈ ਪਾਲ ਸਿੰਘ ਫਰਾਂਸ ਅਤੇ ਅਕਾਲ ਯੂਥ ਦੇ ਆਗੂ ਭਾਈ ਜਸਵਿੰਦਰ ਸਿੰਘ ਰਾਜਪੁਰਾ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੱਢੇ ਜਾ ਰਹੇ ਮਾਰਚ ਚ ਜਿੱਥੇ ਆਉਣ ਲਈ ਪ੍ਰੇਰਿਆ ਉੱਥੇ ਹੀ ਕੌਮੀ ਇਨਸਾਫ਼ ਮੋਰਚੇ ਦੀਆਂ ਮੰਗਾਂ ਪ੍ਰਤੀ ਜਾਗਰੂਕ ਕੀਤਾ ਗਿਆ.

# ਪੰਜਾਬ ਵਿੱਚ ਨਿਵੇਸ਼ ਕਰਨ ਤੋਂ ਝਿਜਕਦੇ ਹਨ ਪ੍ਰਵਾਸੀ – ਠੁਕਰਾਲ




ਗੁਰਤੇਜ ਸਿੰਘ ਠੁਕਰਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਵਿੱਚ ਨਿਵੇਸ਼ ਕਰਨ ਤੋਂ ਪ੍ਰਵਾਸੀ ਪੰਜਾਬੀ ਕਾਰੋਬਾਰੀ ਝਿਜਕਦੇ ਹਨ ਅਤੇ ਖੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਇਹ ਵਿਚਾਰ ਯੂ ਕੇ ਐਨ ਆਰ ਆਈ ਸਰਵਿਸਜ਼ ਦੇ ਡਾਇਰੈਕਟਰ ਗੁਰਤੇਜ ਸਿੰਘ ਠੁਕਰਾਲ ਨੇ ਪ੍ਰਗਟ ਕੀਤੇ।

ਉਹਨਾਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਅਤੇ ਘਰਾਂ ਤੇ ਅਜੇ ਵੀ ਕਬਜ਼ੇ ਕੀਤੇ ਜਾ ਰਹੇ ਹਨ। ਉਹਨਾਂ ਨੂੰ ਕਾਨੂੰਨੀ ਉਲਝਣਾਂ ਵਿੱਚ ਫਸਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹਿੰਦੀਆਂ ਹਨ। ਇਥੇ ਹੀ ਬੱਸ ਨਹੀਂ ਕਈ ਪ੍ਰਵਾਸੀਆਂ ਨੂੰ ਅਦਾਲਤਾਂ ਵਿੱਚ ਵੀ ਸਾਰੀ ਉਮਰ ਧੱਕੇ ਖਾ ਕੇ ਵੀ ਇਨਸਾਫ ਨਹੀਂ ਮਿਲਦਾ। ਸ: ਠੁਕਰਾਲ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਬੈਠਾ ਹਰ ਪੰਜਾਬੀ ਖੁਦ ਅਤੇ ਆਪਣੇ ਬੱਚਿਆਂ ਨੂੰ ਪੰਜਾਬ ਨਾਲ ਜੋੜ੍ਹਨਾ ਚਾਹੁੰਦਾ ਹੈ। ਜਿਸ ਲਈ ਪੰਜਾਬ ਸਰਕਾਰ ਨੂੰ ਪਹਿਲ ਦੇ ਅਧਾਰ ਤੇ ਠੋਸ ਕਦਮ ਉਠਾਉਣ ਦੀ ਲੋੜ ਹੈ, ਤਾਂ ਕਿ ਪ੍ਰਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਨਾਲ ਜਿੱਥੇ ਪੰਜਾਬ ਨੂੰ ਆਰਥਿਕ ਪੱਖੋਂ ਮਜ਼ਬੂਤੀ ਮਿਲੇਗੀ, ਉੱਥੇ ਹੀ ਪ੍ਰਵਾਸੀ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਮਾਨਸਿਕ ਖੁਸ਼ੀ ਅਤੇ ਸੰਤੁਸ਼ਟੀ ਪ੍ਰਾਪਤ ਹੋਵੇਗੀ।

# ਕੇਜਰੀਵਾਲ ਸਰਕਾਰ ਜੇਲ੍ਹ ਵਿਚੋਂ ਨਹੀਂ ਚੱਲੇਗੀ : ਉਪ ਰਾਜਪਾਲ ਸਕਸੈਨਾ



ਨਵੀਂ ਦਿੱਲੀ-ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੇ ਕਿਹਾ ਕਿ ਦਿੱਲੀ ਸਰਕਾਰ ਨੂੰ ਜੇਲ੍ਹ 'ਚੋਂ ਨਹੀਂ ਚਲਾਇਆ ਜਾਵੇਗਾ। ਸਕਸੈਨਾ ਦੀ ਇਹ ਟਿੱਪਣੀ ਆਮ ਆਦਮੀ ਪਾਰਟੀ (ਆਪ) ਦੇ ਨੇਤਾਵਾਂ ਦੇ ਉਨ੍ਹਾਂ ਬਿਆਨਾਂ ਦੇ ਮੱਦੇਨਜ਼ਰ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਸ੍ਰੀ ਅਰਵਿੰਦ ਕੇਜਰੀਵਾਲ ਜੇਲ੍ਹ ਵਿੱਚ ਹੋਣ ਦੇ ਬਾਵਜੂਦ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਨਹੀਂ ਦੇਣਗੇ।

# ਉਜੈਨ ਦੇ ਮਹਾਕਾਲ ਮੰਦਰ ਵਿਚ ਰੰਗ ਉਡਾਉਂਦੇ ਸਮੇਂ ਆਰਤੀ ਦੌਰਾਨ ਲੱਗੀ ਅੱਗ

## ✪ ਪੰਜ ਪੁਜਾਰੀਆਂ ਸਮੇਤ 13 ਲੋਕ ਝੁਲਸੇ



ਉਜੈਨ-ਉਜੈਨ ਮਹਾਕਾਲ ਮੰਦਰ ਵਿਚ ਭਸਮ ਆਰਤੀ ਦੌਰਾਨ ਪੰਜ ਪੁਜਾਰੀਆਂ ਸਮੇਤ 13 ਲੋਕ ਅੱਗ ਵਿਚ ਝੁਲਸ ਗਏ। ਦੱਸਿਆ ਜਾ ਰਿਹਾ ਹੈ ਕਿ ਗੁਲਾਲ ਫੂਕਦੇ ਸਮੇਂ ਅੱਗ ਦੀਆਂ ਲਪਟਾਂ ਤੇਜ਼ ਹੋ ਗਈਆਂ ਅਤੇ ਉਥੇ ਮੌਜੂਦ ਪੁਜਾਰੀ ਇਸ ਦੀ ਲਪੇਟ ਵਿਚ ਆ ਗਿਆ। ਪੁਜਾਰੀ ਕਪੂਰ ਨਾਲ ਆਰਤੀ ਕਰ ਰਿਹਾ ਸੀਇਸ ਦੌਰਾਨ ਇਹ ਅੱਗ ਲੱਗ ਗਈ। ਇਸ ਅੱਗ ਕਾਰਨ ਮੰਦਰ ਵਿਚ ਮੌਜੂਦ 13 ਸ਼ਰਧਾਲੂ ਵੀ ਝੁਲਸ ਗਏ। ਘਟਨਾ ਦੇ ਸਮੇਂ ਮਹਾਕਾਲ ਮੰਦਰ 'ਚ ਹੋਲੀ ਦਾ ਜਸ਼ਨ ਚੱਲ ਰਿਹਾ ਸੀ। ਇਸ ਦੌਰਾਨ ਘਟਨਾ ਤੋਂ ਬਾਅਦ ਸਾਰੇ ਜ਼ਖ਼ਮੀਆਂ ਨੂੰ ਜ਼ਿਲਾ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ।

# ਵਿਦਿਆਰਥੀ ਵੀਜ਼ਿਆਂ 'ਤੇ ਸਖ਼ਤੀ ਤੋਂ ਬਾਅਦ ਕੈਨੇਡਾ ਨੇ ਵਰਕ ਪਰਮਿਟ 'ਤੇ ਵੀ ਕੀਤੀ ਸਖ਼ਤਾਈ

ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਟੈਂਪਰੇਰੀ ਫੌਰਨ ਵਰਕਰ 2023 ਵਿੱਚ ਕੈਨੇਡਾ ਦੀ ਕੁੱਲ ਆਬਾਦੀ ਦਾ 6.2 ਪ੍ਰਤੀਸ਼ਤ ਸਨ। ਅੱਜ ਕੀਤੇ ਐਲਾਨ ਅਨੁਸਾਰ ਸਰਕਾਰ ਵੱਲੋਂ 2027 ਤੱਕ ਇਸ ਹਿੱਸੇ ਨੂੰ 5 ਪ੍ਰਤੀਸ਼ਤ ਘੱਟ ਕਰ ਦਿੱਤਾ ਜਾਵੇਗਾ। ਇੰਮੀਗਰੇਸ਼ਨ ਮੰਤਰੀ ਮਿਲਰ ਨੇ ਕਿਹਾ ਕਿ ਅਸੀਂ ਅਸਥਾਈ ਵਰਕ ਪਰਮਿਟ ਪ੍ਰੋਗਰਾਮਾਂ (temporary work perimt programs) ਦੀ ਫਿਰ ਤੋਂ ਸਮੀਖਿਆ ਕਰਾਂਗੇ ਕਿ ਇਹ ਲੇਬਰ ਮਾਰਕੀਟ ਦੀਆਂ ਜ਼ਰੂਰਤਾਂ ਨਾਲ ਮੇਲ ਖਾਂਦੇ ਹਨ ਕਿ ਨਹੀ। ਇਸ ਮੌਕੇ ਮੰਤਰੀ ਨੇ ਕਿਹਾ ਕਿ ਬੀਤੇ ਸਾਲਾਂ ਵਿੱਚ ਟੈਪਰੇਰੀ ਵਰਕਰਾਂ ਤੇ ਕਨੇਡਾ ਨਿਰਭਰ ਹੋ ਗਿਆ ਹੈ। ਯਾਦ ਰਹੇ ਕੈਨੇਡਾ ਵੱਲੋਂ ਵਿਦਿਆਰਥੀ ਵੀਜ਼ਿਆਂ 'ਤੇ ਸਖ਼ਤੀ ਤੋਂ ਬਾਅਦ ਹੁਣ ਵਰਕ ਪਰਮਿਟ ਰਾਹੀਂ ਆਉਣ ਵਾਲਿਆਂ 'ਤੇ ਵੀ ਸਖ਼ਤੀ ਹੋਵੇਗੀ। ਵਿਜ਼ਟਰ ਵੀਜ਼ੇ ਪਹਿਲਾਂ ਹੀ ਸਖ਼ਤੀ ਅਧੀਨ ਦਿੱਤੇ ਜਾ ਰਹੇ ਹਨ। ਇਸ ਮੌਕੇ ਕੈਨੇਡਾ ਵਿੱਚ ਲੋਕਾਂ ਵੱਲੋ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਜਾਅਲੀ ਵਰਕ ਪਰਮਿਟਾਂ (LMIA) ਲਈ ਵਰਕਰਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਜਿਸ ਲਈ ਹਜ਼ਾਰਾਂ ਡਾਲਰ ਚਾਰਜ ਕੀਤੇ ਜਾਣ ਦੀ ਖ਼ਬਰ ਹੈ।

# ਭਾਜਪਾ ਪੰਜਾਬ ਵਿਚ ਕਾਂਗਰਸ ਦਾ ਸਫਾਇਆ ਕਰਨ ਉਪਰ ਤੁਲੀ

## ✪ ਰਵਨੀਤ ਬਿੱਟੂ ਮਗਰੋਂ ਹੁਣ ਇਨ੍ਹਾਂ ਕਾਂਗਰਸੀਆਂ 'ਤੇ ਟਿਕੀਆਂ ਭਾਜਪਾ ਦੀਆਂ ਨਜ਼ਰਾਂ



ਮਨੀਸ਼ ਤਿਵਾੜੀ — ਭਾਰਤ ਭੂਸ਼ਣ ਆਸ਼ੂ — ਗੁਰਕੀਰਤ ਕੋਟਲੀ

ਲੁਧਿਆਣਾ-ਲੋਕ ਸਭਾ ਚੋਣਾਂ ਤੋਂ ਪਹਿਲਾਂ ਮੌਜੂਦਾ ਅਤੇ ਸਾਬਕਾ ਐੱਮ. ਪੀ, ਮੰਤਰੀਆਂ, ਵਿਧਾਇਕਾਂ ਜਾਂ ਹੋਰ ਵੱਡੇ ਨੇਤਾਵਾਂ ਵੱਲੋਂ ਪਾਰਟੀਆਂ ਬਦਲਣ ਦੀ ਮੁਹਿੰਮ ਪੂਰੇ ਜ਼ੋਰਾਂ 'ਤੇ ਹੈ। ਇਸ ਲਿਸਟ ਵਿਚ ਲਗਾਤਾਰ 3 ਵਾਰ ਕਾਂਗਰਸ ਦੇ ਐੱਮ. ਵੀ. ਰਹੇ ਰਵਨੀਤ ਬਿੱਟੂ ਭਾਜਪਾ ਵਿਚ ਸ਼ਾਮਿਲ ਹੋ ਚੁਕੇ ਹਨ। ਇਸ ਤੋਂ ਪਹਿਲਾਂ 14 ਮਾਰਚ ਨੂੰ ਪੰਜਾਬ ਦੀ ਇਕ ਹੋਰ ਕਾਂਗਰਸ ਐੱਮ. ਪੀ. ਪਰਨੀਤ ਕੌਰ ਨੇ ਵੀ ਭਾਜਪਾ ਦੀ ਮੈਂਬਰੀ ਲੈ ਲਈ ਸੀ।



ਰਵਨੀਤ ਬਿੱਟੂ

ਬਿਟੂ ਤੋਂ ਬਾਅਦ ਸਭ ਦੀਆਂ ਨਜ਼ਰਾਂ ਕਾਂਗਰਸ ਦੇ ਆਨੰਦਪੁਰ ਸਾਹਿਬ ਦੇ ਐੱਮ. ਪੀ. ਮਨੀਸ਼ ਤਿਵਾੜੀ 'ਤੇ ਲੱਗ ਗਈਆਂ, ਜਿਨ੍ਹਾਂ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ। ਪਹਿਲਾਂ ਇਹ ਕਿਹਾ ਜਾ ਰਿਹਾ ਸੀ ਕਿ ਕਾਂਗਰਸ ਵੱਲੋਂ ਬਿੱਟੂ ਨੂੰ ਆਨੰਦਪੁਰ ਸਾਹਿਬ ਤੋਂ ਅਤੇ ਤਿਵਾੜੀ ਨੂੰ ਵਾਪਸ ਲੁਧਿਆਣਾ ਭੇਜਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਤਿਵਾੜੀ ਸਬੰਧੀ ਇਹ ਵੀ ਚਰਚਾ ਸੁਣਨ ਨੂੰ ਮਿਲ ਰਹੀ ਸੀ ਕਿ ਚੰਡੀਗੜ੍ਹ ਜਾਂ ਲੁਧਿਆਣਾ ਤੋਂ ਚੋਣ ਲੜਨ ਲਈ ਉਹ ਭਾਜਪਾ ਵਿਚ ਸ਼ਾਮਲ ਹੋ ਸਕਦੇ ਹਨ ਪਰ ਹੁਣ ਬਿੱਟੂ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਲੁਧਿਆਣਾ ਦਾ ਮੁੱਦਾ ਖਤਮ ਹੋ ਗਿਆ ਹੈ ਅਤੇ ਚੰਡੀਗੜ੍ਹ ਦੀ ਸੰਭਾਵਨਾ ਅਜੇ ਵੀ ਬਰਕਰਾਰ ਹੈ, ਜਿਸ ਸਬੰਧੀ ਤਸਵੀਰ ਆਉਣ ਵਾਲੇ ਦਿਨਾਂ ਵਿਚ ਭਾਜਪਾ ਅਤੇ ਕਾਂਗਰਸ ਵੱਲੋਂ ਪੰਜਾਬ ਦੇ ਉਮੀਦਵਾਰਾਂ ਦਾ ਐਲਾਨ ਤੋਂ ਬਾਅਦ ਸਾਫ ਹੋ ਸਕਦੀ ਹੈ।

### ਲੁਧਿਆਣਾ ਲਈ ਸਾਬਕਾ ਮੰਤਰੀ ਆਸ਼ੂ ਦਾ ਨਾਂ ਵੀ ਆਇਆ ਚਰਚਾ ਵਿਚ

ਬਿੱਟੂ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਹੁਣ ਲੁਧਿਆਣਾ ਤੋਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦਾ ਉਮੀਦਵਾਰ ਕੌਣ ਹੋਵੇਗਾ। ਇਨ੍ਹਾਂ ਵਿਚੋਂ ਮਨੀਸ਼ ਤਿਵਾੜੀ ਲੁਧਿਆਣਾ ਨਾ ਆਏ ਜਾਂ ਭਾਜਪਾ ਵਿਚ ਸ਼ਾਮਲ ਹੋ ਗਏ ਤਾਂ ਕਾਂਗਰਸ ਟਿਕਟ ਲਈ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ਨਾਂ ਸਭ ਤੋਂ ਜ਼ਿਆਦਾ ਚਰਚਾ ਵਿਚ ਆ ਗਿਆ ਹੈ, ਜਿਸ ਦਾ ਕਾਰਨ ਆਸ਼ੂ ਦੀਆਂ ਗਾਂਧੀ ਪਰਿਵਾਰ ਨਾਲ ਨਜ਼ਦੀਕੀਆਂ ਨੂੰ ਮੰਨਿਆ ਜਾ ਰਿਹਾ ਹੈ। ਉਹ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ ਅਤੇ ਇਸ ਸਮੇਂ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਹਨ।

### ਗੁਰਕੀਰਤ ਕੋਟਲੀ ਦਾ ਅਗਲਾ ਕਦਮ ਕੀ ਹੋਵੇਗਾ

ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਹੁਣ ਸਿਆਸੀ ਗਲਿਆਰੇ 'ਚ ਇਕ ਹੀ ਚਰਚਾ ਸੁਣਨ ਨੂੰ ਮਿਲ ਰਹੀ ਹੈ ਕਿ ਉਨ੍ਹਾਂ ਦੇ ਭਰਾ ਗੁਰਕੀਰਤ ਕੋਟਲੀ ਦਾ ਅਗਲਾ ਕਦਮ ਕੀ ਹੋਵੇਗਾ। ਉਹ ਬਿੱਟੂ ਤੋਂ ਪਹਿਲਾਂ ਸਿਆਸਤ 'ਚ ਸਰਗਰਮ ਰਹੇ ਹਨ ਅਤੇ ਖੰਨਾ ਤੋਂ 2 ਵਾਰ ਵਿਧਾਇਕ ਅਤੇ ਮੰਤਰੀ ਰਹੇ ਹਨ। ਹੁਣ ਉਨ੍ਹਾਂ ਨੂੰ ਕਾਂਗਰਸ ਵੱਲੋਂ ਆਲ ਇੰਡੀਆ ਦਾ ਸੈਕਟਰੀ ਬਣਾਇਆ ਗਿਆ ਹੈ।

ਹੁਣ ਸਵਾਲ ਖੜ੍ਹੇ ਹੋ ਰਹੇ ਹਨ ਕਿ ਕੀ ਬਿੱਟੂ ਨੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਗੁਰਕੀਰਤ ਨੂੰ ਭਰੋਸੇ 'ਚ ਨਹੀਂ ਲਿਆ ਜਾਂ ਫਿਰ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਪਹਿਲਾਂ ਤੋਂ ਸੀ ਕਿਉਂਕਿ ਜਦੋਂ ਬਿੱਟੂ ਦਿੱਲੀ ਵਿਚ ਭਾਜਪਾ ਵਿਚ ਸ਼ਾਮਲ ਹੋ ਰਹੇ ਸਨ ਤਾਂ ਉਹ ਸਮੇਂ ਗੁਰਕੀਰਤ ਲੋਕ ਸਭਾ ਚੋਣਾਂ ਦੇ ਲਈ ਰਣਨੀਤੀ ਬਣਾਉਣ ਲਈ ਚੰਡੀਗੜ੍ਹ ਵਿਚ ਹੋ ਰਹੀ ਪੰਜਾਬ ਕਾਂਗਰਸ ਦੇ ਆਹਲਾ ਨੇਤਾਵਾਂ ਦੀ ਮੀਟਿੰਗ ਵਿਚ ਮੌਜੂਦ ਸਨ।

# ਪੁੰਛ ਵਿਚ ਗੁਰੂਘਰ ਦੇ ਬਾਹਰ ਧਮਾਕਾ

## ✪ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਕੀਤੀ ਨਿਖੇਧੀ

ਕਸ਼ਮੀਰ-ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ 'ਚ ਗੁਰਦੁਆਰਾ ਪਾਠਕ ਸੰਤ ਭਾਈ ਮੋਹਰ ਸਿੰਘ ਜੀ ਦੇ ਬਾਹਰ ਹੋਏ ਬਲਾਸਟ ਹੋਣ ਦੀ ਖ਼ਬਰ ਸਹਾਮਣੇ ਆਈ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਨਮੋਲ ਸਿੰਘ ਅਨੁਸਾਰ ਇਹ ਘਟਨਾ ਹਿੰਦੂ-ਮੁਸਲਿਮ-ਸਿੱਖ ਭਾਈਚਾਰਿਆਂ ਦੀ ਭਾਈਚਾਰਕ ਸਾਂਝ ਨੂੰ ਭੰਗ ਕਰਨ, ਨਫ਼ਰਤ ਅਤੇ ਫੁੱਟ ਫੈਲਾਉਣ ਦੀ ਸਾਜ਼ਿਸ਼ ਜਾਪਦੀ ਹੈ। ਪਰ ਖੁਸ਼ਕਿਸਮਤੀ ਰਹੀ ਕਿ ਇਸ ਘਟਨਾ ਵਿੱਚ ਕਿਸੇ ਵੀ ਵਿਅਕਤੀ ਨੂੰ ਕੋਈ ਸੱਟ ਨਹੀਂ ਲੱਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਜਾਂਚ ਏਜੰਸੀਆਂ ਨੂੰ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਨ, ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ ਸਜ਼ਾ ਦੇਣ ਦੀ ਅਪੀਲ ਕੀਤੀ।



ਧਾਮੀ ਨੇ ਜੰਮੂ-ਕਸ਼ਮੀਰ ਦੇ ਸਿੱਖਾਂ ਨੂੰ ਭਰੋਸਾ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।

ਦੱਸ ਦਈਏ ਕਿ ਰਾਤ ਕਰੀਬ 11.15 ਵਜੇ ਪੁੰਛ ਸ਼ਹਿਰ ਦੇ ਜ਼ਿਲ੍ਹਾ ਹਸਪਤਾਲ ਦੇ ਨੇੜੇ ਧਾਰਮਿਕ ਸਥਾਨ ਦੇ ਨਾਲ ਲੱਗਦੀ ਗਲੀ ਵਿੱਚ ਧਮਾਕਾ ਹੋਣ ਦੀ ਖ਼ਬਰ ਸਹਾਮਣੇ ਆਈ ਸੀ। ਜਿਸ ਨਾਲ ਸਥਾਨਕ ਲੋਕਾਂ ਵਿੱਚ ਦਹਿਸ਼ਤ ਫੈਲ ਗਈ। ਜਦੋਂ ਇਸ ਬਾਰੇ ਪ੍ਰਸ਼ਾਸਨ ਨੂੰ ਇਸ ਸਬੰਧੀ ਜਾਣਕਾਰੀ ਮਿਲੀ ਤਾਂ ਅਧਿਕਾਰੀ ਮੌਕੇ ਤੇ ਪਹੁੰਚ ਗਏ। ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਧਮਾਕੇ ਦੀ ਪ੍ਰਕਿਰਤੀ ਦੀ ਜਾਂਚ ਕਰਨ ਲਈ ਫੋਰੈਂਸਿਕ ਮਾਹਿਰਾਂ ਦੇ ਨਾਲ ਪੁਲਿਸ ਅਤੇ ਫੌਜ ਦੇ ਕਰਮਚਾਰੀ ਮੌਕੇ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਸ਼ੱਕੀ ਅੱਤਵਾਦੀਆਂ ਵੱਲੋਂ ਚੀਨੀ ਹੱਥ ਗੋਲੇ ਸੁੱਟੇ ਜਾਣ ਤੋਂ ਬਾਅਦ ਧਮਾਕਾ ਹੋਇਆ। ਉਨ੍ਹਾਂ ਕਿਹਾ ਕਿ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ ਅਤੇ ਸੀਨੀਅਰ ਅਧਿਕਾਰੀ ਮੌਕੇ 'ਤੇ ਮੌਜੂਦ ਹਨ।

# ਚੰਡੀਗੜ੍ਹ ਅਤੇ ਮੋਹਾਲੀ ਵਿਚ ਈਡੀ ਦੇ ਛਾਪੇ

## ✪ ਆਈਏਐਸ ਅਧਿਕਾਰੀਆਂ, ਪ੍ਰਾਪਰਟੀ ਡੀਲਰਾਂ, ਕਿਸਾਨਾਂ ਦੇ ਟਿਕਾਣਿਆਂ ਦੀ ਜਾਂਚ ਕਰ ਰਹੀ ਟੀਮ

ਮੋਹਾਲੀ-ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਚੰਡੀਗੜ੍ਹ ਅਤੇ ਮੋਹਾਲੀ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ। ਇਹ ਛਾਪੇਮਾਰੀ ਕਈ ਆਈਏਐਸ ਅਫਸਰਾਂ, ਪ੍ਰਾਪਰਟੀ ਡੀਲਰ ਅਤੇ ਕਈ ਕਿਸਾਨਾਂ ਸਮੇਤ 15 ਟਿਕਾਣਿਆਂ 'ਤੇ ਹੋਈ ਦੱਸੀ ਜਾਂਦੀ ਹੈ। ਇਹ ਜਾਂਚ ਮੁਹਾਲੀ ਵਿੱਚ ਅਮਰੂਦ ਦੇ ਬਾਗ ਘੁਟਾਲੇ ਸਬੰਧੀ ਕੀਤੀ ਜਾ ਰਹੀ ਹੈ। ਹੁਣ ਤੱਕ ਪੰਜਾਬ ਵਿਜੀਲੈਂਸ ਇਸ ਦੀ ਜਾਂਚ ਕਰ ਰਹੀ ਸੀ। ਇਹ ਛਾਪੇਮਾਰੀ ਇਸ ਮਾਮਲੇ ਨਾਲ ਜੁੜੇ ਲੋਕਾਂ ਦੇ ਟਿਕਾਣਿਆਂ 'ਤੇ ਹੀ ਕੀਤੀ ਜਾ ਰਹੀ ਹੈ।

ਮਾਮਲਾ ਗ੍ਰੇਟਰ ਮੁਹਾਲੀ ਵਿਕਾਸ ਅਥਾਰਟੀ ਵੱਲੋਂ ਏਅਰਪੋਰਟ ਰੋਡ 'ਤੇ ਐਰੋਟ੍ਰੋਪੋਲਿਸ ਪ੍ਰਾਜੈਕਟ ਲਈ ਜ਼ਮੀਨ ਐਕਵਾਇਰ ਕਰਨ ਨਾਲ ਸਬੰਧਤ ਹੈ। ਐਕੁਆਇਰ ਕੀਤੀ ਜ਼ਮੀਨ ਦਾ ਮੁਆਵਜ਼ਾ ਗਮਾਡਾ ਵੱਲੋਂ ਲੈਂਡ ਪੂਲਿੰਗ ਨੀਤੀ ਅਨੁਸਾਰ ਦਿੱਤਾ ਗਿਆ ਸੀ। ਉਸ ਜ਼ਮੀਨ ਵਿੱਚ ਲਗਾਏ ਗਏ ਅਮਰੂਦ ਦੇ ਦਰਖਤਾਂ ਦੀ ਕੀਮਤ ਜ਼ਮੀਨ ਤੋਂ ਵੱਖਰੀ ਅਦਾ ਕੀਤੀ ਜਾਂਦੀ ਸੀ।

ਫਲਦਾਰ ਦਰੱਖਤਾਂ ਦੀ ਕੀਮਤ ਬਾਗਬਾਨੀ ਵਿਭਾਗ ਵੱਲੋਂ ਤੈਅ ਕੀਤੀ ਜਾਂਦੀ ਹੈ। ਇਸ ਤੋਂ ਬਾਅਦ, ਭੂਮੀ ਗ੍ਰਹਿਣ ਕੁਲੈਕਟਰ ਨੇ ਫਲਦਾਰ ਰੁੱਖਾਂ ਦੀ ਇੱਕ ਸਰਵੇਖਣ ਸੂਚੀ ਡਾਇਰੈਕਟਰ ਬਾਗਬਾਨੀ ਨੂੰ ਭੇਜੀ ਅਤੇ ਤਿਆਰ ਕੀਤੇ ਰੁੱਖਾਂ ਦੀ ਮੁਲਾਂਕਣ ਰਿਪੋਰਟ ਪ੍ਰਾਪਤ ਕੀਤੀ।




### ਇਹ ਮਾਮਲਾ ਸੀ

ਜ਼ਮੀਨ ਐਕੁਆਇਰ ਹੋਣ ਤੋਂ ਪਹਿਲਾਂ ਕੁਝ ਲੋਕਾਂ ਨੇ ਇੱਥੇ ਅਮਰੂਦ ਦੇ ਬੂਟੇ ਲਾਏ ਸਨ ਪਰ ਗਮਾਡਾ ਅਧਿਕਾਰੀਆਂ ਨਾਲ ਮਿਲ ਕੇ ਉਨ੍ਹਾਂ ਦੀ ਉਮਰ 4 ਤੋਂ 5 ਸਾਲ ਦੱਸੀ ਗਈ ਹੈ। ਜਿਸ ਕਾਰਨ ਉਨ੍ਹਾਂ ਦਾ ਮੁਆਵਜ਼ਾ ਕਾਫੀ ਵੱਧ ਗਿਆ। ਇਸ ਤਰ੍ਹਾਂ ਕਈ ਲੋਕਾਂ ਨੇ ਗਲਤ ਤਰੀਕੇ ਨਾਲ ਮੁਆਵਜ਼ਾ ਲੈ ਲਿਆ ਸੀ। ਵਿਜੀਲੈਂਸ ਨੇ ਇਸ ਸਬੰਧੀ ਮੁਲਜ਼ਮ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ। ਪਰ ਅਦਾਲਤ ਨੇ ਮੁਆਵਜ਼ੇ ਦੀ ਰਕਮ ਵਾਪਸ ਜਮ੍ਹਾਂ ਕਰਵਾ ਕੇ ਉਸ ਨੂੰ ਜ਼ਮਾਨਤ ਦੇ ਦਿੱਤੀ ਸੀ।

# ਘੱਟ ਗਿਣਤੀ ਕਮਿਸ਼ਨ ਨੇ ਚੀਨ ਵਿਚ ਨਜ਼ਰਬੰਦ ਪੰਜਾਬੀਆਂ ਦੀ ਰਿਹਾਈ ਲਈ ਅਵਾਜ਼ ਉਠਾਈ

## ✪ ਚੇਅਰਮੈਨ ਲਾਲਪੁਰਾ ਨੇ ਵਿਦੇਸ਼ ਮੰਤਰੀ ਨੂੰ ਲਿਖਿਆ ਪੱਤਰ



ਨਵੀਂ ਦਿੱਲੀ-ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖ ਕੇ ਚੀਨ 'ਚ ਨਜ਼ਰਬੰਦ 3 ਪੰਜਾਬੀਆਂ ਦੀ ਸੁਰੱਖਿਆ ਬਾਰੇ ਚਿੰਤਾ ਜ਼ਾਹਰ ਕੀਤੀ ਹੈ। ਸ. ਲਾਲਪੁਰਾ ਨੂੰ ਇਕ ਈ-ਮੇਲ ਰਾਹੀਂ ਮੁਖਤਾਰ ਸਿੰਘ, ਸਰਵਣ ਕੁਮਾਰ ਤੇ ਮਹਿੰਦਰ ਸਿੰਘ ਦੀ ਚੀਨ ਦੇ ਸ਼ੇਨਜ਼ੇਨ ਲੁਓਹੂ ਜ਼ਿਲ੍ਹਾ ਰਿਮਾਂਡ ਜੇਲ੍ਹ ਵਿਚ ਬੰਦ ਹੋਣ ਦੀ ਸੂਚਨਾ ਮਿਲੀ ਸੀ, ਜਿਸ 'ਤੇ ਸਰਦਾਰ ਲਾਲਪੁਰਾ ਨੇ ਇਨ੍ਹਾਂ ਵਿਅਕਤੀਆਂ ਦੀ ਰਿਹਾਈ ਲਈ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਤੁਰੰਤ ਦਖਲ ਦੇਣ ਲਈ ਪੱਤਰ ਲਿਖਿਆ। ਸ. ਲਾਲਪੁਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਇਨ੍ਹਾਂ ਪੰਜਾਬੀਆਂ ਦਾ 22 ਅਗਸਤ 2023 ਨੂੰ ਆਪਣੇ ਪਰਿਵਾਰਾਂ ਨਾਲ ਆਖ਼ਰੀ ਵਾਰ ਸੰਪਰਕ ਹੋਇਆ ਸੀ, ਜਿਸ ਤੋਂ ਬਾਅਦ ਉਨ੍ਹਾਂ ਦੀ ਮੌਜੂਦਾ ਸਥਿਤੀ ਬਾਰੇ ਪਰਿਵਾਰ ਨੂੰ ਕੁਝ ਵੀ ਪਤਾ ਨਹੀਂ ਹੈ।

ਸਰਦਾਰ ਲਾਲਪੁਰਾ ਨੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਲਿਖੇ ਪੱਤਰ ਵਿਚ ਉਨ੍ਹਾਂ ਨੂੰ ਚੀਨੀ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਕੋਈ ਨਿਰਣਾਇਕ ਕਾਰਵਾਈ ਕਰਨ ਦੀ ਅਪੀਲ ਕਰਦਿਆਂ ਇਨ੍ਹਾਂ ਨਿਰਦੋਸ਼ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ।

ਸ. ਲਾਲਪੁਰਾ ਨੇ ਦੱਸਿਆ ਹੈ ਕਿ ਇਹ ਲੋਕ ਕਿਸੇ ਠੱਗ ਟ੍ਰੈਵਲ ਏਜੰਟ ਦਾ ਸ਼ਿਕਾਰ ਹੋਏ ਹਨ। ਸ. ਇਕਬਾਲ ਸਿੰਘ ਲਾਲਪੁਰਾ ਵਲੋਂ ਤੁਰੰਤ ਪ੍ਰਭਾਵ ਨਾਲ ਕੀਤੀ ਗਈ ਇਸ ਕਾਰਵਾਈ ਨਾਲ ਹੁਣ ਪੀੜਤ ਪਰਿਵਾਰਾਂ ਨੂੰ ਉਨ੍ਹਾਂ ਦੇ ਚੀਨ ਵਿਚ ਫਸੇ ਜੀਆਂ ਦੀ ਵਤਨ ਵਾਪਸੀ ਦੀ ਉਮੀਦ ਬੱਝੀ ਹੈ ਕਿਉਂਕਿ ਲਾਲਪੁਰਾ ਨੇ ਭਰੋਸਾ ਦਿੱਤਾ ਹੈ ਕਿ ਉਹ ਇਨ੍ਹਾਂ ਪੰਜਾਬੀਆਂ ਦੀ ਭਾਰਤ ਵਾਪਸੀ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।

# ਕੰਗਨਾ ਰਨੌਤ 'ਤੇ ਸੁਪ੍ਰਿਆ ਸ਼੍ਰੀਨੇਤ ਦੀ ਇਤਰਾਜ਼ਯੋਗ ਪੋਸਟ

## ✪ ਭਾਜਪਾ ਨੇ ਕਾਂਗਰਸ 'ਤੇ ਵਿੰਨ੍ਹਿਆ ਨਿਸ਼ਾਨਾ

ਦਿੱਲੀ-ਬਾਲੀਵੁੱਡ ਅਦਾਕਾਰਾ ਕੰਗਨਾ ਰਨੌਤ ਨੂੰ ਭਾਜਪਾ ਨੇ ਬੀਤੀ ਰਾਤ ਹਿਮਾਚਲ ਪ੍ਰਦੇਸ਼ ਦੀ ਮੰਡੀ ਸੀਟ ਤੋਂ ਲੋਕ ਸਭਾ ਦਾ ਉਮੀਦਵਾਰ ਬਣਾਇਆ ਹੈ। ਕੰਗਨਾ ਦੇ ਨਾਂ ਦੇ ਐਲਾਨ ਤੋਂ ਬਾਅਦ ਲੋਕਾਂ ਦੀ ਵੱਖ-ਵੱਖ ਪ੍ਰਤੀਕਿਰਿਆ ਸਾਹਮਣੇ ਆ ਰਹੀ ਹੈ। ਇਸ ਵਿਚ ਕਾਂਗਰਸੀ ਬੁਲਾਰੇ ਅਤੇ ਸੋਸ਼ਲ ਮੀਡੀਆ ਇੰਚਾਰਜ ਸੁਪ੍ਰਿਆ ਸ਼੍ਰੀਨੇਤ ਨੇ ਕੰਗਨਾ ਨੂੰ ਮੰਡੀ ਸੀਟ ਤੋਂ ਟਿਕਟ ਮਿਲਣ 'ਤੇ ਇਤਰਾਜ਼ਯੋਗ ਪੋਸਟ ਕੀਤੀ। ਕੰਗਨਾ ਦੀ ਤਸਵੀਰ ਲਗਾਉਂਦੇ ਹੋਏ ਸੁਪ੍ਰਿਆ ਨੇ ਲਿਖਿਆ, ਕੀ ਕੋਈ ਦੱਸ ਸਕਦਾ ਹੈ ਕਿ ਕੀ ਕੀਮਤ ਚੱਲ ਰਹੀ ਹੈ ਮੰਡੀ ਵਿਚ ਕੋਈ ਦੱਸੇਗਾ?

ਸੁਪ੍ਰਿਆ ਨੇ ਇਹ ਪੋਸਟ ਇੰਸਟਾਗ੍ਰਾਮ 'ਤੇ ਸ਼ੇਅਰ ਕੀਤੀ ਸੀ। ਇਸ ਤੋਂ ਬਾਅਦ ਹੰਗਾਮਾ ਸ਼ੁਰੂ ਹੋ ਗਿਆ। ਕੰਗਨਾ ਨੂੰ ਲੈ ਕੇ ਇਤਰਾਜ਼ਯੋਗ ਪੋਸਟ 'ਤੇ ਭਾਜਪਾ ਹਮਲਾਵਰ ਹੈ। ਸੁਪ੍ਰਿਆ ਨੇ ਵਿਵਾਦ ਵਧਦਾ ਦੇਖ ਪੋਸਟ ਡਿਲੀਟ ਕਰ ਦਿੱਤਾ ਪਰ ਭਾਜਪਾ ਨੇਤਾਵਾਂ ਨੇ ਸਕ੍ਰੀਨ ਸ਼ਾਟ ਸ਼ੇਅਰ ਕਰ ਕੇ ਕਾਂਗਰਸ 'ਤੇ ਜੰਮ ਕੇ ਨਿਸ਼ਾਨਾ ਵਿੰਨ੍ਹਿਆ ਹੈ।

### ਕੰਗਨਾ ਨੇ ਸੁਪ੍ਰਿਆ ਨੂੰ ਦਿੱਤਾ ਕਰਾਰ ਜਵਾਬ



ਕੰਗਨਾ ਨੇ ਸੋਸ਼ਲ ਮੀਡੀਆ 'ਐਕਸ' 'ਤੇ ਲਿਖਿਆ, "ਪ੍ਰਿਯ ਸੁਪ੍ਰਿਆ ਜੀ, ਇਕ ਕਲਾਕਾਰ ਵਜੋਂ ਮੈਂ ਆਪਣੇ ਕਰਿਅਰ ਦੇ ਪਿਛਲੇ 20 ਸਾਲਾਂ ਵਿਚ ਹਰ ਤਰ੍ਹਾਂ ਦੀਆਂ ਔਰਤਾਂ ਦੀ ਭੂਮਿਕਾ ਨਿਭਾਈ ਹੈ। ਕੁਈਨ ਵਿਚ ਇਕ ਭੋਲੀ ਭਾਲੀ ਕੁੜੀ ਤੋਂ ਲੈ ਕੇ ਧਾਕੜ ਵਿਚ ਇਕ ਆਕਰਸ਼ਕ ਜਾਸੂਸ ਤੱਕ, ਮਣੀਕਰਣਿਕਾ 'ਚ ਇਕ ਦੇਵੀ ਤੋਂ ਲੈ ਕੇ ਚੰਦਰਮੁਖੀ ਵਿਚ ਇਕ ਰਾਖਸ਼ਸ਼ੀ ਤੱਕ, ਰੱਜੋ ਵਿਚ ਇਕ ਵੇਸਵਾ ਤੋਂ ਲੈ ਕੇ ਥਲਾਇਵੀ 'ਚ ਇਕ ਕ੍ਰਾਂਤੀਕਾਰੀ ਨੇਤਾ ਤੱਕ। ਸਾਨੂੰ ਆਪਣੀਆਂ ਧੀਆਂ ਨੂੰ ਪੱਖਪਾਤ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਨਾ ਚਾਹੀਦਾ ਅਤੇ ਸਭ ਤੋਂ ਵੱਧ ਕੇ ਸਾਨੂੰ ਜੀਵਨ ਜਾਂ ਸਥਿਤੀਆਂ ਨੂੰ ਚੁਣੌਤੀ ਦੇਣ ਵਾਲੀਆਂ ਸੈਕਸ ਵਰਕਰਾਂ ਨੂੰ ਕਿਸੇ ਤਰ੍ਹਾਂ ਦੇ ਗਲਤ ਰਵੱਈਏ ਜਾਂ ਅਪਮਾਨ ਵਜੋਂ ਇਸਤੇਮਾਲ ਕਰਨ ਤੋਂ ਬਚਣਾ ਚਾਹੀਦਾ। ਹਰ ਔਰਤ ਆਪਣੀ ਇੱਜ਼ਤ ਦੀ ਹੱਕਦਾਰ ਹੈ।"

### ਸੁਪ੍ਰਿਆ ਸ਼੍ਰੀਨੇਤ ਨੇ ਦਿੱਤੀ ਸਫ਼ਾਈ

ਕਾਂਗਰਸ ਬੁਲਾਰਾ ਸੁਪ੍ਰਿਆ ਸ਼੍ਰੀਨੇਤ ਨੇ 'ਐਕਸ' 'ਤੇ ਆ ਕੇ ਸਫ਼ਾਈ ਦਿੰਦੇ ਹੋਏ ਕਿਹਾ, "ਮੇਰੇ ਮੈਟਾ ਅਕਾਊਂਟਸ (ਐੱਫਬੀ ਅਤੇ ਇੰਸਟਾ) ਤੱਕ ਪਹੁੰਚ ਰੱਖਣ ਵਾਲੇ ਕਿਸੇ ਵਿਅਕਤੀ ਨੇ ਬਹੁਤ ਹੀ ਨਫ਼ਰਤ ਭਰੀ ਅਤੇ ਇਤਰਾਜ਼ਯੋਗ ਪੋਸਟ ਕੀਤੀ, ਜਿਸ ਨੂੰ ਹਟਾ ਦਿੱਤਾ ਗਿਆ ਹੈ। ਜੋ ਵੀ ਮੈਨੂੰ ਜਾਣਦਾ ਹੈ, ਉਸ ਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਅਜਿਹਾ ਕਦੇ ਨਹੀਂ ਕਹਾਂਗੀ। ਹਾਲਾਂਕਿ, ਮੈਨੂੰ ਹੁਣੇ ਪਤਾ ਲੱਗਾ ਹੈ ਕਿ ਮੇਰੇ ਨਾਂ ਦੀ ਗਲਤ ਵਰਤੋਂ ਕਰਦੇ ਹੋਏ ਇਕ ਪੈਰੋਡੀ ਅਕਾਊਂਟ ਟਵਿੱਟਰ (@SupriyaParody) 'ਤੇ ਚਲਾਇਆ ਜਾ ਰਿਹਾ ਹੈ, ਜਿਸ ਨਾਲ ਪੂਰੀ ਸ਼ਰਾਰਤ ਸ਼ੁਰੂ ਹੋਈ ਅਤੇ ਇਸ ਦੀ ਰਿਪੋਰਟ ਕੀਤੀ ਜਾ ਰਹੀ ਹੈ।

# ਕੁੱਤਾ ਬੱਚੀ ਦਾ ਅੱਧਾ ਚਿਹਰਾ ਖਾ ਗਿਆ

## ✪ ਹਲਕੇ ਕੁੱਤਿਆਂ ਕਾਰਣ ਭਾਰਤ ਵਿਚ ਰਿਕਾਰਡ ਮੌਤਾਂ

ਚੰਡੀਗੜ੍ਹ-ਕੁੱਤਿਆਂ ਦੀ ਦਹਿਸ਼ਤ ਨੇ ਹੋਲੀ ਵਾਲੇ ਦਿਨ ਖੰਨਾ ਵਿੱਚ ਇੱਕ ਬੱਚੀ ਦੀ ਜਾਨ ਨੂੰ ਖਤਰੇ ਵਿੱਚ ਪਾ ਦਿੱਤਾ। 16 ਸਾਲ ਦੀ ਕੁੜੀ ਦਾ ਇੱਕ ਪਾਸੇ ਦਾ ਚਿਹਰਾ ਕੁੱਤੇ ਨੇ ਖਾ ਲਿਆ। ਲਹੂਲੁਹਾਨ ਹਾਲਤ ਵਿੱਚ ਕੁੜੀ ਨੂੰ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਅਜ਼ਾਦ ਨਗਰ ਦੀ ਨੈਨਾ ਆਪਣੇ ਰਿਸ਼ਤੇਦਾਰਾਂ ਦੇ ਨਾਲ ਹੋਲੀ ਖੇਡ ਰਹੀ ਸੀ। ਇਸੇ ਦੌਰਾਨ ਗਲੀ ਵਿੱਚ ਇੱਕ ਪਾਗਲ ਕੁੱਤੇ ਨੇ ਨੈਨਾ 'ਤੇ ਵਾਰ ਕਰ ਦਿੱਤਾ। ਸਿੱਧਾ ਉਸ ਦੇ ਚਿਹਰੇ 'ਤੇ ਹਮਲਾ ਕੀਤਾ।

ਬੜੀ ਮੁਸ਼ਕਲ ਦੇ ਨਾਲ ਗੁਆਂਢ ਦੇ ਕਿਸੇ ਸ਼ਖ਼ਸ਼ ਨੇ ਕੁੱਤੇ ਨੂੰ ਇੱਟ ਦੇ ਨਾਲ ਮਾਰਿਆ ਅਤੇ ਉਸ ਦੀ ਜਾਨ ਬਚਾਈ। ਨੈਨਾ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਡਾਕਟਰਾਂ ਨੇ ਦੱਸਿਆ ਨੈਨਾ ਦੇ ਚਿਹਰੇ ਦਾ ਕਾਫੀ ਹਿੱਸਾ ਕੁੱਤੇ ਨੇ ਖਾ ਲਿਆ ਹੈ। ਮਾਪਿਆਂ ਦੀ ਰਾਇ ਲੈਕੇ ਡਾਕਟਰ ਬੱਚੀ ਦਾ ਇਲਾਜ਼ ਕਰ ਰਹੇ ਹਨ। ਅਵਾਰਾਂ ਕੁੱਤੇ ਇਸ ਵਕਤ ਸਭ ਤੋਂ ਵੱਡੀ ਮੁਸ਼ਕਿਲ ਬਣ ਗਈ ਹੈ। ਹਾਈਕੋਰਟ ਨੇ ਵੀ ਪੰਜਾਬ,ਹਰਿਆਣਾ ਅਤੇ ਚੰਡੀਗੜ੍ਹ ਦੀਆਂ ਸਰਕਾਰਾਂ ਅਤੇ ਪ੍ਰਸ਼ਾਸਨ ਨੂੰ ਸਖਤ ਨਿਰਦੇਸ਼ ਦਿੰਦੇ ਹੋਏ ਪੀੜਤ ਨੂੰ ਜੁਰਮਾਨਾ ਦੇਣ ਦੀ ਹਦਾਇਤਾਂ ਵੀ ਦਿੱਤੀਆਂ ਹਨ। ਚੰਡੀਗੜ੍ਹ ਦੇ ਨਾਲ ਕੇਂਦਰ ਸਰਕਾਰ ਨੇ ਕੁਝ ਕੁੱਤਿਆਂ 'ਤੇ ਪਾਲਨ ਨੂੰ ਲੈਕੇ ਬੈਨ ਲਗਾਇਆ ਹੈ। ਪਰ ਇਸ



ਦਾ ਜ਼ਮੀਨੀ ਪੱਧਰ 'ਤੇ ਅਸਰ ਵਿਖਾਈ ਨਹੀਂ ਦੇ ਰਿਹਾ ਹੈ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 193 ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਹੋਏ ਨਿਰਦੇਸ਼ ਦਿੱਤੇ ਸਨ ਕਿ ਪੰਜਾਬ,ਹਰਿਆਣਾ ਅਤੇ ਚੰਡੀਗੜ੍ਹ ਵਿੱਚ ਅਵਾਰਾਂ ਕੁੱਤਿਆਂ ਦੇ ਵੱਢਣ ਦੇ ਮਾਮਲੇ ਵਿੱਚ ਪੀੜਤ ਨੂੰ ਘੱਟੋ-ਘੱਟ 10 ਹਜ਼ਾਰ ਰੁਪਏ ਪ੍ਰਤੀ ਦੰਦ ਦੀ ਮਦਦ ਦੇਣੀ ਹੋਵੇਗੀ। ਇਸੇ ਤਰ੍ਹਾਂ ਜੇਕਰ ਕਿਸੇ ਵਿਅਕਤੀ ਦਾ ਕੁੱਤਾ ਮਾਸ ਨੋਚਦਾ ਹੈ ਜਾਂ 0.2 ਸੈਂਟੀਮੀਟਰ ਜ਼ਖ਼ਮ ਦਿੰਦਾ ਹੈ ਤਾਂ ਇਸ ਦੇ ਲਈ 20,000 ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ।

### ਪੂਰੀ ਦੁਨੀਆ ਵਿੱਚ ਕੁੱਤਿਆਂ ਨਾਲ ਭਾਰਤ ਵਿੱਚ ਮੌਤਾਂ

ਡਬਲਯੂ ਐਚ ਓ ਦੇ ਮੁਤਾਬਿਕ ਪੂਰੀ ਦੁਨੀਆ ਵਿੱਚ ਰੇਬੀਜ਼ ਨਾਲ ਹੋਣ ਵਾਲੀਆਂ ਮੌਤਾਂ ਵਿੱਚੋ 36 ਫੀਸਦੀ ਭਾਰਤ ਵਿੱਚ ਹੁੰਦੀਆਂ ਹਨ। ਇਸ ਦਾ ਮਤਲਬ ਹੈ ਕਿ 18,000 ਤੋਂ 20 ਹਜ਼ਾਰ ਲੋਕ ਰੇਬੀਜ਼ ਨਾਲ ਮਰਦੇ ਹਨ ਅਤੇ ਇੰਨਾਂ ਵਿੱਚੋਂ 30 ਤੋਂ 60 ਫੀਸਦੀ ਮੌਤਾਂ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ ਹੁੰਦੀਆਂ ਹਨ।

# ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਬਾਦਲ ਦਲ 28 ਸਾਲ ਬਾਅਦ ਇੱਥੋਂ ਉਤਾਰੇਗਾ ਆਪਣਾ ਉਮੀਦਵਾਰ

## ✪ ਭਾਜਪਾ ਹਮੇਸ਼ਾ ਅਕਾਲੀ ਦਲ ਦੀ ਮਦਦ ਨਾਲ ਜਿਤਦੀ ਰਹੀ ਸੀਟ

ਗੁਰਦਾਸਪੁਰ-ਲੋਕ ਸਭਾ ਚੋਣਾਂ 2024 ਦਾ ਐਲਾਨ ਹੋਣ ਤੋਂ 15 ਦਿਨ ਬਾਅਦ ਅਖ਼ੀਰ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਗੱਠਜੋੜ ਦੀਆਂ ਸੰਭਾਵਨਾਵਾਂ ਦਾ ਅੰਤ ਹੋਣ ਤੋਂ ਬਾਅਦ ਪੰਜਾਬ ਦੇ ਸਿਆਸੀ ਸਮੀਕਰਨ ਵਿਚ ਵੱਡੀ ਤਬਦੀਲੀ ਦੇਖਣ ਵਿਚ ਮਿਲੇਗੀ। ਭਾਜਪਾ ਵੱਲੋਂ ਗਠਜੋੜ ਨਾ ਕਰਨ ਸਬੰਧੀ ਲਏ ਗਏ ਫ਼ੈਸਲੇ ਉਪਰੰਤ ਹੁਣ ਸ਼੍ਰੋਮਣੀ ਅਕਾਲੀ ਦਲ ਵੀ ਚੋਣ ਮੈਦਾਨ ਵਿਚ ਇਕੱਲੇ ਹੀ ਨਿੱਤਰੇਗਾ।

ਦੱਸਣਯੋਗ ਹੈ ਕਿ ਅਕਾਲੀ ਦਾ ਭਾਈਵਾਲ ਬਸਪਾ ਨਾਲ ਪਹਿਲਾਂ ਹੀ ਤੋੜ ਵਿਛੋੜਾ ਹੋ ਚੁੱਕਾ ਹੈ। ਇਸ ਤਰ੍ਹਾਂ ਹੁਣ 28 ਸਾਲ ਦੇ ਲੰਬੇ ਸਮੇਂ ਬਾਅਦ ਅਕਾਲੀ ਦਲ ਪੰਜਾਬ ਦੀਆਂ ਸਾਰੀਆਂ 13 ਸੀਟਾਂ ’ਤੇ ਚੋਣ ਮੈਦਾਨ ਵਿਚ ਨਿੱਤਰੇਗਾ। ਇਸ ਤੋਂ ਪਹਿਲਾਂ ਭਾਜਪਾ ਨਾਲ ਗੱਠਜੋੜ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਸੀਟਾਂ ਦੀ ਵੰਡ ਹੁੰਦੀ ਰਹੀ ਹੈ। ਗੁਰਦਾਸਪੁਰ ਲੋਕ ਸਭਾ ਹਲਕਾ ਭਾਰਤੀ ਜਨਤਾ ਪਾਰਟੀ ਦੇ ਹਿੱਸੇ ਆਉਂਦਾ ਰਿਹਾ ਹੈ ਜਦਕਿ ਅਕਾਲੀ ਦਲ ਇਸ ਸੀਟ ਤੋਂ ਭਾਜਪਾ ਉਮੀਦਵਾਰਾਂ ਦੀ ਮਦਦ ਕਰਨ ਦਾ ਅਹਿਮ ਰੋਲ ਨਿਭਾਉਂਦਾ ਰਿਹਾ ਸੀ। ਇਸ ਗੱਠਜੋੜ ਸਦਕਾ ਹੀ ਭਾਜਪਾ ਦੇ ਉਮੀਦਵਾਰ ਵਿਨੋਦ ਖੰਨਾ ਲਗਾਤਾਰ 4 ਵਾਰ ਸੰਸਦ ਮੈਂਬਰ ਬਣਨ ਵਿਚ ਕਾਮਯਾਬ ਰਿਹਾ ਸੀ।

2019 ਵਿਚ ਭਾਜਪਾ ਦੇ ਸੰਨੀ ਦਿਓਲ ਨੇ ਵੀ ਸ਼ਾਨਦਾਰ ਜਿੱਤ ਹਾਸਲ ਕੀਤੀ। ਇਸ ਵਾਰ ਗੱਠਜੋੜ ਟੁੱਟਣ ਕਰਕੇ ਹੁਣ ਇਸ ਸੀਟ ਤੋਂ ਭਾਜਪਾ ਤੇ ਅਕਾਲੀ ਦਲ ਵੱਖੋ-ਵੱਖਰੇ ਉਮੀਦਵਾਰ ਉਤਾਰੇਗੀ। ਇਹ ਸਿਆਸੀ ਨਜ਼ਾਰਾ ਗੁਰਦਾਸਪੁਰ ਨਿਵਾਸੀਆਂ ਨੂੰ 28 ਸਾਲ ਬਾਅਦ ਦੇਖਣ ਨੂੰ ਮਿਲੇਗਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਸੀਟ ਤੋਂ ਆਪਣਾ ਆਖ਼ਰੀ ਉਮੀਦਵਾਰ 1996 ਵਿਚ ਉਤਾਰਿਆ ਗਿਆ ਸੀ। ਉਸ ਸਮੇਂ ਭਾਜਪਾ ਵੱਲੋਂ ਜਗਦੀਸ਼ ਸਾਹਨੀ ਉਮੀਦਵਾਰ ਸਨ ਜਦੋਂਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਗਦੀਸ਼ ਸਿੰਘ ਵਾਲੀਆ ਚੋਣ ਮੈਦਾਨ ਵਿਚ ਨਿੱਤਰੇ ਸਨ ਪਰ ਇਨ੍ਹਾਂ ਦੋਵਾਂ ਹੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਉਸ ਵੇਲੇ ਕਾਂਗਰਸ ਵੱਲੋਂ ਸੁਖਬੰਸ ਕੌਰ ਭਿੰਡਰ ਨੇ ਆਪਣੀ ਲਗਾਤਾਰ ਪੰਜਵੀਂ ਜਿੱਤ ਹਾਸਲ ਕੀਤੀ ਸੀ।

ਇਸੇ ਤਰ੍ਹਾਂ 1989 ਦੀਆਂ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਈਸੈਕ ਬੀ ਦਾਸ ਉਮੀਦਵਾਰ ਵੱਜੋਂ ਚੋਣ ਮੈਦਾਨ ਵਿਚ ਕੁੱਦੇ ਸਨ ਪਰ ਉਨ੍ਹਾਂ ਨੂੰ ਸਿਰਫ 1.79 ਫ਼ੀਸਦੀ ਵੋਟ ਹੀ ਹਾਸਲ ਹੋ ਸਕੇ। ਉਹ ਪੰਜਵੇਂ ਨੰਬਰ ’ਤੇ ਰਹੇ। ਭਾਜਪਾ ਦੇ ਉਮੀਦਵਾਰ ਯਗਦੱਤ ਸ਼ਰਮਾ ਨੂੰ 23.63 ਫ਼ੀਸਦੀ ਵੋਟ ਹਾਸਲ ਹੋਏ ਤੇ ਤੀਸਰੇ ਨੰਬਰ ’ਤੇ ਰਹੇ। ਇਹ ਚੋਣ ਵੀ ਕਾਂਗਰਸ ਦੀ ਸੁਖਬੰਸ ਕੌਰ ਭਿੰਡਰ ਨੇ ਜਿੱਤੀ ਜਿਨ੍ਹਾਂ ਨੂੰ 40.52 ਫ਼ੀਸਦੀ ਵੋਟ ਹਾਸਲ ਹੋਏ। 1985 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਅਕਾਲੀ ਦਲ ਵੱਲੋਂ ਆਈਸੈਕ ਬੀ ਦਾਸ ਉਮੀਦਵਾਰ ਵੱਜੋਂ ਉਤਾਰੇ ਗਏ ਪਰ ਉਹ 27.8 ਫ਼ੀਸਦੀ ਵੋਟਾਂ ਲੈ ਕੇ ਤੀਸਰੇ ਨੰਬਰ ’ਤੇ ਰਹੇ। ਭਾਜਪਾ ਦੇ ਬਲਦੇਵ ਪ੍ਰਕਾਸ਼ 30.31 ਫ਼ੀਸਦੀ ਵੋਟਾਂ ਲੈ ਕੇ ਦੂਜੇ ਨੰਬਰ ’ਤੇ ਅਤੇ ਕਾਂਗਰਸ ਦੀ ਸੁਖਬੰਸ ਕੌਰ 37.97 ਫ਼ੀਸਦੀ ਵੋਟਾਂ ਨਾਲ ਪਹਿਲੇ ਨੰਬਰ ’ਤੇ ਰਹੇ।

1997 ਵਿਚ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦਾ ਆਪਸੀ ਗੱਠਜੋੜ ਹੋ ਗਿਆ। ਇਸ ਉਪਰੰਤ ਦੋਵਾਂ ਨੇ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਰਲ ਕੇ ਲੜੀਆਂ। 1998 ਦੀਆਂ ਲੋਕ ਸਭਾ ਚੋਣਾਂ ਵਿਚ ਗੁਰਦਾਸਪੁਰ ਸੀਟ ਭਾਜਪਾ ਦੇ ਹਿੱਸੇ ਆਈ। ਪਹਿਲੀ ਵਾਰ ਇਨ੍ਹਾਂ ਦੋਵਾਂ ਪਾਰਟੀਆਂ ਵੱਲੋਂ ਆਪਣਾ ਸਾਂਝਾ ਉਮੀਦਵਾਰ ਉਤਾਰਨ ਦਾ ਫ਼ੈਸਲਾ ਇਤਿਹਾਸਕ ਹੋ ਨਿੱਬੜਿਆ। ਸਾਂਝੇ ਉਮੀਦਵਾਰ ਵਿਨੋਦ ਖੰਨਾ ਨੇ ਪਿਛਲੀਆਂ ਪੰਜ ਚੋਣਾਂ ਜਿੱਤਦੇ ਆ ਰਹੇ ਕਾਂਗਰਸ ਦੀ ਸੁਖਬੰਸ ਕੌਰ ਭਿੰਡਰ ਨੂੰ ਹਰਾਉਣ ਵਿਚ ਸਫਲਤਾ ਹਾਸਲ ਕੀਤੀ। ਇਸ ਗੱਠਜੋੜ ਕਾਰਨ ਹੀ ਵਿਨੋਦ ਖੰਨਾ ਲਗਾਤਾਰ ਤਿੰਨ ਚੋਣਾਂ ਜਿੱਤਣ ਵਿਚ ਕਾਮਯਾਬ ਰਹੇ। 2009 ਦੀਆਂ ਚੋਣਾਂ ਵਿਚ ਕਾਂਗਰਸ ਦੇ ਪ੍ਰਤਾਪ ਬਾਜਵਾ ਜਿੱਤਣ ’ਚ ਕਾਮਯਾਬ ਰਹੇ ਪਰ 2014 ਦੀਆਂ ਚੋਣਾਂ ਵਿਚ ਵਿਨੋਦ ਖੰਨਾ ਚੌਥੀ ਵਾਰ ਮੁੜ ਜਿੱਤਣ ’ਚ ਸਫਲ ਰਹੇ। 2017 ਦੀ ਜ਼ਿਮਨੀ ਚੋਣ ਵਿਚ ਕਾਂਗਰਸ ਦੇ ਸੁਨੀਲ ਜਾਖੜ ਨੇ ਜਿੱਤ ਹਾਸਲ ਕੀਤੀ। 18 ਮਹੀਨਿਆਂ ਬਾਅਦ ਹੀ ਹੋਈਆਂ 2019 ਦੀਆਂ ਆਮ ਚੋਣਾਂ ਵਿਚ ਭਾਜਪਾ ਦੇ ਸੰਨੀ ਦਿਓਲ ਨੇ ਮੁੜ ਅਕਾਲੀ ਦਲ ਦੇ ਸਹਿਯੋਗ ਨਾਲ ਵੱਡੀ ਜਿੱਤ ਹਾਸਲ ਕੀਤੀ।

# ਜਰਮਨੀ ਤੋਂ ਬਾਅਦ ਅਮਰੀਕਾ ਨੂੰ ਵੀ ਸ਼ਰਾਬ ਘੁਟਾਲੇ ਵਿਚ ਕੇਜਰੀਵਾਲ ਦੀ ਗ੍ਰਿਫਤਾਰੀ ’ਤੇ ਸਖ਼ਤ ਇਤਰਾਜ਼



ਵਸ਼ਿੰਗਟਨ-ਜਰਮਨੀ ਤੋਂ ਬਾਅਦ ਅਮਰੀਕਾ ਨੇ ਵੀ ਦਿੱਲੀ ਦੇ ਕਥਿਤ ਸ਼ਰਾਬ ਘੁਟਾਲੇ ’ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ’ਤੇ ਸਖ਼ਤ ਇਤਰਾਜ਼ ਜਤਾਇਆ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਇਕ ਬਿਆਨ ’ਚ ਕਿਹਾ ਕਿ ਉਹ ਦਿੱਲੀ ਦੇ ਮੁੱਖ ਮੰਤਰੀ ਅਤੇ ਪ੍ਰਮੁੱਖ ਵਿਰੋਧੀ ਧਿਰ ਦੇ ਨੇਤਾ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਨਾਲ ਜੁੜੀਆਂ ਰਿਪੋਰਟਾਂ ’ਤੇ ਲਗਾਤਾਰ ਨਜ਼ਰ ਰੱਖ ਰਹੇ ਹਨ।

ਅਮਰੀਕਾ ਨੇ ਇਹ ਵੀ ਕਿਹਾ ਕਿ ਉਹ ਕੇਜਰੀਵਾਲ ਦੇ ਮਾਮਲੇ ਵਿੱਚ ਨਿਰਪੱਖ, ਪਾਰਦਰਸ਼ੀ ਅਤੇ ਸਮੇਂ ਸਿਰ ਕਾਨੂੰਨੀ ਪ੍ਰਕਿਰਿਆ ਦੀ ਉਮੀਦ ਕਰ ਰਿਹਾ ਹੈ। ਇਸ ਤੋਂ ਪਹਿਲਾਂ ਜਰਮਨੀ ਨੇ ਵੀ ਕੇਜਰੀਵਾਲ ਦੀ ਗ੍ਰਿਫਤਾਰੀ ਦਾ ਵਿਰੋਧ ਦਰਜ ਕਰਵਾਇਆ ਸੀ। ਜਿਸ ’ਤੇ ਭਾਰਤ ਨੇ ਜਰਮਨ ਰਾਜਦੂਤ ਨੂੰ ਤਲਬ ਕਰਕੇ ਇਸ ਨੂੰ ਅੰਦਰੂਨੀ ਮਾਮਲਾ ਦੱਸਿਆ। ਹੁਣ ਇਸ ’ਤੇ ਅਮਰੀਕਾ ਦਾ ਬਿਆਨ ਆਇਆ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਅਮਰੀਕੀ ਸਰਕਾਰ ਕੇਜਰੀਵਾਲ ਦੀ ਗ੍ਰਿਫਤਾਰੀ ਦੀਆਂ ਰਿਪੋਰਟਾਂ ’ਤੇ ਲਗਾਤਾਰ ਨਜ਼ਰ ਰੱਖ ਰਹੀ ਹੈ ਅਤੇ ਆਪਣੇ ਭਾਰਤੀ ਹਮਰੁਤਬਾ ਨੂੰ ਜੇਲ੍ਹ ਵਿੱਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਲਈ “ਨਿਰਪੱਖ, ਪਾਰਦਰਸ਼ੀ ਅਤੇ ਸਮੇਂ ਸਿਰ ਕਾਨੂੰਨੀ ਕਾਰਵਾਈ” ਯਕੀਨੀ ਬਣਾਉਣ ਲਈ ਕਹਿ ਰਹੀ ਹੈ।

## ਕੇਜਰੀਵਾਲ ਦੀ ਗ੍ਰਿਫਤਾਰੀ ਖਿਲਾਫ ਨਹੀਂ ਮਿਲ ਰਿਹਾ ਲੋਕ ਹੁੰਗਾਰਾ

**○ ਦਿੱਲੀ ਵਿਚ ਆਪ ਵਰਕਰਾਂ ਵਲੋਂ ਪ੍ਰਦਰਸ਼ਨ ○ ਪੁਲਿਸ ਨੇ ਹਰਜੋਤ ਬੈਂਸ ਨੂੰ ਹਿਰਾਸਤ ਵਿਚ ਲਿਆ**

ਦਿੱਲੀ-ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਆਪ ਦੇ ਵਰਕਰ ਪੂਰੇ ਦੇਸ਼ ਵਿਚ ਪ੍ਰਦਰਸ਼ਨ ਕਰ ਰਹੇ ਹਨ। ਪਰ ਉਨ੍ਹਾਂ ਨੂੰ ਲੋਕ ਹੁੰਗਾਰਾ ਨਹੀਂ ਮਿਲ ਰਿਹਾ। ਬੀਤੇ ਦਿਨੀਂ ਆਪ ਪਾਰਟੀ ਵਰਕਰਾਂ ਅਤੇ ਆਗੂਆਂ ਵੱਲੋਂ ਪ੍ਰਧਾਨ ਮੰਤਰੀ ਆਵਾਸ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਸੀ।



ਪੰਜਾਬ ਦੇ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੋਮਨਾਥ ਭਾਰਤੀ ਨੂੰ ਪੁਲਿਸ ਨੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਪਟੇਲ ਚੌਕ ਵਿੱਚ ‘ਆਪ’ ਦੇ ਕਈ ਮੈਂਬਰਾਂ ਸਣੇ ਨੂੰ ਹਿਰਾਸਤ ਵਿੱਚ ਲਿਆ। ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਦੂਜੀ ਵਾਰ ਹਰਜੋਤ ਸਿੰਘ ਬੈਂਸ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ ਹੈ। ਇਸ ਤੋਂ ਪਹਿਲਾਂ ਬੀਤੇ ਸ਼ੁੱਕਰਵਾਰ ਨੂੰ ਬੈਂਸ ਨੂੰ ਪੁਲਸ ਨੇ ਹਿਰਾਸਤ ਵਿਚ ਲਿਆ ਸੀ।

## ਵਿਦੇਸ਼ ਜਾਣ ਦਾ ਸੁਪਨਾ ਨਾ ਪੂਰਾ ਹੋਇਆ ਤਾਂ ਗੋਲ਼ੀ ਮਾਰ ਕੇ ਕੀਤੀ ਆਤਮ-ਹੱਤਿਆ

ਲੁਧਿਆਣਾ-ਵਿਦੇਸ਼ ਜਾਣ ਦਾ ਸੁਪਨਾ ਨਾ ਪੂਰਾ ਹੋਣ ਦੇ ਚੱਲਦੇ ਇਕ ਵਿਅਕਤੀ ਜਸਵੀਰ ਸਿੰਘ ਨੇ ਵੀਜ਼ਾ ਰੱਦ ਹੋਣ ਕਾਰਨ ਸਿਰ ਵਿਚ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਜਾਣਕਾਰੀ ਮੁਤਾਬਕ ਜਸਵੀਰ ਸਿੰਘ ਵਿਦੇਸ਼ ਜਾਣਾ ਚਾਹੁੰਦਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਉਸ ਦਾ ਵੀਜ਼ਾ ਰੱਦ ਹੋ ਗਿਆ ਹੈ ਤਾਂ ਉਹ ਬੇਹੱਦ ਪਰੇਸ਼ਾਨ ਹੋ ਗਿਆ। ਬੀਤੇ ਸੋਮਵਾਰ ਰਾਤ ਨੂੰ ਉਸ ਦੀ ਪਤਨੀ ਖਾਣਾ ਦੇਣ ਲਈ ਕਮਰੇ ਅੰਦਰ ਦਾਖਲ ਹੋਈ ਤਾਂ ਉਸ ਨੇ ਦੇਖਿਆ ਕਿ ਜਸਵੀਰ ਬਾਥਰੂਮ ਦੇ ਅੰਦਰ ਚਲਾ ਗਿਆ ਹੈ। ਕੁਝ ਸਮੇਂ ਬਾਅਦ ਪਰਿਵਾਰਕ ਮੈਂਬਰਾਂ ਨੇ ਗੋਲ਼ੀ ਚੱਲਣ ਦੀ ਆਵਾਜ਼ ਸੁਣੀ ਤਾਂ ਉਹ ਬਾਥਰੂਮ ਵੱਲ ਭੱਜੇ। ਪਰਿਵਾਰਕ ਮੈਂਬਰ ਬਾਥਰੂਮ ਦਾ ਦਰਵਾਜ਼ਾ ਤੋੜ ਕੇ ਜਦ ਅੰਦਰ ਦਾਖਲ ਹੋਏ ਤਾਂ ਉਨ੍ਹਾਂ ਦੇਖਿਆ ਕਿ ਖੂਨ ਨਾਲ ਲੱਥਪੱਥ ਜਸਵੀਰ ਜ਼ਮੀਨ ’ਤੇ ਡਿੱਗਿਆ ਪਿਆ ਸੀ। ਪਰਿਵਾਰ ਦੇ ਮੈਂਬਰ ਉਸ ਨੂੰ ਤੁਰੰਤ ਹਸਪਤਾਲ ਲੈ ਕੇ ਗਏ ਜਿੱਥੇ ਮੰਗਲਵਾਰ ਨੂੰ ਜਸਵੀਰ ਦੀ ਮੌਤ ਹੋ ਗਈ। ਉਧਰੋਂ ਇਸ ਮਾਮਲੇ ਵਿਚ ਜਾਂਚ ਅਧਿਕਾਰੀ ਏਐੱਸਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਜਸਵੀਰ ਨੇ ਲਾਇਸੈਂਸੀ ਹਥਿਆਰ ਦੀ ਵਰਤੋਂ ਕਰ ਕੇ ਖੁਦਕੁਸ਼ੀ ਕੀਤੀ ਸੀ। ਪੁਲਿਸ ਇਸ ਮਾਮਲੇ ਵਿਚ ਕਾਰਵਾਈ ਕਰ ਰਹੀ ਹੈ। ਜਸਵੀਰ ਸਿੰਘ ਦਾ ਕੁਝ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ।

**ਵਿਚਾਰ :–** ਪਿਆਰ ਦੇ ਦੋ ਮਿੱਠੇ ਬੋਲ ਪੁਰਾਣੀ ਕੁੜੱਤਣ ਤੇ ਰਿਸਦੇ ਜ਼ਖਮਾਂ ਉੱਪਰ ਮੱਲਮ ਦਾ ਕੰਮ ਕਰਦੇ ਹਨ।



ਰਜਿੰਦਰ ਸਿੰਘ ਪੁਰੇਵਾਲ

# ਪੰਜਾਬ ਵਿਚ ਜ਼ਹਿਰੀਲੀ ਸ਼ਰਾਬ ਕਾਰਣ ਮੌਤਾਂ ਦੀ ਦੋਸ਼ੀ ਪੰਜਾਬ ਸਰਕਾਰ

ਪਿਛਲੇ ਦਿਨੀਂ ਜ਼ਿਲ੍ਹਾ ਸੰਗਰੂਰ ਦੇ ਹਲਕਾ ਦਿੜ੍ਹਬਾ ਦੇ ਇਕ ਪਿੰਡ ਗੁੱਜਰਾਂ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਵਾਪਰਿਆ ਵੱਡਾ ਦੁਖਾਂਤ ਜਿਸ ਵਿਚ 5 ਵਿਅਕਤੀਆਂ ਦੀ ਮੌਤ ਹੋ ਗਈ ਸੀ। ਪਹਿਲਾਂ ਇਹ ਪ੍ਰਭਾਵ ਵੀ ਮਿਲਿਆ ਸੀ ਕਿ ਸ਼ਾਇਦ ਵਾਪਰਿਆ ਇਹ ਦੁਖਾਂਤ ਇਕ ਦੋ ਪਿੰਡਾਂ ਤੱਕ ਹੀ ਸੀਮਤ ਹੋਵੇਗਾ, ਪਰ ਹੌਲੀ-ਹੌਲੀ ਸੰਗਰੂਰ ਜ਼ਿਲ੍ਹੇ ਦੇ ਕਈ ਹੋਰ ਪਿੰਡਾਂ ਵਿਚ ਅਜਿਹੀ ਸ਼ਰਾਬ ਪੀਣ ਨਾਲ ਹੋ ਰਹੀਆਂ ਮੌਤਾਂ ਦੀਆਂ ਅਤੇ ਵੱਡੀ ਗਿਣਤੀ ਵਿਚ ਹਸਪਤਾਲਾਂ ਵਿਚ ਭਰਤੀ ਹੋਣ ਦੀਆਂ ਖ਼ਬਰਾਂ ਸਾਹਮਣੇ ਆਉਣ ਨਾਲ ਇਹ ਮਸਲਾ ਹੋਰ ਵੀ ਬੇਹੱਦ ਗੰਭੀਰ ਹੋ ਗਿਆ ਹੈ। ਹੁਣ ਤਕ ਦੀ ਜਾਣਕਾਰੀ ਅਨੁਸਾਰ ਗੁੱਜਰਾਂ ਪਿੰਡ ਤੋਂ ਇਲਾਵਾ ਢੰਡੋਲੀ, ਰਵਿਦਾਸਪੁਰਾ ਟਿੱਬੀ ਆਦਿ ਪਿੰਡਾਂ ਵਿਚ ਵੀ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਤੇ ਕੁੱਲ 21 ਲੋਕਾਂ ਦੀ ਮੌਤ ਹੋ ਗਈ ਹੈ। 20 ਤੋਂ ਵੱਧ ਲੋਕ ਹਸਪਤਾਲ ਵਿਚ ਦਾਖਲ ਹਨ। ਇਸ ਕਾਂਡ ਨੇ ਨਾਜਾਇਜ਼ ਸ਼ਰਾਬ ਅਤੇ ਹੋਰ ਨਸ਼ਿਆਂ 'ਤੇ ਕਾਬੂ ਪਾਉਣ ਦੇ ਪੰਜਾਬ ਸਰਕਾਰ ਦੇ ਦਾਅਵਿਆਂ ਦਾ ਪਾਜ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਹੈ। ਇਸ ਘਟਨਾ ਦਾ ਨੋਟਿਸ ਭਾਰਤੀ ਚੋਣ ਕਮਿਸ਼ਨ ਵਲੋਂ ਵੀ ਲਏ ਜਾਣ ਤੋਂ ਬਾਅਦ ਪੰਜਾਬ ਸਰਕਾਰ ਵਲੋਂ ਸ਼ੁਤਰਾਣਾ ਥਾਣਾ (ਪਟਿਆਲਾ) ਦੇ ਐਸ.ਐਚ.ਓ ਅਤੇ ਇਕ ਏ.ਐਸ.ਆਈ ਨੂੰ ਮੁਅੱਤਲ ਕਰਨ ਦੇ ਹੁਕਮ ਦਿੱਤੇ ਗਏ ਸਨ, ਕਿਉਂਕਿ ਉਨ੍ਹਾਂ ਦੇ ਖੇਤਰ ਦੇ ਇਕ ਪਿੰਡ ਵਿਚ ਇਹ ਜ਼ਹਿਰੀਲੀ ਨਕਲੀ ਸ਼ਰਾਬ ਬਣੀ ਸੀ। ਇਸੇ ਤਰ੍ਹਾਂ ਸੁਨਾਮ ਸਰਕਲ ਦੇ ਆਬਕਾਰੀ ਇੰਸਪੈਕਟਰ ਨੂੰ ਵੀ ਮੁਅੱਤਲ ਕੀਤਾ ਗਿਆ ਹੈ। ਹਾਲਾਂਕਿ ਦਸ ਮੁਲਜ਼ਮ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ।

ਯਾਦ ਰਹੇ ਕਿ ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿਚ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਇਨ੍ਹਾਂ ਵਿਚੋਂ ਤਰਨਤਾਰਨ, ਅੰਮ੍ਰਿਤਸਰ ਤੇ ਬਟਾਲਾ ਵਿਚ 2020 ਵਿਚ ਸ਼ਰਾਬ ਨਾਲ ਸਬੰਧਿਤ ਲਗਾਵਾਰ ਹੋਈਆਂ ਮੌਤਾਂ ਜ਼ਿਕਰਯੋਗ ਹਨ ਜਿੱਥੇ ਮੌਤਾਂ ਦੀ ਗਿਣਤੀ 110 ਤੋਂ ਪਾਰ ਹੋ ਗਈ ਸੀ। ਇਨ੍ਹਾਂ ਘਟਨਾਵਾਂ 'ਤੇ ਵਿਆਪਕ ਰੋਸ ਜ਼ਾਹਿਰ ਕੀਤਾ ਗਿਆ ਸੀ ਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਮੰਗ ਉੱਠੀ ਸੀ। ਦੋ ਸਾਲਾਂ ਬਾਅਦ ਸੁਪਰੀਮ ਕੋਰਟ ਨੇ ਇਸ ਕੇਸ ਦੀ ਜਾਂਚ 'ਤੇ ਨਾਖ਼ੁਸ਼ੀ ਪ੍ਰਗਟਾਈ ਸੀ ਤੇ ਰਾਜ ਸਰਕਾਰ ਦੀ ਖਿਚਾਈ ਵੀ ਕੀਤੀ ਸੀ। ਫਰਵਰੀ 2023 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕਿਹਾ ਸੀ ਕਿ ਸਾਰੇ ਜਾਣਦੇ ਹਨ ਕਿ ਨਾਜਾਇਜ਼ ਸ਼ਰਾਬ ਦੀ ਸਮੱਸਿਆ ਗੰਭੀਰ ਸੰਕਟ ਬਣ ਗਈ ਹੈ। ਵਾਰ-ਵਾਰ ਵਾਪਰਦੀਆਂ ਅਜਿਹੀਆਂ ਤ੍ਰਾਸਦੀਆਂ ਇਸ ਸਮੱਸਿਆ ਨਾਲ ਨਜਿੱਠਣ ਦੇ ਰਾਹ ਵਿਚ ਬਣੀਆਂ ਚੁਣੌਤੀਆਂ ਨੂੰ ਸਾਹਮਣੇ ਲਿਆਉਂਦੀਆਂ ਹਨ ਜੋ ਤਸਕਰਾਂ ਖਿਲਾਫ਼ ਕੀਤੀਆਂ ਕਾਰਵਾਈਆਂ ਦੇ ਬਾਵਜੂਦ ਕਾਇਮ ਹਨ। ਇਨ੍ਹਾਂ ਮਾਮਲਿਆਂ ਵਿੱਚ ਲਗਾਤਾਰ ਸਰਕਾਰ ਵਲੋਂ ਸਖਤੀ ਦੀ ਲੋੜ ਹੈ। ਦੋਸ਼ੀਆਂ ਨੂੰ ਕਰੜੀ ਸਜ਼ਾ ਮਿਲਣੀ ਚਾਹੀਦੀ ਹੇ।ਕਰੀਬ 2 ਸਾਲ ਪਹਿਲਾਂ ਆਪ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਅਤੇ ਪਿੱਛੋਂ ਵੀ ਮੁੱਖ ਮੰਤਰੀ ਮਾਨ ਲਗਾਤਾਰ ਉੱਚੀ ਸੁਰ ਵਿਚ ਇਹ ਦਾਅਵਾ ਕਰਦੇ ਰਹੇ ਸਨ ਕਿ ਉਨ੍ਹਾਂ ਦੀ ਸਰਕਾਰ ਵਲੋਂ ਸੂਬੇ ਵਿਚ ਫੈਲੇ ਨਸ਼ਿਆਂ ਨੂੰ ਪੂਰੀ ਤਰ੍ਹਾਂ ਨਾਲ ਖ਼ਤਮ ਕਰ ਦਿੱਤਾ ਜਾਏਗਾ। ਪਰ 2 ਸਾਲ ਪਹਿਲਾਂ ਕੀਤੇ ਇਨ੍ਹਾਂ ਵਾਅਦਿਆਂ ਅਤੇ ਦਾਅਵਿਆਂ ਦੇ ਢੋਲ ਦਾ ਪੋਲ ਇਸ ਨਕਲੀ ਸ਼ਰਾਬ ਕਾਂਡ ਕਾਰਣ ਹੋਈਆਂ ਮੌਤਾਂ ਨਾਲ ਖੁਲ੍ਹ ਗਿਆ। ਸ਼ਰਾਬ ਕਾਰਣ ਹੋਈਆਂ ਮੌਤਾਂ ਦੇ ਕਹਿਰ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਭਰੋਸਾ ਦਿਵਾਇਆ ਸੀ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਈ ਜਾਵੇਗੀ। ਪੀੜਤ ਪਰਿਵਾਰਾਂ ਨੂੰ ਸੰਭਾਲਣ ਤੋਂ ਇਲਾਵਾ ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਸਰਕਾਰ ਚੁਕੇਗੀ ਅਤੇ ਉਨ੍ਹਾਂ ਨੂੰ ਨੌਕਰੀਆਂ ਵੀ ਦੇਵੇਗੀ।'' ਇਸ ਦੁਖਾਂਤ ਦਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਟਵੀਟ ਕਰਕੇ ਮੁੱਖ ਮੰਤਰੀ ਪੰਜਾਬ ਨੂੰ ਇਸ ਮਾਮਲੇ ਦੀ ਜਿੰਮੇਵਾਰੀ ਲੈਂਦੇ ਹੋਏ ਅਸਤੀਫਾ ਦੇਣ ਦੀ ਬੇਨਤੀ ਕੀਤੀ ਹੈ।

ਪੰਜਾਬ ਟਾਈਮਜ਼ ਦੇ ਪੱਤਰਕਾਰਾਂ ਦੀਆਂ ਸੂਚਨਾਵਾਂ ਅਨੁਸਾਰ ਨਾਜਾਇਜ਼ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਰੁਝਾਨ ਪਹਿਲਾਂ ਨਾਲੋਂ ਵੀ ਵਧ ਗਿਆ ਹੈ ਅਤੇ ਹਰ ਥਾਂ 'ਤੇ ਅਜਿਹੇ ਨਸ਼ੇ ਸ਼ਰੇਆਮ ਵਿਕਦੇ ਦਿਖਾਈ ਦੇ ਰਹੇ ਹਨ, ਜਿਸ ਤੋਂ ਇਸ ਸਰਕਾਰ ਦੀ ਜ਼ਮੀਨੀ ਪੱਧਰ 'ਤੇ ਸਰਗਰਮੀ ਦੀ ਨਿਰਾਰਥਕਤਾ ਸਾਹਮਣੇ ਆਉਂਦੀ ਹੈ। ਅਜਿਹੀ ਸਥਿਤੀ ਵਿਚ ਅੱਜ ਹਰ ਪਾਸੇ ਨਿਰਾਸ਼ਤਾ ਦਾ ਆਲਮ ਪਸਰਿਆ ਦਿਖਾਈ ਦਿੰਦਾ ਹੈ।

-ਰਜਿੰਦਰ ਸਿੰਘ ਪੁਰੇਵਾਲ


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: 01332 372 851 M: 07966 388 388


## NEWS & VIEWS

# NEW GLOBAL ALLIANCES HAVE WEAKENED WESTERN GLOBAL DOMINANCE LED BY THE UNITED STATES



Gurmukh Singh OBE

The Ukraine and Gaza wars have created new global alliances. We are seeing the end of Western global dominance led by the United States and ex colonial Britain, no longer Great. It can be argued that the US too is an ex colonial power which conquered the West, killed or subdued local tribes, used slave labour and, even today, despite setbacks like Afghanistan, continues to bid for global dominance.

Western countries including the EU countries, face serious internal challenges due to fast changing population mix and social balance resulting from mass migrations and extreme left and right, liberal and green lobby groups. The general desire in the West is to uphold democratic principles through the rule of law. Yet, democratic strength derived from following of democratic processes becomes an administrative weakness. Compare that with authoritarian regimes like Russia, China and other dictatorships and flawed democracies. Government decision making in the West is slow and often successfully challenged in law courts. Therefore, the political swing to the right in recent times.

Externally, there are successful challenges to Western global dominance, especially after the start of the Ukraine war. The war against terrorism has not gone well and some bad decisions have been made from the outset of the Gaza war.

World reaction to continuation of President Putin as President of Russia for another 6 years is interesting in the context of the current topic. I have intentionally avoided using the world re-election of Putin because, with the removal of effective opposition, the whole election process in Russia was a charade.

A recent article drew attention to those world leaders who condemned or congratulated President Putin holding on to power even with a stronger grip. While America thought jailing and disqualification of opponents as incredibly undemocratic, David Cameron, UK foreign minister felt that the elections underlined the depth of repression in Russia. Some recent goings on in India are causing similar concerns but that is for discussion elsewhere.

So, let us see who congratulated Putin and what it say about global alliances. According to a journalist, Jonathan Yerushalmy, the comments from leaders across Europe and the US stood in sharp contrast to messages of congratulation that flowed from countries across Asia, Africa and Latin America. These contrasting reactions underscore the geopolitical fault-lines that have been cleaved wider since Russia launched its full-scale invasion of Ukraine two years ago, triggering a crisis in relations with the west.

Chinese President, Xi Jinping and PM Modi of India were quick to congratulate Putin. China assured Russia of continuing no limits partnership and felt that Putin victory brought certainty to a world in turbulence. In return, Putin confirmed that Taiwan is an inherent part of the China. Both these countries are members of the BRICS economic group which now challenges US domination of the global economy by uniting emerging economies including Russia, China, India, South Africa and Brazil. In 2023 the group decided to expand to include Saudi Arabia, the UAE, Iran, Egypt, Ethiopia and Argentina. Thus, eventually BRICS+ would represent around 30 per cent of global GDP, 46 per cent of the world's population, 43 per cent of its oil and 25 per cent of global exports. Of course, these countries represent the vast majority of the world population.

Today, as a result of geo-political alliances, we live in an increasingly less certain world while real global challenges like climate change and pollution are likely to be put on hold.

**Gurmukh Singh OBE,** Ret'd Principal Civil Servant (UK) sewauk2005@yahoo.co.uk

# ਜਥੇਦਾਰ ਨੇ ਕੇਂਦਰ ਉਪਰ ਸਿੱਖਾਂ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਇਆ

✪ 'ਜੇਕਰ ਡਿਬਰੂਗੜ੍ਹ ਜੇਲ 'ਚ ਬੰਦ ਸਿੰਘ ਅੱਤਵਾਦੀ ਹਨ, ਤਾਂ ਸਾਰਾ ਖਾਲਸਾ ਪੰਥ ਹੀ ਅੱਤਵਾਦੀ ਹੈ'-ਗਿਆਨੀ ਰਘਬੀਰ ਸਿੰਘ
✪ ਸ਼੍ਰੋਮਣੀ ਕਮੇਟੀ ਨੇ ਸਜਾਇਆ ਮਹੱਲਾ ✪ ਗਿਆਨੀ ਸੁਲਤਾਨ ਸਿੰਘ ਨੇ ਕੌਮ ਦੇ ਨਾਂਅ ਜਾਰੀ ਕੀਤਾ ਸੰਦੇਸ਼





ਸ੍ਰੀ ਅਨੰਦਪੁਰ ਸਾਹਿਬ-ਖ਼ਾਲਸਾ ਪੰਥ ਦੇ ਕੌਮੀ ਤਿਓਹਾਰ ਹੋਲਾ-ਮਹੱਲਾ ਮੌਕੇ ਸੰਬੋਧਨ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੇਂਦਰ ਸਰਕਾਰ 'ਤੇ ਸਿੱਖਾਂ ਨੂੰ ਧਾਰਮਿਕ, ਆਰਥਿਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਅਤੇ ਭੂਗੋਲਿਕ ਤੌਰ 'ਤੇ ਕਮਜ਼ੋਰ ਕਰਨ ਦੇ ਦੋਸ਼ ਲਾਉਂਦਿਆਂ ਆਖਿਆ ਕਿ ਪੰਜਾਬ ਦੇ ਲੋਕਾਂ ਕੋਲੋਂ ਖੇਤੀਬਾੜੀ ਵਰਗਾ ਸਵੈਮਾਣ ਵਾਲਾ ਕਿੱਤਾ ਖੋਹ ਕੇ ਕਾਰਪੋਰੇਟ ਘਰਾਨਿਆਂ ਦੇ ਹਵਾਲੇ ਕਰਨ ਦੇ ਮਾਰੂ ਹੀਲੇ ਵਰਤੇ ਜਾ ਰਹੇ ਹਨ, ਜਿਨ੍ਹਾਂ ਤੋਂ ਪੰਜਾਬ ਨੂੰ ਸਮਾਂ ਰਹਿੰਦਿਆਂ ਸੁਚੇਤ ਹੋਣ ਦੀ ਲੋੜ ਹੈ। ਗਿਆਨੀ ਰਘਬੀਰ ਸਿੰਘ ਨੇ ਹੋਲਾ-ਮਹੱਲਾ ਦੀ ਸਮੁੱਚੀ ਸਿੱਖ ਕੌਮ ਨੂੰ ਵਧਾਈ ਦਿੰਦਿਆਂ ਆਖਿਆ ਕਿ ਅੱਜ ਸਿੱਖਾਂ ਨੂੰ ਏਕਤਾ ਦੇ ਸੂਤਰ ਵਿਚ ਬੱਝਣ ਦੀ ਵੱਡੀ ਲੋੜ ਹੈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਸਿੱਖ ਭਾਈਚਾਰਕ ਤੌਰ 'ਤੇ ਇਤਫਾਕ ਕਾਇਮ ਨਹੀਂ ਕਰਦੇ, ਸਰਕਾਰਾਂ ਧੱਕਾ ਕਰਦੀਆਂ ਰਹਿਣਗੀਆਂ। ਉਨ੍ਹਾਂ ਆਖਿਆ ਕਿ ਅੱਜ ਪੰਜਾਬ ਦੇ ਕਿਸਾਨ ਆਪਣੇ ਹੱਕ ਲੈਣ ਲਈ ਸੜਕਾਂ 'ਤੇ ਰੁਲ ਰਹੇ ਹਨ ਪਰ ਜਦੋਂ ਸੱਤਾਧਾਰੀ ਵੋਟਾਂ ਮੰਗਣ ਆਉਣ ਤਾਂ ਆਮ ਲੋਕ ਉਨ੍ਹਾਂ ਦੀ ਜਵਾਬਦੇਹੀ ਜ਼ਰੂਰ ਕਰਨ। ਉਨ੍ਹਾਂ ਆਖਿਆ ਕਿ ਬੰਦੀ ਸਿੰਘ 30-30 ਸਾਲਾਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਹਨ ਅਤੇ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

ਜਥੇਦਾਰ ਸਾਹਿਬ ਨੇ ਕਿਹਾ ਜੇਕਰ ਡਿਬਰੂਗੜ੍ਹ ਜੇਲ 'ਚ ਬੰਦ ਸਿੰਘ ਅੱਤਵਾਦੀ ਹਨ, ਤਾਂ ਸਾਰਾ ਖਾਲਸਾ ਪੰਥ ਹੀ ਅੱਤਵਾਦੀ ਹੈ'। ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢ ਕੇ ਅੰਮ੍ਰਿਤਧਾਰੀ ਬਣਾਉਣ ਅਤੇ ਧਰਮ ਪ੍ਰਚਾਰ ਕਰਨ ਵਾਲੇ ਵਾਰਿਸ ਪੰਜਾਬ ਦੇ ਮੁਖੀ ਤੇ ਸਾਥੀ ਸਿੰਘਾਂ ਦਾ ਕੀ ਗੁਨਾਹ ਸੀ ? ਜਿਨ੍ਹਾਂ ਨੂੰ ਸਰਕਾਰ ਨੇ ਪੰਜਾਬ ਤੋਂ ਸੈਂਕੜੇ ਕਿਲੋਮੀਟਰ ਦੂਰ ਡਿਬਰੂਗੜ੍ਹ ਦੀ ਜੇਲ੍ਹ ਵਿਚ ਐਨ.ਐਸ.ਏ. ਲਗਾ ਕੇ ਨਜ਼ਰਬੰਦ ਕੀਤਾ



ਹੋਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਧਰਮ ਪ੍ਰਚਾਰ ਕਰਨਾ ਗੁਨਾਹ ਹੈ ਤਾਂ ਇਹ ਗੁਨਾਹ ਹਰ ਸਿੱਖ ਕਰੇਗਾ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਬੰਦੀ ਸਿੰਘ 30-30 ਸਾਲਾਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਹਨ ਅਤੇ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਜੇਕਰ ਆਪਣੇ ਹੱਕਾਂ ਲਈ ਹਥਿਆਰ ਚੁੱਕਣ ਵਾਲੇ ਬੰਦੀ ਸਿੰਘ ਅੱਤਵਾਦੀ ਸਨ ਤਾਂ ਸਾਰਾ ਖ਼ਾਲਸਾ ਪੰਥ ਹੀ ਅੱਤਵਾਦੀ ਹੈ। ਕਿਉਂਕਿ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਖ਼ਾਲਸਾ ਪੰਥ ਨੂੰ ਗੁਰੂ ਸਾਹਿਬਾਨ ਨੇ ਸਿਖਾਇਆ ਹੈ। ਜਥੇਦਾਰ ਸਾਹਿਬ ਨੇ ਕੇਸਗੜ੍ਹ ਸਾਹਿਬ ਤੋਂ ਸਿੱਖਾਂ ਨੂੰ ਏਕਤਾ ਵਿੱਚ ਬੱਝਣ ਦਾ ਸੁਨੇਹਾ ਦਿੰਦੇ ਹੋਏ ਕਿਹਾ ਇਹ ਸਮੇਂ ਦੀ ਜ਼ਰੂਰਤ ਹੈ। ਉਨ੍ਹਾਂ ਆਖਿਆ ਕਿ ਅੱਜ ਪੰਜਾਬ ਦੇ ਕਿਸਾਨ ਆਪਣੇ ਹੱਕ ਲੈਣ ਲਈ ਸੜਕਾਂ 'ਤੇ ਰੁਲ ਰਹੇ ਹਨ ਪਰ ਜਦੋਂ ਸੱਤਾਧਾਰੀ ਵੋਟਾਂ ਮੰਗਣ ਆਉਣ ਤਾਂ ਆਮ ਲੋਕ ਉਨ੍ਹਾਂ ਦੀ ਜਵਾਬਦੇਹੀ ਜ਼ਰੂਰ ਕਰਨ।

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮਹੱਲਾ ਸਜਾਇਆ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਖ਼ਾਲਸਾਈ ਰਵਾਇਤਾਂ ਅਨੁਸਾਰ ਪੰਜ ਪਿਆਰਿਆਂ ਦੀ ਅਗਵਾਈ ਵਿਚ ਮਹੱਲਾ ਸਜਾਇਆ ਗਿਆ। ਤਖ਼ਤ ਸਾਹਿਬ ਵਿਖੇ ਚੱਲ ਰਹੇ ਧਾਰਮਿਕ ਸਮਾਗਮ ਵਿਚ ਸਿੰਘ ਸਾਹਿਬ ਗਿਆਨੀ ਰਘੁਵੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,



ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸਾਬੋ ਕੀ ਤਲਵੰਡੀ ਦਮਦਮਾ ਸਾਹਿਬ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ, ਜਥੇਦਾਰ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਬਾਬਾ ਨਾਗਰ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾ, ਨਿਸ਼ਕਾਮ ਸੇਵਾ ਜਥਾ ਯੂ. ਕੇ. ਦੇ ਮੁਖੀ ਬਾਬਾ ਮਹਿੰਦਰ ਸਿੰਘ, ਨੇ ਸੰਗਤਾਂ ਨੂੰ ਹੋਲੇ ਮਹੱਲੇ ਦੀਆਂ ਵਧਾਈ ਦਿੱਤੀ। ਇਸ ਮੌਕੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਕੌਮ ਦੇ ਨਾਂਅ 'ਤੇ ਸੰਦੇਸ਼ ਜਾਰੀ ਕਰਦਿਆਂ ਸਮੁੱਚੇ ਪੰਥ ਨੂੰ ਇੱਕ ਹੋਣ ਦਾ ਸੱਦਾ ਦਿੱਤਾ। ਉਪਰੰਤ ਸ਼੍ਰੋਮਣੀ ਕਮੇਟੀ ਵਲੋਂ ਪੰਜ ਪਿਆਰਿਆਂ ਦੀ ਅਗਵਾਈ 'ਚ ਮਹੱਲਾ ਸਜਾਇਆ ਗਿਆ।

## ਨਿਹੰਗ ਸਿੰਘਾਂ ਨੇ ਸਜਾਇਆ ਮਹੱਲਾ

ਹੋਲੇ-ਮਹੱਲੇ ਦੀ ਸੰਪੂਰਨਤਾ ਮੌਕੇ ਗੁਰੂ ਕੀਆਂ ਲਾਡਲੀਆਂ ਖ਼ਾਲਸਾਈ ਨਿਹੰਗ ਸਿੰਘ ਦਲ ਪੰਥ ਫ਼ੌਜਾਂ ਵਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ 'ਚ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦੀ ਬਾਗ ਤੋਂ ਪੁਰਾਤਨ ਰਵਾਇਤ ਮੁਤਾਬਿਕ ਮਹੱਲਾ ਸਜਾਇਆ ਗਿਆ। ਛਾਉਣੀ ਬੁੱਢਾ ਦਲ ਗੁਰੂ ਕੇ ਬਾਗ ਤੋਂ ਮਹੱਲੇ ਦੀ ਅਰੰਭਤਾ ਹੋਈ। ਜਿਸ 'ਚ ਜਥੇਦਾਰ ਬਾਬਾ ਬਲਬੀਰ ਸਿੰਘ ਦੇ ਨਾਲ ਬਾਬਾ ਜੋਗਾ ਸਿੰਘ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਤਰਨਾ ਦਲ ਸੰਪਰਦਾ ਬਾਬਾ ਬਿਧੀ ਚੰਦ ਸੁਰਸਿੰਘ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਜਥੇ ਬਾਬਾ ਨਾਗਰ ਸਿੰਘ, ਜਥੇ ਬਾਬਾ ਬਲਦੇਵ ਸਿੰਘ ਵੱਲਾ, ਜਥੇ: ਬਾਬਾ ਵੱਸਣ ਸਿੰਘ ਮੜ ੀਆਂ ਵਾਲੇ, ਜਥੇ: ਬਾਬਾ ਬਲਵਿੰਦਰ ਸਿੰਘ ਮਹਿਤਾ ਚੌਕ, ਜਥੇ: ਬਾਬਾ ਲਾਲ ਸਿੰਘ, ਜਥੇ: ਬਾਬਾ ਛਿੰਦਾ ਸਿੰਘ ਭਿੱਖੀਵਿੰਡ, ਜਥੇ: ਬਾਬਾ ਜੋਗਾ ਸਿੰਘ ਕਰਨਾਲ ਵਾਲੇ ਆਦਿ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘ ਆਪਣੇ-ਆਪਣੇ ਦਲਾਂ ਬਲਾਂ ਸਮੇਤ ਸ਼ਾਮਿਲ ਹੋਏ।

ਗੁਰਦੁਆਰਾ ਗੁਰੂ ਕਾ ਬਾਗ ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੋਂ ਅਰੰਭ ਹੋ ਕੇ ਨਵੀਂ ਆਬਾਦੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਵੇਰਕਾ ਚੌਕ, ਬੱਸ ਅੱਡਾ ਹੋ ਕੇ ਇਤਿਹਾਸਕ ਅਸਥਾਨ ਗੁਰਦੁਆਰਾ ਮਾਤਾ ਜੀਤਾਂ ਜੀ ਸਾਹਿਬ ਵਿਖੇ ਨਤਮਸਤਕ ਹੋ ਕੇ ਪੁਰਾਤਨ ਚਰਨ ਗੰਗਾ ਸਟੇਡੀਅਮ ਵਿਖੇ ਪੁੱਜਾ। ਨਿਹੰਗ ਸਿੰਘਾਂ ਦੇ ਮੁਖੀ ਸਿੱਖ ਰਵਾਇਤੀ ਬਾਣਿਆਂ, ਸ਼ਸਤਰਾਂ, ਘੋੜਿਆਂ, ਹਾਥੀਆਂ, 'ਤੇ ਸਵਾਰ ਹੋ ਕੇ ਚਰਨ ਗੰਗਾ ਸਟੇਡੀਅਮ ਵਿਖੇ ਪਹੁੰਚੇ। ਜਿਥੇ ਨਿਹੰਗ ਸਿੰਘਾਂ ਨੇ ਸੰਗਤਾਂ ਦੇ ਲਾ-ਮਿਸਾਲ ਇਕੱਠ ਨੂੰ ਘੋੜ ਸਵਾਰੀ, ਨੇਜ਼ੇਬਾਜ਼ੀ, ਗਤਕੇਬਾਜ਼ੀ ਆਦਿ ਦਾ ਜੰਗਜੂ ਜੌਹਰ ਦਿਖਾਏ। ਬੈਂਡ ਵਾਜਿਆਂ ਦੀਆਂ ਸੁੰਦਰ ਧੁਨਾਂ, ਢੋਲ ਨਗਾਰਿਆਂ ਦੀਆਂ ਚੋਟਾਂ ਤੇ ਨਰਸਿੰਙੇ ਵਜਾਉਂਦੇ ਨਿਹੰਗ ਸਿੰਘਾਂ ਨੂੰ ਦੇਖਣ ਲਈ ਹਜ਼ਾਰਾਂ ਦੀ ਗਿਣਤੀ 'ਚ ਲੋਕ ਹਾਜ਼ਰ ਹੋਏ। ਉਪਰੰਤ ਘੋੜ ਦੌੜਾਂ 'ਚ ਨਿਹੰਗ ਸਿੰਘ ਇਕ ਤੋਂ ਦੋ, ਦੋ ਤੋਂ ਚਾਰ ਅਤੇ ਚਾਰ ਤੋਂ ਛੇ, ਛੇ ਘੋੜਿਆਂ 'ਤੇ ਖਲੋ ਕੇ ਘੋੜਿਆਂ ਨੂੰ ਦੌੜਾਇਆ ਅਤੇ ਵੱਧ ਤੋਂ ਵੱਧ ਕਿੱਲੇ ਪੁੱਟ ਕੇ ਇਨਾਮ ਪ੍ਰਾਪਤ ਕੀਤੇ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ ਨੇ ਹੋਲੇ ਮਹੱਲੇ ਦੀ ਵਧਾਈ ਦਿੰਦਿਆਂ ਸਮੁੱਚੇ ਦਲਾਂ ਦੇ ਮੁਖੀਆਂ ਦਾ ਵਿਸ਼ੇਸ਼ ਤੌਰ 'ਤੇ ਅਤੇ ਮਹੱਲੇ ਵਿਚ ਸ਼ਾਮਿਲ ਹੋਣ ਲਈ ਦੂਰੋਂ ਨੇੜਿਓਂ ਪਹੁੰਚੀਆਂ ਸਮੁੱਚੀਆਂ ਨਿਹੰਗ ਸਿੰਘਾਂ ਫ਼ੌਜਾਂ ਦਾ ਧੰਨਵਾਦ ਕੀਤਾ।

# ਅਮਰੀਕਾ ਤੋਂ ਬਾਅਦ ਹੁਣ ਬ੍ਰਿਟੇਨ ’ਤੇ ਵੀ ਚੀਨੀ ਸਾਈਬਰ ਹਮਲਾ

### ✪ ਯੂਕੇ ਦੇ ਵੋਟਰ ਡੇਟਾ ਅਤੇ ਸੰਸਦ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ✪ ਉਪ ਪ੍ਰਧਾਨ ਮੰਤਰੀ ਓਲੀਵਰ ਨੇ ਕਿਹਾ ਕਿ ਚੀਨੀ ਸਾਈਬਰ ਹਮਲਿਆਂ ਨੂੰ ਬਰਦਾਸ਼ਤ ਨਹੀਂ ਕਰਾਂਗੇ

ਲੰਡਨ-ਅਮਰੀਕਾ ਤੋਂ ਬਾਅਦ ਹੁਣ ਬ੍ਰਿਟੇਨ ’ਤੇ ਵੀ ਚੀਨੀ ਸਾਈਬਰ ਹਮਲਾ ਹੋਇਆ ਹੈ। ਚੀਨੀ ਸਾਈਬਰ ਸੰਗਠਨਾਂ ਨੇ ਯੂਕੇ ਦੇ ਵੋਟਰ ਡੇਟਾ ਅਤੇ ਸੰਸਦ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ। ਹਾਊਸ ਆਫ ਕਾਮਨਜ਼ ਵਿੱਚ ਇੱਕ ਬਿਆਨ ਵਿੱਚ ਸਰਕਾਰ ਨੇ ਖੁਲਾਸਾ ਕੀਤਾ ਕਿ ਏਪੀਟੀ 31, ਚੀਨੀ ਸਰਕਾਰ ਨਾਲ ਜੁੜਿਆ, 2021 ਅਤੇ 2022 ਵਿੱਚ ਯੂਕੇ ਚੋਣ ਕਮਿਸ਼ਨ ਉੱਤੇ ਸਾਈਬਰ ਹਮਲਿਆਂ ਵਿੱਚ ਸ਼ਾਮਲ ਪਾਇਆ ਗਿਆ ਸੀ। ਬ੍ਰਿਟੇਨ ਦੇ ਉਪ ਪ੍ਰਧਾਨ ਮੰਤਰੀ ਓਲੀਵਰ ਡਾਊਡੇਨ ਨੇ ਕਿਹਾ ਕਿ ਬ੍ਰਿਟੇਨ ਦੇ ਰਾਸ਼ਟਰੀ ਸਾਈਬਰ ਸੁਰੱਖਿਆ ਕੇਂਦਰ ਨੇ ਜਾਂਚ ਕਰਕੇ ਰਿਪੋਰਟ ਸੌਂਪੀ ਹੈ, ਜਿਸ ਮੁਤਾਬਕ 2021 ਤੇ 2022 ਦੇ ਵਿੱਚ ਚੀਨ ਦੀ ਇਕ ਕੰਪਨੀ ਵੱਲੋਂ ਚੋਣ ਕਮਿਸ਼ਨ ਦੀ ਪ੍ਰਣਾਲੀ ’ਤੇ ਦੋ ਵਾਰ ਸਾਈਬਰ ਹਮਲਾ ਕੀਤਾ ਗਿਆ ਸੀ।

ਐਨਸੀਐਸਸੀ ਇਹ ਵੀ ਦਾਅਵਾ ਕਰਦਾ ਹੈ ਕਿ ਚੀਨੀ ਸਰਕਾਰ ਨਾਲ ਜੁੜੀ ਏਪੀਟੀ 31 ਨੇ 2021 ਵਿੱਚ ਇੱਕ ਮੁਹਿੰਮ ਦੌਰਾਨ ਬ੍ਰਿਟਿਸ਼ ਸੰਸਦ ਮੈਂਬਰਾਂ ਦੇ ਖਿਲਾਫ ਜਾਸੂਸੀ ਗਤੀਵਿਧੀ ਕੀਤੀ ਸੀ। ਹਾਲਾਂਕਿ, ਚੀਨੀ ਸਾਈਬਰ ਸੰਗਠਨਾਂ ਦੁਆਰਾ ਸਾਈਬਰ ਹਮਲੇ ਬ੍ਰਿਟੇਨ ਦੇ ਲੋਕਤੰਤਰ ਅਤੇ ਰਾਜਨੀਤੀ ਵਿੱਚ ਦਖਲ ਦੇਣ ਵਿੱਚ ਅਸਫਲ ਰਹੇ। ਇਨ੍ਹਾਂ ਸਾਈਬਰ ਹਮਲਿਆਂ



ਦੇ ਮੱਦੇਨਜ਼ਰ ਏਪੀਟੀ31 ਨਾਲ ਜੁੜੇ ਦੋ ਵਿਅਕਤੀਆਂ ਅਤੇ ਇੱਕ ਕੰਪਨੀ ’ਤੇ ਪਾਬੰਦੀ ਲਗਾਈ ਗਈ ਹੈ।

### ਸਾਈਬਰ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕਰੇਗਾ ਬ੍ਰਿਟੇਨ

ਯੂਕੇ ਦੇ ਉਪ ਪ੍ਰਧਾਨ ਮੰਤਰੀ ਓਲੀਵਰ ਡਾਉਡੇਨ ਨੇ ਕਿਹਾ ਕਿ ਯੂਕੇ ਸਾਈਬਰ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕਰੇਗਾ ਜੋ ਸਾਡੇ ਲੋਕਤੰਤਰੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਸਾਡੀ ਜਮਹੂਰੀ ਪ੍ਰਣਾਲੀ ਅਤੇ ਕਦਰਾਂ-ਕੀਮਤਾਂ ਦੀ ਰੱਖਿਆ ਕਰਨਾ ਯੂ.ਕੇ. ਸਰਕਾਰ ਲਈ ਪੂਰਨ ਤਰਜੀਹ ਹੈ। ਅਸੀਂ ਇਸ ਗਤੀਵਿਧੀ ਨੂੰ ਜਾਰੀ ਰੱਖਾਂਗੇ ਅਤੇ ਚੀਨੀ ਸਰਕਾਰ ਨੂੰ ਉਸਦੇ ਕੰਮਾਂ ਲਈ ਜਵਾਬਦੇਹ ਠਹਿਰਾਵਾਂਗੇ।

ਡਾਉਡੇਨ ਨੇ ਕਾਮਨਜ਼ ਨੂੰ ਦੱਸਿਆ ਕਿ ਖਤਰਨਾਕ ਸਾਈਬਰ ਗਤੀਵਿਧੀ ਨੇ ਚੋਣ ਪ੍ਰਕਿਰਿਆਵਾਂ ਜਾਂ ਯੂਕੇ ਵੋਟਰਾਂ ਦੇ ਅਧਿਕਾਰਾਂ ਜਾਂ ਲੋਕਤੰਤਰੀ ਪ੍ਰਕਿਰਿਆ ਜਾਂ ਚੋਣ ਰਜਿਸਟ੍ਰੇਸ਼ਨ ਤੱਕ ਪਹੁੰਚ ਨੂੰ ਪ੍ਰਭਾਵਤ ਨਹੀਂ ਕੀਤਾ। ਚੋਣ ਕਮਿਸ਼ਨ ਨੇ ਭਵਿੱਖ ਵਿੱਚ ਅਜਿਹੀ ਗਤੀਵਿਧੀ ਦੇ ਵਿਰੁੱਧ ਆਪਣੇ ਸਿਸਟਮ ਨੂੰ ਸੁਰੱਖਿਅਤ ਕਰਨ ਲਈ ਕਦਮ ਚੁੱਕੇ ਹਨ।

### ਬ੍ਰਿਟੇਨ ਦੇ ਲੋਕਤੰਤਰ ’ਚ ਦਖ਼ਲ ਦੇਣ ਦੀਆਂ ਇਹ ਕੋਸ਼ਿਸ਼ਾਂ ਨਹੀਂ ਹੋਈਆਂ ਸ.ਫਲ

ਵਿਦੇਸ਼ ਸਕੱਤਰ ਡੇਵਿਡ ਕੈਮਰਨ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ ਕਿ ਚੀਨੀ ਰਾਜ ਨਾਲ ਸਬੰਧਤ ਸੰਗਠਨਾਂ ਨੇ ਸਾਡੇ ਲੋਕਤੰਤਰੀ ਸੰਸਥਾਵਾਂ ਅਤੇ ਸਿਆਸੀ ਪ੍ਰਕਿਰਿਆਵਾਂ ਨੂੰ ਨਿਸ਼ਾਨਾ ਬਣਾਇਆ ਹੈ।

ਹਾਲਾਂਕਿ ਬ੍ਰਿਟੇਨ ਦੇ ਲੋਕਤੰਤਰ ਵਿੱਚ ਦਖਲ ਦੇਣ ਦੀਆਂ ਇਹ ਕੋਸ਼ਿਸ਼ਾਂ ਸਫਲ ਨਹੀਂ ਹੋਈਆਂ ਹਨ, ਪਰ ਅਸੀਂ ਸਾਹਮਣੇ ਆਉਣ ਵਾਲੇ ਖਤਰਿਆਂ ਪ੍ਰਤੀ ਚੌਕਸ ਅਤੇ ਲਚਕੀਲੇ ਰਹਾਂਗੇ। ਉਨ੍ਹਾਂ ਨੇ ਇਹ ਮੁੱਦਾ ਸਿੱਧਾ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਕੋਲ ਉਠਾਇਆ ਹੈ।

ਗ੍ਰਹਿ ਸਕੱਤਰ ਜੇਮਸ ਕਲੀਵਰਲੇ ਨੇ ਕਿਹਾ, ’ਇਹ ਨਿੰਦਣਯੋਗ ਹੈ ਕਿ ਚੀਨ ਨੇ ਸਾਡੇ ਲੋਕਤੰਤਰੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਜਾਸੂਸੀ ’ਤੇ ਚੀਨ ਦੀਆਂ ਕੋਸ਼ਿਸ਼ਾਂ ਦੇ ਉਹ ਨਤੀਜੇ ਨਹੀਂ ਮਿਲੇ ਜੋ ਉਹ ਚਾਹੁੰਦੇ ਸਨ। ਸਾਡੀਆਂ ਆਉਣ ਵਾਲੀਆਂ ਚੋਣਾਂ, ਸਥਾਨਕ ਅਤੇ ਰਾਸ਼ਟਰੀ ਤੌਰ ’ਤੇ, ਮਜ਼ਬੂਤ ਅਤੇ ਸੁਰੱਖਿਅਤ ਹਨ। ਯੂਨਾਈਟਿਡ ਕਿੰਗਡਮ ਲਈ ਲੋਕਤੰਤਰ ਤੇ ਕਾਨੂੰਨ ਦਾ ਰਾਜ ਸਰਵਉੱਚ ਹਨ। ਸਾਡੇ ਚੁਣੇ ਹੋਏ ਨੁਮਾਇੰਦਿਆਂ ਅਤੇ ਚੋਣ ਪ੍ਰਕਿਰਿਆਵਾਂ ਨੂੰ ਨਿਸ਼ਾਨਾ ਬਣਾਉਣਾ ਕਦੇ ਵੀ ਚੁਣੌਤੀਪੂਰਨ ਨਹੀਂ ਹੋਵੇਗਾ।

# ਟਵਿੱਟਰ ਵਲੋਂ ਅਕਾਲੀ ਦਲ ਅੰਮ੍ਰਿਤਸਰ ਦਾ ਐਕਾਊਟ ਬੰਦ

### ✪ ਮਾਨ ਵਲੋਂ ਐਲੋਨ ਮਸਕ ਤੋਂ ਐਕਾਊਟ ਐਕਟਿਵ ਕਰਨ ਦੀ ਮੰਗ

ਚੰਡੀਗੜ੍ਹ-ਅਕਾਲੀ ਅੰਮ੍ਰਿਤਸਰ ਦੇ ਸੋਸ਼ਲ ਮੀਡੀਆ ਐਕਾਊਂਟ ਨੂੰ ਬੰਦ ਕਰ ਦਿੱਤਾ ਗਿਆ



ਹੈ, ਇਸ ਦੀ ਜਾਣਕਾਰੀ ਆਪ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦਿੱਤੀ ਹੈ। ਉਨ੍ਹਾਂ ਨੇ ਚੋਣ ਕਮਿਸ਼ਨ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਦੇ ਮਾਲਕ ਐਲੋਨ ਮਸਕ ਨੂੰ ਪੋਸਟ ਸ਼ੇਅਰ ਕਰਦੇ ਹੋਏ ਫੌਰਨ ਉਨ੍ਹਾਂ ਦੀ ਪਾਰਟੀ ਦਾ ਐਕਾਊਟ ਐਕਟਿਵ ਕਰਨ ਦੀ ਮੰਗ ਕੀਤੀ ਹੈ। ਮਾਨ ਨੇ ਆਪਣੀ ਪੋਸਟ ਵਿੱਚ ਲਿਖਿਆ ਹੈ ‘ਕਿ ਭਾਰਤ ਸਰਕਾਰ ਦੀ ਸ਼ੈਅ ‘ਤੇ ਆਮ ਚੋਣਾਂ ਤੋਂ ਠੀਕ ਪਹਿਲਾਂ ਸਾਡੀ ਪਾਰਟੀ ਦਾ ਸੋਸ਼ਲ ਮੀਡੀਆ ਐਕਾਊਂਟ ਐਕਸ ਬੰਦ ਕਰ ਦਿੱਤਾ ਗਿਆ ਹੈ। ਇਸ ਦੇ ਲਈ ਕੋਈ ਕਾਰਨ ਵੀ ਨਹੀਂ ਦੱਸਿਆ ਗਿਆ ਹੈ ਕਿ ਸਾਡੀ ਕਿਸ ਪੋਸਟ ‘ਤੇ ਇਤਰਾਜ਼ ਜਤਾਇਆ ਗਿਆ ਸੀ। ਮਾਨ ਨੇ ਕਿਹਾ ਨਿਰਪੱਖ ਚੋਣਾਂ ਅਤੇ ਲੋਕਤਾਂਤਰਿਕ ਸਿਧਾਂਤਾ ਦਾ ਪਾਲਨ ਕਰਦੇ ਹੋਏ ਸਾਡੀ ਪਾਰਟੀ ਦੇ ਐਕਾਊਂਟ ਨੂੰ ਮੁੜ ਤੋਂ ਸ਼ੁਰੂ ਕੀਤਾ ਜਾਵੇ। ਜੇਕਰ ਅਜਿਹਾ ਨਹੀਂ ਹੁੰਦਾ ਹੈ ਤਾਂ ਇਹ ਸਿੱਖਾਂ ਅਤੇ ਘੱਟ ਗਿਣਤੀਆਂ ਅਵਾਜ਼ ਦਬਾਉਣ ਦੀ ਕੋਸ਼ਿਸ਼ ਹੋਵੇਗੀ।

# ਕਾਂਗਰਸ ਨੂੰ ਸਿਆਸੀ ਝਟਕਾ

### ✪ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਭਾਜਪਾ ਵਿਚ ਸ਼ਾਮਲ




ਨਵੀਂ ਦਿੱਲੀ-ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਅੱਜ ਭਾਜਪਾ ’ਚ ਸ਼ਾਮਲ ਹੋ ਗਏ। ਲੋਕ ਸਭਾ ਚੋਣਾਂ ਦੌਰਾਨ ਪੰਜਾਬ ਕਾਂਗਰਸ ਨੂੰ ਸਭ ਤੋਂ ਵੱਡਾ ਝਟਕਾ ਲੱਗਾ ਹੈ। ਰਾਹੁਲ ਗਾਂਧੀ ਦੇ ਕਰੀਬੀ ਬਿੱਟੂ ਪੰਜਾਬ ਦਿੱਲੀ ਵਿਚ ਭਾਜਪਾ ਹੈੱਡ ਕੁਆਰਟਰ ਵਿਚ ਕੇਂਦਰੀ ਮੰਤਰੀ ਵਿਨੋਦ ਤਾਵੜੇ ਦੀ ਮੌਜੂਦਗੀ ਵਿਚ ਭਾਜਪਾ ਵਿਚ ਸ਼ਾਮਲ ਹੋਏ। ਬਿੱਟੂ ਤੀਜੀ ਵਾਰ ਕਾਂਗਰਸ ਦੇ ਸੰਸਦ ਮੈਂਬਰ ਬਣੇ ਸਨ। ਉਹ ਇਸ ਵੇਲੇ ਲੁਧਿਆਣਾ ਤੋਂ ਕਾਂਗਰਸ ਦੀ ਨੁਮਾਇੰਦਗੀ ਕਰ ਰਹੇ ਹਨ। ਇਸ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਵਿਚ ਕਾਂਗਰਸ ਦੀ ਨੁਮਾਇੰਦਗੀ ਕਰ ਚੁੱਕੇ ਹਨ। ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਪੋਤੇ ਹਨ।

# ਦੁਨੀਆ ਦਾ ਸਭ ਤੋਂ ਡਰਾਉਣਾ ਸ਼ਹਿਰ ਯੌਰਕ

### ✪ ਇੱਥੇ ਲੋਕ ਭੂਤਾਂ ਖਰੀਦਣ ਲਈ ਲਾਉਂਦੇ ਨੇ ਲਾਈਨਾਂ

ਲੰਡਨ-ਯੂਨਾਈਟਿਡ ਕਿੰਗਡਮ ਵਿੱਚ ਇੱਕ ਭੂਤੀਆ ਸ਼ਹਿਰ ਯੌਰਕ ਹੈ। ਹਰ ਸਾਲ ਦੇਸ਼-ਵਿਦੇਸ਼ ਤੋਂ ਲੱਖਾਂ ਸੈਲਾਨੀ ਇਸ ਵਿਲੱਖਣ ਸ਼ਹਿਰ ਨੂੰ ਦੇਖਣ ਲਈ ਆਉਂਦੇ ਹਨ। ਇਸ ਸ਼ਹਿਰ ਵਿੱਚ 350 ਪੱਬ ਹਨ, ਜੋ ਪੁਰਾਤਨ ਆਰਕੀਟੈਕਚਰ ਦੀ ਇੱਕ ਉਦਾਹਰਣ ਵਜੋਂ ਮਸ਼ਹੂਰ ਹਨ। ਯੌਰਕ ਸ਼ਹਿਰ ਨੂੰ ਦੁਨੀਆ ਦੇ ਸਭ ਤੋਂ ਡਰਾਉਣੇ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਸ਼ਹਿਰ ਪੁਰਾਣੀਆਂ ਇਮਾਰਤਾਂ ਨਾਲ ਭਰਿਆ ਹੋਇਆ ਹੈ, ਜਿਸ ਵਿੱਚ 12ਵੀਂ ਸਦੀ ਦਾ ਨੌਰਮਨ ਹਾਊਸ ਅਤੇ 1316 ਵਿੱਚ ਬਣਿਆ ਲੇਡੀਜ਼ ਰੋਅ ਸ਼ਾਮਲ ਹੈ।ਇਸ ਸ਼ਹਿਰ ਵਿੱਚ ਇੱਕ ਅਜਿਹੀ ਗਲੀ ਹੈ, ਜਿੱਥੇ ਭੀੜ ਹੁੰਦੀ ਹੈ। ਇੰਨਾ ਹੀ ਨਹੀਂ ਲੋਕ ਆਪਣੇ ਲਈ ਭੂਤ ਖਰੀਦਣ ਲਈ ਇਸ ਗਲੀ ਵਿਚ ਲਾਈਨ ’ਚ ਖੜ੍ਹੇ ਰਹਿੰਦੇ ਹਨ। ਵਾਸਤਵ ਵਿੱਚ, ਸਥਾਨਕ ਸਮੱਗਰੀਆਂ ਤੋਂ ਬਣੇ ਸਮਾਰਕ ਇੱਥੇ ਵੇਚੇ ਜਾਂਦੇ ਹਨ, ਜੋ ਕਿ ਭੂਤੀਆ ਯਾਦਗਾਰਾਂ ਵਜੋਂ ਖਰੀਦੇ ਜਾਂਦੇ ਹਨ।



ਜਾਣਕਾਰੀ ਅਨੁਸਾਰ ਇਸ ਗਲੀ ਵਿੱਚ ਇੱਕ ਵਿਸ਼ੇਸ਼ ਇਮਾਰਤ 1780 ਵਿੱਚ ਬਣੀ ਸੀ। ਜਿਸ ਵਿੱਚ ਹੇਠਲੀ ਮੰਜ਼ਿਲ ਵਿਕਰੀ ਲਈ ਹੈ ਜਦੋਂ ਕਿ ਉਪਰਲੀਆਂ ਮੰਜ਼ਿਲਾਂ ਨੂੰ ਵਰਕਸ਼ਾਪਾਂ ਵਜੋਂ ਵਰਤਿਆ ਜਾਂਦਾ ਹੈ। ਇੱਥੇ ਤੁਸੀਂ ਆਪਣਾ ਭੂਤ ਬਣਵਾ ਕੇ ਖ਼ਰੀਦ ਸਕਦੇ ਹੋ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਅਜਿਹੇ ਭੂਤ ਇੱਥੋਂ ਦੀਆਂ ਗਲੀਆਂ ਵਿੱਚ ਵੀ ਘੁੰਮਦੇ ਰਹਿੰਦੇ ਹਨ। ਪਿਛਲੇ ਸਾਲ ਹੀ ਲੋਕਾਂ ਨੇ ਇਸ ਸ਼ਹਿਰ ਵਿੱਚ ਭੂਤ-ਪ੍ਰੇਤ ਦੇਖਣ ਦੀਆਂ ਕਹਾਣੀਆਂ ਸੁਣਾਈਆਂ ਹਨ। ਇਸ ਤੋਂ ਇਲਾਵਾ ਇੱਕ ਹੋਰ ਕਹਾਣੀ ਅਨੁਸਾਰ ਜੂਨ ਮਹੀਨੇ ਵਿੱਚ ਹੀ ਇੱਕ ਬਿਨਾਂ ਸਵਾਰ ਦਾ ਬਾਈਕ ਸੀਸੀਟੀਵੀ ਵਿੱਚ ਕੈਦ ਹੋ ਗਿਆ ਸੀ ਹਾਲਾਂਕਿ ਇਸ ਦੀ ਪੁਸ਼ਟੀ ਨਹੀਂ ਹੋਈ ਹੈ।

# ਕੇਜਰੀਵਾਲ ਦਿੱਲੀ ਵਿਚ ਹੁਣ ਜੇਲ੍ਹ ਤੋਂ ਚਲਾਉਣਗੇ ਸਰਕਾਰ

**✪ ਸ਼ਰਾਬ ਘੁਟਾਲੇ ਵਿਚ ਈ.ਡੀ. ਵਲੋਂ ਕੀਤੇ ਗਏ ਸਨ ਗ੍ਰਿਫ਼ਤਾਰ ✪ ਆਪ ਪਾਰਟੀ ਆਗੂਆਂ ਤੇ ਵਰਕਰਾਂ ਅੰਦਰ ਨਮੋਸ਼ੀ ਦਾ ਆਲਮ, ਪੰਜਾਬ ਕਾਂਗਰਸ ਵਿਚ ਮਤਭੇਦ ✪ 'ਆਪ' ਮੁਖੀ ਦੀ ਗ੍ਰਿਫ਼ਤਾਰੀ ਉਸ ਦੇ ਆਪਣੇ ਕਰਮਾਂ ਦਾ ਫਲ-ਅੰਨਾ ਹਜ਼ਾਰੇ**

ਨਵੀਂ ਦਿੱਲੀ-ਦਿੱਲੀ ਸ਼ਰਾਬ ਘਪਲੇ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਲੋਂ ਗ੍ਰਿਫ਼ਤਾਰ ਕੀਤੇ ਗਏ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ 'ਜੇਲ੍ਹ ਤੋਂ ਚਲੇਗੀ ਸਰਕਾਰ' ਮੋਡ ਸ਼ੁਰੂ ਹੋ ਚੁੱਕਾ ਹੈ। ਸੂਤਰਾਂ ਮੁਤਾਬਕ ਕੇਜਰੀਵਾਲ ਨੇ ਈਡੀ ਦੀ ਹਿਰਾਸਤ ਵਿਚ ਰਹਿੰਦੇ ਹੋਏ ਆਪਣਾ ਪਹਿਲਾ ਲਿਖਤੀ ਰੂਪ ਨਾਲ ਆਦੇਸ਼ ਜਾਰੀ ਕੀਤਾ ਹੈ, ਜੋ ਜਲ ਮੰਤਰਾਲਾ ਨਾਲ ਜੁੜਿਆ ਹੈ। ਓਧਰ ਆਮ ਆਦਮੀ ਪਾਰਟੀ (ਆਪ) ਨੇ ਕਿਹਾ ਕਿ ਕੇਜਰੀਵਾਲ ਜੇਲ੍ਹ ਭੇਜੇ ਜਾਣ 'ਤੇ ਵੀ ਮੁੱਖ ਮੰਤਰੀ ਬਣੇ ਰਹਿਣਗੇ।

ਈਡੀ ਨੇ ਬੀਤੇ ਦਿਨੀਂ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਕੇਜਰੀਵਾਲ ਨੂੰ ਉਨ੍ਹਾਂ ਦੇ ਅਧਿਕਾਰਤ ਆਵਾਸ ਤੋਂ ਗ੍ਰਿਫ਼ਤਾਰ ਕਰ ਲਿਆ ਸੀ। ਦਿੱਲੀ ਦੀ ਇਕ ਅਦਾਲਤ ਨੇ ਕੇਜਰੀਵਾਲ ਨੂੰ 28 ਮਾਰਚ ਤੱਕ ਈਡੀ ਦੀ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਕੇਜਰੀਵਾਲ ਨੇ ਕਿਹਾ ਸੀ ਕਿ ਮੈਂ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਨਹੀਂ ਦੇਵਾਂਗਾ। ਉਨ੍ਹਾਂ ਨੇ ਕਿਹਾ ਸੀ ਕਿ ਅੰਦਰ ਹੋਵਾਂ ਜਾਂ ਬਾਹਰ ਸਰਕਾਰ ਉੱਥੋਂ ਹੀ ਚਲੇਗੀ। ਇਸ ਘਟਨਾਕ੍ਰਮ ਨੇ ਜਿਥੇ ਭਾਰਤ ਦੇ ਸਿਆਸੀ ਮੰਚ 'ਤੇ ਇਕ ਤਰ੍ਹਾਂ ਨਾਲ ਭੂਚਾਲ ਲੈ ਆਂਦਾ ਹੈ, ਉੱਥੇ ਆਪ ਪਾਰਟੀ ਆਗੂਆਂ ਤੇ ਵਰਕਰਾਂ ਅੰਦਰ ਵੀ ਭਾਰੀ ਨਮੋਸ਼ੀ ਦਾ ਆਲਮ ਹੈ। ਇਸ ਘਟਨਾਕ੍ਰਮ ਪ੍ਰਤੀ ਸਾਹਮਣੇ ਆਏ ਤੱਥਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਗ੍ਰਿਫ਼ਤਾਰੀ ਤੋਂ ਪਹਿਲਾਂ ਪਿਛਲੇ ਲੰਮੇ ਸਮੇਂ ਤੋਂ ਇਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਉਨ੍ਹਾਂ ਨੂੰ ਪੇਸ਼ ਹੋਣ ਲਈ ਲਿਖਤੀ ਤੌਰ 'ਤੇ ਕਿਹਾ ਜਾਂਦਾ ਰਿਹਾ ਸੀ। ਈ.ਡੀ. ਵਲੋਂ ਉਨ੍ਹਾਂ ਨੂੰ ਸ਼ਰਾਬ ਕੇਸ ਵਿਚ 2 ਨਵੰਬਰ, 2023 ਨੂੰ ਪੇਸ਼ ਹੋਣ ਲਈ ਪਹਿਲਾ ਸੰਮਨ ਭੇਜਿਆ ਗਿਆ ਸੀ, ਉਸ ਤੋਂ ਬਾਅਦ ਲਗਾਤਾਰ ਉਨ੍ਹਾਂ ਨੂੰ 9 ਸੰਮਨ ਭੇਜੇ ਗਏ, ਪਰ ਇਨ੍ਹਾਂ ਦੇ ਜਵਾਬ ਵਿਚ ਉਹ ਆਪ ਹੀ ਫ਼ੈਸਲੇ ਸੁਣਾਉਂਦੇ ਰਹੇ। ਦਿੱਲੀ ਦੇ ਆਪ ਪਾਰਟੀ ਦੇ ਆਗੂਆਂ ਦੇ ਖ਼ਿਲਾਫ਼ ਸ਼ਰਾਬ ਘੁਟਾਲੇ ਦਾਅਵਾ ਕਰਦਾ ਮਾਮਲਾ ਕੇਜਰੀਵਾਲ ਸਰਕਾਰ ਵਲੋਂ 17 ਨਵੰਬਰ, 2021 ਵਿਚ, ਸਾਲ 2021-22 ਲਈ ਲਾਗੂ ਕੀਤੀ ਗਈ ਆਬਕਾਰੀ ਨੀਤੀ ਦੇ ਐਲਾਨ ਨਾਲ ਸ਼ੁਰੂ ਹੋਇਆ ਸੀ।

ਸ਼ੁਰੂ ਵਿਚ ਹੀ ਇਸ ਨਵੀਂ ਬਣੀ ਪਾਰਟੀ ਆਪ ਦੇ ਬਹੁਤ ਸਾਰੇ ਵੱਡੇ ਆਗੂ ਕੇਜਰੀਵਾਲ ਦੀ ਕਾਰਜਸ਼ੈਲੀ ਨੂੰ ਦੇਖ ਕੇ ਪਾਰਟੀ ਛੱਡ ਗਏ ਸਨ। ਹੌਲੀ-ਹੌਲੀ ਇਹ ਕਤਾਰ ਲੰਮੀ ਹੁੰਦੀ ਗਈ। ਪਿਛਲੇ ਲੰਮੇ ਸਮੇਂ ਤੋਂ ਇਸ 'ਇਮਾਨਦਾਰ' ਪਾਰਟੀ ਦਾ ਜਿਸ ਤਰ੍ਹਾਂ ਹੀਜ-ਪਿਆਜ਼ ਸਾਹਮਣੇ ਆਇਆ ਹੈ, ਉਹ ਬੇਹੱਦ ਨਿਰਾਸ਼ਾਜਨਕ ਹੈ। ਅੱਜ ਚਾਹੇ ਭਾਜਪਾ ਦੇ ਵਿਰੋਧ ਵਿਚ ਖੜ੍ਹੀਆਂ ਬਹੁਤ ਸਾਰੀਆਂ ਪਾਰਟੀਆਂ ਦੇ ਆਗੂ ਇਸ ਮਸਲੇ 'ਤੇ ਕੇਂਦਰੀ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਦੀ ਆਲੋਚਨਾ ਕਰ ਰਹੇ ਹਨ, ਪਰ ਇਸ ਸੰਬੰਧੀ ਲਗਾਤਾਰ ਸਾਹਮਣੇ ਆ ਰਹੇ ਤੱਥਾਂ ਨੂੰ ਝੁਠਲਾਇਆ ਜਾਣਾ ਮੁਸ਼ਕਿਲ ਹੈ। ਬਿਨਾਂ ਸ਼ੱਕ ਅਜਿਹੀਆਂ ਨੀਤੀਆਂ ਨੇ ਦੇਸ਼ ਦੇ ਲੋਕਤੰਤਰੀ ਢਾਂਚੇ ਨੂੰ ਬੁਰੀ ਤਰ੍ਹਾਂ ਨਾਲ ਹਿਲਾ ਕੇ ਰੱਖ ਦਿੱਤਾ ਹੈ, ਪਰ ਇਸਦੇ ਬਾਵਜੂਦ ਕੇਜਰੀਵਾਲ ਅਤੇ ਉਸ ਦੇ ਸਾਥੀਆਂ ਦੇ ਅਕਸ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਵੱਡੇ ਦਾਗਾਂ ਨੂੰ ਧੋਇਆ ਨਹੀਂ ਜਾ ਸਕਦਾ।




### ਕੀ ਸੀ ਕੇਜਰੀਵਾਲ ਦੀ ਨਵੀਂ ਨੀਤੀ

ਦਿੱਲੀ ਵਿਚ ਸਿਰਫ਼ 9 ਮਹੀਨੇ ਲਾਗੂ ਰਹੀ 'ਨਵੀਂ ਸ਼ਰਾਬ ਨੀਤੀ' ਨੇ 'ਆਪ' ਤੇ ਕੇਜਰੀਵਾਲ ਸਰਕਾਰ ਨੂੰ ਅਰਸ਼ ਤੋਂ ਫ਼ਰਸ਼ ਵਲ ਤੋਰ ਦਿੱਤਾ ਹੈ। ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਪਾਰਟੀ ਦੇ ਵੱਡੀ ਮੁਸੀਬਤ ਇਸ ਵਿਚ ਫਸਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕੇਜਰੀਵਾਲ ਸਰਕਾਰ ਲਈ ਮੁਸੀਬਤ ਦਾ ਸਬੱਬ ਬਣੀ ਨਵੀਂ ਸ਼ਰਾਬ ਨੀਤੀ 17 ਨਵੰਬਰ, 2021 ਨੂੰ ਲਾਗੂ ਕੀਤੀ ਗਈ ਸੀ। ਦਿੱਲੀ ਸਰਕਾਰ ਨੇ ਨਵੀਂ ਸ਼ਰਾਬ ਨੀਤੀ ਤਹਿਤ ਰਾਜਧਾਨੀ ਨੂੰ 32 ਜ਼ੋਨਾਂ ਵਿਚ ਵੰਡ ਕੇ ਹਰ ਜ਼ੋਨ ਵਿਚ 27 ਦੁਕਾਨਾਂ ਅਤੇ ਪੂਰੀ ਦਿੱਲੀ ਵਿਚ ਸ਼ਰਾਬ ਦੀਆਂ 849 ਦੁਕਾਨਾਂ ਖੋਲ੍ਹੇ ਜਾਣ ਦੀ ਗੱਲ ਆਖੀ ਗਈ ਸੀ। ਇਸ ਨੀਤੀ ਤਹਿਤ ਸਾਰੇ ਸਰਕਾਰੀ ਠੇਕੇ ਬੰਦ ਕਰ ਦਿੱਤੇ ਗਏ ਅਤੇ ਸ਼ਰਾਬ ਦੀਆਂ ਸਾਰੀਆਂ ਦੁਕਾਨਾਂ ਪ੍ਰਾਈਵੇਟ ਕਰ ਦਿੱਤੀਆਂ ਗਈਆਂ। ਦਿੱਲੀ ਸਰਕਾਰ ਨੇ ਇਸ ਪਿੱਛੇ ਦਲੀਲ ਦਿੱਤੀ ਕਿ ਇਸ ਨਾਲ 3500 ਕਰੋੜ ਰੁਪਏ ਦਾ ਮੁਨਾਫ਼ਾ ਹੋਵੇਗਾ। ਪਰ ਇਹੀ ਨੀਤੀ ਦਿੱਲੀ ਸਰਕਾਰ ਲਈ ਆਫ਼ਤ ਬਣ ਗਈ। ਇੰਨਾ ਹੀ ਨਹੀਂ ਦਿੱਲੀ ਸਰਕਾਰ ਨੇ ਸ਼ਰਾਬ ਦੀਆਂ ਦੁਕਾਨਾਂ ਦੀ ਲਾਇਸੈਂਸ ਫ਼ੀਸ ਵੀ ਕਈ ਗੁਣਾ ਵਧਾ ਦਿੱਤੀ ਸੀ। ਇਸ ਦੇ ਤਹਿਤ ਜਿਸ ਐਲ-1 ਲਾਇਸੈਂਸ ਲੈਣ ਲਈ ਪਹਿਲਾਂ 25 ਲੱਖ ਰੁਪਏ ਦੇਣੇ ਪੈਂਦੇ ਸਨ। ਨਵੀਂ ਨੀਤੀ ਲਾਗੂ ਹੋਣ ਤੋਂ ਬਾਅਦ ਠੇਕੇਦਾਰਾਂ ਨੂੰ ਇਸ ਲਈ 5 ਕਰੋੜ ਰੁਪਏ ਦੇਣੇ ਪਏ। ਇਸੇ ਤਰ੍ਹਾਂ ਹੋਰ ਸ਼੍ਰੇਣੀਆਂ ਲਈ ਲਾਇਸੈਂਸ ਫ਼ੀਸਾਂ ਵਿਚ ਵੀ ਬੇਤਹਾਸ਼ਾ ਵਾਧਾ ਕੀਤਾ ਗਿਆ ਹੈ।

ਕੇਜਰੀਵਾਲ ਸਰਕਾਰ 'ਤੇ ਦੋਸ਼ ਲੱਗਾ ਕਿ ਸਰਕਾਰ ਦੀ ਨਵੀਂ ਨੀਤੀ ਕਾਰਨ ਮਾਲੀਏ ਵਿਚ ਭਾਰੀ ਕਮੀ ਆਈ। ਭਾਜਪਾ ਨੇ ਵੱਡੇ ਸ਼ਰਾਬ ਘੁਟਾਲੇ ਦਾ ਦੋਸ਼ ਲਾਇਆ ਕਿ ਇਸ ਨਾਲ ਸਰਕਾਰ ਦੀ ਆਮਦਨ ਨੂੰ ਭਾਰੀ ਨੁਕਸਾਨ ਅਤੇ ਸ਼ਰਾਬ ਵਪਾਰੀਆਂ ਨੂੰ ਮੋਟਾ ਫ਼ਾਇਦਾ ਪਹੁੰਚਾਇਆ ਗਿਆ। ਵਿਵਾਦ ਵਧਣ ਤੋਂ ਬਾਅਦ 28 ਜੁਲਾਈ, 2022 ਨੂੰ ਨਵੀਂ ਸ਼ਰਾਬ ਨੀਤੀ ਨੂੰ ਵਾਪਸ ਲੈ ਕੇ ਪੁਰਾਣੀ ਨੂੰ ਹੀ ਲਾਗੂ ਕਰ ਦਿੱਤਾ ਗਿਆ ਸੀ ਵੱਡੀ ਪੱਧਰ 'ਤੇ ਇਸ ਦੇ ਸਾਹਮਣੇ ਆਏ ਨੁਕਸਾਂ ਕਾਰਨ ਜੁਲਾਈ, 2022 ਨੂੰ ਦਿੱਲੀ ਦੇ ਉਪ ਰਾਜਪਾਲ ਵੀ. ਕੇ. ਸਕਸੈਨਾ ਨੇ ਸੀ. ਬੀ. ਆਈ. ਨੂੰ ਇਸ ਸੰਬੰਧੀ ਘੋਖ ਕਰਨ ਬਾਰੇ ਲਿਖ ਦਿੱਤਾ, ਲਗਾਤਾਰ ਠੋਸ ਸਬੂਤ ਸਾਹਮਣੇ ਆਉਣ ਤੋਂ ਬਾਅਦ ਇਸ ਏਜੰਸੀ ਨੇ 15 ਵਿਅਕਤੀਆਂ 'ਤੇ ਕੇਸ ਦਰਜ ਕੀਤਾ, ਜਿਨ੍ਹਾਂ ਵਿਚ ਦਿੱਲੀ ਦਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੀ ਸ਼ਾਮਿਲ ਸੀ। ਇਸੇ ਕੇਸ ਵਿਚ ਆਪ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ ਵੀ ਪਿਛਲੇ ਸਾਲ 4 ਅਕਤੂਬਰ 2023 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸੇ ਸ਼ਰਾਬ ਘੁਟਾਲਾ ਮਾਮਲੇ ਵਿਚ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਕੇ. ਕਵਿਤਾ, ਜੋ ਕਿ ਤੇਲੰਗਾਨਾ ਦੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਦੀ ਬੇਟੀ ਹੈ, ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਲਗਾਤਾਰ ਯਤਨ ਕਰਨ ਦੇ ਬਾਅਦ ਉਸ ਨੂੰ ਵੀ ਕਿਸੇ ਅਦਾਲਤ ਤੋਂ ਰਾਹਤ ਨਹੀਂ ਮਿਲ ਸਕੀ।

### ਈ. ਡੀ. ਅਨੁਸਾਰ ਕੇਜਰੀਵਾਲ ਇਸ ਮਾਮਲੇ ਦਾ ਮੁੱਖ ਦੋਸ਼ੀ

ਈ.ਡੀ. ਨੇ ਅਦਾਲਤ ਵਿਚ ਕੇਜਰੀਵਾਲ ਨੂੰ ਇਸ ਮਾਮਲੇ ਦਾ ਮੁੱਖ ਸਾਜਿਸ਼ਕਾਰ ਦੱਸਿਆ ਸੀ। ਈ.ਡੀ. ਨੇ ਅਦਾਲਤ ਨੂੰ ਦੱਸਿਆ ਸੀ ਕਿ ਵਿਜੇ ਨਾਇਰ, ਕੇਜਰੀਵਾਲ ਦਾ ਖ਼ਾਸ ਬੰਦਾ ਸੀ ਜੋ ਕੇਜਰੀਵਾਲ ਦੇ ਲਈ 'ਕਿਕਬੈਕ' ਇਕੱਠਾ ਕਰਦਾ ਸੀ, ਸ਼ਰਾਬ ਨੀਤੀ ਨੂੰ ਲਾਗੂ ਕਰਵਾਉਣ ਅਤੇ ਜੋ ਨਾ ਮੰਨੇ ਉਸ ਨੂੰ ਧਮਕਾਉਣ ਦਾ ਕੰਮ ਕਰਦਾ ਸੀ। ਇਸ ਤੋਂ ਇਲਾਵਾ ਸਾਊਥ ਗਰੁੱਪ ਤੋਂ ਮਿਲੇ 45 ਕਰੋੜ ਰੁਪਏ ਦੀ ਵਰਤੋਂ ਆਪ ਪਾਰਟੀ ਨੇ 2021-22 ਵਿਚ ਗੋਆ ਚੋਣ ਪ੍ਰਚਾਰ ਵਿਚ ਕੀਤੀ।

ਬਾਕੀ ਹਿਸਾ ਸਫਾ 41 ਤੇ ਪੜ੍ਹੋ

# ਕਾਂਗਰਸ ਆਪ ਨਾਲ ਗਠਜੋੜ ਕਾਰਣ ਧਰਮ ਸੰਕਟ ਵਿਚ ਫਸੀ

ਦਿੱਲੀ ਵਿਚ ਹੋਏ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਈ. ਡੀ. ਦੇ ਅਧਿਕਾਰੀਆਂ ਵਲੋਂ ਆਪ ਪਾਰਟੀ ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੇ ਮਾਮਲੇ ਨੇ ਸਮੁੱਚੀ ਕਾਂਗਰਸ ਪਾਰਟੀ ਲਈ ਧਰਮ ਸੰਕਟ ਖੜ੍ਹਾ ਕਰ ਦਿੱਤਾ ਹੈ। ਇਸ ਮਾਮਲੇ ਵਿਚ ਜੇਕਰ ਕਾਂਗਰਸੀ ਆਗੂ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਦੀ ਹੈ ਤਾਂ ਉਸ ਉੱਪਰ ਭ੍ਰਿਸ਼ਟਾਚਾਰ ਦੀ ਹਮਾਇਤ ਕਰਨ ਦੇ ਦੋਸ਼ ਲੱਗ ਸਕਦੇ ਹਨ ਤੇ ਜੇਕਰ ਉਹ ਕੇਜਰੀਵਾਲ ਖਿਲਾਫ਼ ਈ. ਡੀ. ਦੀ ਕਾਰਵਾਈ ਨੂੰ ਸਹੀ ਠਹਿਰਾਉਂਦੇ ਹਨ ਤਾਂ ਉਨ੍ਹਾਂ ਨੂੰ ਕੌਮੀ ਪੱਧਰ 'ਤੇ 'ਇੰਡੀਆ' ਗਠਜੋੜ ਵਿਚ ਸ਼ਾਮਿਲ ਆਪਣੀ ਭਾਈਵਾਲ ਪਾਰਟੀ ਦੇ ਵਿਰੁੱਧ ਖੜਨ 'ਤੇ ਗਠਜੋੜ ਵਿਚਲੀਆਂ ਪਾਰਟੀਆਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਲਾਂਕਿ ਇਸ ਦੌਰਾਨ ਕੁੱਲ ਹਿੰਦ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਸਾਬਕਾ ਕੇਂਦਰੀ ਮੰਤਰੀ ਅਜੇ ਮਾਕਨ, ਦਿੱਲੀ ਕਾਂਗਰਸ ਦੇ ਪ੍ਰਧਾਨ ਅਰਵਿੰਦਰ ਸਿੰਘ ਲਵਲੀ, ਅਨਿਲ ਚੌਧਰੀ ਅਤੇ ਸਵ. ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਬੇਟੇ ਤੇ ਸੀਨੀਅਰ ਕਾਂਗਰਸੀ ਆਗੂ ਸੰਦੀਪ ਦੀਕਸ਼ਿਤ ਸਮੇਤ ਹੋਰਨਾਂ ਕੇਂਦਰੀ ਕਾਂਗਰਸੀ ਆਗੂਆਂ ਵਲੋਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਕੇ ਜਿੱਥੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਕੇਜਰੀਵਾਲ ਦੇ ਹੱਕ ਵਿਚ ਬੋਲ ਕੇ ਇਕ ਤਰ੍ਹਾਂ ਨਾਲ ਭ੍ਰਿਸ਼ਟਾਚਾਰ ਦਾ ਸਾਥ ਦਿੱਤਾ ਹੈ, ਉੱਥੇ ਪਾਰਟੀ ਦੀ ਭ੍ਰਿਸ਼ਟਾਚਾਰ ਸੰਬੰਧੀ ਦੋਗਲੀ ਨੀਤੀ ਨੂੰ ਵੀ ਉਜਾਗਰ ਕੀਤਾ ਹੈ। ਦੱਸਣਯੋਗ ਹੈ ਕਿ ਇਨ੍ਹਾਂ ਹੀ ਕਾਂਗਰਸੀ ਆਗੂਆਂ ਵਲੋਂ ਕਰੀਬ ਇਕ ਸਾਲ ਪਹਿਲਾਂ ਖੁਦ ਹੀ ਕੇਜਰੀਵਾਲ 'ਤੇ ਇਸੇ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਗੰਭੀਰ ਦੋਸ਼ ਲਗਾਉਂਦੇ ਹੋਏ ਕਾਰਵਾਈ ਦੀ ਮੰਗ ਕੀਤੀ ਜਾਂਦੀ ਰਹੀ ਹੈ। ਪਾਰਟੀ ਵਲੋਂ ਭ੍ਰਿਸ਼ਟਾਚਾਰ ਦੇ ਮਾਮਲੇ 'ਤੇ ਅਪਣਾਈ ਇਸ ਦੋਗਲੀ ਨੀਤੀ ਦਾ ਕਾਂਗਰਸ ਨੂੰ ਕੌਮੀ ਪੱਧਰ 'ਤੇ ਫਾਇਦਾ ਘੱਟ ਤੇ ਨੁਕਸਾਨ ਵਧੇਰੇ ਹੋਣ ਦੀ ਸੰਭਾਵਨਾ ਹੈ, ਕਿਉਂਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਕਾਂਗਰਸ ਨੂੰ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਹੀ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਮਾਮਲੇ ਵਿਚ ਜਿੱਥੇ ਕੌਮੀ ਪੱਧਰ 'ਤੇ ਕਾਂਗਰਸ ਦੁਬਿਧਾ ਵਿਚ ਫਸੀ ਦਿਖਾਈ ਦੇ ਰਹੀ ਹੈ, ਉੱਥੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿਚ ਵੀ ਇਸ ਮਸਲੇ 'ਤੇ ਮਤਭੇਦ ਸਾਹਮਣੇ ਆ ਰਹੇ ਹਨ। ਇਕ ਪਾਸੇ ਵਿਰੋਧੀ ਧਿਰ ਦੇ ਆਗੂ ਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਲੋਂ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਸਹੀ ਕਰਾਰ ਦਿੱਤਾ ਜਾ ਰਿਹਾ ਹੈ ਤਾਂ ਉੱਥੇ ਦੂਸਰੇ ਪਾਸੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਕੇਂਦਰੀ ਆਗੂਆਂ ਦੀ ਸੁਰ ਵਿਚ ਸੁਰ ਮਿਲਾਉਂਦੇ ਹੋਏ ਨਾ ਕੇਵਲ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰ ਰਹੇ ਹਨ, ਬਲਕਿ ਇਸ ਮਾਮਲੇ ਵਿਚ ਕੇਂਦਰ ਦੀ ਭਾਜਪਾ ਸਰਕਾਰ ਦੀ ਵੀ ਆਲੋਚਨਾ ਕਰ ਰਹੇ ਹਨ।

ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਲੀਡਰ ਭਾਜਪਾ ਖ਼ਿਲਾਫ਼ ਬੋਲਦਾ ਹੈ ਤਾਂ ਉਸ ਦੇ ਘਰ ਈ. ਡੀ. ਆਉਂਦੀ ਹੈ ਅਤੇ ਇੰਝ ਹੀ ਉਸ ਆਗੂ ਦੀ ਗ੍ਰਿਫ਼ਤਾਰੀ ਕੀਤੀ ਜਾਂਦੀ ਹੈ, ਜਿਵੇਂ ਕੇਜਰੀਵਾਲ ਜੀ ਦੀ ਹੋਈ ਹੈ। ਉਨ੍ਹਾਂ ਕਿਹਾ ਕਿ ਜਿੱਥੇ ਭਾਜਪਾ ਦੀ ਸਰਕਾਰ ਨਹੀਂ ਹੈ, ਉੱਥੇ ਗਵਰਨਰ ਰਾਹੀਂ ਸਰਕਾਰ ਨੂੰ ਤੰਗ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਵਿਚੋਂ ਮੈਂ ਵੀ ਤੰਗ ਹਾਂ।

# ਮਾਸਕੋ ਵਿਚ ਇਸਲਾਮਿਕ ਸਟੇਟ ਵਲੋਂ ਅਤਿਵਾਦੀ ਹਮਲੇ ਕਾਰਨ 140 ਮੌਤਾਂ

## ✪ ਇਸਲਾਮਿਕ ਸਟੇਟ ਦੇ ਨਿਸ਼ਾਨੇ 'ਤੇ ਰੂਸ ਪਹਿਲਾਂ ਵੀ ਰਿਹਾ ✪ ਵਾਪਰ ਰਿਹਾ ਘਟਨਾਕ੍ਰਮ ਦੁਨੀਆ ਭਰ ਲਈ ਖ਼ਤਰੇ ਦੀ ਘੰਟੀ

ਮਾਸਕੋ-ਰੂਸ ਦੀ ਰਾਜਧਾਨੀ ਮਾਸਕੋ ਵਿਚ ਬੀਤੇ ਦਿਨੀਂ ਵੱਡੇ ਸਮਾਗਮ ਵਾਲੀ ਥਾਂ 'ਤੇ ਅੱਤਵਾਦੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ 140 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਾਫ਼ੀ ਜ਼ਖ਼ਮੀ ਹੋ ਗਏ। ਹਮਲਾਵਰਾਂ ਨੇ ਗੋਲੀਬਾਰੀ ਤੋਂ ਬਾਅਦ ਘਟਨਾ ਵਾਲੀ ਥਾਂ ਨੂੰ ਅੱਗ ਲਗਾ ਦਿੱਤੀ। ਇਸਲਾਮਿਕ ਸਟੇਟ ਅਤਿਵਾਦੀ ਸਮੂਹ ਨੇ ਹਮਲੇ ਦੀ ਜ਼ਿੰਮੇਦਾਰੀ ਲਈ ਹੈ। ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਇਸ ਘਟਨਾ ਦੀ ਸੂਚਨਾ ਹਮਲਾਵਰਾਂ ਦੇ 'ਕ੍ਰੋਕਸ ਸਿਟੀ ਹਾਲ' 'ਤੇ ਹਮਲਾ ਕਰਨ ਤੋਂ ਕੁਝ ਮਿੰਟਾਂ ਬਾਅਦ ਦਿੱਤੀ ਗਈ। ਹਾਲ ਮਾਸਕੋ ਦੇ ਪੱਛਮੀ ਕਿਨਾਰੇ ਵਿੱਚ ਸਥਿਤ ਵਿਸ਼ਾਲ ਸੰਗੀਤ ਸਥਾਨ ਹੈ, ਜਿਸ ਵਿੱਚ 6,200 ਲੋਕ ਬੈਠ ਸਕਦੇ ਹਨ। ਇਹ ਹਮਲਾ ਉਸ ਸਮੇਂ ਹੋਇਆ ਜਦੋਂ ਮਸ਼ਹੂਰ ਰੂਸੀ ਰਾਕ ਬੈਂਡ 'ਪਿਕਨਿਕ' ਦੇ ਸੰਗੀਤ ਸਮਾਰੋਹ ਵਿਚ ਸ਼ਾਮਲ ਹੋਣ ਲਈ ਕ੍ਰੋਕਸ ਸਿਟੀ ਹਾਲ ਵਿਚ ਲੋਕਾਂ ਦੀ ਭੀੜ ਇਕੱਠੀ ਹੋਈ ਸੀ।



ਭਾਵੇਂ ਅਫ਼ਗਾਨਿਸਤਾਨ ਵਿਚਲੇ ਸੰਗਠਨ ਨਾਲ ਸੰਬੰਧਿਤ ਜਥੇਬੰਦੀ ਇਸਲਾਮਿਕ ਸਟੇਟ ਨੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ, ਪਰ ਰੂਸੀ ਪ੍ਰਸ਼ਾਸਨ ਵਲੋਂ ਇਸ ਹਮਲੇ ਲਈ ਯੂਕਰੇਨ 'ਤੇ ਵੀ ਉਂਗਲੀ ਉਠਾਈ ਜਾ ਰਹੀ ਹੈ, ਕਿਉਂਕਿ ਪਿਛਲੇ ਦੋ ਸਾਲਾਂ ਤੋਂ ਇਨ੍ਹਾਂ ਦੋਵਾਂ ਦੇਸ਼ਾਂ ਵਿਚਾਲੇ ਭਿਆਨਕ ਜੰਗ ਚੱਲ ਰਹੀ ਹੈ। ਇਸ ਜੰਗ ਦੌਰਾਨ ਰੂਸ ਵਲੋਂ ਯੂਕਰੇਨ ਉੱਤੇ ਕੀਤੇ ਹਮਲਿਆਂ ਵਿਚ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਯੂਕਰੇਨ ਦੇ ਬਹੁਤ ਵੱਡੇ ਹਿੱਸੇ ਵਿਚ ਤਬਾਹੀ ਦੇ ਮੰਜ਼ਰ ਦਿਖਾਈ ਦੇ ਰਹੇ ਹਨ। ਇਸ ਜੰਗ ਦੌਰਾਨ ਰੂਸ ਨੇ ਯੂਕਰੇਨ ਦੇ ਕਈ ਮਹੱਤਵਪੂਰਨ ਜ਼ਿਲ੍ਹਿਆਂ 'ਤੇ ਕਬਜ਼ਾ ਵੀ ਕਰ ਲਿਆ ਸੀ ਪਰ ਯੂਕਰੇਨ ਨੇ ਆਪਣੇ ਵਲੋਂ ਥੀਏਟਰ 'ਤੇ ਕੀਤੇ ਗਏ ਇਸ ਹਮਲੇ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਅਤੇ ਇਸ ਵਿਚ ਯੂਕਰੇਨ ਨੇ ਕਿਸੇ ਵੀ ਤਰ੍ਹਾਂ ਦਾ ਉਸ ਦਾ ਕੋਈ ਦਖ਼ਲ ਨਾ ਹੋਣ ਦੀ ਗੱਲ ਕਹੀ ਹੈ।

ਜਿਥੋਂ ਤਕ ਇਸਲਾਮਿਕ ਗਰੁੱਪਾਂ ਦਾ ਸੰਬੰਧ ਹੈ, ਇਹ ਪਹਿਲਾਂ ਵੀ ਰੂਸ 'ਤੇ ਸਮੇਂ-ਸਮੇਂ ਗੁਰੀਲਾ ਹਮਲੇ ਕਰਦੇ ਰਹੇ ਹਨ। ਸਾਲ 2004 ਵਿਚ ਇਕ ਇਸਲਾਮਿਕ ਜਥੇਬੰਦੀ ਨੇ ਹੀ ਰੂਸ ਦੇ ਦੱਖਣੀ ਭਾਗ ਬੇਸਲਾਨ ਵਿਚ ਇਕ ਸਕੂਲ ਉੱਤੇ ਹਮਲਾ ਕਰਕੇ ਉਥੇ ਵਿਦਿਆਰਥੀਆਂ ਸਮੇਤ ਬਹੁਤ ਸਾਰੇ ਲੋਕਾਂ ਨੂੰ ਬੰਦੀ ਬਣਾ ਲਿਆ ਸੀ। ਇਸ ਘਟਨਾ ਵਿਚ ਹਮਲਾਵਰਾਂ ਸਮੇਤ 380 ਲੋਕ ਮਾਰੇ ਗਏ ਸਨ। ਇਸੇ ਤਰ੍ਹਾਂ ਸਾਲ 2010 ਵਿਚ ਵੀ ਮਾਸਕੋ ਦੇ ਇਕ ਜ਼ਮੀਨਦੋਜ਼ ਰੇਲਵੇ ਸਟੇਸ਼ਨ 'ਤੇ ਕੁਝ ਅੱਤਵਾਦੀਆਂ ਵਲੋਂ ਹਮਲਾ ਕੀਤਾ ਗਿਆ ਸੀ, ਜਿਸ ਵਿਚ 40 ਲੋਕ ਮਾਰੇ ਗਏ ਸਨ। ਇਸੇ ਹੀ ਕੜੀ ਵਿਚ ਸਾਲ 2017 ਵਿਚ ਰੂਸ ਦੇ ਦੂਸਰੇ ਵੱਡੇ ਸ਼ਹਿਰ ਸੇਂਟ ਪੀਟਰਜ਼ਬਰਗ ਵਿਚ ਵੀ ਇਕ ਜ਼ਮੀਨਦੋਜ਼ ਪਲੇਟਫ਼ਾਰਮ 'ਤੇ ਕੀਤੇ ਇਕ ਆਤਮਘਾਤੀ ਹਮਲੇ ਵਿਚ 16 ਲੋਕ ਮਾਰੇ ਗਏ ਸੀ।

ਇਸ ਭਿਆਨਕ ਘਟਨਾ ਦੇ ਵਾਪਰਨ ਤੋਂ ਬਾਅਦ ਪੂਤਿਨ ਵਲੋਂ ਦਿੱਤੀ ਧਮਕੀ ਤੋਂ ਪਿੱਛੋਂ ਘਟਨਾਕ੍ਰਮ ਕੀ ਰੁਖ਼ ਅਖ਼ਤਿਆਰ ਕਰਦਾ ਹੈ, ਇਸ ਦਾ ਅੰਦਾਜ਼ਾ ਲਗਾਇਆ ਜਾਣਾ ਮੁਸ਼ਕਿਲ ਹੈ। ਕਿਉਂਕਿ ਇਸਲਾਮਿਕ ਸਟੇਟ ਜਥੇਬੰਦੀ ਦੇ ਰੂਸ ਪਹਿਲਾਂ ਵੀ ਨਿਸ਼ਾਨੇ 'ਤੇ ਰਿਹਾ ਹੈ। ਰੂਸ ਦੇ ਮੁੱਖ ਪ੍ਰਸ਼ਾਸਨਿਕ ਕੇਂਦਰ ਕ੍ਰੈਮਲਿਨ ਵਲੋਂ ਸਖ਼ਤ ਰੁਖ਼ ਅਖ਼ਤਿਆਰ ਕਰਨ ਅਤੇ ਮੁਸਲਿਮ ਵਿਰੋਧੀ ਨੀਤੀਆਂ ਅਪਣਾਉਣ ਕਾਰਨ ਇਸਲਾਮਿਕ ਜਥੇਬੰਦੀਆਂ ਨੇ ਰੂਸ ਨੂੰ ਧਮਕੀਆਂ ਦਿੱਤੀਆਂ ਸਨ। ਪੂਤਿਨ ਨੂੰ ਯੂਕਰੇਨ ਵਿਚ ਲੜਾਈ ਦੇ ਨਾਲ-ਨਾਲ ਅਜਿਹੇ ਸੰਗਠਨਾਂ ਵਲੋਂ ਵੀ ਵੱਡੀ ਚੁਣੌਤੀ ਮਿਲਦੀ ਰਹੀ ਹੈ। ਰੂਸ ਦੀ ਆਰਥਿਕ ਸਥਿਤੀ ਵੀ ਮੌਜੂਦਾ ਲੜਾਈ ਨੇ ਬੇਹੱਦ ਕਮਜ਼ੋਰ ਕਰ ਦਿੱਤੀ ਹੈ ਪਰ ਇਸ ਦੇ ਬਾਵਜੂਦ ਪੂਤਿਨ ਵਲੋਂ ਇਸ ਲੜਾਈ ਨੂੰ ਜਾਰੀ ਰੱਖਣ ਦਾ ਅਹਿਦ ਲਗਾਤਾਰ ਦੁਹਰਾਇਆ ਜਾਂਦਾ ਰਿਹਾ ਹੈ।

ਵਾਪਰ ਰਿਹਾ ਅਜਿਹਾ ਘਟਨਾਕ੍ਰਮ ਦੁਨੀਆ ਭਰ ਲਈ ਵੀ ਇਕ ਖ਼ਤਰੇ ਦੀ ਘੰਟੀ ਮੰਨਿਆ ਜਾ ਸਕਦਾ ਹੈ, ਕਿਉਂਕਿ ਯੂਕਰੇਨ ਨਾਲ ਲੜਾਈ ਦੇ ਨਾਲ-ਨਾਲ ਪੂਤਿਨ ਸਾਹਮਣੇ ਖੜ੍ਹੀਆਂ ਚੁਣੌਤੀਆਂ ਉਸ ਨੂੰ ਹੋਰ ਵੱਡੀ ਜੰਗ ਵਿਚ ਧੱਕਣ ਲਈ ਮਜਬੂਰ ਕਰ ਸਕਦੀਆਂ ਹਨ। ਅਜਿਹੀ ਜੰਗ ਦੇ ਕੌਮਾਂਤਰੀ ਰੂਪ ਅਖ਼ਤਿਆਰ ਕਰ ਲੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਬ੍ਰਿਟੇਨ ਸਰਕਾਰ ਕਰੇਗੀ ਇਮੀਗ੍ਰੇਸ਼ਨ ਨਿਯਮਾਂ ਵਿਚ ਤਬਦੀਲੀ

## ✪ 50 ਹਜ਼ਾਰ ਭਾਰਤੀ ਹੋਣਗੇ ਪ੍ਰਭਾਵਿਤ

ਲੰਡਨ-ਬ੍ਰਿਟੇਨ ਸਰਕਾਰ ਇਮੀਗ੍ਰੇਸ਼ਨ ਨਿਯਮਾਂ ਵਿਚ ਤਬਦੀਲੀ ਕਰ ਰਹੀ ਹੈ। ਇਸ ਤਬਦੀਲੀ ਨਾਲ ਵਿਦਿਆਰਥੀਆਂ ਤੋਂ ਬਾਅਦ ਹਜ਼ਾਰਾਂ ਭਾਰਤੀ ਪ੍ਰਭਾਵਿਤ ਹੋਣਗੇ। ਬ੍ਰਿਟੇਨ ਵਿੱਚ 4 ਅਪ੍ਰੈਲ ਤੋਂ ਸਿਰਫ ਉਨ੍ਹਾਂ ਆਈ.ਟੀ ਪੇਸ਼ੇਵਰਾਂ ਨੂੰ ਸਕਿਲਡ ਵਰਕ ਵੀਜ਼ਾ ਮਿਲੇਗਾ, ਜਿਨ੍ਹਾਂ ਦਾ ਸਾਲਾਨਾ ਤਨਖਾਹ ਪੈਕੇਜ ਘੱਟੋ ਘੱਟ 52 ਲੱਖ ਰੁਪਏ ਹੋਵੇਗਾ। ਹੁਣ ਤੱਕ ਇਹ ਸੀਮਾ 35 ਲੱਖ ਸੀ। ਨਵੇਂ ਫ਼ੈਸਲੇ ਨਾਲ 50 ਹਜ਼ਾਰ ਭਾਰਤੀ ਪ੍ਰਭਾਵਿਤ ਹੋਣਗੇ। ਮੌਜੂਦਾ ਸਮੇਂ ਔਸਤ ਪੈਕੇਜ 28 ਤੋਂ 38 ਲੱਖ ਰੁਪਏ ਹੈ। ਜਦਕਿ ਕਾਰਜਕਾਰੀ ਪੱਧਰ 'ਤੇ 38 ਤੋਂ 55 ਲੱਖ ਰੁਪਏ ਹੈ।




ਮਾਨਚੈਸਟਰ ਵਿੱਚ ਆਈ.ਟੀ ਕਾਰਜਕਾਰੀ ਪ੍ਰਸ਼ਾਂਤ ਮਹਿਤਾ ਦਾ ਕਹਿਣਾ ਹੈ ਕਿ ਸੁਨਕ ਸਰਕਾਰ ਦਾ ਇਹ ਨਿਯਮ ਭਾਰਤੀਆਂ ਨੂੰ ਰੋਕਣ ਲਈ ਹੈ। ਕੋਈ ਵੀ ਬ੍ਰਿਟਿਸ਼ ਫਰਮ ਤਨਖਾਹ ਨੂੰ ਦੁੱਗਣੀ ਨਹੀਂ ਕਰਨ ਜਾ ਰਹੀ ਹੈ। ਇਹ ਫ਼ੈਸਲਾ ਆਉਣ ਵਾਲੇ ਸਮੇਂ ਵਿੱਚ ਬ੍ਰਿਟੇਨ ਨੂੰ ਨੁਕਸਾਨ ਪਹੁੰਚਾਏਗਾ। ਉਸ ਨੂੰ ਭਾਰਤੀ ਪ੍ਰਤਿਭਾ ਨਹੀਂ ਮਿਲੇਗੀ।

### ਦੋ ਕਾਰਨ: ਇਸ ਲਈ ਬ੍ਰਿਟੇਨ ਸਖਤ

1. ਬ੍ਰਿਟੇਨ ਵਿੱਚ ਪ੍ਰਵਾਸੀਆਂ ਦੀ ਗਿਣਤੀ ਨੂੰ ਘਟਾਉਣਾ ਇੱਕ ਵੱਡਾ ਮੁੱਦਾ ਹੈ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਭਾਰਤੀਆਂ ਸਮੇਤ ਹੋਰ ਦੇਸ਼ਾਂ ਦੇ ਲੋਕ ਆਈ.ਟੀ ਸੈਕਟਰ ਵਿੱਚ ਨੌਕਰੀਆਂ 'ਤੇ ਕਬਜ਼ਾ ਕਰ ਰਹੇ ਹਨ।

2. ਇਸ ਸਾਲ ਚੋਣਾਂ ਹੋਣ ਜਾ ਰਹੀਆਂ ਹਨ। ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਦਿੱਗਜ਼ ਨੇਤਾ ਪੈਨੀ ਮੋਰਡੌਂਟ ਅਤੇ ਹੋਰਾਂ ਨੇ ਲੰਬੇ ਸਮੇਂ ਤੋਂ ਘੇਰਿਆ ਹੋਇਆ ਹੈ।

### ਭਾਰਤੀ ਵਿਦਿਆਰਥੀਆਂ ਤੋਂ ਬਾਅਦ ਹੁਣ ਆਈ.ਟੀ ਪੇਸ਼ੇਵਰਾਂ 'ਤੇ ਨਿਸ਼ਾਨਾ

ਇਸ ਤੋਂ ਪਹਿਲਾਂ ਸੁਨਕ ਸਰਕਾਰ ਨੇ ਭਾਰਤੀ ਵਿਦਿਆਰਥੀਆਂ ਲਈ ਵਰਕ ਵੀਜ਼ਾ ਲਈ 24 ਮਹੀਨਿਆਂ ਲਈ ਨਿਯਮਤ ਤੌਰ 'ਤੇ ਪੜ੍ਹਾਈ ਕਰਨਾ ਲਾਜ਼ਮੀ ਕਰ ਦਿੱਤਾ ਹੈ। ਇਸ ਕਾਰਨ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਵਿੱਚ 5% ਦੀ ਕਮੀ ਆਈ ਹੈ। ਪਹਿਲਾਂ ਇੱਥੇ 50 ਹਜ਼ਾਰ ਭਾਰਤੀ ਵਿਦਿਆਰਥੀ ਆਉਂਦੇ ਸਨ, ਹੁਣ ਇਨ੍ਹਾਂ ਦੀ ਗਿਣਤੀ ਘੱਟ ਕੇ 45 ਹਜ਼ਾਰ ਰਹਿ ਗਈ ਹੈ।

ਕੰਪਨੀਆਂ ਕੋਲ ਸਿਰਫ ਦੋ ਬਦਲ ਹਨ। ਪਹਿਲਾ: ਭਾਰਤੀ ਪੇਸ਼ੇਵਰਾਂ ਦੀ ਛਾਂਟੀ। ਦੂਜਾ: ਤਨਖਾਹ ਵਿੱਚ ਵਾਧਾ। ਡਰ ਹੈ ਕਿ ਕੰਪਨੀਆਂ ਤਨਖਾਹਾਂ ਵਧਾਉਣ ਦੀ ਬਜਾਏ ਛਾਂਟੀ ਕਰਨਗੀਆਂ। ਤਿੰਨ ਸਾਲਾਂ ਦੇ ਹੁਨਰਮੰਦ ਵੀਜ਼ੇ 'ਤੇ ਬ੍ਰਿਟੇਨ 'ਚ ਰਹਿ ਰਹੇ ਭਾਰਤੀ ਪੇਸ਼ੇਵਰਾਂ ਦੇ ਵੀਜ਼ੇ ਨੂੰ ਰੀਨਿਊ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੂੰ ਕੈਨੇਡਾ ਜਾਣਾ ਪਵੇਗਾ, ਜਿੱਥੇ ਨਿਯਮ ਆਸਾਨ ਹਨ।

# ਲੋਕ ਸਭਾ ਚੋਣਾਂ ਲਈ ਭਾਜਪਾ ਨੇ ਟੀਵੀ ਦੇ "ਰਾਮ" ਨੂੰ ਮੇਰਠ ਤੋਂ ਟਿਕਟ ਦਿੱਤੀ



ਮੇਰਠ-ਭਾਜਪਾ ਨੇ ਮੇਰਠ ਤੋਂ ਅਰੁਣ ਗੋਵਿਲ ਨੂੰ ਟਿਕਟ ਦਿੱਤੀ ਹੈ। ਭਾਜਪਾ ਮੁਸਲਮਾਨ ਬਹੁਲ ਸੀਟ ਮੇਰਠ ਤੋਂ ਅਰੁਣ ਗੋਵਿਲ ਨੂੰ ਟਿਕਟ ਦੇ ਕੇ ਹਿੰਦੂਤਵ ਦਾ ਮੁੱਦਾ ਉਠਾਉਣਾ ਚਾਹੇਗੀ। ਦੱਸ ਦਈਏ ਕਿ ਰਾਮਾਇਣ 'ਚ 'ਭਗਵਾਨ ਰਾਮ' ਦੀ ਭੂਮਿਕਾ ਅਰੁਣ ਗੋਵਿਲ ਨੇ ਨਿਭਾਈ ਹੈ। ਅਰੁਣ ਗੋਵਿਲ ਹਿੰਦੂਤਵ ਦਾ ਵੱਡਾ ਚਿਹਰਾ ਹਨ। ਅਜਿਹੇ ਵਿਚ ਮੇਰਠ ਲੋਕ ਸਭਾ ਚੋਣਾਂ ਦਿਲਚਸਪ ਹੋ ਗਈਆਂ ਹਨ।

# ਸਕਾਈ ਨਿਊਜ਼ ਦੇ ਪੱਤਰਕਾਰ ਅੰਮ੍ਰਿਤ ਸਿੰਘ ਮਾਨ ਨੂੰ ਉਭਰਦਾ ਪੱਤਰਕਾਰ ਪੁਰਸਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਅੰਗਰੇਜ਼ੀ ਮੀਡੀਆ ਦੇ ਨੌਜਵਾਨ ਸਿੱਖ ਪੱਤਰਕਾਰ ਅੰਮ੍ਰਿਤ ਸਿੰਘ ਮਾਨ ਨੂੰ ਨੈਸ਼ਨਲ ਕੌਂਸਲ ਫਾਰ ਦਾ ਟ੍ਰੇਨਿੰਗ ਆਫ ਜਰਨਲਿਸਟ (ਐਨ ਸੀ ਟੀ ਜੇ) ਵੱਲੋਂ ਆਯੋਜਿਤ ਸਮਾਰੋਹ ਦੌਰਾਨ ਸਾਲ ਦਾ ਉੱਭਰਦਾ ਪੱਤਰਕਾਰ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਏ ਲੈਵਲ ਪਾਸ ਕਰਨ ਤੋਂ ਬਾਅਦ 21 ਸਾਲਾ ਅੰਮ੍ਰਿਤ ਸਿੰਘ ਨੇ ਬਤੌਰ ਸਿਖਾਂਦਰੂ ਪੱਤਰਕਾਰ ਵਜੋਂ ਸਕਾਈ ਨਿਊਜ਼ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ। ਇਸ ਤੋਂ ਪਹਿਲਾ ਮਾਨ ਨੇ ਯੂ ਕੇ ਯੂਥ ਪਾਰਲੀਮੈਂਟ ਮੈਂਬਰ ਵਜੋਂ ਸਲੋਹ ਹਲਕੇ ਦੀ 5 ਸਾਲ ਨੁਮਾਇੰਦਗੀ ਕੀਤੀ। ਅੰਮ੍ਰਿਤ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਮੇਰੇ ਕੰਮ ਅਤੇ ਮੇਹਨਤ ਨੂੰ ਪਹਿਚਾਣ ਦਿੱਤੀ ਗਈ ਹੈ। ਇਹ ਕਾਮਯਾਬੀ ਸਕਾਈ ਨਿਊਜ਼ ਅਤੇ ਪੀ ਏ ਮੀਡੀਆ ਅਕੈਡਮੀ ਦੇ ਸਹਿਯੋਗ ਤੋਂ ਬਿਨ੍ਹਾ ਅਸੰਭਵ ਸੀ। ਐਮ ਪੀ ਤਨਮਨਜੀਤ ਸਿੰਘ ਢੇਸੀ ਅਤੇ ਪੀ ਏ ਮੀਡੀਆ ਅਕੈਡਮੀ ਦੇ ਸੀਅਨ ਹੋਵੇ ਨੇ ਅੰਮ੍ਰਿਤ ਸਿੰਘ ਮਾਨ ਦੇ ਕੰਮ ਦੀ ਸ਼ਲਾਘਾ ਕਰਦਿਆਂ ਪੁਰਸਕਾਰ ਦਾ ਹੱਕਦਾਰ ਕਿਹਾ ਹੈ।



ਅੰਮ੍ਰਿਤ ਸਿੰਘ ਮਾਨ ਪੁਰਸਕਾਰ ਹਾਸਿਲ ਕਰਨ ਤੋਂ ਬਾਅਦ ਸੀਅਨ ਹੋਵੇ ਅਤੇ ਹੋਰਾਂ ਨਾਲ


We're contact lens savers too

From just **50p** a day



**You're better off with Specsavers**

Specsavers

easyvision Clarision Sphere lenses only. Sold in a box of 30 lenses for £7.50. Subject to suitability. Terms and conditions apply. Ask in store for details.

# ਭਾਰਤ ਦੇ ਅਜ਼ਾਦੀ ਦਿਵਸ ਮੌਕੇ ਸਾਊਥਾਲ ਵਿਚ ਹੋਈ ਲੜਾਈ ਮਾਮਲੇ ‘ਚ ਗੁਰਪ੍ਰੀਤ ਸਿੰਘ ਨੂੰ ਜੇਲ੍ਹ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਦੇ ਅਜ਼ਾਦੀ ਦਿਵਸ ਮੌਕੇ ਪਿਛਲੇ ਸਾਲ 15 ਅਗਸਤ ਨੂੰ ਰਾਤੀਂ 10 ਵਜੇ ਸਾਊਥਾਲ ਦੇ ਬਰਾਡਵੇਅ ‘ਤੇ ਹੋਈ ਇੱਕ ਲੜਾਈ ਵਿੱਚ ਭਾਰਤੀ ਮੂਲ ਦੇ ਗੁਰਪ੍ਰੀਤ ਸਿੰਘ ਵਾਸੀ ਇਲਫੋਰਡ ਨੂੰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਮੌਕੇ ਭਾਰਤ ਦੀ ਅਜ਼ਾਦੀ ਦੇ ਕੁਝ ਲੋਕ ਜਸ਼ਨ ਮਨਾ ਰਹੇ ਸਨ ਅਤੇ ਭਾਰਤ ਪੱਖੀ ਨਾਹਰੇ ਲਗ੍ਹਾ ਰਹੇ ਸਨ।

ਦੂਜੇ ਪਾਸੇ ਗੁਰਪ੍ਰੀਤ ਸਮੇਤ ਤਿੰਨ ਖਾਲਿਸਤਾਨੀ ਸਮਰਥਕਾਂ ਵੱਲੋਂ ਵੀ ਵਿਰੋਧ ਵਿੱਚ ਨਾਹਰੇ ਬਾਜ਼ੀ ਕੀਤੀ ਗਈ। ਇਸ ਮੌਕੇ ਦੋਵਾਂ ਗੁੱਟਾਂ ਵਿੱਚ ਹੋਈ ਲੜਾਈ ਵਿੱਚ ਦੋ ਭਾਰਤੀ ਮੂਲ ਦੇ ਲੋਕ ਜਖ਼ਮੀ ਹੋ ਗਏ ਸਨ ਅਤੇ ਇੱਕ ਮਹਿਲਾ ਪੁਲਿਸ ਅਧਿਕਾਰੀ ਵੀ ਜਖ਼ਮੀ ਹੋਈ ਸੀ। ਜਿਸ ਸਬੰਧੀ ਆਈਜ਼ਲਵਰਥ ਅਦਾਲਤ ਵਿੱਚ ਦੱਸਿਆ ਗਿਆ ਕਿ 26 ਸਾਲਾ ਭਾਰਤੀ ਮੂਲ ਦੇ ਗੁਰਪ੍ਰੀਤ ਸਿੰਘ ਕੋਲ ਤਿੰਨ ਕ੍ਰਿਪਾਨਾਂ ਸਨ ਜਿਹਨਾਂ ਵਿੱਚੋਂ ਇੱਕ ਦੀ ਵਰਤੋਂ ਕੀਤੀ ਗਈ। ਗੁਰਪ੍ਰੀਤ ਨੂੰ ਸਜ਼ਾ ਸੁਣਾਉਂਦਿਆਂ ਜੱਜ ਕਵਾਮੇ ਇਨਯੂੰਡੋ ਨੇ ਕਿਹਾ ਕਿ ਕ੍ਰਿਪਾਨ ਭਾਵੇਂ ਕਾਨੂੰਨੀ ਤੌਰ ਤੇ ਕੋਲ ਰੱਖਣ ਦਾ ਅਧਿਕਾਰ ਹੈ, ਪਰ ਇਸ ਦੀ ਹਥਿਆਰ ਵਜੋਂ ਵਰਤੋਂ ਕਰਨਾ ਜਾਇਜ਼ ਨਹੀਂ ਹੈ। ਇਸ ਝਗੜੇ ਵਿੱਚ ਨਾਨਕ ਸਿੰਘ ਅਤੇ ਅਸ਼ੀਸ਼ ਸ਼ਰਮਾਂ ਜਖ਼ਮੀ ਹੋ ਗਏ। ਅਦਾਲਤ ਵਿੱਚ ਦੱਸਿਆ ਗਿਆ ਕਿ ਗੁਰਪ੍ਰੀਤ ਸਿੰਘ ਨੇ ਪੁਲਿਸ ਅਧਿਕਾਰੀ ਜਸਟਿਨ ਫੈਰੇਲ ਤੇ ਵੀ ਹਮਲਾ ਕੀਤਾ ਅਤੇ ਬਚਾਅ ਕਰਦਿਆਂ ਉਸ ਦੀ ਉਂਗਲੀ ਕੱਟੀ ਗਈ।

ਉਕਤ ਦੋਸ਼ਾਂ ਤਹਿਤ ਅਦਾਲਤ ਨੇ ਗੁਰਪ੍ਰੀਤ ਨੂੰ 28 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਗੁਰਪ੍ਰੀਤ 2020 ਵਿੱਚ ਵਿਦਿਆਰਥੀ ਵੀਜ਼ੇ ਤੇ ਯੂ ਕੇ ਆਇਆ ਸੀ ਅਤੇ 2021 ਵਿੱਚ ਉਸ ਨੇ ਪੜ੍ਹਾਈ ਛੱਡ ਕੇ ਰਾਜਸੀ ਸ਼ਰਣ ਲਈ ਅਰਜ਼ੀ ਦਿੱਤੀ। ਜਿਸ ਨੂੰ ਭਾਰਤ ਡਿਪੋਰਟ ਵੀ ਕੀਤਾ ਜਾ ਸਕਦਾ ਹੈ।

# ਚੰਨੀ ਸਿੰਘ ਦੇ “ਕੁਰਸੀ ਭੰਗੜਾ” ਗੀਤ ਦੀਆਂ ਅਨੁਪਮ ਖੇਰ ਨੇ ਕੀਤੀਆਂ ਤਾਰੀਫਾਂ



ਚੰਨੀ ਸਿੰਘ ਆਪਣੇ ਅੰਦਾਜ਼ ਵਿੱਚ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿੱਚ ਬੀਤੇ ਕਈ ਦਹਾਕਿਆਂ ਤੋਂ ਪੰਜਾਬੀ ਗੀਤ ਸੰਗੀਤ ਨਾਲ ਲੋਕਾਂ ਦਾ ਮਨੋਰੰਜਨ ਕਰਨ ਵਾਲੇ ਚੰਨੀ ਸਿੰਘ ਦਾ ਨਵਾਂ ਗੀਤ “ਕੁਰਸੀ ਭੰਗੜਾ” ਜਾਰੀ ਹੋਇਆ ਹੈ। ਯੂ ਕੇ ਵਿੱਚ ਅਲਾਪ ਗਰੁੱਪ ਦੇ ਬਾਨੀ ਚੰਨੀ ਸਿੰਘ ਦੇ ਨਵੇਂ ਗੀਤ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਇਹ ਗੀਤ ਖਾਸ ਤੌਰ ਤੇ ਵਡੇਰੀ ਉਮਰ ਦੇ ਲੋਕਾਂ ਦੀਆਂ ਖੁਸ਼ੀਆਂ, ਸਿਹਤਯਾਬੀ ਦੀ ਗੱਲ ਕਰਦਾ ਹੈ, ਜੋ ਪੰਜਾਬੀਆਂ ਨੂੰ ਭਰਪੂਰ ਪਸੰਦ ਆ ਰਿਹਾ ਹੈ। ਚੰਨੀ ਸਿੰਘ ਨੇ ਕਿਹਾ ਕਿ ਇਸ ਗੀਤ ਨੂੰ ਤਿਆਰ ਕਰਨ ਲਈ ਉਹਨਾਂ ਦੀ ਬੇਟੀ ਮੋਨਾ ਸਿੰਘ ਦਾ ਪੂਰਨ ਸਹਿਯੋਗ ਮਿਲਿਆ ਹੈ। ਇਸ ਗੀਤ ਦੀ ਤਾਰੀਫ ਉਘੇ ਫਿਲਮੀ ਅਦਾਕਾਰ ਅਨੁਪਮ ਖੇਰ ਨੇ ਵੀ ਕੀਤੀ ਹੈ। ਜਿਕਰਯੋਗ ਹੈ ਕਿ 48 ਸਾਲਾਂ ਤੋਂ ਯੂ ਕੇ ਵਿੱਚ ਰਹਿ ਰਹੇ ਚੰਨੀ ਸਿੰਘ ਦੀਆਂ ਪੰਜਾਬੀ ਗੀਤ ਸੰਗੀਤ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਮਹਾਰਾਣੀ ਐਲਿਜਾਬੈਥ ਵੱਲੋਂ ਓ ਬੀ ਈ ਦੇ ਸ਼ਾਹੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ।

# Holi Festival of Colours shines for second year in a row



The Holi Festival of Colours returned to Dartford’s Open Air Theatre on Sunday 24th March for a second time in what could only be described as storm of colour, music dance and food. The event was organised by Cohesion Plus, Dartford Borough Council, community members led by local resident Santosh Pail and supported by Arts Council England.

The festival which celebrates the arrival of spring as well as the victory of good over evil originates from India and is a popular event which is celebrated all around the world. This year’s celebrations were the biggest in Dartford yet with nearly 4000 people attending throughout the day. The celebrations were free to attend and open to all regardless of ethnicity, faith and background, an ethos which was deeply embraced by audiences who represented many of Dartford’s diverse communities.

There was a wonderful artistic programme to compliment the colours that were being thrown on attendees, which consisted of DJ Inspire, Kings of Dhol and various performances from the Nepalese and Indian community groups. Free food and colour powders were also available to the public.

Civic guests included Deputy Lieutenant Gurvinder Sandher MBE who represented the Lord Lieutenant of Kent, The Mayor of Dartford Cllr Rosanna Currans, Leader of Dartford Borough Council Cllr Jeremy Kite MBE and Gareth Johnson MP all of whom wished onlookers a Happy Holi.

Santosh Patil the community lead on the celebrations commented, “What an incredible day! As a community, we always knew there was an appetite for Holi to be celebrated but I had no idea that people would come out and support in such huge numbers. This year we were honoured that the Nepalese and Punjabi and British communities were able to join us in celebrating and we only hope that going forward we can be even more inclusive. These celebrations are for everyone. We are very thankful to our partners who assisted us in delivering this event and we look forward to many more.”

Artistic Director of Cohesion Plus, Gurvinder Sandher MBE DL commented, “I am so immensely proud of what we have been able to achieve today working in partnership with Dartford Borough Council and local community members. The Dartford Holi Festival of Colours is a wonderful example of what can be achieved when we work in partnership and my special thanks go to the council and local community members who have worked so hard with us to put on such an unforgettable day. I am also grateful to Arts Council England for their continued support and championing of our work. We look forward to putting on bigger and better celebrations next year!”

Leader of Dartford Borough Council Cllr Jeremy Kite MBE commented, “This weekend’s Holi event was a triumph. Over the course of the day, thousands of people called in to have a good time which was wonderful to see. I am delighted that we’ve been able to hold such a brilliant FREE event for local people to enjoy. Our partnership with Cohesion Plus has produced some wonderful events over the years, and this has become a real highlight.”

# ਚਿੱਠਿਸਿੰਘਪੂਰਾ ਵਿਖੇ ਵਾਪਰੀ ਘਟਨਾ ਨੂੰ 24 ਸਾਲ ਬੀਤ ਜਾਣ ਤੋਂ ਬਾਅਦ ਵੀ ਅਜੇ ਤੱਕ ਕੋਈ ਇਨਸਾਫ਼ ਨਹੀਂ ਮਿਲਿਆ





ਇਹ ਉਹੀ ਗੁਰੂਘਰ ਦੀ ਕੰਧ ਹੈ,ਜਿੱਥੇ ਖੜ੍ਹੇ ਕਰਕੇ ਗੁਰਸਿੱਖਾਂ ਨੂੰ ਗੋਲੀਆਂ ਮਾਰੀਆਂ ਗਈਆਂ ਸਨ।

ਕਸ਼ਮੀਰ ਦੇ ਜਿਲ੍ਹਾ ਅਨੰਤਨਾਗ ਦੇ ਪਿੰਡ ਚਿੱਠਿਸਿੰਘਪੂਰਾ ਵਿਖੇ ਇਹ ਉਹੀ ਅਸਥਾਨ ਹੈ, ਜਿੱਥੇ ਅੱਜ ਤੋਂ ੨੪ ਸਾਲ ਪਹਿਲਾਂ ੨੦ ਮਾਰਚ ੨੦੦੦ ਨੂੰ ੩੫ ਗੁਰਸਿੱਖਾਂ ਨੂੰ ਸੋਦਰ ਸਾਹਿਬ ਜੀ ਦੀ ਸਮਾਪਤੀ ਉਪਰੰਤ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ । ਇਸ ਮੌਕੇ ਗਿਆਨੀ ਰਾਜਿੰਦਰ ਸਿੰਘ ਜੀ ਨਾਲ ਅਗਲੀ ਕਿਤਾਬ ਵਿਚ ਹੋਰ ਸੁਧਾਈ ਕਰਨ ਦੇ ਵਿਸੇ ਤੇ ਵਿਚਾਰ ਵੀ ਸਾਂਝੀ ਹੋਈ ਤੇ ਅੱਗਲੇ ਸਾਲ ਇਸ ਘਟਨਾ ਨੂੰ ੨੫ ਸਾਲ ਹੋ ਰਹੇ ਹਨ ਪਰ ਅਫ਼ਸੋਸ ਕਿ ਅੱਜ ਤੱਕ ਕੋਈ ਦੋਸ਼ੀ ਇਸ ਘਟਨਾ ਦੇ ਸਾਹਮਣੇ ਨਹੀਂ ਆ ਸਕੇ ਤੇ ਨਾ ਹੀ ਕੋਈ ਇਨਸਾਫ਼...

# ਬਰਤਾਨਵੀ ਫੌਜ ਨੇ ਡਿਫੈਂਸ ਸਿੱਖ ਨੈਟਵਰਕ (ਡੀ.ਐਸ.ਐਨ.) ਦੇ ਕਈ ਬ੍ਰਿਟਿਸ਼ ਸਿੱਖ ਅਫਸਰਾਂ ਨਾਲ ਹੋਲਾ ਮਹੱਲਾ ਮਨਾਇਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਫੌਜ ਨੇ ਡਿਫੈਂਸ ਸਿੱਖ ਨੈਟਵਰਕ (ਡੀ.ਐਸ.ਐਨ.) ਦੇ ਕਈ ਬ੍ਰਿਟਿਸ਼ ਸਿੱਖ ਅਫਸਰਾਂ ਨਾਲ ਦਲੇਰੀ, ਤਿਆਰੀ ਅਤੇ ਤਿਆਰੀ ਦੀ ਭਾਵਨਾ ਨੂੰ ਦਰਸਾਉਂਦਾ ਹੋਲਾ ਮੁਹੱਲਾ ਦਾ ਤਿਉਹਾਰ ਮਨਾਇਆ ਹੈ। ਸਿੱਖ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਇਹ ਤਿਉਹਾਰ 18ਵੀਂ ਸਦੀ ਦਾ ਹੈ ਜਦੋਂ ਇਸ ਦੀ ਸ਼ੁਰੂਆਤ ਸਿੱਖਾਂ ਦੇ 10ਵੇਂ ਗੁਰੂ, ਗੁਰੂ ਗੋਬਿੰਦ ਸਿੰਘ ਦੁਆਰਾ ਫੌਜੀ ਸ਼ਕਤੀ ਦੇ ਜਸ਼ਨ ਵਜੋਂ ਕੀਤੀ ਗਈ ਸੀ, ਜਿਸ ਦੌਰਾਨ ਮਾਰਸ਼ਲ ਕੁਸ਼ਲਤਾਵਾਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਯੁੱਧ ਅਭਿਆਸ ਵਾਲੇ ਮੁਕ-ਾਬਲੇ ਪ੍ਰਦਰਸ਼ਿਤ ਕੀਤੇ ਜਾਂਦੇ ਹਨ।

ਇਸ ਸਾਲ ਦਾ ਬ੍ਰਿਟਿਸ਼ ਆਰਮੀ ਸਿੱਖ ਹੋਲਾ ਮੁਹੱਲਾ ਈਵੈਂਟ ਮੰਗਲਵਾਰ ਨੂੰ ਦੱਖਣ-ਪੂਰਬੀ ਇੰਗਲੈਂਡ ਦੇ ਹੈਂਪਸ਼ਾਇਰ ਵਿੱਚ ਐਸ਼ ਰੇਂਜਾਂ ਵਿੱਚ ਹੋਇਆ ਅਤੇ ਇਸ ਮੌਕੇ ਰਵਾਇਤੀ ਖੇਡਾਂ ਰੱਸਾਕਸ਼ੀ ਆਦਿ ਖੇਡੀਆਂ ਗਈਆਂ।

ਡਿਫੈਂਸ ਸਿੱਖ ਨੈੱਟਵਰਕ ਨੇ ਦੱਸਿਆ ਕਿ ਇਸ ਦੇ ਮੈਂਬਰਾਂ, ਮੁੱਖ ਤੌਰ 'ਤੇ ਬ੍ਰਿਟਿਸ਼ ਫੌਜ ਦੇ ਸੈਨਿਕਾਂ ਨੇ ਮਿਲਟਰੀ ਸ਼ੂਟਿੰਗ ਮੁਕ-ਾਬਲੇ, ਰਵਾਇਤੀ ਸਿੱਖ ਮਾਰਸ਼ਲ ਆਰਟਸ ਗੱਤਕਾ ਅਤੇ ਰਵਾਇਤੀ ਸਿੱਖ ਫੌਜੀ ਖੇਡਾਂ ਵਿੱਚ ਹਿੱਸਾ ਲੈ ਕੇ ਸਿੱਖ ਫੌਜੀ ਤਿਉਹਾਰ ਮਨਾਇਆ ਅਤੇ ਅੰਤ ਵਿੱਚ ਰੰਗਾ ਨਾਲ ਤਿਉਹਾਰ ਦੀ ਸਮਾਪਤੀ ਕੀਤੀ।


ਬ੍ਰਿਟਿਸ਼ ਆਰਮੀ ਵੱਲੋਂ ਮਨਾਏ ਹੋਲੇ ਮਹੱਲੇ ਦਾ ਦ੍ਰਿਸ਼

ਨੈਟਵਰਕ ਯੂਕੇ ਜੋ ਰੱਖਿਆ ਮੰਤਰਾਲੇ ਦੇ ਅੰਦਰ ਅਧਿਕਾਰਤ ਸੰਸਥਾ ਹੈ। ਨੈਟਵਰਕ ਨੇ ਕਿਹਾ ਕਿ ਤਿਉਹਾਰ ਖਾਸ ਤੌਰ 'ਤੇ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਦੇ ਅੰਦਰ ਸਿੱਖ ਮਨਾਉਂਦੇ ਹਨ ਜਿਸ ਨੂੰ 2021 ਵਿੱਚ ਬ੍ਰਿਟਿਸ਼ ਫੌਜ ਵਿੱਚ ਮਨਾਉਣਾ ਸ਼ੁਰੂ ਕੀਤਾ ਸੀ। ਉਹਨਾ ਕਿਹਾ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਸਿੱਖਾਂ ਦੇ ਪ੍ਰਮੁੱਖ ਸਮਾਗਮਾਂ ਵਿੱਚੋਂ ਇੱਕ ਹੈ ਜਿਸ ਨੂੰ ਮਨਾਉਣਾ ਯਕੀਨੀ ਬਣਾਇਆ ਜਾ ਸਕੇ ਤਾਂ ਕਿ ਸਾਡੀ ਮਾਰਸ਼ਲ ਪਰੰਪਰਾ ਜਾਰੀ ਰਹੇ। ਇਹ ਸਮਾਗਮ ਸਿੱਖ ਫੌਜੀ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਦੀ ਸਾਡੀ ਪੁਰਾਣੀ ਪਰੰਪਰਾ ਦਾ ਜਸ਼ਨ ਹੈ। ਸਿੱਖ 1800 ਦੇ ਦਹਾਕੇ ਤੋਂ ਬ੍ਰਿਟਿਸ਼ ਆਰਮੀ ਵਿੱਚ ਸੇਵਾਵਾਂ ਨਿਭਾਅ ਰਹੇ ਹਨ ਅਤੇ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਬਹੁਤ ਸਾਰੀਆਂ ਸਿੱਖ ਰੈਜੀਮੈਂਟਾਂ ਸਨ, ਜਿਨ੍ਹਾਂ ਨੇ ਬਹਾਦਰੀ ਲਈ ਵਿਕਟੋਰੀਆ ਕਰਾਸ ਸਮੇਤ ਬਹੁਤ ਸਾਰੇ ਸਨਮਾਨ ਜਿੱਤੇ ਸਨ। ਦੋ ਵਿਸ਼ਵ ਯੁੱਧਾਂ ਦੌਰਾਨ 84,000 ਤੋਂ ਵੱਧ ਸਿੱਖ ਮਾਰੇ ਗਏ ਅਤੇ 100,000 ਤੋਂ ਵੱਧ ਜ਼ਖਮੀ ਹੋਏ। ਵਰਤਮਾਨ ਵਿੱਚ, ਬ੍ਰਿਟਿਸ਼ ਆਰਮੀ ਵਿੱਚ 160 ਸਿੱਖ ਹਨ।

## ਕੈਨੇਡਾ ਗਏ ਪੰਜਾਬੀ ਦੀ ਸੜਕ ਹਾਦਸੇ 'ਚ ਮੌਤ



**ਜ਼ਿਲ੍ਹੇ ਦੇ ਅਧੀਨ ਪੈਂਦੇ ਪਿੰਡ ਦੇਊ ਬਾਠ ਦਾ ਰਹਿਣ ਵਾਲਾ ਇੱਕ ਨੌਜਵਾਨ ਵਿਦੇਸ਼ ਵਿੱਚ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ। ਜਿਵੇਂ ਹੀ ਇਹ ਸੂਚਨਾ ਪਰਿਵਾਰ ਤੱਕ ਪਹੁੰਚੀ ਤਾਂ ਘਰ ਚ ਸੋਗ ਦਾ ਮਾਹੌਲ ਬਣ ਗਿਆ। ਪੀੜਤ ਪਰਿਵਾਰ ਹੁਣ ਸਰਕਾਰ ਤੋਂ ਉਨ੍ਹਾਂ ਦੇ ਪੁੱਤਰ ਨੂੰ ਭਾਰਤ ਲਿਆਉਣ ਦੀ ਮੰਗ ਕਰ ਰਿਹਾ ਹੈ। ਹਨ. ਘਟਨਾ ਦੀ ਸੂਚਨਾ ਮਿਲਦੇ ਹੀ ਪਿੰਡ ਵਾਸੀਆਂ ਨੇ ਵੀ ਮ੍ਰਿਤਕ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ ਘਰ ਦੀ ਆਰਥਿਕ ਹਾਲਤ ਸੁਧਾਰਨ ਲਈ ਉਸ ਦਾ 21 ਸਾਲਾ ਲੜਕਾ ਸਰਤਾਜ ਸਿੰਘ ਵਿੱਲੋਂ ਕਰੀਬ 3 ਮਹੀਨੇ ਪਹਿਲਾਂ ਬਰੈਂਪਟਨ ਵਿਦੇਸ਼ ਗਿਆ ਸੀ।ਹੁਣ ਫੋਨ ਕਾਲ ਦੌਰਾਨ ਪਤਾ ਲੱਗਾ ਕਿ ਸਰਤਾਜ ਸਿੰਘ ਕਾਲਜ ਪੜ੍ਹ ਕੇ ਆਪਣੇ ਦੋਸਤਾਂ ਨਾਲ ਸੈਰ ਕਰਨ ਗਿਆ ਸੀ। ਉਸ ਦੀ ਕਾਰ ਅਚਾਨਕ ਚੱਕਰਵਾਤੀ ਤੂਫਾਨ ਦੀ ਲਪੇਟ ਚ ਆ ਗਈ, ਜੋ ਸੜਕ ਦੇ ਦੂਜੇ ਪਾਸੇ ਚਲੀ ਗਈ। ਉਦੋਂ ਸਾਹਮਣੇ ਤੋਂ ਆ ਰਹੇ ਤੇਜ਼ ਰਫਤਾਰ ਵਾਹਨ ਨੇ ਬੇਟੇ ਦੀ ਕਾਰ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਸਰਤਾਜ ਸਿੰਘ ਦੀ ਮੌਤ ਹੋ ਗਈ। ਸਾਡੀ ਸਰਕਾਰ ਤੋਂ ਮੰਗ ਹੈ ਕਿ ਸਰਤਾਜ ਸਿੰਘ ਦੀ ਦੇਹ ਨੂੰ ਜਲਦੀ ਭਾਰਤ ਲਿਆਂਦਾ ਜਾਵੇ।**

## ਬਰਤਾਨੀਆਂ ਦੀ ਰਾਜਕੁਮਾਰੀ ਕੇਟ ਮਿਡਲਟਨ ਵੀ ਕੈਂਸਰ ਤੋਂ ਪੀੜਤ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਮਹਾਰਾਜਾ ਚਾਰਲਸ ਤੋਂ ਬਾਅਦ ਰਾਜਕੁਮਾਰੀ ਰਾਜਕੁਮਾਰੀ ਕੇਟ ਮਿਡਲਟਨ ਨੇ ਵੀ ਕੈਂਸਰ ਤੋਂ ਪੀੜਤ ਹੋਣ ਦੀ ਪੁਸ਼ਟੀ ਕੀਤੀ ਹੈ। ਵੇਲਜ਼ ਦੀ ਰਾਜਕੁਮਾਰੀ ਨੇ ਇੱਕ ਵੀਡੀਓ ਸੁਨੇਹੇ ਰਾਹੀਂ ਕਿਹਾ ਹੈ ਕਿ ਟੈਸਟਾਂ ਵਿੱਚ ਕੈਂਸਰ ਪਾਏ ਜਾਣ ਤੋਂ ਬਾਅਦ ਉਹ ਇਲਾਜ ਦੇ ਸ਼ੁਰੂਆਤੀ ਪੜਾਅ ਵਿੱਚ ਹੈ। ਕੈਥਰੀਨ ਨੇ ਕਿਹਾ ਕਿ ਅਪ੍ਰੇਸ਼ਨ ਦੀ ਪੀੜਾ ਦੇ ਦੋ ਮਹੀਨਿਆਂ ਤੋਂ ਬਾਅਦ ਇਹ ਇੱਕ "ਵੱਡਾ ਸਦਮਾ" ਸੀ। ਪਰ ਮੈਂ ਠੀਕ ਹਾਂ ਅਤੇ ਹਰ ਦਿਨ ਮਜ਼ਬੂਤ ਹੋ ਰਹੀ ਹਾਂ। ਉਹਨਾਂ ਕੈਂਸਰ ਦੇ ਵੇਰਵਿਆਂ ਦਾ ਖੁਲਾਸਾ ਨਹੀਂ ਕੀਤਾ। ਪਰ ਕੇਨਸਿੰਗਟਨ ਪੈਲੇਸ ਦਾ ਕਹਿਣਾ ਹੈ ਕਿ ਉਸਨੂੰ ਭਰੋਸਾ ਹੈ ਕਿ ਰਾਜਕੁਮਾਰੀ ਪੂਰੀ ਤਰ੍ਹਾਂ ਠੀਕ ਹੋ ਜਾਵੇਗੀ।

ਰਾਜਕੁਮਾਰੀ ਦੇ ਬਿਆਨ ਵਿਚ ਦੱਸਿਆ ਗਿਆ ਹੈ ਕਿ ਜਦੋਂ ਜਨਵਰੀ ਵਿਚ ਉਸ ਦੇ ਪੇਟ ਦੀ ਸਰਜਰੀ ਹੋਈ ਸੀ ਤਾਂ ਇਹ ਪਤਾ ਨਹੀਂ ਸੀ ਕਿ ਕੋਈ ਕੈਂਸਰ ਹੈ। ਪਰ ਆਪ੍ਰੇਸ਼ਨ ਤੋਂ ਬਾਅਦ ਟੈਸਟਾਂ ਵਿੱਚ ਕੈਂਸਰ ਹੋਣ ਦਾ ਪਤਾ ਲੱਗਾ ਹੈ। ਇਸ ਲਈ ਮੇਰੀ ਮੈਡੀਕਲ ਟੀਮ ਨੇ ਸਲਾਹ ਦਿੱਤੀ ਕਿ ਮੈਨੂੰ ਰੋਕਥਾਮ ਵਾਲੀ ਕੀਮੋਥੈਰੇਪੀ ਦਾ ਕੋਰਸ ਕਰਵਾਉਣਾ ਚਾਹੀਦਾ ਹੈ ਅਤੇ ਮੈਂ ਹੁਣ ਉਸ ਇਲਾਜ ਦੇ ਸ਼ੁਰੂਆਤੀ ਪੜਾਅ ਵਿੱਚ ਹਾਂ। ਉਸਨੇ ਕਿਹਾ ਕਿ ਉਹ ਉਹਨਾਂ ਸਾਰੇ ਲੋਕਾਂ ਬਾਰੇ ਸੋਚ ਰਹੀ ਹੈ ਜੋ ਕੈਂਸਰ ਤੋਂ ਪ੍ਰਭਾਵਿਤ ਹਨ। ਇਸ ਬਿਮਾਰੀ ਦਾ ਸਾਹਮਣਾ ਕਰ ਰਹੇ ਵਿਅਕਤੀ ਕਿਸੇ ਵੀ ਰੂਪ ਵਿੱਚ ਵਿਸ਼ਵਾਸ ਜਾਂ ਉਮੀਦ ਨਾ ਗੁਆਓ। ਤੁਸੀਂ ਇਕੱਲੇ ਨਹੀਂ ਹੋ।


# VACANCIES
# JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਓਏਸਿਸ ਕਮਿਊਨਿਟੀ ਲਰਨਿੰਗ ਮਲਟੀ ਅਕੈਡਮੀ ਟਰੱਸਟ ਦੇ ਚੇਅਰਮੈਨ ਨੇ ਸਿੱਖਾਂ ਤੋਂ ਮੰਗੀ ਮੁਆਫੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਓਏਸਿਸ ਕਮਿਊਨਿਟੀ ਲਰਨਿੰਗ ਮਲਟੀ ਅਕੈਡਮੀ ਟਰੱਸਟ ਦੇ ਮੁੱਖ ਕਾਰਜਕਾਰੀ ਅਧਿਕਾਰੀ ਜੌਹਨ ਬਾਰਨੇਬੀ ਨੇ ਧਰਮ, ਕੱਟੜਪੰਥ ਅਤੇ ਅੱਤਵਾਦ ਬਾਰੇ ਜਾਣਕਾਰੀ ਦਿੰਦੀ ਇੱਕ ਸਲਾਈਡ ਵਿੱਚ ਸਿੱਖ ਯੂਥ ਯੂ ਕੇ ਨੂੰ ਵਿਖਾਇਆ ਗਿਆ ਸੀ ਜਿਸ ਤੇ ਇਤਰਾਜ਼ ਕਰਨ ‘ਤੇ ਸਿੱਖ ਭਾਈਚਾਰੇ ਤੋਂ ਹੋਏ ਮੁਆਫੀ ਮੰਗੀ ਹੈ।**

ਯੂ ਕੇ ਦੀਆਂ ਕਈ ਸਿੱਖ ਸੰਸਥਾਵਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੇ ਕੂ ਕਲਕਸ ਕਲਾਂ ਅਤੇ ਤਾਲਿਬਾਨ ਦੇ ਨਾਲ ਸਿੱਖ ਯੂਥ ਯੂ ਕੇ ਦੀ ਤਸਵੀਰ ਨੂੰ ਸ਼ਾਮਲ ਕਰਨ ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਓਏਸਿਸ ਕਮਿਊਨਿਟੀ ਲਰਨਿੰਗ ਮਲਟੀ ਅਕੈਡਮੀ ਟਰੱਸਟ ਨੂੰ ਚੁਣੌਤੀ ਦਿੱਤੀ ਸੀ। ਓਏਸਿਸ ਕਮਿਊਨਿਟੀ ਲਰਨਿੰਗ ਟਰੱਸਟ ਦੇ ਮੁੱਖ ਕਾਰਜਕਾਰੀ ਅਧਿਕਾਰੀ ਨੇ ਸਿੱਖ ਕੌਂਸਲ ਯੂ ਕੇ ਨੂੰ ਲਿਖੇ ਪੱਤਰ ਵਿੱਚ ਪੁਸ਼ਟੀ ਕੀਤੀ ਹੈ ਕਿ ਅਪਮਾਨਜਨਕ ਸਲਾਈਡਾਂ ਨੂੰ ਹੁਣ ਹਟਾ ਦਿੱਤਾ ਗਿਆ ਹੈ, ਅਕੈਡਮੀ ਟਰੱਸਟ ਨੂੰ ਆਮ ਤੌਰ 'ਤੇ ਬਹੁਤ ਉੱਚ ਪੱਧਰ 'ਤੇ ਰੱਖਿਆ ਜਾਂਦਾ ਹੈ ਅਤੇ 53 ਅਕੈਡਮੀਆਂ ਚਲਾਉਂਦਾ ਹੈ।

## ਸਿੱਖ ਫੈਡਰੇਸ਼ਨ (ਯੂ.ਕੇ.) ਦੇ ਪ੍ਰਮੁੱਖ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਕਿਹਾ:

ਓਏਸਿਸ ਦੇ ਸੀਈਓ ਲਈ ਮਾਫੀ ਮੰਗਣਾ ਅਤੇ ਸਲਾਈਡਾਂ ਨੂੰ ਹਟਾਉਣਾ ਕਾਫ਼ੀ ਨਹੀਂ ਹੈ। ਇੱਕ ਨਾਮਵਰ ਸਿੱਖ ਸੰਗਠਨ ਅਤੇ ਇਸਦੇ ਸੰਸਥਾਪਕ ਨੂੰ ਨਿਸ਼ਾਨਾ ਬਣਾਉਣਾ, ਜਿਸਦੀ ਤਸਵੀਰ ਸਲਾਈਡਾਂ ਵਿੱਚ ਦਿਖਾਈ ਗਈ ਹੈ, ਨਿੰਦਣਯੋਗ ਹੈ ਅਤੇ ਅਜਿਹਾ ਕਦੇ ਨਹੀਂ ਹੋਣਾ ਚਾਹੀਦਾ ਸੀ। ਇਸ ਘਟਨਾਂ ਦੀ ਪੂਰੀ ਤਰ੍ਹਾਂ ਜਾਂਚ ਕੀਤੇ ਜਾਣ ਦੀ ਜ਼ਰੂਰਤ ਹੈ ਕਿਉਂਕਿ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਓਏਸਿਸ ਨਸਲੀ ਨਫ਼ਰਤ ਫੈਲਾ ਰਿਹਾ ਹੈ।

# ਕੈਨੇਡਾ ਵਿਚ ਛਿੜ ਸਕਦੈ ਘਰੇਲੂ ਯੁੱਧ

ਟੋਰਾਂਟੋ : ਆਰ.ਸੀ.ਐਮ.ਪੀ. ਨੇ ਫੈਡਰਲ ਸਰਕਾਰ ਨੂੰ ਚਿਤਾਵਨੀ ਦਿਤੀ ਹੈ ਕਿ ਮਾੜੇ ਆਰਥਿਕ ਹਾਲਾਤ ਕਦੇ ਖ਼ਤਮ ਨਾ ਹੋਣ ਦਾ ਝੋਰਾ ਕੈਨੇਡਾ ਵਾਸੀਆਂ ਨੂੰ ਬਗਾਵਤ ਕਰਨ ਲਈ ਮਜਬੂਰ ਕਰ ਸਕਦਾ ਹੈ ਅਤੇ ਮੁਲਕ ਵਿਚ ਘਰੇਲੂ ਯੁੱਧ ਛਿੜ ਸਕਦਾ ਹੈ। ਨੈਸ਼ਨਲ ਪੋਸਟ ਵੱਲੋਂ ਪ੍ਰਕਾਸ਼ਤ ਰਿਪੋਰਟ ਮੁਤਾਬਕ ਪੁਲਿਸ ਦਾ ਮੰਨਣਾ ਹੈ ਕਿ ਆਉਂਦੇ ਪੰਜ ਸਾਲ ਦੌਰਾਨ ਹਾਲਾਤ ਬਦਤਰ ਹੋ ਸਕਦੇ ਹਨ। ਪੁਲਿਸ ਦੀ ਖੁਫੀਆ ਰਿਪੋਰਟ ਕਹਿੰਦੀ ਹੈ ਕਿ ਭਵਿੱਖ ਦੇ ਰਿਸੈਸ਼ਨ ਦੌਰਾਨ ਰਹਿਣ-ਸਹਿਣ ਦਾ ਪੱਧਰ ਤੇਜ਼ੀ ਨਾਲ ਹੇਠਾਂ ਜਾਵੇਗਾ। ਮਿਸਾਲ ਵਜੋਂ 35 ਸਾਲ ਤੋਂ ਘੱਟ ਉਮਰ ਦੇ ਕੈਨੇਡੀਅਨ ਆਪਣੇ ਵਾਸਤੇ ਘਰ ਖਰੀਦਣ ਦੇ ਸਮਰੱਥ ਨਹੀਂ ਹੋਣਗੇ।

# ਲੰਡਨ ਦੀਆਂ ਸੜਕਾਂ ਤੇ ਕਿਸਾਨਾਂ ਵੱਲੋਂ ਟਰੈਕਟਰ ਮਾਰਚ




ਲੰਡਨ ਦੀਆਂ ਸੜਕਾਂ ਤੇ ਰੋਸ ਪ੍ਰਦਰਸ਼ਨ ਕਰਦੇ ਕਿਸਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਿਸਾਨਾਂ ਦੀ ਉਗਾਈ ਫਸਲ ਨਾਲ ਭਾਵੇਂ ਹਰ ਇਨਸਾਨ ਦਾ ਢਿੱਡ ਭਰਦਾ ਹੈ, ਪਰ ਕਿਸਾਨਾਂ ਦੇ ਮਸਲਿਆਂ ਵੱਲ ਸਰਕਾਰਾਂ ਧਿਆਨ ਨਹੀਂ ਦੇਣਾ ਚਾਹੁੰਦੀਆਂ। ਇਹ ਰੁਝਾਨ ਵਿਸ਼ਵ ਭਰ ਵਿੱਚ ਹੈ। ਬੀਤੇ ਕੱਲ ਲੰਡਨ ਵਿੱਚ ਬਰਤਾਨਵੀ ਕਿਸਾਨਾਂ ਨੇ ਟਰੈਕਟਰ ਮਾਰਚ ਕੱਢ ਕੇ ਰੋਸ ਪ੍ਰਦਰਸ਼ਨ ਕੀਤਾ। ਜਿਸ ਵਿੱਚ ਬਰਤਾਨਵੀ ਕਿਸਾਨੀ ਨੂੰ ਵਾਪਿਸ ਲਿਆਉਣ, ਯੂ ਕੇ ਦੀ ਭੋਜਨ ਸੁਰੱਖਿਆ, ਕਿਸਾਨ ਨਹੀਂ ਤਾਂ ਭੋਜਨ ਨਹੀਂ, ਭਵਿੱਖ ਨਹੀਂ ਦੇ ਨਾਹਰਿਆਂ ਨਾਲ ਸੰਸਦ ਭਵਨ ਤੋਂ ਲੈ ਕੇ ਲੰਡਨ ਦੀਆਂ ਵੱਖ ਵੱਖ ਸੜਕਾਂ ਤੋਂ ਦੀ ਕਿਸਾਨਾਂ ਦਾ ਟਰੈਕਟਰ ਮਾਰਚ ਲੰਘਿਆ। ਕਿਸਾਨਾਂ ਅੰਦਰ ਬਰਤਾਨਵੀ ਸਰਕਾਰ ਵੱਲੋਂ ਕਿਸਾਨੀ ਨਾਲ ਸਬੰਧਿਤ ਕੀਤੇ ਜਾ ਰਹੇ ਵਪਾਰ ਸਮਝੌਤਿਆਂ ਨੂੰ ਲੈ ਕੇ ਵਿਰੋਧ ਕੀਤਾ ਜਾ ਰਿਹਾ ਹੈ। ਪ੍ਰਦਰਸ਼ਨ ਦੌਰਾਨ ਕਿਸਾਨਾਂ ਨੇ ਟੈਕਟਰਾਂ ਦੇ ਹਾਰਨ ਬਜਾਏ ਤਾਂ ਕਿ ਬੋਲੀ ਸਰਕਾਰ ਦੇ ਕੰਨਾਂ ਤੱਕ ਉਹਨਾਂ ਦੀ ਗੱਲ ਪਹੁੰਚ ਸਕੇ। ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਨਿਊਜ਼ੀਲੈਂਡ, ਆਸਟਰੇਲੀਆ ਅਤੇ 11 ਹੋਰ ਦੇਸ਼ਾਂ ਨਾਲ ਸਮਝੌਤੇ ਕੀਤੇ ਜਾ ਰਹੇ ਹਨ ਜੋ ਦੇਸ਼ ਵਿੱਚ ਘੱਟ ਮਿਆਰੀ ਭੋਜਨ ਨੂੰ ਬਿਨ੍ਹਾ ਕਿਸੇ ਆਯਾਤ ਜਾਂਚ ਦੇ ਯੂ ਕੇ ਆਉਣ ਦੀ ਇਜ਼ਾਜ਼ਤ ਦਿੰਦੇ ਹਨ। ਭਾਵੇਂ ਸਰਕਾਰ ਨੇ ਇਹ ਸ਼ਪਸ਼ਟ ਕਰ ਦਿੱਤਾ ਹੈ ਕਿ ਜੇ ਸਮਝੌਤਾ ਬਰਤਾਨੀਆਂ ਦੇ ਹੱਕ ਵਿੱਚ ਨਹੀਂ ਹੋਵੇਗਾ ਤਾਂ ਇਸ ਨੂੰ ਅੱਗੇ ਵਧਾਇਆ ਨਹੀਂ ਜਾਵੇਗਾ।

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ ‘ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ ।
ਗਰੰਟੀ ‘ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
CURRENTLY SEEKING MATCHES FOR THE FOLLOWING
JAT SIKH GIRLS (F) & BOYS (M) - (*with turban/beard):

| | | | | |
|---|---|---|---|---|
| 26 | 5'04" | BSc Optometry | Optometrist | Single (F) |
| 27 | 5'03" | B.A. History | Product Manager | Single (F) |
| 27 | 5'07" | M.D. | Doctor | Single (F) |
| 29 | 5'09" | LLB (Hons) | Lawyer (Solicitor) | Single (F) |
| 29 | 5'08" | DDA | Dentist | Single (F) |
| 29 | 5'04" | LLB (Hons) , LPC | Trainee Solicitor | Single (F) |
| 29 | 5'07" | ACCA | Accountant | Single (F) |
| 27 | 6'02" | Graduate | Financial Sector | Single (M) |
| 29 | 5'10"+ | MBChB | Doctor-GP Training | Single (M) |
| 29* | 6'00" | M.Pharms | Pharmacy Area Man. | Single (M) |
| 29 | 6'04" | Graduation | Business Owner | Single (M) |
| 30 | 5'11" | Graduation | Business Owner | Single (M) |

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਲੋਕ ਸਭਾ ਚੋਣਾਂ ਦੌਰਾਨ ਹਰ ਪਾਰਟੀ ਦਾ ਫੋਕਸ ਪੰਜਾਬ ਦੇ ਦਲਿਤ ਭਾਈਚਾਰੇ 'ਤੇ

ਖਾਸ ਖਬਰ

## ✪ ਪੰਜਾਬ ਵਿਚ ਦਲਿਤ ਅਬਾਦੀ ਪਿਛਲੀ ਜਨ-ਗਣਨਾ ਅਨੁਸਾਰ 31.96%

## ✪ ਦਲਿਤ ਲੀਡਰਸ਼ਿਪ ਦੀ ਅਣਹੋਂਦ ਕਾਰਣ ਦਲਿਤ ਸਿਆਸਤ ਪਛੜੀ

ਪੰਜਾਬ ਦੀਆਂ 2024 ਦੀਆਂ ਵਿਧਾਨ ਸਭਾ ਚੋਣਾਂ ਸਿਰ ਉਪਰ ਹਨ ਅਤੇ ਦਲਿਤ ਵੋਟ ਬੈਂਕ ਨੂੰ ਲੈ ਕੇ ਚਰਚਾ ਫਿਰ ਜ਼ੋਰਾਂ ਤੇ ਹੈ ਕਿ ਇਹ ਕਿਸ ਪਾਰਟੀ ਦੇ ਹਕ ਵਿਚ ਭੁਗਤੇਗੀ। ਪੰਜਾਬ ਵਿਚ ਸਭ ਤੋਂ ਵੱਧ ਵਸੋਂ ਅਨੁਸੂਚਿਤ ਜਾਤੀਆਂ ਦੀ ਹੈ, ਕਿਸੇ ਵੀ ਹੋਰ ਪ੍ਰਾਂਤ ਤੋਂ ਵੱਧ। ਪਿਛਲੀ ਜਨ-ਗਣਨਾ ਅਨੁਸਾਰ ਇਹ ਵਸੋਂ 31.96% ਸੀ।

ਜੇਕਰ ਪੰਜਾਬ ਦੀਆਂ 13 ਸੀਟਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚੋਂ 4 ਸੀਟਾਂ ਜਲੰਧਰ, ਹੁਸ਼ਿਆਰਪੁਰ, ਫਰੀਦਕੋਟ ਅਤੇ ਫਤਿਹਗੜ੍ਹ ਸਾਹਿਬ ਸੀਟਾਂ ਰਾਖਵੀਆਂ ਹਨ, ਜਿਨ੍ਹਾਂ 'ਤੇ ਦਲਿਤ ਭਾਈਚਾਰੇ ਦਾ ਦਬਦਬਾ ਹੈ। ਇਸ ਤਰ੍ਹਾਂ ਲੋਕ ਸਭਾ ਚੋਣਾਂ ਦੌਰਾਨ ਵੀ ਹਰ ਪਾਰਟੀ ਦਾ ਫੋਕਸ ਪੰਜਾਬ ਦੇ ਦਲਿਤ ਭਾਈਚਾਰੇ 'ਤੇ ਹੈ ਅਤੇ ਹਰ ਪਾਰਟੀ ਆਪੋ-ਆਪਣੇ ਤਰੀਕੇ ਨਾਲ ਦਲਿਤ ਭਾਈਚਾਰੇ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਕਰਦੀ ਦਿਖਾਈ ਦੇਵੇਗੀ। ਸਿਆਸੀ ਪਾਰਟੀਆਂ ਜਿਨ੍ਹਾਂ ਵਿਚ ਕਾਂਗਰਸ, ਭਾਜਪਾ ਅਤੇ ਹੁਣ ਆਪ ਵੀ ਸ਼ਾਮਲ ਹੈ, ਕਦੀ ਵੀ ਦਲਿਤਾਂ ਨੂੰ ਉਨ੍ਹਾਂ ਦਾ ਸੰਵਿਧਾਨਕ ਹੱਕ ਦੇਣ ਲਈ ਤਿਆਰ ਨਹੀਂ ਹਨ। ਬਸਪਾ ਭਾਵੇਂ ਦਲਿਤਾਂ ਦੇ ਹੱਕਾਂ ਦੀ ਗੱਲ ਕਰਦੀ ਹੈ ਅਤੇ ਵੋਟ ਬੈਂਕ ਵੀ ਇਸ ਪਾਰਟੀ ਦਾ ਸਿਰਫ਼ ਦਲਿਤ ਹੀ ਹਨ ਪਰ ਇਸ ਦੀ ਸਭ ਤੋਂ ਵੱਡੀ ਘਾਟ ਅਤੇ ਕਮਜ਼ੋਰੀ ਵੀ ਇਹੀ ਹੈ ਕਿ ਜਾਤੀਵਾਦ ਕਰ ਕੇ ਉੱਚ ਜਾਤੀਆਂ ਦੇ ਵੋਟਰ ਬਸਪਾ ਨੂੰ ਦਲਿਤਾਂ ਦੀ ਪਾਰਟੀ ਹੀ ਸਮਝਦੇ ਹਨ। ਇਥੋਂ ਤੱਕ ਕਿ ਦਲਿਤ ਵੀ ਇਸ ਪਾਰਟੀ ਨੂੰ ਵੋਟ ਨਹੀਂ ਪਾਉਂਦੇ। 1997 ਵਿਚ ਬਸਪਾ ਦਾ ਇਕੋ-ਇਕ ਐੱਮਐੱਲਏ ਗੜ੍ਹਸ਼ੰਕਰ ਤੋਂ ਜਿੱਤਿਆ ਸੀ। ਪੂਰੇ ਇਤਿਹਾਸ ਵਿਚ ਇਹੀ ਇੱਕ ਚੋਣ ਸੀ ਜੋ ਸਹੀ ਮਾਇਨਿਆਂ ਵਿਚ ਬਸਪਾ ਦੀ ਝੋਲੀ ਪਾਈ ਜਾ ਸਕਦੀ ਹੈ, ਕਿਉਂਕਿ 1992 ਦੀਆਂ ਚੋਣਾਂ ਵਿਚ ਅਕਾਲੀ ਦਲ ਨੇ ਚੋਣਾਂ ਦਾ ਬਾਈਕਾਟ ਕਰ ਦਿੱਤਾ ਸੀ ਅਤੇ 1996 ਦੀਆਂ ਚੋਣਾਂ ਅਕਾਲੀਆਂ ਨਾਲ ਮਿਲ ਕੇ ਲੜੀਆਂ ਸਨ।

ਇਉਂ ਬਸਪਾ ਦਾ ਪੂਰਾ ਇਤਿਹਾਸ ਗੜ੍ਹਸ਼ੰਕਰ ਦੀ 1997 ਦੀ ਇਕੋ-ਇੱਕ ਚੋਣ ਦੁਆਲੇ ਘੁੰਮਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਲੀਡਰਸ਼ਿਪ ਦੀ ਘਾਟ, ਕਾਡਰ ਦੀ ਟ੍ਰੇਨਿੰਗ ਦੀ ਕਮੀ, ਦਲਿਤਾਂ ਵਿਚ ਵੀ ਸਿਰਫ਼ ਇਕ ਜਾਤੀ ਤੱਕ ਸੀਮਤ ਹੋ ਕੇ ਰਹਿ ਜਾਣਾ, ਸੋਮਿਆਂ ਦੀ ਅਣਹੋਂਦ ਬਸਪਾ ਨੂੰ ਕਦੇ ਵੀ ਰਾਜ ਸੁੱਖ ਮਾਨਣ ਦਾ ਮੌਕਾ ਮੁਹੱਈਆ ਕਰਦੀ ਨਜ਼ਰ ਨਹੀਂ ਆਉਂਦੀ। ਹਾਂ, ਜੇਕਰ ਕਿਸੇ ਸਿਆਸੀ ਪਾਰਟੀ ਨਾਲ ਗੱਠਜੋੜ ਕਰ ਕੇ ਸੱਤਾ ਵਿਚ ਆ ਜਾਵੇ ਤਾਂ ਵੱਖਰੀ ਗੱਲ ਹੈ। ਪੰਜਾਬ ਦੀਆਂ ਰਾਜਸੀ ਪਾਰਟੀਆਂ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਦਲਿਤਾਂ ਵਿਚੋਂ ਬਣਾਉਣ ਦੀਆਂ ਛੁਰਲੀਆਂ ਕਾਫੀ ਸਮੇਂ ਤੋਂ ਛਡ ਰਹੀਆਂ ਹਨ।

ਪੰਜਾਬ ਦੀ ਸਿਆਸਤ ਦੀ ਗੱਡੀ ਦਲਿਤ ਵੋਟਰਾਂ ਨੂੰ ਅਣਦੇਖਿਆਂ ਕਰਕੇ ਨਹੀਂ ਚੱਲ ਸਕਦੀ। ਇਸ ਭਾਈਚਾਰੇ ਵਿਚੋਂ ਹੁਸ਼ਿਆਰਪੁਰ ਵਿਚ ਕੋਈ ਨਾ ਕੋਈ ਕੇਂਦਰੀ ਮੰਤਰੀ ਜ਼ਰੂਰ ਹੁੰਦਾ ਹੈ। ਸਾਲ 2013 ਵਿਚ ਹੁਸ਼ਿਆਰਪੁਰ ਤੋਂ ਸੰਤੋਸ਼ ਚੌਧਰੀ ਕੇਂਦਰੀ ਸਿਹਤ ਰਾਜ ਮੰਤਰੀ ਬਣੀ ਸੀ।



ਸਾਲ 2014 ਵਿਚ ਵਿਜੇ ਸਾਂਪਲਾ ਕੇਂਦਰੀ ਮੰਤਰੀ ਬਣੇ ਸਨ ਅਤੇ ਹੁਣ ਸੋਮ ਪ੍ਰਕਾਸ਼ ਕੇਂਦਰੀ ਮੰਤਰੀ ਹਨ। ਜੇਕਰ 4 ਰਿਜ਼ਰਵ ਸੀਟਾਂ ਦੀ ਗੱਲ ਕਰੀਏ ਤਾਂ ਜਲੰਧਰ ਵਿਚ 39.9 ਫ਼ੀਸਦੀ ਦਲਿਤ ਭਾਈਚਾਰਾ ਹੈ, ਜਦੋਂ ਕਿ ਹੁਸ਼ਿਆਰਪੁਰ ਵਿਚ 33.3 ਫ਼ੀਸਦੀ, ਫਰੀਦਕੋਟ ਵਿਚ 34 ਫ਼ੀਸਦੀ ਅਤੇ ਫਤਿਹਗੜ੍ਹ ਸਾਹਿਬ ਵਿਚ 33.1 ਫ਼ੀਸਦੀ ਦਲਿਤ ਭਾਈਚਾਰੇ ਦੇ ਲੋਕ ਰਹਿੰਦੇ ਹਨ।

ਇਨ੍ਹਾਂ 9 ਜਨਰਲ ਸੀਟਾਂ 'ਤੇ ਦਲਿਤ ਭਾਈਚਾਰੇ ਦਾ ਦਬਦਬਾ

ਅੰਮ੍ਰਿਤਸਰ ਵਿਚ 29.6 ਫ਼ੀਸਦੀ, ਅਨੰਦਪੁਰ ਸਾਹਿਬ ਵਿਚ 31.3 ਫ਼ੀਸਦੀ, ਬਠਿੰਡਾ ਵਿਚ 34 ਫ਼ੀਸਦੀ, ਫਿਰੋਜ਼ਪੁਰ 'ਚ 43.1 ਫ਼ੀਸਦੀ, ਗੁਰਦਾਸਪੁਰ ਵਿਚ 25 ਫ਼ੀਸਦੀ, ਖਡੂਰ ਸਾਹਿਬ ਵਿਚ 35.3 ਫ਼ੀਸਦੀ, ਲੁਧਿਆਣਾ ਵਿਚ 23.4 ਫ਼ੀਸਦੀ, ਪਟਿਆਲਾ ਵਿਚ 23.7 ਫ਼ੀਸਦੀ ਅਤੇ ਸੰਗਰੂਰ ਵਿਚ 29.3 ਫ਼ੀਸਦੀ ਦਲਿਤ ਭਾਈਚਾਰਾ ਹੈ।

ਪੱਤਰਕਾਰ ਜਸਪਾਲ ਕੈਂਥ ਦਾ ਕਹਿਣਾ ਹੈ ਕਿ ਦਲਿਤ ਸਿਆਸਤ ਦਾ ਉਭਾਰ ਨਾ ਹੋਣ ਦਾ ਕਾਰਣ ਅਨੁਸੂਚਿਤ ਜਾਤੀ ਸਮੂਹ ਵਿਚ ਏਕੇ ਦੀ ਘਾਟ ਹੈ। ਪੰਜਾਬ ਵਿਚ 39 ਜਾਤੀਆਂ ਅਨੁਸੂਚਿਤ ਜਾਤੀ ਵਰਗ ਵਿਚ ਆਉਂਦੀਆਂ ਹਨ। ਇਹ ਸਾਰੀਆਂ ਜਾਤੀਆਂ ਭਾਵੇਂ ਹਿੰਦੂ ਸਮਾਜ ਦੀ ਪੌੜੀ ਦੇ ਸਭ ਤੋਂ ਹੇਠਲੇ ਡੰਡੇ ਤੇ ਹਨ ਪਰ ਆਪਸ ਵਿਚ ਇਹ ਉਵੇਂ ਹੀ ਵੰਡੇ ਹੋਏ ਹਨ, ਜਿਵੇਂ ਹਿੰਦੂ ਸਮਾਜ ਦੇ ਉੱਪਰਲੇ ਵਰਣ। ਕੈਂਥ ਦਾ ਕਹਿਣਾ ਹੈ ਕਿ ਕਈ ਗੱਲਾਂ ਵਿਚ ਤਾਂ ਇਨ੍ਹਾਂ ਦਾ ਵਖਰੇਵਾਂ ਉੱਪਰਲੀਆਂ ਜਾਤੀਆਂ ਤੋਂ ਵੀ ਕਿਤੇ ਵੱਧ ਨਜ਼ਰ ਆਉਂਦਾ ਹੈ। ਉੱਪਰਲੇ ਵਰਣਾਂ ਵਿਚ ਰੋਟੀ-ਬੇਟੀ ਦੀ ਸਾਂਝ ਹੈ ਅਤੇ ਵਿਆਹ ਦਾ ਰਿਸ਼ਤਾ ਦੇਖਣ ਨੂੰ ਮਿਲਦਾ ਹੈ ਪਰ ਅਨੁਸੂਚਿਤ ਜਾਤੀਆਂ ਵਿਚ ਰੋਟੀ-ਬੇਟੀ ਦੀ ਸਾਂਝ ਕਿਤੇ ਵਿਰਲੇ ਪ੍ਰੇਮ-ਵਿਆਹ ਨੂੰ ਛੱਡ ਕੇ ਦੇਖਣ ਨੂੰ ਨਹੀਂ ਮਿਲਦੀ। ਸਮਾਜ ਬੁਰੀ ਤਰ੍ਹਾਂ ਜਾਤੀਵਾਦ ਅਤੇ ਮਨੂੰਵਾਦ ਤੋਂ ਗ੍ਰਸਤ ਹੈ। ਪੰਜਾਬ ਵਿਚ ਦੋ ਮੁੱਖ ਵਰਗ ਅਨੁਸੂਚਿਤ ਜਾਤੀ ਨਾਲ ਸਬੰਧਤ ਹਨ- ਮਜ਼ਹਬੀ ਸਿੱਖ/ਬਾਲਮੀਕੀ ਅਤੇ ਰਾਮਦਾਸੀਆ ਸਿੱਖ/ਆਦਿ ਧਰਮੀ ਪਰ ਇਨ੍ਹਾਂ ਦੋਹਾਂ ਵਿਚ ਵੀ ਸਮਾਜਿਕ ਤੌਰ ਤੇ ਜ਼ਮੀਨ ਅਸਮਾਨ ਵਰਗੇ ਵਖਰੇਵੇਂ ਹਨ। ਇਸ ਸਮਾਜਿਕ ਕਮਜ਼ੋਰੀ ਦਾ ਫ਼ਾਇਦਾ ਇਕ ਵਰਗ ਨੂੰ ਦੂਜੇ ਵਰਗ ਖ਼ਿਲਾਫ਼ ਖੜ੍ਹਾ ਕਰ ਕੇ ਸਿਆਸੀ ਪਾਰਟੀਆਂ ਖੂਬ ਲੈਂਦੀਆਂ ਹਨ। ਪੰਜਾਬ ਵਿਚ 34 ਸੀਟਾਂ ਐੱਮਐੱਲਏ ਦੀਆਂ ਹੋਣ ਦੇ ਬਾਵਜੂਦ ਇਹ ਐੱਮਐੱਲਏ ਕਦੇ ਇਕੱਠੇ ਨਹੀਂ ਹੁੰਦੇ, ਸਾਂਝੇ ਮੁੱਦਿਆਂ ਤੇ ਗੱਲ ਕਰਦੇ ਵੀ ਨਜ਼ਰ ਨਹੀਂ ਆਉਂਦੇ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਅਨੁਸਾਰ ਦਲਿਤ ਸਿਆਸਤ ਦੇ ਪਛੜਨ ਦਾ ਕਾਰਣ ਲੀਡਰਸ਼ਿਪ ਦੀ ਅਣਹੋਂਦ ਹੈ। ਦੇਸ਼ ਪੱਧਰ ਤੇ ਡਾ. ਅੰਬੇਡਕਰ ਹੀ ਅਜਿਹੇ ਨੇਤਾ ਹੋਏ ਹਨ ਜਿਨ੍ਹਾਂ ਆਪਣੀ ਬਲ-ਬੁੱਧੀ ਦਾ ਸਿੱਕਾ ਨਾ ਸਿਰਫ਼ ਭਾਰਤ ਵਿਚ ਹੀ ਜਮਾਇਆ ਬਲਕਿ ਉਨ੍ਹਾਂ ਦੀ ਵਿਦਵਤਾ ਦਾ ਲੋਹਾ ਉਨ੍ਹਾਂ ਦੇ ਵਿਰੋਧੀ ਵੀ ਮੰਨਦੇ ਸਨ। ਦਲਿਤ ਲੋਕਾਂ ਨੇ ਵੀ ਉਨ੍ਹਾਂ ਨੂੰ ਰੱਜਵਾਂ ਪਿਆਰ ਦਿੱਤਾ। ਕਾਂਸ਼ੀ ਰਾਮ ਨੇ ਵੀ ਪੂਰੀ ਜ਼ਿੰਦਗੀ ਸਮਾਜ ਵਿਚ ਰਾਜ ਸੱਤਾ ਦੀ ਭੁੱਖ ਪੈਦਾ ਕਰਨ ਅਤੇ ਰਾਜ ਸੱਤਾ ਵਿਚ ਚਸਕਾ ਪੈਦਾ ਕਰਨ ਵਿਚ ਲਾ ਦਿੱਤੀ। ਕਾਂਸ਼ੀ ਰਾਮ ਦੇ ਯਤਨਾਂ ਸਦਕਾ ਉਨ੍ਹਾਂ ਦੀ ਜ਼ਿੰਦਗੀ ਦੌਰਾਨ ਹੀ ਦਲਿਤ ਸਮਾਜ ਨੂੰ ਯੂਪੀ ਵਰਗੇ ਵੱਡੇ ਰਾਜ ਵਿਚ ਸੱਤਾ ਸੁੱਖ ਭੋਗਣ ਦਾ ਮੌਕਾ ਮਿਲਿਆ। ਬਦਕਿਸਮਤੀ ਇਹ ਰਹੀ ਕਿ ਨਾ ਤਾਂ ਕਾਂਸ਼ੀ ਰਾਮ ਦੇ ਸਮੇਂ, ਨਾ ਹੀ ਬਾਅਦ ਵਿਚ ਰਾਜ ਸੱਤਾ ਦਾ ਇਹ ਤਜਰਬਾ ਕਿਸੇ ਹੋਰ ਰਾਜ ਵਿਚ ਜਾਂ ਕੇਂਦਰ ਸਰਕਾਰ ਬਣਾਉਣ ਲਈ ਕੰਮ ਆਇਆ ਸੁਖਦੇਵ ਸਿੰਘ ਇਹ ਵੀ ਆਖਦੇ ਹਨ ਕਿ ਦਲਿਤ ਸਮਾਜ ਵਿਚ ਲੀਡਰਸ਼ਿਪ ਦੀ ਘਾਟ ਹੈ। ਜੋ ਵੀ ਪੜ੍ਹਿਆ ਲਿਖਿਆ, ਰਾਜਸੀ ਸੋਚ ਵਾਲਾ ਸ਼ਖ਼ਸ ਪਹਿਲਾਂ ਦਲਿਤਾਂ ਦੇ ਹੱਕਾਂ ਦੀਆਂ ਵਧ ਚੜ੍ਹ ਕੇ ਗੱਲਾਂ ਕਰਦਾ ਹੈ, ਫਿਰ ਚੋਣਾਂ ਲੜਦਾ ਹੈ ਅਤੇ ਦਲਿਤ ਲੋਕ ਉਸ ਨੂੰ ਆਪਣਾ ਮਸੀਹਾ ਸਮਝ ਕੇ ਵੋਟਾਂ ਪਾਉਂਦੇ ਹਨ। ਫਿਰ ਉਹੀ ਸ਼ਖ਼ਸ ਆਪਣੀ ਬਣ ਚੁੱਕੀ ਵੁਕਤ ਦਾ ਲਾਹਾ ਲੈ ਕੇ ਕਿਸੇ ਨਾ ਕਿਸੇ ਉੱਪਰਲੀ ਜਾਤੀ ਦੀਆਂ ਚਲਾਈਆਂ ਸਿਆਸੀ ਪਾਰਟੀਆਂ ਦਾ ਹਿੱਸਾ ਬਣ ਕੇ ਰਾਜ ਸੱਤਾ ਦਾ ਹਿੱਸਾ ਬਣ ਜਾਂਦਾ ਹੈ। ਬਸਪਾ ਛੱਡ ਕੇ ਗਏ ਸਾਰੇ ਨੇਤਾ ਇਸ ਦੀ ਉੱਤਮ ਉਦਾਹਰਨ ਹਨ।

ਉਨ੍ਹਾਂ ਕਿਹਾ ਕਿ ਦਲਿਤ ਲੀਡਰਸ਼ਿਪ ਨੂੰ ਡਾ. ਅੰਬੇਡਕਰ ਵਰਗਾ ਵਿਦਵਾਨ, ਚਤੁਰ ਤੇ ਸਿਆਣਾ ਅਤੇ ਕਾਂਸ਼ੀ ਰਾਮ ਵਰਗਾ ਤਿਆਗੀ ਬਣਨਾ ਪਵੇਗਾ, ਨਹੀਂ ਤਾਂ ਰਾਜ ਸੱਤਾ ਦਾ ਸੁਪਨਾ ਸੁਪਨਾ ਹੀ ਬਣਿਆ ਰਹੇਗਾ। ਜਦੋਂ ਸਮਾਜ ਦੇ ਲੀਡਰ ਆਪਣੇ ਬਾਰੇ ਸੋਚਣਗੇ, ਸਮਾਜ ਬਾਰੇ ਨਹੀਂ; ਤਾਂ ਦਲਿਤ ਕਦੇ ਰਾਜ ਸੱਤਾ ਨਹੀਂ ਭੋਗ ਸਕਦੇ।

ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ।

# ਅਕਾਲ ਤਖ਼ਤ ਸਾਹਿਬ ਵਲੋਂ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀ ਭੁੱਖ ਹੜਤਾਲ ਖ਼ਤਮ ਕਰਵਾਈ

## ✪ ਜਥੇਦਾਰ ਨੇ ਡਿਬਰੂਗੜ੍ਹ ਜੇਲ੍ਹ ਭੇਜੇ ਗਏ ਸਨ ਪੰਜ ਸਿੰਘ

ਅੰਮ੍ਰਿਤਸਰ-ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਭੇਜੇ ਗਏ ਪੰਜ ਸਿੰਘਾਂ ਦਾ ਆਦੇਸ਼ ਮੰਨ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੇ ਆਪਣੀ 35 ਦਿਨਾਂ ਤੋਂ ਚੱਲ ਰਹੀ ਭੁੱਖ ਹੜਤਾਲ ਸਮਾਪਤ ਕੀਤੀ। ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਦੀ ਭੁੱਖ ਹੜਤਾਲ ਖ਼ਤਮ ਕਰਵਾਉਣ ਲਈ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 7 ਮੈਂਬਰੀ ਵਫ਼ਦ ਡਿਬਰੂਗੜ੍ਹ ਪਹੁੰਚਿਆ। ਇਹ ਵਫਦ ਆਪਣੇ ਨਾਲ ਸ੍ਰੀ ਦਰਬਾਰ ਸਾਹਿਬ ਦਾ ਪ੍ਰਸ਼ਾਦ ਤੇ ਸਰੋਵਰ ਦਾ ਜਲ ਲੈ ਕੇ ਗਿਆ ਸੀ।

ਵਫਦ ਦੀ ਅਗਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਕਰ ਰਹੇ ਸਨ। ਵਫਦ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਬਿਕਰਮਜੀਤ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਨਿਸ਼ਾਨ ਸਿੰਘ, ਭਾਈ ਬਲਵਿੰਦਰ ਸਿੰਘ ਦੇ ਨਾਲ ਅੰਮ੍ਰਿਤਪਾਲ ਸਿੰਘ ਦੇ ਚਾਚਾ ਸੁਖਚੈਨ ਸਿੰਘ ਵੀ ਡਿਬਰੂਗੜ੍ਹ ਜੇਲ੍ਹ ਪਹੁੰਚੇ ਸਨ।

# ਪੰਜਾਬ ਵਿਚ ਸਿਖ ਵਿਰਸੇ ਦੇ ਟੂਰਿਜ਼ਮ ਵਿਕਸਤ ਕਰਨ ਦੀ ਲੋੜ

## ✪ ਪੰਜਾਬ ਸਰਕਾਰ ਰਿਆਸਤੀ ਤੇ ਵਿਰਾਸਤੀ ਥਾਵਾਂ ਦੀ ਜ਼ਿੰਮੇਵਾਰੀ ਨਿਭਾਵੇ



ਪੰਜਾਬ ਟਾਈਮਜ਼ ਅਨੁਸਾਰ ਬਹੁਤ ਸਾਰੇ ਪੰਜਾਬੀ ਵਿਦੇਸ਼ਾਂ ਵਿਚ ਵਸੇ ਹੋਏ ਹਨ। ਉਹ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਯਤਨ ਕਰਦੇ ਹਨ। ਸਾਫ ਸੁਥਰੇ ਮਾਹੌਲ ਵਿਚ ਪਲੇ ਇਨ੍ਹਾਂ ਬੱਚਿਆਂ ਨੂੰ ਜੇ ਰੁਖੇਪਣ ਅਤੇ ਗੰਦਗੀ ਦਾ ਸਾਹਮਣਾ ਕਰਨਾ ਪਵੇ ਤਾਂ ਉਹ ਆਪਣੇ ਵਿਰਸੇ ਨਾਲ ਜੁੜਨ ਦੀ ਥਾਂ ਦੂਰ ਹੋਣਗੇ। ਸੈਰ ਸਪਾਟੇ ਦੀ ਸਫਲਤਾ ਲਈ ਵਧੀਆ ਗਾਈਡ ਦਾ ਹੋਣਾ ਵੀ ਜ਼ਰੂਰੀ ਹੈ। ਗਾਈਡ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਆਪਣੀਆਂ ਗੱਲਾਂ ਨਾਲ ਸੈਲਾਨੀਆਂ ਦਾ ਮਨ ਵੀ ਪਰਚਾਈ ਜਾਵੇ ਅਤੇ ਲੋੜੀਂਦੀ ਜਾਣਕਾਰੀ ਵੀ ਦੇ ਸਕੇ। ਸੈਰ ਸਪਾਟੇ ਦੇ ਵਿਕਾਸ ਲਈ ਸੈਰ ਸਪਾਟਾ ਪੈਕੇਜ ਬਣਾਏ ਜਾਣ। ਇਹ ਪੈਕੇਜ ਇਕ ਦਿਨ ਦੇ ਪ੍ਰੋਗਰਾਮ ਨੂੰ ਲੈ ਕੇ ਇਕ ਹਫ਼ਤੇ ਜਾਂ ਪੰਦਰਾਂ ਦਿਨਾਂ ਦੇ ਹੋ ਸਕਦੇ ਹਨ। ਇਹ ਪੱਕਾ ਕੀਤਾ ਜਾਵੇ ਕਿ ਸੈਲਾਨੀਆਂ ਨੂੰ ਸਾਫ ਸੁਥਰੀਆਂ ਗੱਡੀਆਂ ਰਾਹੀਂ ਸਾਫ ਸੁਥਰੇ ਹੋਟਲਾਂ ਵਿਚ ਠਹਿਰਾ ਕੇ ਸ਼ੁੱਧ ਭੋਜਨ ਦਾ ਪ੍ਰਬੰਧ ਕੀਤਾ ਜਾਵੇ। ਸੈਰ ਸਪਾਟਾ ਪੈਕੇਜਾਂ ਬਾਰੇ ਸਚਿੱਤਰ ਕਿਤਾਬਚੇ ਛਾਪੇ ਜਾਣ ਅਤੇ ਇਨ੍ਹਾਂ ਦਾ ਦੇਸ਼ ਅਤੇ ਪ੍ਰਦੇਸ਼ਾਂ ਵਿਚ ਪ੍ਰਚਾਰ ਕੀਤਾ ਜਾਵੇ। ਪੰਜਾਬ ਦੀ ਖੂਬਸੂਰਤੀ ਅਤੇ ਇਥੋਂ ਦੇ ਉਤਪਾਦਾਂ ਦਾ ਪ੍ਰਚਾਰ ਕੀਤਾ ਜਾਵੇ।

ਖ਼ਾਲਸਾ ਪੰਥ ਦੀ ਸਥਾਪਨਾ ਦੇ ਤ੍ਰੈ-ਸ਼ਤਾਬਦੀ ਸਮਾਰੋਹਾਂ ਮੌਕੇ ਕਈ ਨਵੇਂ ਪ੍ਰਾਜੈਕਟ ਐਲਾਨੇ ਗਏ ਸਨ। ਉਨ੍ਹਾਂ ਵਿਚੋਂ 14 ਪ੍ਰਾਜੈਕਟਾਂ ਦੀ ਮੁੜ ਕੇ ਸਾਰ ਹੀ ਨਹੀਂ ਲਈ ਗਈ। ਉਹ ਪ੍ਰਾਜੈਕਟ ਜੇ ਨੇਪਰੇ ਚੜ੍ਹ ਜਾਂਦੇ ਤਾਂ ਸ੍ਰੀ ਅਨੰਦਪੁਰ ਸਾਹਿਬ 'ਚ ਸ਼ਰਧਾਲੂਆਂ ਦੇ ਨਾਲ-ਨਾਲ ਸੈਲਾਨੀਆਂ ਦੀ ਆਮਦ ਵੀ ਕਿਤੇ ਜ਼ਿਆਦਾ ਵਧ ਜਾਣੀ ਸੀ। ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਨੇਚਰ ਰਿਜ਼ਰਵ ਪ੍ਰਾਜੈਕਟ ਦੇ ਕਾਗਜ਼ਾਂ ਵਿਚ ਦੱਬ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਪ੍ਰਾਜੈਕਟ ਦਾ ਨੀਂਹ-ਪੱਥਰ ਖ਼ਾਲਸਾ ਪੰਥ ਦੀ ਸਾਜਨਾ ਦੇ ਅਵਸਰ 'ਤੇ 1999 ਵਿਚ ਉਦੋਂ ਦੇ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ ਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਜੂਦਗੀ ਵਿਚ ਰੱਖਿਆ ਗਿਆ ਸੀ। ਇਹ ਪ੍ਰਾਜੈਕਟ 289 ਏਕੜ ਰਕਬੇ 'ਚ ਤਿਆਰ ਹੋਣਾ ਸੀ। ਇਸ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਉਦੋਂ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਤਿਆਰ ਕੀਤਾ ਸੀ। ਇਸ ਲਈ ਅਨੰਦਪੁਰ ਸਾਹਿਬ ਲਾਗਲੇ ਪਿੰਡ ਜੱਜਰ ਦੀ ਚੋਣ ਕੀਤੀ ਗਈ ਸੀ ਕਿਉਂਕਿ ਇਹ ਇਲਾਕਾ ਕੁਦਰਤੀ ਜੜ੍ਹੀਆਂ-ਬੂਟੀਆਂ ਨਾਲ ਭਰਪੂਰ ਹੈ। ਸਿਰਫ਼ ਇਹੋ ਇਕ ਖੇਤਰ ਹੀ ਨਹੀਂ, ਸ਼ਿਵਾਲਿਕ ਦਾ ਸਮੁੱਚਾ ਪਹਾੜੀ ਇਲਾਕਾ ਹੀ ਮਨੁੱਖੀ ਇਲਾਜ ਵਿਚ ਕੰਮ ਆਉਣ ਵਾਲੇ ਵਡਮੁੱਲੇ ਤੱਤਾਂ ਨਾਲ ਜ਼ਰਖ਼ੇਜ਼ ਹੈ। ਇੱਥੇ ਮੌਜੂਦ ਦੁਰਲਭ ਤੇ ਬੇਸ਼ਕੀਮਤੀ ਜੜ੍ਹੀਆਂ-ਬੂਟੀਆਂ ਦੀ ਕਦੇ ਬਹੁਤੀ ਖੋਜ ਕੀਤੀ ਹੀ ਨਹੀਂ ਗਈ। ਸਤਲੁਜ ਦਰਿਆ ਦੇ ਕੰਢੇ 'ਤੇ ਸਥਿਤ ਹੋਣ ਕਾਰਨ ਅਨੰਦਪੁਰ ਸਾਹਿਬ ਤੇ ਉਸ ਦੇ ਆਲੇ-ਦੁਆਲੇ ਦਾ ਇਲਾਕਾ ਹਰਿਆਲੀ ਨਾਲ ਲਬਰੇਜ਼ ਹੈ। ਇਸ ਨਗਰ ਨੂੰ ਨੌਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੀ ਚਰਨ-ਛੋਹ ਵੀ ਹਾਸਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਵੀ 1699 ਵਿਚ ਇੱਥੇ ਹੀ ਕੀਤੀ ਸੀ। ਸਿੱਖ ਪੰਥ ਦੇ ਪੰਜ ਤਖ਼ਤ ਸਾਹਿਬਾਨ ਵਿਚੋਂ ਇਕ ਇੱਥੇ ਹੀ ਹੈ। ਵਿਰਾਸਤ-ਏ-ਖ਼ਾਲਸਾ ਵੇਖਣ ਲਈ ਵੀ ਸੈਲਾਨੀ ਇੱਥੇ ਪੁੱਜਦੇ ਹਨ। ਜੇ ਕਿਤੇ ਪ੍ਰਸਤਾਵਤ ਨੇਚਰ ਰਿਜ਼ਰਵ ਸਮੇਤ ਸਾਰੇ 14 ਪ੍ਰਾਜੈਕਟ ਹੀ ਮੁਕੰਮਲ ਕੀਤੇ ਜਾਂਦੇ ਤਾਂ ਇਸ ਗੁਰੂ ਨਗਰੀ ਨੂੰ ਚਾਰ ਚੰਨ ਹੋਰ ਲੱਗ ਜਾਣੇ ਸਨ।

ਪੰਜਾਬ ਵਿਚ ਅਜਿਹੇ ਬਹੁਤ ਸਾਰੇ ਸਥਾਨ ਹਨ ਜਿਨ੍ਹਾਂ ਨੂੰ ਧਾਰਮਿਕ ਟੂਰਿਜ਼ਮ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ ਪਰ ਉਸ ਪਾਸੇ ਧਿਆਨ ਕੇਂਦ੍ਰਿਤ ਹੀ ਨਹੀਂ ਕੀਤਾ ਜਾਂਦਾ। ਹੋਰਨਾਂ ਦੇਸ਼ਾਂ ਵਿਚ ਕਿਤੇ ਨਿੱਕਾ ਜਿਹਾ ਛੱਪੜ ਵੀ ਮੌਜੂਦ ਹੁੰਦਾ ਹੈ, ਉਸ ਥਾਂ ਦੀ ਸਾਫ਼-ਸਫ਼ਾਈ ਕਰਵਾ ਕੇ ਉਸ ਨੂੰ ਝੀਲ ਦਾ ਰੂਪ ਦੇ ਦਿੱਤਾ ਜਾਂਦਾ ਹੈ ਅਤੇ ਫਿਰ ਉਸ ਵਿਚ ਰੰਗ-ਬਿਰੰਗੀਆਂ ਮੱਛੀਆਂ ਤੇ ਕਿਸ਼ਤੀਆਂ ਛੱਡ ਦਿੱਤੀਆਂ ਜਾਂਦੀਆਂ ਹਨ। ਇੰਜ ਉਹ ਜਗ੍ਹਾ ਛੇਤੀ ਹੀ ਸੈਰ-ਸਪਾਟੇ ਦੇ ਵੱਡੇ ਕੇਂਦਰ ਵਿਚ ਤਬਦੀਲ ਹੋ ਜਾਂਦੀ ਹੈ। ਪੰਜਾਬ ਵਿਚ ਅਜਿਹੀਆਂ ਅਥਾਹ ਸੰਭਾਵਨਾਵਾਂ ਮੌਜੂਦ ਹਨ ਪਰ ਉਸ ਪਾਸੇ ਸ਼ਾਇਦ ਪੰਜਾਬ ਸਰਕਾਰ ਤੇ ਸ੍ਰੋਮਣੀ ਕਮੇਟੀ ਵਲੋਂ ਕਦੇ ਸੋਚਿਆ ਵੀ ਨਹੀਂ ਗਿਆ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੂਬੇ ਵਿਚ ਮੌਜੂਦ ਅਜਿਹੇ ਸਾਰੇ ਹੀ ਸੰਭਾਵੀ ਸਥਾਨਾਂ ਦੀ ਸ਼ਨਾਖ਼ਤ ਕਰੇ। ਸਾਡੇ ਗੁਆਂਢੀ ਰਾਜਾਂ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿਚ ਇਹ ਸਨਅਤ ਚੋਖੀ ਵਿਕਸਤ ਹੋ ਚੁੱਕੀ ਹੈ। ਸਾਡੇ ਨਾਲੋਂ ਤਾਂ ਹਰਿਆਣਾ ਵੀ ਅੱਗੇ ਹੈ। ਜੇ ਰਾਜਸਥਾਨ ਆਪਣੇ ਰੇਤ ਦੇ ਟਿੱਬਿਆਂ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾ ਸਕਦਾ ਹੈ ਤਾਂ ਪੰਜਾਬ ਵਿਚ ਪਟਿਆਲਾ, ਕਪੂਰਥਲਾ, ਸੰਗਰੂਰ, ਜਲੰਧਰ ਤੋਂ ਸਾਇੰਸ ਸਿਟੀ, ਕਪੂਰਥਲਾ, ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਸਾਹਿਬ, ਵਾਹਗਾ ਸਰਹੱਦ, ਖਡੂਰ ਸਾਹਿਬ ਤੇ ਤਰਨ ਤਾਰਨ, ਸਰਹਿੰਦ, ਨਾਭਾ, ਮਲੇਰਕੋਟਲਾ ਆਦਿ ਰਿਆਸਤੀ ਤੇ ਵਿਰਾਸਤੀ ਸ਼ਹਿਰ ਵੀ ਹਨ। ਅਨੰਦਪੁਰ ਸਾਹਿਬ ਇਲਾਕੇ ਵਿਚ ਖ਼ਾਲਸਾਈ ਫ਼ਿਲਾਸਫ਼ੀ ਦੇ ਕੁਦਰਤ ਨਾਲ ਮਿਲਾਪ ਨੂੰ ਦਰਸਾਉਂਦੇ ਪਾਰਕ ਤੇ ਪੌਦਿਆਂ ਦੇ ਅਜਾਇਬਘਰ ਵੀ ਕਾਇਮ ਕੀਤੇ ਜਾ ਸਕਦੇ ਸਨ ਪਰ ਅਫ਼ਸੋਸ, ਇਸ ਦਿਸ਼ਾ ਵਿਚ ਕੁਝ ਵੀ ਨਹੀਂ ਕੀਤਾ ਗਿਆ। ਇਨ੍ਹਾਂ ਨੂੰ ਪੰਜਾਬ ਸਰਕਾਰ ਸੈਲਾਨੀ ਕੇਂਦਰ ਬਣਾ ਸਕਦੀ ਹੈ। ਲਾਂਗੜੀਆਂ, ਅਤੇ ਲੁਧਿਆਣਾ ਦਾ ਰਾਹ ਹੈ। ਪੰਜਾਬ ਵਿਚ ਸਿੱਖ ਧਰਮ ਦੇ ਤਿੰਨ ਤਖਤ ਸਾਹਿਬਾਨ ਹਨ। ਉਨ੍ਹਾਂ ਥਾਵਾਂ ਨੂੰ ਵੱਡੇ ਪੱਧਰ 'ਤੇ ਵਿਕਸਤ ਕੀਤਾ ਜਾਵੇ। ਇਸ ਨਾਲ ਜਿੱਥੇ ਸਰਕਾਰ ਦੀ ਆਮਦਨ ਵਧੇਗੀ, ਉੱਥੇ ਹਰੇਕ ਅਜਿਹੇ ਸਥਾਨ 'ਤੇ ਰੁਜ਼ਗਾਰ ਦੇ ਅਨੇਕ ਮੌਕੇ ਵੀ ਪੈਦਾ ਹੋਣਗੇ।

# ਸਵੱਛ ਵਾਤਾਵਰਣ ਦੀ ਲੋਕ ਸਭਾ ਚੋਣਾਂ ਵਿੱਚ ਕੋਈ ਚਰਚਾ ਨਹੀਂ

## ✪ ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆ ਵਿੱਚ ਪ੍ਰਦੂਸ਼ਣ ਪਖੋਂ ਭਾਰਤ ਸਭ ਤੋਂ ਉੱਪਰ ✪ ਸਿਆਸੀ ਪਾਰਟੀਆਂ ਲਈ ਲੋਕ ਮੁੱਦੇ ਵੀ ਕੋਈ ਮਾਇਨੇ ਨਹੀਂ ਰੱਖਦੇ

ਪੰਜਾਬ ਟਾਈਮਜ਼ ਅਨੁਸਾਰ ਰਾਜਨੀਤਕ ਪਾਰਟੀਆਂ ਵੱਖ-ਵੱਖ ਮੁੱਦੇ ਉਠਾ ਰਹੀਆਂ ਹਨ ਅਤੇ ਜਨਤਾ ਦੇ ਸਾਹਮਣੇ ਅਣਗਿਣਤ ਗਾਰੰਟੀਆਂ ਰੱਖ ਰਹੀਆਂ ਹਨ। ਪਰ ਸਾਫ਼ ਸੁਥਰਾ ਵਾਤਾਵਰਨ ਕਿਸੇ ਵੀ ਪਾਰਟੀ ਦੀ ਤਰਜੀਹ ਨਹੀਂ ਹੈ। ਸੰਭਵ ਤੌਰ 'ਤੇ ਇਸ ਮੁੱਦੇ ਤੋਂ ਵੋਟਾਂ ਪ੍ਰਾਪਤ ਹੋਣ ਦੀ ਸਿਆਸਤਦਾਨਾਂ ਨੂੰ ਉਮੀਦ ਨਹੀਂ ਕਰੇਗਾ। ਇਹ ਪਹਿਲੂ ਇਸ ਮੁੱਦੇ 'ਤੇ ਜਾਗਰੂਕਤਾ ਦੀ ਸਥਿਤੀ ਨਾਲ ਸਬੰਧਤ ਹੈ। ਇਹ ਇੱਕ ਮੰਦਭਾਗੀ ਸਥਿਤੀ ਹੈ। ਭਾਰਤ ਵਿੱਚ ਉਨ੍ਹਾਂ ਮੁੱਦਿਆਂ ਬਾਰੇ ਜਾਗਰੂਕਤਾ ਦੀ ਘਾਟ ਹੈ, ਜੋ ਸਿੱਧੇ ਤੌਰ 'ਤੇ ਲੋਕਾਂ ਦੇ ਜੀਵਨ ਨਾਲ ਜੁੜੇ ਹੋਏ ਹਨ। ਜਦੋਂ ਕਿ ਲੋਕ ਭਾਵਨਾਤਮਕ ਮੁੱਦਿਆਂ 'ਤੇ ਭੜਕਦੇ ਰਹਿੰਦੇ ਹਨ। ਨਤੀਜਾ ਇਹ ਹੈ ਕਿ ਸਿਆਸੀ ਪਾਰਟੀਆਂ ਦੇ ਅਸਲ ਮੁੱਦੇ ਵੀ ਕੋਈ ਮਾਇਨੇ ਨਹੀਂ ਰੱਖਦੇ। ਇਸੇ ਕਰਕੇ ਭਾਰਤ ਦੇ ਲੋਕ ਪ੍ਰਦੂਸ਼ਿਤ ਵਾਤਾਵਰਣ ਵਿੱਚ ਰਹਿਣ ਲਈ ਮਜਬੂਰ ਹਨ ਤੇ ਅਨੇਕਾਂ ਬਿਮਾਰੀਆਂ ਸਹੇੜੀ ਬੈਠੇ ਹਨ।

ਭਾਰਤ ਵਿੱਚ ਆਮ ਚੋਣਾਂ ਦਾ ਮਾਹੌਲ ਹੈ। ਲੋਕਾਂ ਸਾਹਮਣੇ ਅਣਗਿਣਤ ਗਾਰੰਟੀਆਂ ਦਿੱਤੀਆਂ ਜਾ ਰਹੀਆਂ ਹਨ। ਪਰ ਸਵੱਛ ਵਾਤਾਵਰਣ ਕਿਸੇ ਵੀ ਪਾਰਟੀ ਦੀ ਤਰਜੀਹ ਨਹੀਂ ਹੈ, ਜਦਕਿ ਪ੍ਰਦੂਸ਼ਣ ਰਿਕਾਰਡ ਤੋੜ ਰਿਹਾ ਹੈ। ਦੁਨੀਆ ਵਿੱਚ ਸਭ ਤੋਂ ਵੱਧ ਹਵਾ ਪ੍ਰਦੂਸ਼ਣ ਵਾਲੇ ਤਿੰਨ ਦੇਸ਼ਾਂ ਵਿੱਚ ਭਾਰਤ ਸਭ ਤੋਂ ਉੱਪਰ ਹੈ। ਨਵੀਂ ਦਿੱਲੀ ਇਕ ਵਾਰ ਫਿਰ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਬਣ ਗਈ ਹੈ। ਬਿਹਾਰ ਦੇ ਬੇਗੂਸਰਾਏ ਨੂੰ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸਥਾਨ ਐਲਾਨਿਆ ਗਿਆ ਹੈ। ਇਨ੍ਹਾਂ ਤੋਂ ਇਲਾਵਾ ਭਾਰਤ ਦੁਨੀਆ ਵਿਚ ਸਭ ਤੋਂ ਵੱਧ ਹਵਾ ਪ੍ਰਦੂਸ਼ਣ ਵਾਲੇ ਤਿੰਨ ਦੇਸ਼ਾਂ ਵਿਚ ਪਾਇਆ ਗਿਆ ਹੈ। ਬਾਕੀ ਦੋ ਦੇਸ਼ ਪਾਕਿਸਤਾਨ ਅਤੇ ਬੰਗਲਾਦੇਸ਼ ਹਨ। ਇਹ ਤੱਥ ਵਿਸ਼ਵ ਸਿਹਤ ਸੰਗਠਨ ਅਤੇ ਸਵਿਸ ਸੰਗਠਨ ਏਕਿਊ ਏਅਰ ਦੀ ਰਿਪੋਰਟ ਤੋਂ ਸਾਹਮਣੇ ਆਏ ਹਨ।

ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਹਵਾ ਪ੍ਰਦੂਸ਼ਣ ਦੇ ਖ਼ਤਰੇ ਬਾਰੇ ਸਭ ਚੰਗੀ ਤਰ੍ਹਾਂ ਜਾਣਦੇ ਹਨ। ਇਸ ਰੂਪ ਵਿੱਚ, ਇਹ ਇੱਕ ਸਮੱਸਿਆ ਹੈ ਜੋ ਸਿੱਧੇ ਤੌਰ 'ਤੇ ਆਮ ਲੋਕਾਂ ਦੇ ਜੀਵਨ ਨਾਲ ਜੁੜੀ ਹੋਈ ਹੈ। ਸਥਿਤੀ ਬਹੁਤ ਗੰਭੀਰ ਹੈ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਹਵਾ ਪ੍ਰਦੂਸ਼ਣ 2022 ਦੇ ਮੁਕਾਬਲੇ 2023 ਵਿੱਚ ਹੋਰ ਵਧਿਆ ਹੈ। ਦੇਸ਼ ਵਿੱਚ ਪੀਐਮ-2.5 ਦਾ ਪੱਧਰ ਸੰਸਥਾ ਦੇ ਮਿਆਰ ਤੋਂ ਲਗਭਗ 11 ਗੁਣਾ ਵੱਧ ਪਾਇਆ ਗਿਆ। ਪੀਐਮ-2.5 ਹਵਾ ਵਿੱਚ ਮੌਜੂਦ ਛੋਟੇ ਕਣ ਹੁੰਦੇ ਹਨ, ਜੋ ਫੇਫੜਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਅਨੁਸਾਰ, ਪੀਐਮ-2.5 ਦੀ ਔਸਤ ਗਾੜ੍ਹਾਪਣ ਪ੍ਰਤੀ ਘਣ ਮੀਟਰ ਪੰਜ ਮਾਈਕ੍ਰੋਗ੍ਰਾਮ ਤੋਂ ਵੱਧ ਨਹੀਂ ਹੋਣੀ ਚਾਹੀਦੀ।

ਇਹ ਵੀ ਧਿਆਨ ਦੇਣ ਯੋਗ ਹੈ ਕਿ ਪਿਛਲੇ ਸਾਲ ਪ੍ਰਦੂਸ਼ਣ ਕਿੰਨੀ ਤੇਜ਼ੀ ਨਾਲ ਵਧਿਆ ਹੈ। 2022 ਵਿੱਚ ਭਾਰਤ ਅੱਠਵਾਂ ਸਭ ਤੋਂ ਖਰਾਬ ਹਵਾ ਦੀ ਗੁਣਵੱਤਾ ਵਾਲਾ ਦੇਸ਼ ਸੀ। ਪਾਕਿਸਤਾਨ ਅਜੇ ਵੀ ਤਿੰਨ ਸਭ ਤੋਂ ਪ੍ਰਭਾਵਤ ਦੇਸ਼ਾਂ ਵਿੱਚੋਂ ਇੱਕ ਸੀ। ਪਰ 2023 ਵਿੱਚ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਇਕੱਠੇ ਦੁਨੀਆ ਦੇ ਤਿੰਨ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਹੋਣਗੇ। ਦੇਸ਼ ਵਿਚ ਚਲਦੇ ਹਰ ਤਰ੍ਹਾਂ ਦੇ ਕਰੋੜਾਂ ਵਾਹਨ ਧੂੰਏਂ ਦੀਆਂ ਪਰਤਾਂ ਨੂੰ ਲਗਾਤਾਰ ਵਧਾ ਰਹੇ ਹਨ। ਜੇਕਰ ਇਸ ਪਾਸੇ ਤੋਂ ਲਗਾਤਾਰ ਅਧਿਐਨ ਕੀਤਾ ਜਾਏ ਤਾਂ ਦੇਸ਼ ਦੀ 96 ਫ਼ੀਸਦੀ ਆਬਾਦੀ ਹਵਾ ਪ੍ਰਦੂਸ਼ਣ ਵਿਚ ਸਾਹ ਲੈ ਰਹੀ ਹੈ। ਦੇਸ਼ ਦੇ 7800 ਸ਼ਹਿਰਾਂ ਵਿਚੋਂ 9 ਫ਼ੀਸਦੀ ਸ਼ਹਿਰਾਂ ਦੀ ਹੀ ਹਵਾ ਦੀ ਗੁਣਵੱਤਾ ਚੰਗੀ ਕਹੀ ਜਾ ਸਕਦੀ ਹੈ। ਜੇਕਰ ਇਸ ਪੱਖ ਤੋਂ ਅਜਿਹੇ ਹੀ ਹਾਲਾਤ ਬਣੇ ਰਹੇ ਤਾਂ ਸਿਹਤ ਦੇ ਖੇਤਰ ਵਿਚ ਕੀਤੀਆਂ ਜਾਂਦੀਆਂ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ ਵੀ ਨਕਾਰਾ ਹੋ ਕੇ ਰਹਿ ਜਾਣਗੀਆਂ। ਬਿਨਾਂ ਸ਼ੱਕ ਇਸ ਪੱਖੋਂ ਜੇਕਰ ਅਮਲੀ ਰੂਪ ਵਿਚ ਗੰਭੀਰ ਯੋਜਨਾਬੰਦੀ ਨਾ ਕੀਤੀ ਗਈ ਤਾਂ ਭਾਰਤ ਇਕ ਅਜਿਹੀ ਭੱਠੀ ਬਣ ਕੇ ਰਹਿ ਜਾਏਗਾ, ਜਿਸ ਵਿਚ ਜਿਊਣ ਲਈ ਸਾਹ ਲੈਣਾ ਵੀ ਬੇਹੱਦ ਮੁਸ਼ਕਿਲ ਹੋ ਜਾਵੇਗਾ। ਇਹ ਰਿਪੋਰਟ ਅਜਿਹੇ ਸਮੇਂ ਵਿਚ ਆਈ ਹੈ ਜਦੋਂ ਭਾਰਤ ਵਿਚ ਆਮ ਚੋਣਾਂ ਦਾ ਮਾਹੌਲ ਹੈ।

ਦਰਪਣ ਝੂਠ ਨਹੀਂ ਬੋਲਦਾ
ਪੰਜਾਬ ਟਾਈਮਜ਼ ਮੀਡੀਆ

ਮਾਮਲਾ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਨ ਦਾ

# ਭਾਰਤੀ ਜਾਂਚ ਅਨੁਸਾਰ ਬਾਗੀ ਅਫਸਰ ਇਸ ਕਾਂਡ ਵਿਚ ਸ਼ਾਮਲ

## ✪ ਭਾਰਤ ਨੇ ਨਿਯੁਕਤ ਜਾਂਚ ਪੈਨਲ ਦੇ ਨਤੀਜੇ ਅਮਰੀਕੀ ਅਧਿਕਾਰੀਆਂ ਨੂੰ ਸੌਂਪੇ-ਬਲੂਮਬਰਗ ਦੀ ਰਿਪੋਰਟ

ਅਮਰੀਕੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ ਵਿੱਚ ਦੋਸ਼ ਲਾਇਆ ਸੀ ਕਿ ਖਾਲਿਸਤਾਨ ਪੱਖੀ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਅਸਫਲ ਸਾਜ਼ਿਸ਼ ਪਿੱਛੇ ਇੱਕ ਭਾਰਤੀ ਅਧਿਕਾਰੀ ਦਾ ਹੱਥ ਸੀ। ਹੁਣ ਇਸ ਮਾਮਲੇ ਦੀ ਜਾਂਚ ਦੇ ਸਬੰਧ ਬਲੂਮਬਰਗ ਦੀ ਰਿਪੋਰਟ ਅਨੁਸਾਰ ਘੱਟੋ-ਘੱਟ ਇੱਕ ਵਿਅਕਤੀ ਭਾਰਤ ਸਰਕਾਰ ਦਾ ਕਰਮਚਾਰੀ ਹੈ ਪਰ ਉਹ ਹੁਣ ਭਾਰਤੀ ਜਾਸੂਸੀ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਲਈ ਕੰਮ ਨਹੀਂ ਕਰਦਾ।

ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਇਕ ਬੇਨਾਮ ਸੀਨੀਅਰ ਅਧਿਕਾਰੀ ਨੇ ਬਲੂਮਬਰਗ ਨੂੰ ਇਸ ਬਾਰੇ ਦੱਸਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਵੀਂ ਦਿੱਲੀ ਨੇ ਸਰਕਾਰ ਦੁਆਰਾ ਨਿਯੁਕਤ ਜਾਂਚ ਪੈਨਲ ਦੇ ਨਤੀਜੇ ਅਮਰੀਕੀ ਅਧਿਕਾਰੀਆਂ ਨੂੰ ਸੌਂਪ ਦਿੱਤੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਰਿਪੋਰਟ 'ਤੇ ਟਿੱਪਣੀ ਲਈ ਰਾਇਟਰਜ਼ ਦੀ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਨੇ ਹਾਲੇ ਤਕ ਦੋਸ਼ੀ ਦੇ ਖਿਲਾਫ ਕੋਈ ਅਪਰਾਧਿਕ ਕਾਰਵਾਈ ਸ਼ੁਰੂ ਨਹੀਂ ਕੀਤੀ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਕਥਿਤ ਸਾਜ਼ਿਸ਼ ਵਿੱਚ ਸ਼ਾਮਲ ਲੋਕਾਂ





ਖ਼ਿਲਾਫ਼ ਅਪਰਾਧਿਕ ਮੁਕੱਦਮਾ ਚਲਾਉਣ ਦੀ ਮੰਗ ਕਰ ਰਿਹਾ ਹੈ। ਅਮਰੀਕੀ ਅਧਿਕਾਰੀਆਂ ਵੱਲੋਂ ਸਾਜ਼ਿਸ਼ ਨੂੰ ਨਾਕਾਮ ਕਰਨ ਅਤੇ ਸਰਕਾਰ ਦੀ ਸ਼ਮੂਲੀਅਤ ਦੀਆਂ ਚਿੰਤਾਵਾਂ 'ਤੇ ਭਾਰਤ ਨੂੰ ਚੇਤਾਵਨੀ ਜਾਰੀ ਕਰਨ ਤੋਂ ਬਾਅਦ ਭਾਰਤ ਸਰਕਾਰ ਨੇ ਜਾਂਚ ਪੈਨਲ ਦਾ ਗਠਨ ਕੀਤਾ ਸੀ।

ਇਸ ਤੋਂ ਪਹਿਲਾਂ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ 'ਤੇ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਇਹ 'ਚਿੰਤਾ ਦਾ ਵਿਸ਼ਾ' ਹੈ ਅਤੇ 'ਭਾਰਤ ਸਰਕਾਰ ਦੀ ਨੀਤੀ ਦੇ ਉਲਟ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਇਕ ਉੱਚ ਪੱਧਰੀ ਕਮੇਟੀ ਇਸ ਮਾਮਲੇ ਦੇ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੀ ਹੈ।

ਅਮਰੀਕਾ ਵਿੱਚ ਪੰਨੂ ਸਿੱਖ ਫਾਰ ਜਸਟਿਸ ਨਾਂ ਦੀ ਸੰਸਥਾ ਚਲਾਉਂਦਾ ਹੈ। ਇਹ ਜਥੇਬੰਦੀ ਸਿੱਖਾਂ ਲਈ ਵੱਖਰੇ ਖਾਲਿਸਤਾਨ ਦੀ ਮੰਗ ਕਰਦੀ ਹੈ। ਇਹ 2007 ਵਿੱਚ ਅਮਰੀਕਾ ਵਿੱਚ ਸਥਾਪਿਤ ਕੀਤੀ ਗਈ ਸੀ। ਇਸ ਦੇ ਮੋਢੀ ਪੰਨੂ ਹਨ। ਪੰਨੂ ਨੇ ਪੰਜਾਬ ਯੂਨੀਵਰਸਿਟੀ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ ਹੈ ਅਤੇ ਇਸ ਸਮੇਂ ਅਮਰੀਕਾ ਵਿੱਚ ਕਾਨੂੰਨ ਦੀ ਪ੍ਰੈਕਟਿਸ ਕਰ ਰਿਹਾ ਹੈ। ਉਹ ਸਿੱਖ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਵੀ ਹਨ।

ਪੰਨੂ ਦੇ ਕਤਲ ਦੀ ਕਥਿਤ ਸਾਜ਼ਿਸ਼ ਨਵੰਬਰ ਵਿੱਚ ਸਾਹਮਣੇ ਆਈ ਸੀ ਜਦੋਂ ਕੈਨੇਡਾ ਨੇ ਦੋ ਮਹੀਨੇ ਪਹਿਲਾਂ ਦੋਸ਼ ਲਾਇਆ ਸੀ ਕਿ ਜੂਨ ਵਿੱਚ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਮਜ਼ਬੂਤ ਸੰਕੇਤ ਹਨ।

ਹਰਦੀਪ ਸਿੰਘ ਨਿੱਝਰ ਦੀ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਗੁਰਦੁਆਰੇ ਦੇ ਸਾਹਮਣੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਭਾਰਤ ਸਰਕਾਰ ਨਿੱਝਰ ਨੂੰ ਇੱਕ ਵਾਂਟਿਡ ਖਾੜਕੂ ਮੰਨਦੀ ਸੀ ਅਤੇ ਉਸ ਨੂੰ ਇੱਕ ਖਾੜਕੂ ਵੱਖਵਾਦੀ ਸੰਗਠਨ ਦਾ ਨੇਤਾ ਦੱਸਿਆ ਸੀ। ਹਾਲਾਂਕਿ ਨਿੱਝਰ ਦੇ ਸਮਰਥਕ ਇਸ ਨੂੰ ਪੂਰੀ ਤਰ੍ਹਾਂ ਗਲਤ ਦੱਸਦੇ ਹਨ।

ਅਮਰੀਕਾ ਨੇ ਕਿਹਾ ਹੈ ਕਿ ਉਹ ਗੁਰਪਤਵੰਤ ਪੰਨੂ ਮਾਮਲੇ ਦੀ ਜਾਂਚ ਨੂੰ ਗੰਭੀਰਤਾ ਨਾਲ ਦੇਖ ਰਿਹਾ ਹੈ ਅਤੇ ਭਾਰਤ ਸਰਕਾਰ ਨੂੰ ਵੀ ਇਸ ਵਿੱਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਅਤੇ ਮੱਧ ਏਸ਼ੀਆ ਲਈ ਸਹਾਇਕ ਸਕੱਤਰ ਡੋਨਾਲਡ ਲੂ ਤੋਂ ਪੁੱਛਿਆ ਗਿਆ ਸੀ ਕਿ ਕੀ ਅਮਰੀਕਾ ਪੰਨੂ ਮਾਮਲੇ ਵਿਚ ਸ਼ਾਮਲ ਲੋਕਾਂ 'ਤੇ ਪਾਬੰਦੀਆਂ ਲਵੇਗਾ ਅਤੇ ਹੋਰ ਸਖ਼ਤ ਕਦਮ ਚੁੱਕੇਗਾ। ਇਸ 'ਤੇ ਡੋਨਾਲਡ ਲੂ ਨੇ ਕਿਹਾ ਕਿ ਇਹ ਗੰਭੀਰ ਮੁੱਦਾ ਹੈ।


ਇਸ ਵਿੱਚ ਭਾਰਤ ਸਰਕਾਰ ਦੇ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਸ ਲਈ ਅਸੀਂ ਇਸ ਕੇਸ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ। ਇਸ ਨੂੰ ਭਾਰਤ ਕੋਲ ਉੱਚ ਪੱਧਰ 'ਤੇ ਉਠਾਇਆ ਗਿਆ ਹੈ। ਅਸੀਂ ਭਾਰਤ ਨੂੰ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਉਣ ਲਈ ਕਿਹਾ ਹੈ। ਇਸ ਸਮੇਂ ਵੀ, ਅਸੀਂ ਇਸ ਮਾਮਲੇ 'ਤੇ ਭਾਰਤ ਨਾਲ ਕੰਮ ਕਰ ਰਹੇ ਹਾਂ ਤਾਂ ਜੋ ਇਸ ਵਿੱਚ ਸ਼ਾਮਲ ਲੋਕਾਂ ਨੂੰ ਜਲਦੀ ਤੋਂ ਜਲਦੀ ਨਿਆਂ ਦੇ ਘੇਰੇ ਵਿੱਚ ਲਿਆਂਦਾ ਜਾ ਸਕੇ।

ਲੂ ਨੇ ਕਿਹਾ ਕਿ ਇਸ ਮਾਮਲੇ ਦੀ ਜਲਦੀ ਅਤੇ ਪਾਰਦਰਸ਼ੀ ਜਾਂਚ ਦੀ ਲੋੜ ਹੈ। ਇਹ ਦੇਖਦੇ ਹੋਏ ਕਿ ਭਾਰਤ ਨੇ ਇੱਕ ਜਾਂਚ ਕਮੇਟੀ ਦਾ ਐਲਾਨ ਕੀਤਾ ਹੈ, ਲੂ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਨਿਆਂ ਯਕੀਨੀ ਬਣਾਉਣ ਲਈ ਜਲਦੀ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਨ ਲਈ ਕਹਿੰਦੇ ਹਾਂ। ਲੂ ਦੀਆਂ ਟਿੱਪਣੀਆਂ ਤੋਂ ਇਹ ਸੰਕੇਤ ਨਹੀਂ ਮਿਲਦਾ ਕਿ ਭਾਰਤ ਨੇ ਕਮੇਟੀ ਦੀ ਜਾਂਚ ਤੋਂ ਕੋਈ ਸਿੱਟਾ ਕੱਢਿਆ ਹੈ।

ਪਿਛਲੇ ਸਾਲ ਨਵੰਬਰ ਵਿੱਚ, ਅਮਰੀਕੀ ਵਕੀਲਾਂ ਨੇ ਦੋਸ਼ ਲਾਇਆ ਸੀ ਕਿ ਨਿਖਿਲ ਗੁਪਤਾ ਨਾਮ ਦੇ ਇੱਕ ਭਾਰਤੀ ਨਾਗਰਿਕ ਨੇ ਭਾਰਤ ਸਰਕਾਰ ਦੇ ਇੱਕ ਅਧਿਕਾਰੀ ਦੇ ਹੁਕਮਾਂ 'ਤੇ ਅਮਰੀਕੀ ਧਰਤੀ 'ਤੇ ਇੱਕ ਵਿਅਕਤੀ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ।

# ਦੁਨੀਆਂ ਭਰ ਵਿੱਚ ਉਦਾਰਵਾਦੀ ਲੋਕਤੰਤਰ ਦੀਆਂ ਜੜ੍ਹਾਂ ਕਮਜ਼ੋਰ ਹੋਈਆਂ

## ✪ ਬਰਟੇਲਸਮੈਨ ਫਾਊਂਡੇਸ਼ਨ ਦੀ ਰਿਪੋਰਟ ਮੁਤਾਬਕ 63 ਦੇਸ਼ਾਂ ਵਿਚ ਲੋਕਤੰਤਰੀ ਸਰਕਾਰਾਂ ਤੇ 74 ਦੇਸ਼ਾਂ ਵਿਚ ਤਾਨਾਸ਼ਾਹੀ ਸਰਕਾਰਾਂ ✪ ਚੋਣਾਂ ਦੀ ਨਿਰਪੱਖਤਾ, ਮੀਡੀਆ, ਪ੍ਰਗਟਾਵੇ ਤੇ ਵਿਰੋਧ ਕਰਨ ਦੀ ਆਜ਼ਾਦੀ ਖਤਰੇ ਵਿਚ



ਪੰਜਾਬ ਟਾਈਮਜ਼ ਅਨੁਸਾਰ ਸਿਵਲ ਸੋਸਾਇਟੀ ਲਈ ਸਪੇਸ ਵੀ ਸੁੰਗੜ ਰਿਹਾ ਹੈ। ਪਿਛਲੇ ਦੋ ਸਾਲਾਂ ਵਿੱਚ ਹੀ 25 ਦੇਸ਼ਾਂ ਵਿੱਚ ਚੋਣਾਂ ਪਹਿਲਾਂ ਨਾਲੋਂ ਘੱਟ ਨਿਰਪੱਖ ਹੋਈਆਂ ਹਨ। 32 ਦੇਸ਼ਾਂ ਵਿੱਚ ਵਿਰੋਧ ਕਰਨ ਦੇ ਅਧਿਕਾਰਾਂ ਵਿੱਚ ਕਟੌਤੀ ਕੀਤੀ ਗਈ ਸੀ, ਜਦੋਂ ਕਿ 39 ਦੇਸ਼ਾਂ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਨੂੰ ਘਟਾ ਦਿੱਤਾ ਗਿਆ ਸੀ। ਤਾਂ ਸਵਾਲ ਇਹ ਹੈ ਕਿ ਅਜਿਹਾ ਕਿਉਂ ਹੋ ਰਿਹਾ ਹੈ ? ਇਹ ਉਦਾਰਵਾਦੀ ਜਮਹੂਰੀਅਤ ਦੇ ਸਮਰਥਕਾਂ ਲਈ ਗੰਭੀਰ ਆਤਮ ਚਿੰਤਨ ਦਾ ਵਿਸ਼ਾ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਸਵਾਲ 'ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਉਦਾਰ ਜਮਹੂਰੀਅਤ ਆਮ ਲੋਕਾਂ ਦੀਆਂ ਅਕਾਂਖਿਆਵਾਂ ਨੂੰ ਪੂਰਾ ਕਰਨ 'ਚ ਕਿਉਂ ਨਾਕਾਮ ਰਹੀ ਹੈ, ਜਿਸ ਨਾਲ ਲੋਕਾਂ ਦੀਆਂ ਨਜ਼ਰਾਂ ਵਿਚ ਆਪਣੀ ਖਿੱਚ ਘੱਟ ਗਈ ਹੈ ?

ਦੁਨੀਆਂ ਭਰ ਵਿੱਚ ਉਦਾਰਵਾਦੀ ਲੋਕਤੰਤਰ ਕਮਜ਼ੋਰ ਹੋ ਰਿਹਾ ਹੈ। ਇਹ ਉਦਾਰਵਾਦੀ ਜਮਹੂਰੀਅਤ ਦੇ ਸਮਰਥਕਾਂ ਲਈ ਗੰਭੀਰ ਆਤਮ ਚਿੰਤਨ ਦਾ ਵਿਸ਼ਾ ਹੈ ਕਿ ਉਦਾਰਵਾਦੀ ਜਮਹੂਰੀਅਤ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰਨ ਵਿਚ ਨਾਕਾਮ ਹੋ ਰਹੀ ਹੈ। ਅਜਿਹੇ ਵਰਤਾਰੇ ਦੇ ਕਾਰਨਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਵੈਰਾਇਟੀ ਆਫ ਡੈਮੋਕਰੇਸੀਜ਼ (ਵੀ-ਡੈਮ) ਦੀ ਤਾਜ਼ਾ ਰਿਪੋਰਟ ਤੋਂ ਇਹ ਵਿਚਾਰ ਸਪੱਸ਼ਟ ਹੋਇਆ ਹੈ।

ਹਾਲ ਹੀ ਦੇ ਸਾਲਾਂ ਵਿਚ ਅਮਰੀਕੀ ਸੰਗਠਨ ਫਰੀਡਮ ਹਾਊਸ ਵੀ ਆਪਣੀਆਂ ਰਿਪੋਰਟਾਂ ਵਿਚ ਇਹੀ ਸਿੱਟਾ ਕਢਦਾ ਰਿਹਾ ਹੈ।

ਹੁਣ ਇੱਕ ਜਰਮਨ ਸੰਗਠਨ ਨੇ ਕਿਹਾ ਹੈ ਕਿ ਦੁਨੀਆ ਵਿੱਚ ਲੋਕਤੰਤਰੀ ਸਰਕਾਰਾਂ ਦੀ ਗਿਣਤੀ ਘੱਟ ਰਹੀ ਹੈ।

ਬਰਟੇਲਸਮੈਨ ਫਾਊਂਡੇਸ਼ਨ ਦੀ ਰਿਪੋਰਟ ਲੋਕਤੰਤਰ ਦੀ ਸਥਿਤੀ ਦਾ ਅੰਤਰਰਾਸ਼ਟਰੀ ਵਿਸ਼ਲੇਸ਼ਣ ਪੇਸ਼ ਕਰਦੀ ਹੈ। ਰਿਪੋਰਟ ਮੁਤਾਬਕ ਇਸ ਸਮੇਂ 63 ਦੇਸ਼ਾਂ ਵਿਚ ਲੋਕਤੰਤਰੀ ਸਰਕਾਰਾਂ ਹਨ ਪਰ 74 ਅਜਿਹੇ ਦੇਸ਼ ਹਨ, ਜਿਨ੍ਹਾਂ ਵਿਚ ਤਾਨਾਸ਼ਾਹੀ ਸਰਕਾਰਾਂ ਹਨ। ਤਿੰਨ ਅਰਬ ਲੋਕ ਲੋਕਤੰਤਰੀ ਦੇਸ਼ਾਂ ਵਿੱਚ ਰਹਿੰਦੇ ਹਨ, ਜਦੋਂ ਕਿ ਤਾਨਾਸ਼ਾਹੀ ਸਰਕਾਰਾਂ ਚਾਰ ਅਰਬ ਲੋਕਾਂ ਉੱਤੇ ਰਾਜ ਕਰਦੀਆਂ ਹਨ।

ਬਰਟੇਲਸਮੈਨ ਦੀ ਇਸ ਸਾਲ ਦੀ ਰਿਪੋਰਟ ਦਾ ਸਿਰਲੇਖ ਹੈ: ਦੁਨੀਆ ਵਿੱਚ ਲੋਕਤੰਤਰ ਲਈ ਜ਼ਮੀਨ ਲਗਾਤਾਰ ਘੱਟ ਰਹੀ ਹੈ।

ਇਹ ਰਿਪੋਰਟ ਅਨੁਸਾਰ ਵੱਖ-ਵੱਖ ਦੇਸ਼ਾਂ ਵਿੱਚ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਹੋ ਰਹੀਆਂ ਹਨ। ਵੱਖ-ਵੱਖ ਦੇਸ਼ਾਂ ਵਿੱਚ ਲੋਕਾਂ ਦੇ ਅਧਿਕਾਰ ਖਾਸ ਤੌਰ 'ਤੇ ਸਿਆਸੀ ਚੋਣ ਮੁਕਾਬਲੇ, ਚੋਣਾਂ ਦੀ ਨਿਰਪੱਖਤਾ, ਅੰਦੋਲਨ ਅਤੇ ਪ੍ਰਗਟਾਵੇ ਤੇ ਵਿਰੋਧ ਕਰਨ ਦੀ ਆਜ਼ਾਦੀ, ਮੀਡੀਆ ਦੀ ਸੁਤੰਤਰਤਾ ਆਦਿ ਵਰਗੇ ਮਾਮਲਿਆਂ ਵਿੱਚ ਲੋਕਾਂ ਦੇ ਅਧਿਕਾਰ ਸੁੰਗੜ ਰਹੇ ਹਨ। ਸ਼ਾਹੀ ਸ਼ਕਤੀਆਂ ਦੇ ਵੰਡ ਪਾਊ ਨੀਤੀ ਨੂੰ ਹੁਣ ਜ਼ਿਆਦਾ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

# ਪੰਜਾਬਣਾਂ ਵੀ ਹਥਿਆਰ ਰੱਖਣ ਦੀਆਂ ਸ਼ੌਕੀਨ



**✪ ਔਰਤਾਂ ਵੱਲੋਂ ਅਸਲਾ ਲਾਇਸੈਂਸ ਬਣਾਉਣ ਦਾ ਰੁਝਾਨ ਵਧਿਆ ✪ ਸੂਬੇ ਵਿਚ 3784 ਔਰਤਾਂ ਕੋਲ ਅਸਲਾ ਲਾਇਸੈਂਸ**

ਚੰਡੀਗੜ੍ਹ-ਪੰਜਾਬ ਵਿਚ ਔਰਤਾਂ ਵੱਲੋਂ ਅਸਲਾ ਲਾਇਸੈਂਸ ਬਣਾਉਣ ਦਾ ਰੁਝਾਨ ਵਧਿਆ ਹੈ। ਪੰਜਾਬੀ ਗੀਤਾਂ ਤੇ ਫਿਲਮਾਂ ਨੇ ਇਸ ਸ਼ੌਕ ਨੂੰ ਹਵਾ ਦਿੱਤੀ ਹੈ। ਪੰਜਾਬ ਸਰਕਾਰ ਦੇ ਤਾਜ਼ਾ ਅੰਕੜੇ ਹਨ ਕਿ ਸੂਬੇ ਵਿਚ 3784 ਔਰਤਾਂ ਕੋਲ ਅਸਲਾ ਲਾਇਸੈਂਸ ਹਨ, ਜਿਨ੍ਹਾਂ ਦੇ ਆਧਾਰ 'ਤੇ 4328 ਹਥਿਆਰ ਰੱਖੇ ਹੋਏ ਹਨ। ਚੋਣਾਂ ਕਰ ਕੇ ਇਨ੍ਹਾਂ ਔਰਤਾਂ ਨੂੰ ਵੀ ਹੁਣ ਆਪਣੇ ਹਥਿਆਰ ਜਮ੍ਹਾਂ ਕਰਾਉਣੇ ਪੈਣੇ ਹਨ।



ਪੰਜਾਬ ਵਿਚ ਇਸ ਵੇਲੇ 2.38 ਲੱਖ ਅਸਲਾ ਲਾਇਸੈਂਸ ਹਨ, ਜਿਨ੍ਹਾਂ 'ਤੇ 2.87 ਲੱਖ ਹਥਿਆਰ ਚੜ੍ਹੇ ਹੋਏ ਹਨ। ਆਰਮਜ਼ ਐਕਟ 1959 ਦੇ ਸਾਲ 2016 ਵਿਚ ਸੋਧੇ ਹੋਏ ਨਿਯਮਾਂ ਅਨੁਸਾਰ ਆਮ ਵਿਅਕਤੀ ਇੱਕ ਅਸਲਾ ਲਾਇਸੈਂਸ 'ਤੇ ਦੋ ਹਥਿਆਰ ਰੱਖਣ ਦਾ ਹੱਕਦਾਰ ਹੈ, ਜਦੋਂਕਿ ਸਪੋਰਟਸ ਕਰਨ ਵਾਲਿਆਂ ਨੂੰ ਇੱਕੋ ਲਾਇਸੈਂਸ 'ਤੇ ਦੋ ਤੋਂ ਜ਼ਿਆਦਾ ਹਥਿਆਰ ਰੱਖਣ ਦੀ ਸੁਵਿਧਾ ਹੈ। ਸੂਬੇ 'ਚੋਂ ਬਠਿੰਡਾ ਜ਼ਿਲ੍ਹਾ ਲਾਇਸੈਂਸਾਂ ਵਿਚ ਪਹਿਲੇ ਨੰਬਰ 'ਤੇ ਹੈ, ਜਿਥੇ 20,184 ਅਸਲਾ ਲਾਇਸੈਂਸ ਹਨ ਅਤੇ ਜ਼ਿਲ੍ਹੇ ਵਿਚ 26,229 ਲਾਇਸੈਂਸੀ ਹਥਿਆਰ ਹਨ।

ਔਰਤਾਂ ਕੋਲ ਲਾਇਸੈਂਸਾਂ ਦੀ ਗੱਲ ਕਰੀਏ ਤਾਂ ਪਟਿਆਲਾ ਜ਼ਿਲ੍ਹੇ ਵਿਚ ਸਭ ਤੋਂ ਵੱਧ 375 ਔਰਤਾਂ ਕੋਲ ਲਾਇਸੈਂਸ ਹਨ, ਜਿਨ੍ਹਾਂ 'ਤੇ 453 ਹਥਿਆਰ ਦਰਜ ਹਨ। ਦੂਜਾ ਨੰਬਰ ਜ਼ਿਲ੍ਹਾ ਮੁਕਤਸਰ ਸਾਹਿਬ ਦਾ ਹੈ, ਜਿਥੇ ਔਰਤਾਂ ਕੋਲ 323 ਲਾਇਸੈਂਸਾਂ 'ਤੇ 383 ਹਥਿਆਰ ਦਰਜ ਹਨ। ਤੀਜਾ ਨੰਬਰ ਬਠਿੰਡਾ ਜ਼ਿਲ੍ਹੇ ਦਾ ਆਉਂਦਾ ਹੈ, ਜਿਥੇ ਔਰਤਾਂ ਕੋਲ 314 ਲਾਇਸੈਂਸ ਹਨ, ਜਦੋਂਕਿ ਹਥਿਆਰਾਂ ਦੀ ਗਿਣਤੀ 400 ਹੈ। ਫਿਰੋਜ਼ਪੁਰ ਵਿਚ ਔਰਤਾਂ ਕੋਲ 245 ਅਤੇ ਗੁਰਦਾਸਪੁਰ 'ਚ 241 ਕੋਲ ਲਾਇਸੈਂਸ ਹਨ।

ਪੰਜਾਬੀ ਯੂਵਰਸਿਟੀ ਪਟਿਆਲਾ ਦੇ ਮਨੋਵਿਗਿਆਨ ਵਿਭਾਗ ਦੀ ਡਾ. ਸੁਖਮਿੰਦਰ ਕੌਰ ਦਾ ਕਹਿਣਾ ਹੈ ਕਿ ਔਰਤਾਂ ਸਮਾਜ ਵਿਚ ਵਾਪਰ ਰਹੀਆਂ ਦਿਲ ਹਿਲਾਊ ਘਟਨਾਵਾਂ ਦੇ ਮੱਦੇਨਜ਼ਰ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ, ਜਿਸ ਕਰਕੇ ਉਨ੍ਹਾਂ ਨੇ ਲਾਇਸੈਂਸ ਲੈਣ ਵੱਲ ਕਦਮ ਵਧਾਏ ਹਨ। ਵੇਰਵਿਆਂ ਅਨੁਸਾਰ ਪੰਜਾਬ ਦੀ ਆਰਥਿਕ ਰਾਜਧਾਨੀ ਸਮਝੇ ਜਾਂਦੇ ਜ਼ਿਲ੍ਹਾ ਲੁਧਿਆਣਾ 'ਚ ਸਿਰਫ 104 ਔਰਤਾਂ ਕੋਲ ਲਾਇਸੈਂਸ ਹਨ। ਜ਼ਿਲ੍ਹਾ ਸੰਗਰੂਰ 'ਚ ਔਰਤਾਂ ਕੋਲ 227 ਤੇ ਬਰਨਾਲਾ ਵਿਚ 77 ਔਰਤਾਂ ਕੋਲ ਲਾਇਸੈਂਸ ਹਨ। ਕਿਰਤੀ ਕਿਸਾਨ ਯੂਨੀਅਨ ਦੇ ਇਸਤਰੀ ਵਿੰਗ ਦੀ ਸੂਬਾ ਕਨਵੀਨਰ ਹਰਪਾਲ ਕੌਰ ਕੋਟਲਾ ਨੇ ਕਿਹਾ ਕਿ ਸਵੈ-ਰੱਖਿਆ ਲਈ ਹਥਿਆਰ ਰੱਖਣਾ ਕੋਈ ਮਾੜੀ ਗੱਲ ਨਹੀਂ ਹੈ ਕਿਉਂਕਿ ਔਰਤਾਂ ਨੂੰ ਬਹੁਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਸੱਠ ਹਜ਼ਾਰ ਕੋਲ ਦੋ-ਦੋ ਹਥਿਆਰ

ਪੰਜਾਬ ਵਿਚ ਕੁੱਲ ਲਾਇਸੈਂਸਾਂ ਚੋਂ ਕਰੀਬ 60,144 ਅਸਲਾ ਲਾਇਸੈਂਸਾਂ 'ਤੇ 1,21,845 ਹਥਿਆਰ ਦਰਜ ਹਨ, ਜਿਸ ਦਾ ਮਤਲਬ ਹੈ ਕਿ ਇਨ੍ਹਾਂ ਲੋਕਾਂ ਕੋਲ ਦੋ-ਦੋ ਹਥਿਆਰ ਹਨ। ਫਿਰੋਜ਼ਪੁਰ ਜ਼ਿਲ੍ਹੇ ਦੇ 5057 ਲਾਇਸੈਂਸਾਂ 'ਤੇ 10,206 ਹਥਿਆਰ ਚੜ੍ਹੇ ਹੋਏ ਹਨ, ਜਦੋਂਕਿ ਤਰਨ ਤਾਰਨ ਜ਼ਿਲ੍ਹੇ ਵਿਚ 4096 ਲਾਇਸੈਂਸਾਂ 'ਤੇ 8281 ਹਥਿਆਰ ਦਰਜ ਹਨ। ਫਰੀਦਕੋਟ 'ਚ 3232 ਲਾਇਸੈਂਸਾਂ 'ਤੇ 6520 ਹਥਿਆਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ 3732 ਲੋਕਾਂ ਕੋਲ 7668 ਹਥਿਆਰ ਹਨ।

## ਔਰਤਾਂ 'ਤੇ ਵੀ ਸਟੇਟਸ ਸਿੰਬਲ ਭਾਰੂ: ਡਾ.ਰਵੀ

ਦਿੱਲੀ 'ਵਰਸਿਟੀ ਦੇ ਪੰਜਾਬੀ ਵਿਭਾਗ ਦੇ ਡਾ.ਰਵਿੰਦਰ ਰਵੀ ਅਲੱਗ ਨਜ਼ਰੀਏ ਤੋਂ ਦੇਖਦੇ ਹਨ, ਜਿਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀ ਕਲਚਰ 'ਚ ਗੀਤਾਂ ਤੇ ਫਿਲਮਾਂ ਨੇ ਗੰਨ ਨੂੰ ਵੀ ਸਟੇਟਸ ਸਿੰਬਲ ਬਣਾ ਦਿੱਤਾ ਹੈ। ਆਰਥਿਕ ਖੇਤਰ ਵਿਚ ਔਰਤ ਦਾ ਦਬਦਬਾ ਵਧਿਆ ਹੈ ਅਤੇ ਉਹ ਬਰਾਬਰ ਦੀ ਭਾਗੀਦਾਰ ਬਣਨ ਲੱਗੀ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਪੱਖੋਂ ਲਾਇਸੈਂਸ ਲੈਣ ਵਾਲੀਆਂ ਔਰਤਾਂ ਦੀ ਗਿਣਤੀ ਘੱਟ ਹੋਵੇਗੀ, ਜਦੋਂਕਿ ਜ਼ਿਆਦਾ ਮਸਲਾ ਸਟੇਟਸ ਸਿੰਬਲ ਦਾ ਜਾਪਦਾ ਹੈ।

# ਭੂਆ ਦੇ ਪੁੱਤ ਦੀ ਪਤਨੀ ਨਾਲ ਕੀਤਾ ਬਲਾਤਕਾਰ

**✪ ਅਸ਼ਲੀਲ ਵੀਡੀਓ ਬਣਾ ਕੇ ਭੇਜੀ ਪਤੀ ਨੂੰ**

ਭਵਾਨੀਗੜ੍ਹ-ਇਕ ਵਿਅਕਤੀ ਨੇ ਆਪਣੀ ਭੂਆ ਦੇ ਪੁੱਤ ਦੀ ਪਤਨੀ ਨੂੰ ਡਰਾ ਧਮਕਾ ਕੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਤੇ ਉਸ ਦੀ ਇਤਰਾਜ਼ਯੋਗ ਵੀਡੀਓ ਬਣਾ ਕੇ ਔਰਤ ਦੇ ਪਤੀ ਨੂੰ ਭੇਜ ਦਿੱਤੀ। ਮਾਮਲੇ ਸਬੰਧੀ ਪੁਲਸ ਨੇ ਔਰਤ ਦੀ ਸ਼ਿਕਾਇਤ 'ਤੇ ਦੋਸ਼ੀ ਖ਼ਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਫਿਲਹਾਲ ਦੋਸ਼ੀ ਦੀ ਗ੍ਰਿਫਤਾਰੀ ਹੋਣੀ ਅਜੇ ਬਾਕੀ ਹੈ। ਪੀੜਤ ਔਰਤ ਨੇ ਸਥਾਨਕ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦਾ ਵਿਆਹ 2006 ਵਿਚ ਭਵਾਨੀਗੜ੍ਹ ਨੇੜਲੇ ਇਕ ਪਿੰਡ ਵਿਚ ਹੋਇਆ ਸੀ। ਉਸਦੇ ਪਤੀ ਦੇ ਮਾਮੇ ਦਾ ਲੜਕਾ ਰਣਜੀਤ ਸਿੰਘ ਪ੍ਰਾਈਵੇਟ ਇੰਜੀਨੀਅਰ ਹੈ ਅਤੇ ਸੰਗਰੂਰ ਵਿਖੇ ਇਕ ਨਿੱਜੀ ਕੰਪਨੀ ਵਿਚ ਕੰਮ ਕਰਦਾ ਹੈ। ਔਰਤ ਅਨੁਸਾਰ ਰਣਜੀਤ ਸਿੰਘ ਪਿਛਲੇ 4 ਮਹੀਨਿਆਂ ਤੋਂ ਉਨ੍ਹਾਂ ਦੇ ਘਰ ਰਹਿਣ ਲੱਗਾ ਸੀ ਅਤੇ ਇਸੇ ਦੌਰਾਨ ਜਦੋਂ ਉਸ ਦਾ ਪਤੀ ਕੰਮ 'ਤੇ ਗਿਆ ਹੋਇਆ ਸੀ ਅਤੇ ਬੱਚੇ ਵੀ ਸਕੂਲ ਗਏ ਹੋਏ ਸਨ ਤਾਂ ਰਣਜੀਤ ਸਿੰਘ ਤੇ ਉਹ ਘਰ ਵਿਚ ਇਕੱਲੇ ਮੌਜੂਦ ਸਨ।

ਇਸ ਦੌਰਾਨ ਰਣਜੀਤ ਨੇ ਉਸ ਨੂੰ ਡਰਾ ਧਮਕਾ ਕੇ ਉਸਦੀ ਮਰਜ਼ੀ ਦੇ ਖਿਲਾਫ਼ ਉਸ ਨਾਲ ਸਰੀਰਕ ਸਬੰਧ ਬਣਾਏ ਤੇ ਉਸ ਨਾਲ ਬਲਾਤਕਾਰ ਕੀਤਾ। ਵਿਰੋਧ ਕਰਨ 'ਤੇ ਉਸਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਅਤੇ



ਬਾਅਦ ਵਿਚ ਵੀ ਇਸੇ ਤਰ੍ਹਾਂ ਡਰਾ ਧਮਕਾ ਕੇ ਉਕਤ ਰਣਜੀਤ ਉਸ ਨਾਲ ਸਰੀਰਕ ਸਬੰਧ ਬਣਾਉਂਦਾ ਰਿਹਾ। ਪੀੜਤ ਔਰਤ ਨੇ ਦੱਸਿਆ ਕਿ ਇਕ ਦਿਨ ਰਣਜੀਤ ਸਿੰਘ ਉਸਨੂੰ ਇਕ ਹੋਟਲ ਵਿਚ ਲੈ ਗਿਆ ਜਿੱਥੇ ਉਸਦੀ ਇਤਰਾਜ਼ਯੋਗ ਵੀਡੀਓ ਬਣਾ ਲਈ ਅਤੇ ਰਣਜੀਤ ਸਿੰਘ ਧਮਕੀਆਂ ਦਿੰਦੇ ਹੋਏ ਉਸ ਨਾਲ ਲਗਾਤਾਰ ਸਰੀਰਕ ਸਬੰਧ ਬਣਾਉਂਦਾ ਰਿਹਾ ਪਰ ਇੱਜ਼ਤ ਖਰਾਬ ਹੋਣ ਦੇ ਡਰੋਂ ਉਹ ਕਿਸੇ ਨੂੰ ਕੁਝ ਨਹੀਂ ਦੱਸ ਸਕੀ। ਪੀੜਤਾ ਅਨੁਸਾਰ ਕੁੱਝ ਦਿਨ ਪਹਿਲਾਂ ਉਕਤ ਰਣਜੀਤ ਸਿੰਘ ਨੇ ਉਸਦੀ ਇਤਰਾਜ਼ਯੋਗ ਵੀਡੀਓ ਉਸਦੇ ਘਰ ਵਾਲੇ ਦੇ ਫ਼ੋਨ 'ਤੇ ਭੇਜ ਦਿੱਤੀ ਅਤੇ ਵੀਡੀਓ ਦੇਖਣ ਤੋਂ ਬਾਅਦ ਉਸਦੇ ਘਰ ਵਾਲੇ ਅਤੇ ਸਹੁਰੇ ਪਰਿਵਾਰ ਨੇ ਉਸਨੂੰ ਆਪਣੇ ਘਰ ਰੱਖਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪੁਲਸ ਨੇ ਔਰਤ ਦੀ ਸ਼ਿਕਾਇਤ 'ਤੇ ਉਕਤ ਰਣਜੀਤ ਸਿੰਘ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਥਾਣਾ ਭਵਾਨੀਗੜ੍ਹ ਵਿਖੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

# ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਟ੍ਰੈਵਲ ਏਜੰਟ ਨੇ 10 ਲੱਖ ਰੁਪਏ ਦੀ ਮਾਰੀ ਠੱਗੀ, ਮਾਮਲਾ ਦਰਜ


ਜਲੰਧਰ-ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਟ੍ਰੈਵਲ ਏਜੰਟ ਨੇ 10 ਲੱਖ ਰੁਪਏ ਠੱਗ ਲਏ। ਪੈਸੇ ਲੈਣ ਤੋਂ ਬਾਅਦ ਏਜੰਟ ਨੇ ਵਿਦੇਸ਼ ਨਹੀਂ ਭੇਜਿਆ ਤੇ ਪੈਸੇ ਵੀ ਨਹੀਂ ਮੋੜੇ। ਪੀੜਤ ਦੀ ਸ਼ਿਕਾਇਤ ਮਗਰੋਂ ਥਾਣਾ-6 ਦੀ ਪੁਲਿਸ ਨੇ ਜਾਂਚ ਦੌਰਾਨ ਟ੍ਰੈਵਲ ਏਜੰਟ ਪਿੰਡ ਕੋਹਾੜ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਚਰਨਜੀਤ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਅੰਮਿ੍ਤਸਰ ਦੇ ਰਹਿਣ ਵਾਲੇ ਸੰਤੋਖ ਸਿੰਘ ਨੇ ਦੱਸਿਆ ਕਿ ਉਸ ਨੂੰ ਕਿਸੇ ਜਾਣਕਾਰ ਨੇ ਉਕਤ ਟ੍ਰੈਵਲ ਏਜੰਟ ਬਾਰੇ ਦੱਸਿਆ ਸੀ, ਜਿਸ ਤੋਂ ਬਾਅਦ ਉਸ ਨੇ ਪੁੱਤਰ ਨੂੰ ਵਿਦੇਸ਼ ਭੇਜਣ ਲਈ ਏਜੰਟ ਨਾਲ ਗੱਲ ਕੀਤੀ ਤਾਂ ਉਸ ਨੇ ਭਰੋਸਾ ਦਿੱਤਾ ਕਿ ਉਹ ਪੁੱਤਰ ਨੂੰ ਪੁਰਤਗਾਲ ਭੇਜ ਦੇਵੇਗਾ। ਉਸ ਨੇ ਦੱਸਿਆ ਕਿ ਟ੍ਰੈਵਲ ਨਾਲ ਪਹਿਲਾਂ ਦੋ ਵਾਰ ਫੋਨ 'ਤੇ ਗੱਲ ਕੀਤੀ, ਜਿਸ ਤੋਂ ਬਾਅਦ ਏਜੰਟ ਨੇ ਉਸ ਨੂੰ ਮਿਲਣ ਲਈ ਜਲੰਧਰ ਬੱਸ ਸਟੈਂਡ ਨੇੜੇ ਦਫ਼ਤਰ ਵਿਚ ਸੱਦਿਆ, ਜਿਥੇ ਬੈਠ ਕੇ ਸਮਝਾਇਆ ਕਿ ਉਸ ਦਾ ਪੁੱਤਰ ਤਿੰਨ ਮਹੀਨਿਆਂ 'ਵਿਚ ਪੁਰਤਗਾਲ ਵਿਚ ਚਲਾ ਜਾਵੇਗਾ ਤੇ ਉਹ ਉਸ ਦੀਆਂ ਗੱਲਾਂ 'ਵਿਚ ਆ ਗਿਆ। ਭਰੋਸੇ 'ਚ ਲੈ ਕੇ 10 ਲੱਖ ਰੁਪਏ ਲੈ ਲਏ।



ਸਮਾਂ ਬੀਤਣ ਤੋਂ ਬਾਅਦ ਵੀਜ਼ਾ ਨਹੀਂ ਆਇਆ ਤੇ ਉਸ ਨੇ ਏਜੰਟ ਨੂੰ ਕਈ ਵਾਰ ਫੋਨ ਕੀਤੇ ਪਰ ਉਹ ਟਾਲ-ਮਟੋਲ ਕਰਨ ਲੱਗਾ। ਕੁਝ ਸਮੇਂ ਬਾਅਦ ਫੋਨ ਚੁੱਕਣਾ ਬੰਦ ਕਰ ਦਿੱਤਾ। ਇਸ ਤੋਂ ਬਾਅਦ ਪਤਾ ਲੱਗਾ ਕਿ ਉਸ ਨਾਲ ਠੱਗੀ ਹੋ ਗਈ ਹੈ, ਜਿਸ ਦੀ ਸ਼ਿਕਾਇਤ ਉਸ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਦਿੱਤੀ, ਜਿਥੋਂ ਉਸ ਦੀ ਸ਼ਿਕਾਇਤ ਥਾਣਾ-6 ਦੀ ਪੁਲਿਸ ਨੂੰ ਭੇਜ ਦਿੱਤੀ ਗਈ। ਜਾਂਚ ਦੌਰਾਨ ਪਿੰਡ ਕੋਹਾੜ ਜ਼ਿਲ੍ਹਾ ਅੰਮਿ੍ਤਸਰ ਦੇ ਰਹਿਣ ਵਾਲੇ ਚਰਨਜੀਤ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਕੇ ਭਾਲ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਵਿਚ 6 ਨਾਈਜੀਰੀਅਨਾਂ ਸਮੇਤ 14 ਲੁਟੇਰੀਆਂ ਗ੍ਰਿਫਤਾਰ



ਕਪੂਰਥਲਾ-ਪੰਜਾਬ ਦੇ ਕਪੂਰਥਲਾ ਸਬ-ਡਵੀਜ਼ਨ ਫਗਵਾੜਾ ਦੇ ਜੀ.ਟੀ.ਰੋਡ 'ਤੇ ਰਾਤ ਸਮੇਂ ਰਾਹਗੀਰਾਂ ਨੂੰ ਬਲੈਕਮੇਲ ਕਰਨ ਅਤੇ ਲੁੱਟਣ ਵਾਲੀਆਂ 6 ਨਾਈਜੀਰੀਅਨਾਂ ਸਮੇਤ 14 ਲੜਕੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਥਾਣਾ ਸਤਨਾਮਪੁਰਾ ਪੁਲਿਸ ਨੇ ਦੋ ਵੱਖ-ਵੱਖ ਮੁਕੱਦਮੇ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਲੜਕੀਆਂ ਦੇ ਕਬਜ਼ੇ 'ਚੋਂ ਰਾਹਗੀਰਾਂ ਕੋਲੋਂ ਲੁੱਟੀ ਗਈ 2700 ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਗਈ ਹੈ। ਪੁਲੀਸ ਅਨੁਸਾਰ ਇਨ੍ਹਾਂ ਵਿੱਚੋਂ ਕੁਝ ਕੁੜੀਆਂ ਦੇਹ ਵਪਾਰ ਵਿੱਚ ਵੀ ਸ਼ਾਮਲ ਹਨ। ਜਾਂਚ ਅਧਿਕਾਰੀ ਏਐਸਆਈ ਦਰਸ਼ਨ ਸਿੰਘ ਅਨੁਸਾਰ ਪੁਲੀਸ ਨੇ ਫਗਵਾੜਾ ਦੇ ਪਿੰਡ ਮਹਿਦੂ ਵਿਖੇ ਲਾਅ ਗੇਟ 'ਤੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਦੋ ਵਿਅਕਤੀਆਂ ਵਰਿੰਦਰ ਸਿੰਘ ਵਾਸੀ ਬੁੱਢਾ ਥੇਹ ਬਿਆਸ ਅਤੇ ਅਰਵਿੰਦਰ ਕੁਮਾਰ ਉਰਫ ਸਾਬੀ ਵਾਸੀ ਨਾਨਕ ਨਗਰੀ ਥਾਣਾ ਸਤਨਾਮਪੁਰਾ ਨੇ ਪੁਲੀਸ ਕੋਲ ਲੜਕੀਆਂ ਦੀ ਸ਼ਿਕਾਇਤ ਕੀਤੀ।

ਸ਼ਿਕਾਇਤ ਵਿੱਚ ਦੱਸਿਆ ਗਿਆ ਕਿ ਲਾਅ ਗੇਟ ਨੇੜੇ ਲੜਕੀਆਂ ਭੋਲੇ-ਭਾਲੇ ਲੋਕਾਂ ਨੂੰ ਦੇਹ ਵਪਾਰ ਵਿੱਚ ਧਕੇਲ ਕੇ ਬਲੈਕਮੇਲ ਕਰ ਰਹੀਆਂ ਹਨ। ਸੂਚਨਾ ਦੇ ਆਧਾਰ 'ਤੇ ਪੁਲਿਸ ਨੇ ਛਾਪੇਮਾਰੀ ਕਰਕੇ ਸ਼ਿਕਾਇਤਕਰਤਾਵਾਂ ਵੱਲੋਂ ਦੱਸੀ ਜਗ੍ਹਾ ਤੋਂ 14 ਲੜਕੀਆਂ ਨੂੰ ਗ੍ਰਿ.ਫਤਾਰ ਕੀਤਾ ਹੈ। ਸਤਨਾਮਪੁਰਾ ਥਾਣੇ ਦੇ ਐਸਐਚਓ ਗੌਰਵ ਧੀਰ ਨੇ ਦੱਸਿਆ ਕਿ ਇਹ ਲੜਕੀਆਂ ਰਾਤ ਸਮੇਂ ਜਲੰਧਰ ਤੋਂ ਲਾਅ ਗੇਟ 'ਤੇ ਆਉਂਦੀਆਂ ਸਨ ਅਤੇ ਲੋਕਾਂ ਨੂੰ ਚਾਕੂ ਅਤੇ ਹੋਰ ਹਥਿਆਰ ਦਿਖਾ ਕੇ ਬਲੈਕਮੇਲ ਕਰਦੀਆਂ ਸਨ ਅਤੇ ਲੁੱਟ-ਖੋਹ ਕਰਦੀਆਂ ਸਨ। ਜਦੋਂ ਵੀ ਕੋਈ ਉਸ ਦਾ ਵਿਰੋਧ ਕਰਦਾ ਤਾਂ ਉਹ ਉਨ੍ਹਾਂ ਨੂੰ ਝੂਠੇ ਕੇਸ ਵਿੱਚ ਫਸਾਉਣ ਦੀਆਂ ਧਮਕੀਆਂ ਦਿੰਦੀਆਂ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਕੁਝ ਲੜਕੀਆਂ ਦੇਹ ਵਪਾਰ ਦਾ ਧੰਦਾ ਵੀ ਕਰਦੀਆਂ ਹਨ। ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਨ੍ਹਾਂ ਵਿਦੇਸ਼ੀ ਲੜਕੀਆਂ ਦੇ ਪਾਸਪੋਰਟ ਅਤੇ ਵੀਜ਼ੇ ਸਬੰਧੀ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ।

ਐਸਪੀ ਫਗਵਾੜਾ ਰੁਪਿੰਦਰ ਕੌਰ ਅਤੇ ਡੀਐਸਪੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਫੜੀਆਂ ਗਈਆਂ ਲੜਕੀਆਂ ਵਿਦਿਆਰਥੀ ਨਹੀਂ ਹਨ। 6 ਲੜਕੀਆਂ ਨਾਈਜੀਰੀਆ ਅਤੇ ਘਾਨਾ ਦੀਆਂ ਵਸਨੀਕ ਹਨ। ਉਨ੍ਹਾਂ ਦੇ ਵੀਜ਼ੇ ਜਾਇਜ਼ ਹਨ ਜਾਂ ਨਹੀਂ, ਇਸ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਫਗਵਾੜਾ ਪੁਲਿਸ ਨੇ ਇਸ ਤੋਂ ਪਹਿਲਾਂ ਦੋ ਵੱਖ-ਵੱਖ ਮਾਮਲਿਆਂ ਵਿੱਚ 32 ਲੜਕੀਆਂ ਨੂੰ ਗ੍ਰਿ.ਫਤਾਰ ਕੀਤਾ ਸੀ। ਜਿਨ੍ਹਾਂ ਵਿੱਚੋਂ 14 ਨਾਈਜੀਰੀਆ, ਥਾਈਲੈਂਡ ਅਤੇ ਘਾਨਾ ਨਾਲ ਸਬੰਧਤ ਸਨ।

## ਬੇਹੋਸ਼ ਕਰਕੇ ਔਰਤ ਨਾਲ ਹੋਟਲ ਵਿਚ ਰੇਪ ਕਰ ਬਣਾਈ ਵੀਡੀਓ, ਲਗਾਤਾਰ ਕਰਦਾ ਰਿਹਾ ਬਲੈਕਮੇਲ

ਲੁਧਿਆਣਾ-ਲੁਧਿਆਣਾ ਵਿੱਚ ਇੱਕ ਔਰਤ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਔਰਤ ਨੇ ਪੁਲਿਸ ਨੂੰ ਦੱਸਿਆ ਕਿ ਇਹ ਰਾਮ ਨਗਰ ਦੀ ਰਹਿਣ ਵਾਲੀ ਹੈ। ਆਰੋਪੀ ਵਿਜੇ ਪਾਂਡੇ ਨਾਲ ਉਸ ਦੀ ਜਾਣ ਪਛਾਣ ਸੀ ਜਿਸ ਨੇ ਉਸ ਨੂੰ ਉਸਦੀ ਯਮੁਨਾ ਨਗਰ ਵਾਲੀ ਦੁਕਾਨ ਛੁਡਵਾਉਣ ਦੇ ਬਹਾਨੇ ਮਾਰਚ 2023 ਨੂੰ ਆਚਾਰ ਵਾਲੀ ਗਲੀ ਵਿੱਚ ਬੁਲਾਇਆ ਸੀ। ਇਸ ਤੋਂ ਬਾਅਦ ਆਰੋਪੀ ਉਸ ਨੂੰ ਮੋਟਰਸਾਇਕਲ ਉੱਤੇ ਬਿਠਾਕੇ ਰਾਜਾ ਢਾਬਾ ਹੈਬੋਵਾਲਾ ਲੈ ਗਿਆ ਜਿੱਥੇ ਉਸ ਨੇ ਪਹਿਲਾਂ ਹੀ ਕਮਰਾ ਬੁੱਕ ਕੀਤਾ ਹੋਇਆ ਸੀ। ਪੀੜਤਾ ਮੁਤਾਬਕ, ਆਰੋਪੀ ਨੇ ਉਸ ਨੂੰ ਕੋਲਡਡ੍ਰਿੰਕ ਵਿੱਚ ਕੁਝ ਨਸ਼ੀਲਾ ਪਦਾਰਥ ਮਿਲਾ ਕੇ ਦਿੱਤਾ ਜਿਸ ਨੂੰ ਪੀਣ ਤੋਂ ਬਾਅਦ ਉਹ ਬੇਹੋਸ਼ ਹੋ ਗਈ ਇਸ ਤੋਂ ਬਾਅਦ ਆਰੋਪੀ ਨੇ ਉਸ ਨਾਲ ਜ਼ਬਰਦਸਤੀ ਕੀਤੀ। ਉਸ ਦੀਆਂ ਤਸਵੀਰਾਂ ਖਿੱਚੀਆਂ ਤੇ ਵੀਡੀਓ ਵੀ ਬਣਾਈ। ਇਸ ਤੋਂ ਕੁਝ ਦਿਨਾਂ ਬਾਅਦ ਉਹ ਉਸ ਨੂੰ ਬਲੈਕਮੇਲ ਕਰਨ ਲੱਗਿਆ ਤੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦੇਣ ਲੱਗਿਆ। ਪੀੜਤਾ ਨੇ ਕਿਹਾ ਕਿ ਆਰੋਪੀ ਉਸ ਦੀ ਵੀਡੀਓ ਵਾਇਰਲ ਕਰਨ ਦੀ ਧਮਕੀ ਦੇ ਕੇ ਉਸ ਨੂੰ ਲਗਾਤਾਰ ਬਲਾਤਕਾਰ ਕਰਦਾ ਰਿਹਾ। ਇਸ ਦੌਰਾਨ ਉਸ ਨੇ ਉਸ ਤੋਂ ਸੋਨੇ ਦੇ ਗਹਿਣੇ ਤੇ ਪੈਸੇ ਵੀ ਲੈ ਲਏ। ਫਿਲਹਾਲ ਪੁਲਿਸ ਨੇ ਪੀੜਤਾ ਦੇ ਬਿਆਨਾਂ ਦੇ ਆਧਾਰ ਉੱਤੇ ਮਾਮਲਾ ਦਰਜ ਕਰ ਲਿਆ ਹੈ।

## ਲੰਡਾ ਦੇ ਗਰੁਪ ਤੋਂ ਭਾਰੀ ਮਾਤਰਾ ਵਿਚ ਹਥਿਆਰ ਤੇ ਨਸ਼ੀਲੇ ਪਦਾਰਥ ਬਰਾਮਦ, 4 ਗ੍ਰਿਫਤਾਰ

ਜਲੰਧਰ-ਪੰਜਾਬ ਦੇ ਜਲੰਧਰ ਵਿਚ ਸਿਟੀ ਪੁਲਸ ਨੇ 8 ਨਜਾਇਜ਼ ਪਿਸਤੌਲਾਂ ਸਮੇਤ 4 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਫੜੇ ਗਏ ਮੁਲਜ਼ਮ



ਮੂਲ ਰੂਪ ਵਿੱਚ ਲੁਧਿਆਣਾ ਦੇ ਰਹਿਣ ਵਾਲੇ ਹਨ। ਪੁਲਿਸ ਨੇ ਮੁਲਜ਼ਮਾਂ ਕੋਲੋਂ 8 ਹਥਿਆਰਾਂ ਸਮੇਤ 12 ਮੈਗਜ਼ੀਨ ਵੀ ਬਰਾਮਦ ਕੀਤੇ ਹਨ। ਉਕਤ ਗਰੋਹ ਕੋਲੋਂ ਹੁਣ ਤੱਕ 25 ਦੇ ਕਰੀਬ ਨਾਜਾਇਜ਼ ਹਥਿਆਰ ਬਰਾਮਦ ਕੀਤੇ ਜਾ ਚੁੱਕੇ ਹਨ। ਸੂਤਰਾਂ ਮੁਤਾਬਕ ਉਕਤ ਮੁਲਜ਼ਮ ਪੂਰੇ ਪੰਜਾਬ ਵਿਚ ਹਥਿਆਰ ਸਪਲਾਈ ਕਰਦੇ ਸਨ। ਲੁਧਿਆਣਾ ਤੋਂ ਉਕਤ ਅਸਲਾ ਸਪਲਾਈ ਚੇਨ ਚਲਾਉਂਦਾ ਸੀ। ਜਾਣਕਾਰੀ ਅਨੁਸਾਰ 10 ਮਾਰਚ ਨੂੰ ਗੁਰਪ੍ਰੀਤ ਸਿੰਘ ਉਰ.ਫ ਲਾਡਾ ਨੂੰ ਪੁਲਿਸ ਨੇ ਇੱਕ ਨਜਾਇਜ਼ ਪਿਸਤੌਲ ਅਤੇ ਦੋ ਕਾਰਤੂਸਾਂ ਸਮੇਤ ਕਾਬੂ ਕੀਤਾ ਸੀ। ਜਾਂਚ ਦੌਰਾਨ ਹੋਰ ਮੁਲਜ਼ਮਾਂ ਦੇ ਨਾਂ ਸਾਹਮਣੇ ਆਏ। ਜਿਨ੍ਹਾਂ ਦੀ ਪਛਾਣ ਅਭਿਸ਼ੇਕ ਉਰਫ ਭੋਲੂ, ਰਮਨਦੀਪ ਸਿੰਘ ਅਤੇ ਜਗਰੂਪ ਸਿੰਘ ਵਜੋਂ ਹੋਈ ਹੈ ਅਤੇ ਉਨ੍ਹਾਂ ਕੋਲੋਂ 7 ਪਿਸਤੌਲ, 12 ਕਾਰਤੂਸ, 11 ਮੈਗਜ਼ੀਨ, ਇਕ ਸਵਿਫਟ ਕਾਰ ਅਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਗੁਰਪ੍ਰੀਤ ਸਿੰਘ ਨੇ ਨਿੱਜੀ ਦੁਸ਼ਮਣੀ ਕਾਰਨ ਲੁਧਿਆਣਾ ਤੋਂ ਹਥਿਆਰ ਖਰੀਦੇ ਸਨ। ਜਦੋਂ ਕਿ ਅਭਿਸ਼ੇਕ ਮੱਧ ਪ੍ਰਦੇਸ਼ ਦੀਆਂ ਥਾਵਾਂ 'ਤੇ ਪਹੁੰਚਾਉਣ ਲਈ ਰਮਨਦੀਪ ਸਿੰਘ ਦੀ ਮਦਦ 'ਤੇ ਨਿਰਭਰ ਸੀ। ਪੁਲਿਸ ਨੇ ਸਾਰਿਆਂ ਨੂੰ ਗ੍ਰਿ.ਫਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਸਾਰੇ ਮੁਲਜ਼ਮ ਗੈਂਗਸਟਰ ਲਖਬੀਰ ਸਿੰਘ ਲੰਡਾ ਦੇ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦੇ ਨੈੱਟਵਰਕ ਦਾ ਹਿੱਸਾ ਸਨ। ਉਸ ਦੇ ਤਿੰਨ ਸਾਥੀਆਂ ਨੂੰ ਸਿਟੀ ਪੁਲੀਸ ਨੇ ਪਿਛਲੇ ਮਹੀਨੇ ਗ੍ਰਿ.ਫਤਾਰ ਕੀਤਾ ਸੀ। ਜਿਸ ਕੋਲੋਂ ਕੁੱਲ 17 ਪਿਸਤੌਲ ਬਰਾਮਦ ਹੋਏ। ਇਸੇ ਮਾਮਲੇ ਦੀ ਜਾਂਚ ਤੋਂ ਬਾਅਦ ਹੁਣ ਪੁਲੀਸ ਨੇ ਅੱਠ ਹੋਰ ਹਥਿਆਰ ਬਰਾਮਦ ਕੀਤੇ ਹਨ।

## ਪਾਕਿਸਤਾਨ ਵਿਚ 18 ਸਾਲ ਤੋਂ ਘੱਟ ਉਮਰ ਦੇ ਸਿਖ ਵਿਆਹ ਦੇ ਅਯੋਗ ਮੰਨੇ ਜਾਣਗੇ

**○ ਸਿੱਖ ਮਰਿਆਦਾ ਅਨੁਸਾਰ ਹੋਵੇਗਾ ਵਿਆਹ, ਜਲਦ ਮਿਲੇਗੀ ਕੈਬਨਿਟ ਦੀ ਮਨਜ਼ੂਰੀ-ਰਮੇਸ਼ ਸਿੰਘ**



ਅੰਮ੍ਰਿਤਸਰ-ਸੂਬਾਈ ਸਿੱਖ ਐਕਟ ਵਿਚ ਕੁਝ ਬਦਲਾਅ ਕੀਤੇ ਜਾਣਗੇ, ਜਿਸ ਤਹਿਤ 18 ਸਾਲ ਤੋਂ ਘੱਟ ਉਮਰ ਦੇ ਸਿੱਖ ਵਿਆਹ ਕਰਨ ਦੇ ਅਯੋਗ ਮੰਨੇ ਜਾਣਗੇ। ਬੀਤੇ ਦਿਨੀਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਪਾਕਿਸਤਾਨ ਸਿੱਖ ਐਕਟ ਵਿਚ ਨਵੀਆਂ ਸੋਧਾਂ ਘੱਟ ਗਿਣਤੀ ਭਾਈਚਾਰੇ ਦੇ ਹੱਕ ਵਿਚ ਹੋਣ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਅਸੀਂ ਸਿੱਖ ਧਾਰਮਿਕ ਤੇ ਨਾਗਰਿਕ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ ਅਤੇ ਸਾਡੀ ਗਿਣਤੀ 15 ਹਜ਼ਾਰ ਤੋਂ ਵੀ ਘੱਟ ਹੈ। ਪਾਕਿਸਤਾਨ ਵਿਚ 18 ਸਾਲ ਤੋਂ ਘੱਟ ਉਮਰ ਦਾ ਵਿਆਹ ਘੱਟ ਗਿਣਤੀ ਮੁੱਦਾ ਨਹੀਂ ਹੈ, ਦੱਖਣੀ ਪੰਜਾਬ, ਸਿੰਧ ਅਤੇ ਸਾਰੇ ਪੇਂਡੂ ਖੇਤਰਾਂ ਵਿਚ 18 ਸਾਲ ਤੋਂ ਘੱਟ ਉਮਰ ਦਾ ਵਿਆਹ ਆਮ ਗੱਲ ਹੈ। ਪਰ ਸਿੱਖ ਜਾਂ ਹਿੰਦੂ ਜਾਂ ਕਿਸੇ ਹੋਰ ਸਮਾਜ ਵਿੱਚ ਅਜਿਹਾ ਨਹੀਂ ਹੈ।

ਸੋਧੇ ਹੋਏ ਕਾਨੂੰਨ ਅਨੁਸਾਰ ਵਿਆਹ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਹੀ ਹੋਵੇਗਾ। ਜੋੜੇ ਨੂੰ ਆਨੰਦ ਕਾਰਜ ਫਾਰਮ ਭਰ ਕੇ ਵਿਆਹ ਦੇ 30 ਦਿਨਾਂ ਦੇ ਅੰਦਰ ਅਧਿਕਾਰਤ ਰਜਿਸਟਰਾਰ ਕੋਲ ਜਮ੍ਹਾ ਕਰਨਾ ਹੋਵੇਗਾ।

ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਪਾਰਟੀ ਦੇ ਮੈਂਬਰ ਅਰੋੜਾ ਨੇ ਕਿਹਾ ਕਿ ਆਨੰਦ ਕਾਰਜ ਰਜਿਸਟਰਾਰ ਜਾਂ ਯੂਨੀਅਨ ਕੌਂਸਲ ਦਫ਼ਤਰ ਸਾਰੇ ਵਿਆਹਾਂ ਦਾ ਰਿਕਾਰਡ ਰੱਖਣਗੇ।

ਮਰੀਅਮ ਨਵਾਜ਼ ਦੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਘੱਟ ਗਿਣਤੀ ਮਾਮਲਿਆਂ ਦੇ ਸੂਬਾਈ ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਸਿੱਖ ਆਨੰਦ ਕਾਰਜ ਮੈਰਿਜ ਐਕਟ 2018 ਵਿਚ 18 ਸਾਲ ਤੋਂ ਘੱਟ ਉਮਰ ਦੇ ਸਿੱਖਾਂ ਨੂੰ ਵਿਆਹ ਲਈ ਅਯੋਗ ਬਣਾਉਣ ਸਮੇਤ ਕੁਝ ਸੋਧਾਂ ਕੀਤੀਆਂ ਜਾਣਗੀਆਂ ਅਤੇ ਇਸ ਨੂੰ ਛੇਤੀ ਹੀ ਕੈਬਨਿਟ ਵੱਲੋਂ ਮਨਜ਼ੂਰੀ ਦੇ ਦਿੱਤੀ ਜਾਵੇਗੀ।

# ਲੋਕਾਂ ਵਿੱਚ ਕੈਨੇਡਾ ਦਾ ਨਾਗਰਿਕ ਬਣਨ ਦਾ ਹੁਣ ਕ੍ਰੇਜ਼ ਘੱਟਿਆ

**✪ ਪਿਛਲੇ 2 ਦਹਾਕਿਆਂ ਦੌਰਾਨ ਕੈਨੇਡਾ ਦੀ ਨਾਗਰਿਕਤਾ ਦਰ ਵਿੱਚ 30 ਫ਼ੀਸਦੀ ਦੀ ਗਿਰਾਵਟ ✪ ਕੈਨੇਡਾ ਦੇ ਸਖਤ ਕਨੂੰਨਾਂ ਕਾਰਣ ਲੋਕਾਂ ਦੀ ਦਿਲਚਸਪੀ ਘਟੀ ✪ ਸਪਾਊਸ ਵਰਕ ਪਰਮਿਟ' ਤੇ ਟੈਂਪਰੇਰੀ ਰੈਜ਼ੀਡੈਂਟਸ ਉਪਰ ਨਵੀਆਂ ਪਾਬੰਦੀਆਂ**

// ਵਿਸ਼ੇਸ਼ ਰਿਪੋਟ //

ਲੋਕਾਂ ਵਿੱਚ ਕੈਨੇਡਾ ਦਾ ਨਾਗਰਿਕ ਬਣਨ ਦਾ ਹੁਣ ਕ੍ਰੇਜ਼ ਘੱਟਦਾ ਨਜ਼ਰ ਆ ਰਿਹਾ ਹੈ। ਪਿਛਲੇ ਕਰੀਬ 2 ਦਹਾਕਿਆਂ ਦੌਰਾਨ ਕੈਨੇਡਾ ਦੀ ਨਾਗਰਿਕਤਾ ਦਰ ਵਿੱਚ 30 ਫ਼ੀਸਦੀ ਦੀ ਗਿਰਾਵਟ ਆਈ ਹੈ। 1996 ਵਿੱਚ 75 ਫ਼ੀਸਦੀ ਤੋਂ ਵੱਧ ਪ੍ਰਵਾਸੀਆਂ ਨੇ ਨਾਗਰਿਕਤਾ ਲਈ ਅਰਜ਼ੀ ਦਿੱਤੀ ਸੀ। ਸਾਲ 2021 ਵਿਚ ਇਹ ਅੰਕੜਾ ਘੱਟ ਕੇ 45.7 ਫ਼ੀਸਦੀ 'ਤੇ ਆ ਗਿਆ ਸੀ। 2016 ਤੋਂ ਬਾਅਦ ਸਥਿਤੀ ਹੋਰ ਬਦਲਣੀ ਸ਼ੁਰੂ ਹੋ ਗਈ। ਉਦੋਂ ਤੋਂ ਹੁਣ ਤੱਕ ਇੱਕ ਬਹੁਤ ਵੱਡੀ ਤਬਦੀਲੀ ਆਈ ਹੈ, ਜਿਸ ਵਿੱਚ ਭਾਰਤੀਆਂ ਦੀ ਵੀ ਕੈਨੇਡੀਅਨ ਨਾਗਰਿਕਤਾ ਵਿੱਚ ਦਿਲਚਸਪੀ ਖ਼ਤਮ ਹੋ ਗਈ ਹੈ ਅਤੇ ਪ੍ਰਵਾਸੀ ਹੁਣ ਕੈਨੇਡੀਅਨ ਨਾਗਰਿਕਤਾ ਲਈ ਪਹਿਲਾਂ ਵਾਂਗ ਕਾਹਲੀ ਨਹੀਂ ਕਰਦੇ। ਕਿਉਂਕਿ ਨਾਗਰਿਕਤਾ ਪ੍ਰੀਖਿਆ ਸਖ਼ਤ ਹੋ ਗਈ, ਭਾਸ਼ਾ ਦੇ ਹੁਨਰ ਦੀ ਮੰਗ ਵਧ ਗਈ। ਇਸ ਤੋਂ ਇਲਾਵਾ ਅਰਜ਼ੀ ਦੀ ਫੀਸ ਵੀ ਜ਼ਿਆਦਾ ਹੈ। ਕੈਨੇਡੀਅਨ ਨਾਗਰਿਕਤਾ ਦੀ ਮੰਗ ਨੂੰ ਘਟਾਉਣ ਵਿੱਚ ਲਗਭਗ 40 ਫ਼ੀਸਦੀ ਭੂਮਿਕਾ ਕੋਵਿਡ ਦੀ ਰਹੀ ਹੈ।

2016 ਅਤੇ 2021 ਦੇ ਵਿਚਕਾਰ ਪ੍ਰਵਾਸੀ ਇੰਨੇ ਨਿਰਾਸ਼ ਹੋ ਗਏ ਕਿ ਉਨ੍ਹਾਂ ਨੇ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਨਹੀਂ ਦਿੱਤੀ। ਕੈਨੇਡੀਅਨ ਨਾਗਰਿਕਤਾ ਦੀ ਲਾਲਸਾ ਵੀ ਵੱਖ-ਵੱਖ ਪ੍ਰਵਾਸੀਆਂ ਵਿੱਚ ਵੱਖੋ-ਵੱਖਰੀ ਹੁੰਦੀ ਹੈ। ਉਦਾਹਰਨ ਲਈ, ਜਿਨ੍ਹਾਂ ਦੀ ਸਾਲਾਨਾ ਆਮਦਨ 50,000 ਅਤੇ 100,000 ਕੈਨੇਡੀਅਨ ਡਾਲਰ ਦੇ ਵਿਚਕਾਰ ਹੈ, ਉਨ੍ਹਾਂ ਦੀ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਦੀ ਸੰਭਾਵਨਾ 14 ਫ਼ੀਸਦੀ ਵੱਧ ਹੈ, ਜਦੋਂ ਕਿ 10,000 ਡਾਲਰ ਤੋਂ ਘੱਟ ਆਮਦਨ ਵਾਲੇ ਲੋਕ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦੇਣ ਤੋਂ ਬਚਦੇ ਹਨ।

ਇਸ ਤੋਂ ਇਲਾਵਾ ਯੂਨੀਵਰਸਿਟੀ ਦੀ ਡਿਗਰੀ ਵਾਲੇ 51.8 ਫ਼ੀਸਦੀ ਦੇ ਮੁਕਾਬਲੇ, ਹਾਈ ਸਕੂਲ ਦੀ ਡਿਗਰੀ ਵਾਲੇ 30.5 ਫ਼ੀਸਦੀ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦਿੰਦੇ ਹਨ। ਪ੍ਰਵਾਸੀ ਜਿਸ ਦੇਸ਼ ਤੋਂ ਆਏ ਹਨ, ਉਸ ਦੇ ਆਧਾਰ 'ਤੇ ਡਾਟਾ ਵੀ ਵੱਖਰਾ ਹੋ ਸਕਦਾ ਹੈ। ਪੂਰਬੀ ਏਸ਼ੀਆਈ ਦੇਸ਼ਾਂ ਦੇ ਪ੍ਰਵਾਸੀਆਂ ਵਿੱਚ ਕੈਨੇਡੀਅਨ ਨਾਗਰਿਕਤਾ ਦੀ ਮੰਗ ਵਿੱਚ 58 ਫ਼ੀਸਦੀ ਦੀ ਗਿਰਾਵਟ ਆਈ ਹੈ, ਜਦੋਂ ਕਿ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਦੀ ਮੰਗ ਵਿੱਚ 40.7 ਫ਼ੀਸਦੀ ਦੀ ਗਿਰਾਵਟ ਆਈ ਹੈ। ਪੱਛਮੀ ਏਸ਼ੀਆਈ ਦੇਸ਼ਾਂ ਤੋਂ ਕੈਨੇਡੀਅਨ ਨਾਗਰਿਕਤਾ ਦੀ ਮੰਗ ਵਿੱਚ 30 ਫ਼ੀਸਦੀ ਦੀ ਕਮੀ ਆਈ ਹੈ। ਕੈਨੇਡੀਅਨ ਨਾਗਰਿਕਤਾ ਦੀ ਮੰਗ ਪੂਰਬੀ ਯੂਰਪੀਅਨ ਦੇਸ਼ਾਂ ਵਿੱਚ 29 ਫ਼ੀਸਦੀ ਅਤੇ ਮੱਧ ਅਮਰੀਕਾ ਦੇ ਲੋਕਾਂ ਵਿੱਚ 28.2 ਫ਼ੀਸਦੀ ਘਟੀ ਹੈ।



## ਟੈਂਪਰੇਰੀ ਰੈਜ਼ੀਡੈਂਟਸ ਦੀ ਗਿਣਤੀ ਘਟਾਉਣ ਲਗਾ ਕੈਨੇਡਾ

ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਸੀਮਤ ਕਰਨ ਤੋਂ ਬਾਅਦ ਕੈਨੇਡਾ ਸਰਕਾਰ ਕੱਚੇ ਵਿਦੇਸ਼ੀ ਕਾਮਿਆਂ ਦੀ ਗਿਣਤੀ 'ਚ ਵੱਡੀ ਕਟੌਤੀ ਕਰ ਰਹੀ ਹੈ। ਇਸ ਮੌਕੇ ਇਥੇ ਅਸਥਾਈ ਤੌਰ 'ਤੇ ਰਹਿੰਦੇ 25 ਲੱਖ ਵਿਦੇਸ਼ੀਆਂ (ਟੀ ਆਰ) ਦੀ ਗਿਣਤੀ ਨੂੰ ਆਉਂਦੇ ਸਤੰਬਰ ਤੱਕ ਘਟਾ ਕੇ 20 ਲੱਖ ਕੀਤਾ ਜਾਏਗਾ। ਆਵਾਸ ਮੰਤਰੀ ਮਾਈਕ ਮਿਲਰ ਨੇ ਵਿਭਾਗ ਵਲੋਂ ਲਏ ਫੈਸਲੇ ਬਾਰੇ ਲੰਘੇ ਸ਼ੁੱਕਰਵਾਰ ਨੂੰ ਦੱਸਿਆ ਸੀ ਕਿ ਸਰਕਾਰ ਆਵਾਸ ਨਿਯਮਾਂ ਵਿਚਲੀਆਂ ਚੋਰ ਮੋਰੀਆਂ ਰਾਹੀਂ ਬੇਈਮਾਨ ਲੋਕਾਂ ਵਲੋਂ ਕੀਤੇ ਜਾਂਦੇ ਕਾਲੇ ਧੰਦੇ ਬੰਦ ਕਰਨਾ ਚਾਹੁੰਦੀ ਹੈ, ਜਿਸ ਲਈ ਸਖਤ ਫੈਸਲੇ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮੰਤਰੀ ਨੇ ਕਿਹਾ ਦੇਸ਼ 'ਚ ਕੁੱਲ ਆਬਾਦੀ ਦਾ ਸਵਾ 6 ਫੀਸਦ ਕੱਚੇ ਕਾਮੇ ਹਨ, ਜਿਸ ਨੂੰ ਘਟਾ ਕੇ ਸਤੰਬਰ ਤੱਕ 5 ਫੀਸਦ ਕੀਤਾ ਜਾਏਗਾ। ਉਨ੍ਹਾਂ ਦੱਸਿਆ ਕਿ ਵਪਾਰਕ ਅਦਾਰਿਆਂ ਨੂੰ 30 ਫੀਸਦ ਕੱਚੇ ਵਿਦੇਸ਼ੀ ਕਾਮੇ ਸੱਦਣ ਦੀ ਛੋਟ ਹੁਣ 20 ਫੀਸਦ ਹੋਵੇਗੀ। ਆਵਾਸ ਮੰਤਰੀ ਦੇ ਨਾਲ ਬੈਠੀ ਰੁਜ਼ਗਾਰ ਮੰਤਰੀ ਰੈਂਡੀ ਬੋਇਸਨੌਲਟ ਨੇ ਇਸ 10 ਫੀਸਦ ਦੇ ਤੋੜ ਦਾ ਬਦਲ ਸੁਝਾਉਂਦਿਆਂ ਦੱਸਿਆ ਕਿ ਵਪਾਰਕ ਅਦਾਰੇ ਹੁਣ ਦੇਸ਼ 'ਚ ਪਨਾਹ ਮੰਗਣ ਵਾਲਿਆਂ ਨੂੰ ਕੰਮ 'ਤੇ ਰੱਖ ਸਕਣਗੇ ਤੇ ਉਨ੍ਹਾਂ ਪਨਾਹੀਆਂ ਲਈ ਕੰਮ ਦਾ ਉਹ ਤਜਰਬਾ ਉਨ੍ਹਾਂ ਦੇ ਪੱਕੇ ਹੋਣ ਵਿਚ ਸਹਾਈ ਹੋਵੇਗਾ। ਅਮਾਈਕ ਮਿਲਰ ਨੇ ਸਪਸ਼ਟ ਕੀਤਾ ਕਿ ਸਿਸਟਮ ਨੂੰ ਵਿਦੇਸ਼ੀ ਕੱਚੇ ਕਾਮਿਆਂ ਦੀ ਨਿਰਭਰਤਾ 'ਚੋਂ ਉਭਾਰਨ ਲਈ ਕਾਰਜਕੁਸ਼ਲ ਤੇ ਸਵੈ-ਨਿਰਭਰ ਬਣਾਉਣਾ ਸਮੇਂ ਦੀ ਲੋੜ ਹੈ, ਜਿਸ ਕਾਰਨ ਸਖਤ ਫੈਸਲੇ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ 'ਚ ਉਹ ਸੂਬਾਈ ਸਰਕਾਰਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਲੋੜਾਂ ਸਮਝਣਗੇ ਤੇ ਆਵਾਸ ਨੀਤੀਆਂ ਨੂੰ ਹੋਰ ਕਾਰਜ-ਕੁਸ਼ਲ ਬਣਾਉਣ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਵਿਦੇਸ਼ੀਆਂ ਦੀ ਆਮਦ ਉੱਤੇ ਇਹ ਪਾਬੰਦੀਆਂ ਪਹਿਲੀ ਮਈ ਤੋਂ ਲਾਗੂ ਹੋਣਗੀਆਂ ਤੇ ਸਤੰਬਰ ਤੱਕ ਗਿਣਤੀ ਘਟਾ ਲਈ ਜਾਏਗੀ। ਇਹ ਫੈਸਲਾ ਤਿੰਨ ਸਾਲ ਤੱਕ ਲਾਗੂ ਰਹੇਗਾ।

## ਵਿਦੇਸ਼ੀ ਵਿਦਿਆਰਥੀਆਂ ਲਈ ਕੈਨੇਡਾ ਦਾ 'ਸਪਾਊਸ ਵਰਕ ਪਰਮਿਟ' ਬੰਦ

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਵਲੋਂ ਦੇਸ਼ ਵਿਚ ਵਿਦੇਸ਼ੀ ਵਿਦਿਆਰਥੀਆਂ ਬਾਰੇ ਆਪਣੀਆਂ ਨੀਤੀਆਂ ਵਿਚ ਫੇਰਬਦਲ ਬੀਤੇ ਜਨਵਰੀ ਮਹੀਨੇ ਤੋਂ ਜਾਰੀ ਹਨ। ਇਸੇ ਤਹਿਤ ਆਪਣੇ ਦੇਸ਼ 'ਚ 12ਵੀਂ (+2) ਪੜ੍ਹ ਕੇ ਅਤੇ ਆਈਲੈਟਸ ਦੇ ਬੈਂਡਾਂ ਨਾਲ ਕੈਨੇਡਾ ਦੇ ਸਟੱਡੀ ਪਰਮਿਟ ਲੈਣ ਵਾਲੇ ਵਿਦੇਸ਼ੀਆਂ ਦੀ ਦੌੜ ਕੁਝ ਠੱਲ੍ਹਣ ਲਈ ਸਪਾਊਜ਼ ਓਪਨ ਵਰਕ ਪਰਮਿਟ ਨਾ ਦੇਣ ਦਾ ਫ਼ੈਸਲਾ ਬੀਤੇ ਦਿਨੀਂ ਤੋਂ ਲਾਗੂ ਕਰ ਦਿੱਤਾ ਗਿਆ। ਹੁਣ ਐਮ.ਏ. ਜਾਂ ਪੀ.ਐੱਚ.ਡੀ. ਕਰਨ ਲਈ ਕੈਨੇਡਾ ਵਿਚ ਦਾਖਲਾ ਲੈਣ ਵਾਲੇ ਵਿਦੇਸ਼ੀ ਵਿਦਿਆਰਥੀ ਹੀ ਆਪਣੇ ਪਤੀ ਜਾਂ ਪਤਨੀ ਦਾ ਵਰਕ ਪਰਮਿਟ ਅਪਲਾਈ ਕਰ ਸਕਦੇ ਹਨ। ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿਚ ਡਾਕਟਰੀ, ਫਾਰਮੇਸੀ, ਵਕਾਲਤ, ਨਰਸਿੰਗ, ਇੰਜੀਨੀਅਰਿੰਗ, ਬੀ.ਐੱਡ ਆਦਿਕ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਵਾਸਤੇ ਵੀ ਵਰਕ ਪਰਮਿਟ ਦੀ ਸਹੂਲਤ ਬਰਕਰਾਰ ਰੱਖੀ ਗਈ ਹੈ। ਹੁਣ ਤੱਕ ਕੈਨੇਡਾ ਦੀ ਸਰਕਾਰ ਤੋਂ ਮਾਨਤਾ ਪ੍ਰਾਪਤ ਵਿੱਦਿਅਕ ਅਦਾਰਿਆਂ ਵਿਚ ਪੜ੍ਹਨ ਜਾਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਵਲੋਂ ਆਪਣੇ ਵਿਆਂਹਦੜਾਂ ਵਾਸਤੇ ਓਪਨ ਵਰਕ ਪਰਮਿਟ ਅਤੇ ਬੱਚਿਆਂ ਵਾਸਤੇ ਵੀਜ਼ਾ ਅਪਲਾਈ ਕੀਤਾ ਜਾ ਸਕਦਾ ਸੀ ਕਿਨੇਡਾ ਪਹੁੰਚਣ ਦੀ ਇਸ ਬੇਲਗਾਮ ਦੌੜ ਵਿਚ ਪੰਜਾਬ ਵਿਚ ਪੰਜਾਬੀ ਅਤੇ ਪੰਜਾਬੀਅਤ ਰੁਲਦੀ ਜਾ ਰਹੀ ਸੀ ਅਤੇ ਸਥਾਨਕ ਵਿੱਦਿਅਕ ਅਦਾਰਿਆਂ ਦੀ ਹੋਂਦ ਨੂੰ ਵੱਡਾ ਖ਼ਤਰਾ ਬਣ ਚੁੱਕਾ ਸੀ।

ਕੈਨੇਡਾ ਦੀ ਰਾਜਧਾਨੀ ਓਟਾਵਾ ਵਿਖੇ ਬੀਤੇ ਕੱਲ੍ਹ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਸਪਸ਼ਟ ਕੀਤਾ ਕਿ 19 ਮਾਰਚ ਤੱਕ ਅਪਲਾਈ ਕਰ ਚੁੱਕੇ ਯੋਗ ਵਿਦੇਸ਼ੀ ਵਿਦਿਆਰਥੀ ਸਪਾਊਜ਼ਲ ਓਪਨ ਵਰਕ ਪਰਮਿਟ ਵਾਸਤੇ ਯੋਗ ਮੰਨੇ ਜਾਣਗੇ ਪਰ ਨਵੀਂ ਨੀਤੀ ਤਹਿਤ ਨਵੇਂ ਬਦਲਾਅ 20 ਮਾਰਚ ਤੋਂ ਲਾਗੂ ਹਨ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਕਿਹਾ ਕਿ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਵਿਚ ਭਰੋਸੇਯੋਗਤਾ ਬਣਾਈ ਰੱਖਣ ਲਈ ਵਰਕ ਪਰਮਿਟ ਨੀਤੀ ਵਿਚ ਕੁਝ ਕਰਨਾ ਸੁਧਾਰ ਸਮੇਂ ਦੀ ਲੋੜ ਸੀ।

## ਰਮੇਸ਼ ਸਿੰਘ ਅਰੋੜਾ ਨੂੰ 'ਸਿਤਾਰਾ-ਏ-ਇਮਤਿਆਜ਼' ਪੁਰਸਕਾਰ ਮਿਲਿਆ





ਅੰਮ੍ਰਿਤਸਰ-ਪਾਕਿਸਤਾਨ ਸਰਕਾਰ ਵਲੋਂ ਬੀਤੇ ਦਿਨੀਂ ਦੋ ਪਾਕਿ ਸਿੱਖ ਆਗੂਆਂ ਰਮੇਸ਼ ਸਿੰਘ ਅਰੋੜਾ ਅਤੇ ਡਾ: ਮਿਮਪਾਲ ਸਿੰਘ ਨੂੰ ਵੱਕਾਰੀ ਰਾਸ਼ਟਰੀ ਸਨਮਾਨ ਭੇਟ ਕੀਤਾ ਗਿਆ। ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਸੂਬਾਈ ਘੱਟ-ਗਿਣਤੀ ਮਾਮਲਿਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਨੂੰ ਰਾਜਪਾਲ ਮੁਹੰਮਦ ਬਲੀਗ ਉਰ ਰਹਿਮਾਨ ਵਲੋਂ ਲਾਹੌਰ ਵਿਚ ਗਵਰਨਰ ਹਾਊਸ ਵਿਖੇ ਪਾਕਿ ਦੇ ਸਰਵਉੱਚ ਸਿਵਲੀਅਨ ਐਵਾਰਡ 'ਸਿਤਾਰਾ-ਏ-ਇਮਤਿਆਜ਼' ਨਾਲ ਸਨਮਾਨਿਤ ਕੀਤਾ ਗਿਆ।

ਜਦਕਿ ਪੀ. ਐੱਸ. ਜੀ. ਪੀ. ਸੀ. ਦੇ ਮੈਂਬਰ ਡਾ: ਮਿਮਪਾਲ ਸਿੰਘ ਨੂੰ 'ਤਮਘਾ-ਏ-ਇਮਤਿਆਜ਼' ਭੇਟ ਕੀਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਪਾਕਿ ਸਰਕਾਰ ਵਲੋਂ ਉਕਤ ਸਿੱਖ ਆਗੂਆਂ ਨੂੰ ਇਹ ਰਾਸ਼ਟਰੀ ਸਨਮਾਨ ਉਨ੍ਹਾਂ ਦੇ ਦੇਸ਼ ਪ੍ਰਤੀ ਦਿੱਤੇ ਵਿਸ਼ੇਸ਼ ਯੋਗਦਾਨ ਬਦਲੇ ਪ੍ਰਦਾਨ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਸਿਤਾਰਾ-ਏ-ਇਮਤਿਆਜ਼ ਪਾਕਿ 'ਚ ਨਾਗਰਿਕ ਜਾਂ ਫ਼ੌਜੀ ਕਰਮਚਾਰੀਆਂ ਨੂੰ ਦਿੱਤਾ ਜਾਣ ਵਾਲਾ ਤੀਜਾ ਸਭ ਤੋਂ ਵੱਡਾ ਸਨਮਾਨ ਹੈ। ਇਹ ਪੁਰਸਕਾਰ ਸਾਲ 1998 ਵਿਚ ਪਾਕਿ ਸਰਕਾਰ ਵਲੋਂ ਭਾਰਤੀ ਅਦਾਕਾਰ ਦਲੀਪ ਕੁਮਾਰ ਨਾਂਅ ਨਾਲ ਪ੍ਰਸਿੱਧ ਯੂਸਫ਼ ਖ਼ਾਨ ਨੂੰ ਦਿੱਤਾ ਗਿਆ ਸੀ।

# ਕਿਸਮਤ ਦੇ ਸਿਤਾਰੇ

## ਵੀਰਵਾਰ 21 ਮਾਰਚ ਤੋਂ ਬੁੱਧਵਾਰ 27 ਮਾਰਚ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਇਸ ਹਫਤੇ ਕਮਾਈ ਘੱਟ ਅਤੇ ਖਰਚੇ ਵਧੇਰੇ ਹੋਣਗੇ। ਕਾਰੋਬਾਰੀ ਅਤੇ ਘਰੇਲੂ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਗੁੱਸੇ ਅਤੇ ਉਤੇਜਨਾ ਨਾਲ ਬਣਿਆ ਕੰਮ ਵਿਗੜ ਸਕਦਾ ਹੈ। ਆਪਣੇ ਆਪ ਨੂੰ ਕਾਬੂ ਵਿੱਚ ਰਖੋ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦੈ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਇਸ ਹਫਤੇ ਨਵੇਂ-ਨਵੇਂ ਦੋਸਤਾਂ ਨਾਲ ਮੇਲ ਹੋਵੇਗਾ। ਸੁੱਖ-ਸਾਧਨਾਂ, ਜ਼ਮੀਨ ਅਤੇ ਸਵਾਰੀ ਆਦਿ 'ਤੇ ਖਰਚ ਹੋਵੇਗਾ। ਧਨ ਦਾ ਲੈਣ-ਦੇਣ ਧਿਆਨ ਨਾਲ ਕਰਨਾ ਠੀਕ ਹੋਵੇਗਾ। ਕਾਰੋਬਾਰ ਵਧਾਉਣ ਵਿੱਚ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਮਦਦ ਮਿਲੇਗੀ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਮਨ ਵੀ ਸ਼ਾਂਤ ਰਹੇਗਾ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਆਮਦਨ ਘੱਟ ਅਤੇ ਖਰਚ ਜ਼ਿਆਦਾ ਰਹੇਗਾ। ਸੁਭਾਅ ਵਿੱਚ ਤੇਜ਼ੀ ਅਤੇ ਉਤੇਜਨਾ ਨਾਲ ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਭੈਣਾਂ-ਭਰਾਵਾਂ ਨਾਲ ਮਨ-ਮੁਟਾਅ ਹੋਵੇਗਾ। ਪਰਿਵਾਰ ਵਿੱਚ ਧਨ ਸਬੰਧੀ ਤੰਗੀ ਕਰਕੇ ਪ੍ਰੇਸ਼ਾਨੀ ਹੋਵੇਗੀ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਇਸ ਹਫਤੇ ਕਿਸੇ ਖਾਸ ਆਦਮੀ ਦੀ ਮਦਦ ਨਾਲ ਕਾਰਜ ਸਿੱਧੀ ਹੋਵੇਗੀ। ਪਰਿਵਾਰ ਵਿੱਚ ਮਨ-ਮੁਟਾਉ ਅਤੇ ਖਰਚ ਜ਼ਿਆਦਾ ਰਹੇਗਾ। ਕਿਸੇ ਨਜ਼ਦੀਕੀ ਬੰਧੂ ਤੋਂ ਧੋਖਾ ਮਿਲਣ ਦੇ ਸੰਕੇਤ ਹਨ। ਵਿੱਦਿਆਰਥੀਆਂ ਨੂੰ ਯੋਜਨਾ ਮੁਤਾਬਕ ਕੰਮ ਕਰਨ ਨਾਲ ਤਰੱਕੀ ਦੇ ਮੌਕੇ ਮਿਲਣਗੇ। ਹਰੇਕ ਨਾਲ ਨਿਮਰਤਾ ਨਾਲ ਪੇਸ਼ ਹੋਵੋ,

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਹਫਤੇ ਦੇ ਸ਼ੁਰੂ ਵਿੱਚ ਨਵੇਂ-ਨਵੇਂ ਦੋਸਤਾਂ ਨਾਲ ਮੇਲ-ਜੋਲ ਹੋਵੇਗਾ। ਘਰੇਲੂ ਉਲਝਣਾਂ ਕਾਰਨ ਪ੍ਰੇਸ਼ਾਨੀਆਂ ਵਧਣਗੀਆਂ। ਖਰਚ ਵੀ ਜ਼ਿਆਦਾ ਹੋਵੇਗਾ। ਸੁੱਖ-ਸਾਧਨਾਂ, ਜ਼ਮੀਨ ਅਤੇ ਸਵਾਰੀ ਆਦਿ 'ਤੇ ਖਰਚ ਹੋਵੇਗਾ। ਧਨ ਦਾ ਲੈਣ-ਦੇਣ ਧਿਆਨ ਨਾਲ ਕਰਨਾ ਠੀਕ ਹੋਵੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਆਰਥਿਕ ਪੱਖੋਂ ਰੁਕਾਵਟਾਂ ਵਿੱਚ ਉਲਝੇ ਰਹਿਣ ਦੇ ਯੋਗ ਹਨ। ਉੱਚ ਪੱਧਰੀ ਵਿਅਕਤੀ ਨਾਲ ਮੇਲ ਲਾਭਕਾਰੀ ਹੋਵੇਗਾ। ਕਿਸੇ ਖਾਸ ਕੰਮ ਵਿੱਚ ਸਫਲਤਾ ਦੇ ਸਾਧਨ ਵੱਧਣਗੇ। ਕਾਰੋਬਾਰ ਵਿੱਚ ਉਤਾਰ-ਚੜ੍ਹਾਵ ਅਤੇ ਹੋਰ ਪ੍ਰੇਸ਼ਾਨੀਆਂ ਰਹਿਣਗੀਆਂ। ਮਾਤਾ-ਪਿਤਾ ਨੂੰ ਗੁਰਦੁਆਰਾ ਸਾਹਿਬ ਜ਼ਰੂਰ ਲੈ ਕੇ ਜਾਵੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਮਿਹਨਤ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਲਾਭ ਹੋਵੇਗਾ। ਪਰ ਲੈਣ-ਦੇਣ ਧਿਆਨ ਨਾਲ ਕਰਨ ਦੀ ਲੋੜ ਹੈ। ਖਰਚ ਵੀ ਵੱਧ-ਚੜ੍ਹ ਕੇ ਹੋਣਗੇ। ਅਚਾਨਕ ਕੁਝ ਲਾਭ ਕਾਰਨ ਖੁਸ਼ੀ ਮਿਲੇਗੀ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦਾ ਡਰ ਹੈ। ਬਜ਼ੁਰਗਾਂ ਦਾ ਆਦਰ-ਮਾਣ ਅਤੇ ਸੇਵਾ ਕਰੋ, ਉਨ੍ਹਾਂ ਦੇ ਆਸ਼ੀਰਵਾਦ ਨਾਲ ਵਿਗੜੇ ਕੰਮ ਜ਼ਰੂਰ ਬਨਣਗੇ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਧਨ ਲਾਭ ਘੱਟ ਰਹੇਗਾ। ਆਲਸ ਵਿੱਚ ਵਾਧਾ ਹੋਵੇਗਾ। ਵਿਲਾਸ ਆਦਿ ਕੰਮਾਂ 'ਤੇ ਧਨ ਦਾ ਖਰਚ ਜ਼ਿਆਦਾ ਰਹੇਗਾ। ਇਸ ਹਫਤੇ ਰੁਕੇ ਹੋਏ ਕੰਮ ਵਿੱਚ ਸੁਧਾਰ, ਆਮਦਨ ਘੱਟ ਅਤੇ ਖਰਚ ਜ਼ਿਆਦਾ, ਪਰ ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਨੌਕਰੀ ਅਤੇ ਪਰਿਵਾਰ ਵਿੱਚ ਤਰੱਕੀ ਦੇ ਲਈ ਉੱਚ ਅਤੇ ਚੰਗੇ ਲੋਕਾਂ ਦਾ ਸਾਥ ਅਤੇ ਸਹਾਇਤਾ ਲਾਭਕਾਰੀ ਰਹੇਗੀ। ਗੁਜ਼ਾਰੇ ਲਈ ਧਨ ਦੀ ਪ੍ਰਾਪਤੀ ਹੋਵੇਗੀ, ਪਰ ਖਰਚ ਵੀ ਜ਼ਿਆਦਾ ਰਹਿਣਗੇ। ਜ਼ਮੀਨ-ਜਾਇਦਾਦ ਦੀ ਖਰੀਦੋ-ਫਰੋਖਤ ਕਰਦੇ ਸਮੇਂ ਸੁਚੇਤ ਰਹਿਣ ਦੀ ਲੋੜ ਹੈ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਸ਼ਾਂਤੀ ਆਵੇਗੀ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਇਸ ਹਫਤੇ ਮਾਨਸਿਕ ਤਣਾਅ ਅਤੇ ਘਰੇਲੂ ਉਲਝਣਾਂ ਵੱਧਣਗੀਆਂ। ਵਧੇਰੇ ਸੰਘਰਸ਼ ਤੋਂ ਬਾਅਦ ਵੀ ਧਨ ਲਾਭ ਘੱਟ ਰਹੇਗਾ। ਕਾਰੋਬਾਰ ਮੱਧਮ ਅਤੇ ਧਨ ਲਾਭ ਸਾਧਾਰਨ ਹੋਵੇਗਾ। ਕਿਸੇ ਮਿੱਤਰ ਦੀ ਮਦਦ ਨਾਲ ਕਾਰੋਬਾਰੀ ਸਫਲਤਾ ਮਿਲੇਗੀ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਮਿਹਨਤ ਕਰਨ 'ਤੇ ਧਨ ਲਾਭ ਦੇ ਮੌਕੇ ਵੱਧਣਗੇ। ਕਿਸੇ ਧਾਰਮਿਕ ਕਾਰਜ 'ਤੇ ਖਰਚ ਹੋਵੇਗਾ। ਜ਼ਿਆਦਾ ਸਮਾਂ ਮਨੋਰੰਜਨ ਦੇ ਕਾਰਜਾਂ ਵਿੱਚ ਹੀ ਬੀਤੇਗਾ। ਵਿੱਦਿਆ ਵਿੱਚ ਸਫਲਤਾ ਦੇ ਯੋਗ ਹਨ। ਫਜ਼ੂਲ ਦਾ ਤਣਾਅ ਅਤੇ ਪ੍ਰੇਸ਼ਾਨੀ ਰਹੇਗੀ। ਕਿਸੇ ਦੀ ਨਿੰਦਾ-ਚੁਗਲੀ ਤੋਂ ਗੁਰੇਜ਼ ਕਰੋ, ਆਪਣੇ ਕੰਮ ਨਾਲ ਮਤਲਬ ਰੱਖੋ, ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਇਸ ਹਫਤੇ ਰਿਸ਼ਤੇਦਾਰਾਂ ਵੱਲੋਂ ਕੰਮ ਵਿੱਚ ਮਦਦ ਮਿਲੇਗੀ। ਸ਼ੁੱਭ ਸੂਚਨਾ ਜਾਂ ਅਚਾਨਕ ਧਨ ਲਾਭ ਹੋਵੇਗਾ। ਪਰਿਵਾਰ ਵਿੱਚ ਸੁਖਦ ਮਾਹੌਲ ਦੇ ਬਾਵਜੂਦ ਗੁਪਤ ਪ੍ਰੇਸ਼ਾਨੀ ਰਹੇਗੀ। ਆਰਥਿਕ ਹਾਲਾਤ ਪਹਿਲਾਂ ਨਾਲੋਂ ਬਿਹਤਰ ਹੋਣਗੇ। ਮਨ ਅੰਦਰ ਸਿਰਫ ਪ੍ਰਮਾਤਮਾ ਦਾ ਸਿਮਰਨ ਕਰੋ, ਵਿਗੜੇ ਕੰਮ ਜਲਦੀ ਬਣਨਗੇ।

------------

## ਹਾਸੇ ਦੀ ਪਟਾਰੀ

**ਪਤੀ,** ਇਹ ਕਿਹੋ ਜਿਹੀ ਦਾਲ ਬਣਾਈ ਹੈ, ਨਾ ਲੂਣ ਹੈ, ਨਾ ਮਿਰਚ, ਬਿਲਕੁੱਲ ਫਿੱਕੀ ਹੈ। ਤੂੰ ਸਾਰਾ ਦਿਨ ਮੋਬਾਈਲ 'ਤੇ ਲੱਗੀ ਰਹਿੰਦੀ ਏਂ, ਕੁਝ ਪਤਾ ਨਹੀਂ ਲੱਗਦਾ ਕੀ ਪਾਉਣਾ ਹੈ, ਕੀ ਨਹੀਂ।

ਪਤਨੀ (ਵੇਲਣਾ ਦਿਖਾਉਂਦੀ ਹੋਈ), ਪਹਿਲਾਂ ਤੁਸੀਂ ਮੋਬਾਈਲ ਸਾਈਡ 'ਤੇ ਰੱਖ ਕੇ ਰੋਟੀ ਖਾਉ, ਕਦੋਂ ਤੋਂ ਦੇਖ ਰਹੀ ਹਾਂ, ਪਾਣੀ ਵਿੱਚ ਡੁਬੋ-ਡੁਬੋ ਕੇ ਰੋਟੀ ਖਾ ਰਹੇ ਹੋ।

**ਰਾਮੂ** ਨਹਾਉਣ ਲਈ ਬਾਥਰੂਮ ਵੱਲ ਵਧਿਆ ਹੀ ਸੀ ਕਿ ਟੈਲੀਵਿਜ਼ਨ 'ਤੇ ਠੰਡ ਨਾਲ ਤਿੰਨ ਵਿਅਕਤੀਆਂ ਦੇ ਮਰਨ ਦੀ ਖਬਰ ਸੁਣ ਕੇ ਵਾਪਸ ਕੱਪੜੇ ਪਾ ਲਏ।

ਭਰਾ ਜ਼ਿੰਦਾ ਰਹੇ ਤਾਂ ਗਰਮੀ ਵਿੱਚ ਨਹਾ ਲਵਾਂਗੇ।

*---*---*

**ਪਤੀ-ਪਤਨੀ ਭੋਜਨ ਕਰ ਰਹੇ ਸਨ। ਭੋਜਨ ਖਤਮ ਕਰਕੇ ਪਤੀ ਉੱਠਿਆ ਅਤੇ ਥਾਲੀ ਧੋ ਦਿੱਤੀ। ਪਤਨੀ ਉਸ ਵੱਲ ਗੁੱਸੇ ਨਾਲ ਦੇਖਦੀ ਹੋਈ ਬੋਲੀ, ਕਰ ਦਿੱਤਾ ਨਾ ਇੱਜ਼ਤ ਦਾ ਕਚਰਾ, ਅਸੀਂ ਘਰ ਵਿੱਚ ਨਹੀਂ ਹੋਟਲ ਵਿੱਚ ਹਾਂ।**


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95
1 YEAR ---- £180

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.......................................................................
ADDRESS...................................................................
...................................................POST CODE............................
TEL.........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੂਈਟ**

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

**KINGSWAY BANQUETING SUITE**
270-272 BATH ROAD, HOUNSLOW, MIDDLESEX, TW4 7DF.
*(OPP. HOUNSLOW WEST TUBE STATION)*
**TEL: 020 8570 8351**
*Email:* Kingswaylondon@icloud.com, *www.kingswaybanqueting.com*

# ਭਗਵੇਂਵਾਦੀ ਸਿਖਾਂ ਨੂੰ ਸ਼ੋਸ਼ਲ ਮੀਡੀਆ ਉਪਰ ਜ਼ਲੀਲ ਕਰਨ ਲੱਗੇ

## ○ ਦੋਸ਼ੀ ਨੇ ਸੋਸ਼ਲ ਮੀਡੀਆ 'ਤੇ 'ਅੰਮ੍ਰਿਤ ਸਰੋਵਰ' ਬਾਰੇ ਲਿਖੀਆਂ ਭੜਕਾਊ ਗਲਾਂ ○ ਸ਼੍ਰੋਮਣੀ ਕਮੇਟੀ ਦੀ ਸ਼ਿਕਾਇਤ 'ਤੇ ਮਾਮਲਾ ਦਰਜ

ਅੰਮ੍ਰਿਤਸਰ-ਪੰਜਾਬ ਦੇ ਅੰਮ੍ਰਿਤਸਰ ਵਿਚ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿਚ ਸ਼੍ਰੋਮਣੀ ਕਮੇਟੀ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਇਹ ਐਫਆਈਆਰ ਮੋਹਿਤ ਕਪੂਰ ਨਾਂ ਦੇ ਵਿਅਕਤੀ ਖ਼ਿਲਾਫ਼ ਦਰਜ ਕੀਤੀ ਗਈ ਹੈ, ਜਿਸ ਨੇ ਸਿੱਖ ਅਤੇ ਹਿੰਦੂ ਭਾਈਚਾਰੇ ਵਿੱਚ ਪਾੜਾ ਪੈਦਾ ਕਰਨ ਅਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਸ਼ਿਕਾਇਤ ਤੋਂ ਬਾਅਦ ਨੌਜਵਾਨ ਨੇ ਇਕ ਹੋਰ ਪੋਸਟ ਪਾ ਕੇ ਸਾਰੀ ਘਟਨਾ ਨੂੰ ਤਜਰਬਾ ਦੱਸਿਆ।

ਸ਼੍ਰੋਮਣੀ ਕਮੇਟੀ ਨੇ ਆਪਣੀ ਸ਼ਿਕਾਇਤ ਵਿੱਚ ਮੋਹਿਤ ਕਪੂਰ ਤੇ ਮੋਹਿਤ ਪੰਜਾਬੀ ਦੇ ਨਾਂ 'ਤੇ ਬਣੇ ਸੋਸ਼ਲ ਮੀਡੀਆ ਅਕਾਊਂਟਸ ਦੇ ਹੈਂਡਲਰਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਇਸ ਦੀ ਸ਼ਿਕਾਇਤ ਪੁਲਿਸ ਨੂੰ ਸੋਸ਼ਲ ਮੀਡੀਆ ਰਾਹੀਂ ਹੀ ਦਿੱਤੀ ਹੈ। ਜਿਸ 'ਤੇ ਕਾਰਵਾਈ ਕਰਦੇ ਹੋਏ ਪੁਲਿਸ ਨੇ ਥਾਣਾ ਈ ਡਵੀਜ਼ਨ ਵਿਚ ਧਾਰਾ 295ਏ ਤਹਿਤ ਐਫ.ਆਈ.ਆਰ ਨੰਬਰ 38 ਦਰਜ ਕੀਤਾ ਹੈ। ਸਾਈਬਰ ਕ੍ਰਾਈਮ ਸੈੱਲ ਨੂੰ ਵੀ ਇਸ ਪੋਸਟ ਨਾਲ ਸਬੰਧਤ ਸਾਰੀ ਜਾਣਕਾਰੀ ਹਾਸਲ ਕਰਨ ਲਈ ਕਿਹਾ ਗਿਆ ਹੈ।

ਸ਼੍ਰੋਮਣੀ ਕਮੇਟੀ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ- ਮੋਹਿਤ ਪੰਜਾਬੀ ਦੇ ਇਸ ਹੈਂਡਲ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਸ੍ਰੀ ਦਰਬਾਰ



ਸਾਹਿਬ ਦੇ 'ਪਵਿੱਤਰ ਸਰੋਵਰ' ਦੇ ਸਬੰਧ ਵਿੱਚ ਅਤਿ ਇਤਰਾਜ਼ਯੋਗ ਤਸਵੀਰਾਂ ਪੋਸਟ ਕਰਕੇ ਭਾਈਚਾਰਿਆਂ ਵਿੱਚ ਦੁਸ਼ਮਣੀ ਪੈਦਾ ਕਰਨ ਅਤੇ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਘਿਨਾਉਣੇ ਆਚਰਣ ਲਈ ਇਹ ਕੇਸ ਦਰਜ ਕੀਤਾ ਜਾਵੇ।

ਜੇਕਰ ਕੋਈ ਵਿਅਕਤੀ, ਧਰਮ/ਜਾਤ/ਵਿਸ਼ਵਾਸ ਦੀ ਪਰਵਾਹ ਕੀਤੇ ਬਿਨਾਂ, ਦੂਜੇ ਭਾਈਚਾਰਿਆਂ ਵਿਰੁੱਧ ਨਫ਼ਰਤ ਫੈਲਾਉਂਦਾ ਹੈ, ਤਾਂ ਉਸ ਨਾਲ ਸਖ਼ਤੀ ਨਾਲ ਨਿਪਟਿਆ ਜਾਣਾ ਚਾਹੀਦਾ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇਸ ਤਰ੍ਹਾਂ ਦੀ ਨਫ਼ਰਤ ਆਮ ਹੋ ਗਈ ਹੈ, ਪਰ ਪੁਲਿਸ ਅਤੇ ਸਰਕਾਰਾਂ ਇਨ੍ਹਾਂ 'ਤੇ ਕਾਬੂ ਨਹੀਂ ਪਾ ਰਹੀਆਂ ਹਨ।

ਮੋਹਿਤ ਪੰਜਾਬ ਹੈਂਡਲਰ ਨੇ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਤੋਂ ਜਲ ਛਕਦੇ ਸ਼ਰਧਾਲੂ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਗਲਤ ਗ੍ਰਾਫਿਕਸ ਪਾ ਦਿੱਤੀ ਹੈ। ਨੌਜਵਾਨ ਨੇ ਪੋਸਟ ਵਿੱਚ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਐਫਆਈਆਰ ਦਰਜ ਹੋਣ ਤੋਂ ਬਾਅਦ, ਮੋਹਿਤ ਪੰਜਾਬੀ ਨਾਮ ਦੇ ਇੱਕ ਹੈਂਡਲਰ ਨੇ ਸੋਸ਼ਲ ਮੀਡੀਆ ਐਕਸ 'ਤੇ ਇੱਕ ਹੋਰ ਪੋਸਟ ਸਾਂਝੀ ਕੀਤੀ ਅਤੇ ਉਸਦੀ ਕਾਰਵਾਈ ਨੂੰ ਇੱਕ ਪ੍ਰਯੋਗ ਕਰਾਰ ਦਿੱਤਾ ਅਤੇ ਇਸਨੂੰ ਖਾਲਿਸਤਾਨ ਨਾਲ ਜੋੜਿਆ। ਦੋਸ਼ੀ ਨੇ ਆਪਣੀ ਦੂਜੀ ਪੋਸਟ ਵਿੱਚ ਲਿਖਿਆ- ਹੈਲੋ, ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਕਿਵੇਂ ਹਿੰਦੂਆਂ ਨੂੰ ਹਰ ਸਮੇਂ ਗਊ ਮੂਤਰ ਪੀਣ ਲਈ ਕਿਹਾ ਜਾਂਦਾ ਹੈ ਅਤੇ ਤੁਸੀਂ ਮੇਰੀ ਟਿੱਪਣੀ ਦੇਖ ਸਕਦੇ ਹੋ। ਕਿਵੇਂ ਸਿੱਖ ਹਰ ਵੇਲੇ ਆ ਕੇ ਹਿੰਦੂ ਦੇਵੀ ਦੇਵਤਿਆਂ ਬਾਰੇ ਗੰਦੀਆਂ ਤਸਵੀਰਾਂ ਪੋਸਟ ਕਰਦੇ ਹਨ, ਅਸੀਂ ਕਾਫੀ ਸਮੇਂ ਤੋਂ ਅਪੀਲ ਕਰਦੇ ਆ ਰਹੇ ਹਾਂ। ਪਰ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ।


ਦੋਸ਼ੀ ਨੇ ਅੱਗੇ ਕਿਹਾ-''ਸ਼੍ਰੋਮਣੀ ਕਮੇਟੀ ਨੇ ਇੱਕ ਵਾਰ ਵੀ ਟਵੀਟ ਨਹੀਂ ਕੀਤਾ। ਇਹ ਇੱਕ ਸਮਾਜਿਕ ਤਜਰਬਾ ਸੀ। ਮੈਂ ਦੇਖਣਾ ਚਾਹੁੰਦਾ ਸੀ ਕਿ ਸ਼੍ਰੋਮਣੀ ਕਮੇਟੀ ਅਤੇ ਹੋਰ ਸੰਸਥਾਵਾਂ ਇਸ 'ਤੇ ਕੀ ਪ੍ਰਤੀਕਿਰਿਆ ਦੇਣਗੀਆਂ। ਭਾਰਤ ਦਾ ਝੰਡਾ ਸਾੜਿਆ ਗਿਆ ਹੈ। ਸਾਡੇ ਨਾਲ ਬਦਸਲੂਕੀ ਕੀਤੀ ਜਾਂਦੀ ਹੈ। ਇਹ ਲੋਕ ਰੋਜ਼ ਦੇਸ਼ ਦਾ ਅਪਮਾਨ ਕਰਦੇ ਹਨ। ਸ਼੍ਰੋਮਣੀ ਕਮੇਟੀ ਨੇ ਕਦੇ ਵੀ ਇਸ ਦਾ ਨੋਟਿਸ ਨਹੀਂ ਲਿਆ। ਮੈਂ ਹੁਣੇ ਇਨ੍ਹਾਂ ਲੋਕਾਂ ਦੇ ਪਾਖੰਡ ਦਾ ਪਰਦਾਫਾਸ਼ ਕਰਨਾ ਸੀ ਅਤੇ ਮੈਂ ਇਸ ਵਿੱਚ ਸਫਲ ਹੋ ਗਿਆ। ਹੁਣ ਭਾਵੇਂ ਮੇਰਾ ਹੈਂਡਲ ਮੁਅੱਤਲ ਹੋ ਜਾਵੇ, ਮੈਨੂੰ ਕੋਈ ਦੁੱਖ ਨਹੀਂ ਹੈ। ਅੰਤ ਵਿੱਚ ਉਸਨੇ ਆਪਣੀ ਪੋਸਟ 'ਤੇ ਖਾਲਿਸਤਾਨ ਹੈਸ਼ਟੈਗ ਦੀ ਵਰਤੋਂ ਵੀ ਕੀਤੀ।

ਅਸਲ ਮੋਹਿਤ ਵਰਗੇ ਅਨੇਕਾਂ ਭਗਵੇਂਵਾਦੀ ਸ਼ੋਸ਼ਲ ਮੀਡੀਆ ਵਿਰੁਧ ਸਰਗਰਮ ਹਨ ਜੋ ਸਿਖਾਂ ਵਿਰੁਧ ਨਫਰਤ ਫੈਲਾ ਰਹੇ ਹਨ। ਭਾਰਤ ਸਰਕਾਰ ਵੀ ਇਨ੍ਹਾਂ ਨੂੰ ਨਹੀਂ ਰੋਕ ਰਹੀ। ਇਹੀ ਵਰਤਾਰਾ ਮੁਸਲਮਾਨਾਂ ਤੇ ਈਸਾਈਆਂ ਵਿਰੁੱਧ ਜਾਰੀ ਹੈ। ਇਨ੍ਹਾਂ ਮਗਰ ਵਡੀਆਂ ਤਾਕਤਾਂ ਹਨ, ਜਿਸ ਕਰਕੇ ਉਹ ਅਜਿਹੇ ਕੇਸਾਂ ਦੀ ਪਰਵਾਹ ਨਹੀਂ ਕਰਦੇ।

# ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਦੀ ਮੁਹਿੰਮ ਤਿੱਖੀ ਕਰੇਗੀ

## ○ ਇਕ ਅਰਬ ਦਾ ਰਖੇਗੀ ਬਜਟ, ਧਰਮ ਪ੍ਰਚਾਰ ਦੇ ਬਜਟ ਵਿਚ 30 ਪ੍ਰਤੀਸ਼ਤ ਦਾ ਕੀਤਾ ਵਾਧਾ

ਅੰਮ੍ਰਿਤਸਰ-ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 29 ਮਾਰਚ ਨੂੰ ਸਾਲ 2024-25 ਦੇ ਤਕਰੀਬਨ 12 ਅਰਬ ਦੇ ਬਜਟ 'ਵਿਚ 1 ਅਰਬ ਧਰਮ ਪ੍ਰਚਾਰ ਕਮੇਟੀ ਲਈ ਰੱਖਣ ਦੀ ਯੋਜਨਾ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਇਸ ਸਾਲ 2 ਕਰੋੜ ਰੁਪਏ ਖਰਚ ਕੇ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤ ਦਿਵਸ ਨੂੰ ਸਮਰਪਿਤ ਅਰਧ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪਹਿਲੀ ਵਾਰ ਵਿਦੇਸ਼ ਵਿਚ ਪ੍ਰਚਾਰ ਲਈ 8 ਕਰੋੜ ਰੁਪਏ ਖਰਚ ਕਰਨ ਲਈ ਬਜਟ ਵਿਚ ਰੱਖਣ ਦੀ ਯੋਜਨਾ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਬਹਾਦਰਗੜ੍ਹ ਵਿਖੇ ਫ੍ਰੀ ਜੁਡੀਸ਼ੀਅਲ ਕੋਰਸਾਂ ਦੀ ਤਿਆਰੀ ਲਈ ਇਕ ਕਰੋੜ ਰੁਪਏ, ਆਈਪੀਐੱਸ, ਪੀਸੀਐੱਸ ਆਦਿ ਦੀ ਤਿਆਰੀ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਲਈ 2 ਕਰੋੜ ਰੁਪਏ ਬਜਟ ਰੱਖਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ 'ਚ 100 ਲੜਕੀਆਂ ਅਤੇ ਮਾਤਾ ਸਾਹਿਬ ਕੌਰ ਕਾਲਜ ਵਿਚ 250 ਲੜਕੀਆਂ ਨੂੰ ਮੁਫਤ ਪੜ੍ਹਾਈ, ਰਹਿਣਾ ਅਤੇ



ਖਾਣਾ ਦੇ ਕੇ ਲੋੜਵੰਦ ਲੜਕੀਆਂ ਨੂੰ ਉੱਚ ਵਿੱਦਿਆ ਪ੍ਰਦਾਨ ਕੀਤੀ ਜਾ ਰਹੀ ਹੈ।

ਐਡਵੋਕੇਟ ਧਾਮੀ ਦੀ ਅਗਵਾਈ ਵਿਚ ਧਰਮ ਪ੍ਰਚਾਰ ਦੇ ਬਜਟ ਵਿਚ 30 ਪ੍ਰਤੀਸ਼ਤ ਦਾ ਰਿਕਾਰਡ ਵਾਧਾ ਦਰਜ ਹੋਵੇਗਾ ਜਦਕਿ ਸਾਲ 2021-22 'ਚ ਸ਼੍ਰੋਮਣੀ ਕਮੇਟੀ ਦਾ ਬਜਟ 25 ਪ੍ਰਤੀਸ਼ਤ ਵਧਿਆ ਸੀ।

ਸ਼ੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦੀ ਅਗਵਾਈ ਵਿਚ ਸਾਲ 2023-24 ਦਾ ਸਾਲਾਨਾ ਬਜਟ 11 ਅਰਬ 38 ਕਰੋੜ 14 ਲੱਖ ਰੁਪਏ ਪੇਸ਼ ਕੀਤਾ ਸੀ ਜਿਸ ਵਿਚ ਸਾਲ 2022-23 ਨਾਲੋਂ 17 ਫੀਸਦੀ ਵਾਧਾ ਦਰਜ ਕੀਤਾ ਗਿਆ ਸੀ। ਇਸ ਬਜਟ ਵਿਚ ਭਵਿੱਖੀ ਯੋਜਨਾਵਾਂ ਤਹਿਤ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਲਈ 1 ਕਰੋੜ ਰੁਪਏ, ਵਿਦੇਸ਼ਾਂ ਵਿਚ ਸਿੱਖੀ ਪ੍ਰਚਾਰ ਕੇਂਦਰ ਸਥਾਪਤ ਕਰਨ ਲਈ 7 ਕਰੋੜ 9 ਲੱਖ ਰੁਪਏ, ਵਾਤਾਵਰਣ ਦੀ ਸ਼ੁੱਧਤਾ ਦੇ ਮੱਦੇਨਜ਼ਰ ਗੁਰਦੁਆਰਾ ਸਾਹਿਬਾਨ ਵਿਖੇ ਸੋਲਰ ਪਲਾਂਟ ਲਗਾਉਣ ਲਈ 4 ਕਰੋੜ 72 ਲੱਖ ਰੁਪਏ, ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਨਵੀਆਂ ਸਰਾਵਾਂ ਲਈ 24 ਕਰੋੜ ਰੁਪਏ ਆਦਿ ਰੱਖਿਆ ਗਿਆ ਸੀ।

# ਪਾਕਿ ਵਿਚ ਇਤਿਹਾਸਕ ਗੁਰਦੁਆਰੇ ਖੰਡਹਰ ਬਣਨ ਲੱਗੇ

## ○ 150 ਤੋਂ ਵਧੇਰੇ ਗੁਰਦੁਆਰਿਆਂ ਦੀ ਹਾਲਤ ਤਰਸਯੋਗ, ਪ੍ਰਵਾਸੀ ਸਿੱਖ ਭਾਈਚਾਰਾ ਚਿੰਤਤ

ਅੰਮ੍ਰਿਤਸਰ-ਵਿਦੇਸ਼ੀ ਸਿੱਖ ਜਥੇਬੰਦੀਆਂ ਤੇ ਆਗੂਆਂ ਨੇ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਤਰਸਯੋਗ ਹਾਲਤ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਵਿਸ਼ੇਸ਼ ਤੌਰ 'ਤੇ ਇਤਿਹਾਸਕ ਗੁਰਦੁਆਰਿਆਂ ਦੇ ਰੱਖ-ਰਖਾਅ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁੱਜਰਾਂਵਾਲਾ ਦੇ ਵਜ਼ੀਰਾਬਾਦ ਵਿਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਕੋਠਾ ਸਾਹਿਬ, ਜਿੱਥੇ ਗੁਰੂ ਹਰਗੋਬਿੰਦ ਸਾਹਿਬ ਕਸ਼ਮੀਰ ਤੋਂ ਵਾਪਸ ਆਉਂਦੇ ਸਮੇਂ ਠਹਿਰੇ ਸਨ, ਦਾ ਵੱਡਾ ਹਿੱਸਾ ਢਹਿ ਗਿਆ ਹੈ ਅਤੇ ਇਮਾਰਤ ਸ਼ਰਨਾਰਥੀਆਂ ਦੇ ਕਬਜ਼ੇ ਵਿਚ ਹੈ। ਇਸ ਦੇ ਇਲਾਵਾ ਜ਼ਿਲ੍ਹਾ ਕਸੂਰ ਦੇ ਪਿੰਡ ਕੰਗਣਪੁਰ ਦੇ ਗੁਰਦੁਆਰਾ ਮਾਲ ਜੀ ਸਾਹਿਬ ਦੇ ਵੱਡੇ ਹਿੱਸੇ ਵਿਚ ਇਕ ਪੁਲਿਸ ਅਧਿਕਾਰੀ ਨੇ ਆਪਣੀ ਰਿਹਾਇਸ਼ ਰੱਖੀ ਹੋਈ ਹੈ, ਜਦਕਿ ਗੁਰਦੁਆਰਾ ਸਾਹਿਬ ਦਾ ਬਾਕੀ ਹਿੱਸਾ ਖੰਡਰ 'ਚ ਤਬਦੀਲ ਹੋ ਰਿਹਾ ਹੈ।ਜ਼ਿਕਰਯੋਗ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਉਕਤ ਪਿੰਡ ਵਿਚ ਆਏ ਤਾਂ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਇੱਥੇ ਵੱਸਣ ਨਾ ਦਿੱਤਾ।ਇਸ 'ਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ 'ਵੱਸਦੇ ਰਹੋ' ਕਹਿ ਕੇ ਅਗਲੇ ਪਿੰਡ ਮਾਣਕ ਦੇਕੇ ਵੱਲ ਚਲੇ ਗਏ ਸਨ। ਇਸੇ ਜ਼ਿਲ੍ਹੇ ਵਿਚ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਇਕ ਯਾਦਗਾਰ ਕਾਦੀਵਿੰਡ ਕਸਬੇ ਅਤੇ ਦੂਜੀ ਕਸੂਰ-ਫ਼ਿਰੋਜ਼ਪੁਰ ਰੋਡ 'ਤੇ ਬੀ.



ਆਰ. ਬੀ. ਨਹਿਰ ਪਾਰ ਕਰਦਿਆਂ ਪਿੰਡ ਤਰਗੇ 'ਚ ਮੌਜੂਦ ਹੈ। ਇਹ ਅਸਥਾਨ ਸੇਵਾ ਸੰਭਾਲ ਦੀ ਕਮੀ ਕਾਰਨ ਪੂਰੀ ਤਰ੍ਹਾਂ ਨਾਲ ਖੰਡਰਾਂ ਵਿਚ ਤਬਦੀਲ ਹੋ ਚੁੱਕੇ ਹਨ। ਪ੍ਰਵਾਸੀ ਸਿੱਖ ਸੰਗਤ ਨੇ ਦੱਸਿਆ ਕਿ ਉਕਤ ਦੇ ਇਲਾਵਾ ਭਾਰਤ-ਪਾਕਿ ਸਰਹੱਦ 'ਤੇ ਪਾਕਿ ਵਾਲੇ ਪਾਸੇ ਵੱਖ-ਵੱਖ ਇਲਾਕਿਆਂ ਵਿਚਲੇ ਲਗਭਗ 150 ਤੋਂ ਵਧੇਰੇ ਇਤਿਹਾਸਕ ਗੁਰਦੁਆਰਿਆਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ।

ਦੱਸਿਆ ਜਾ ਰਿਹਾ ਹੈ ਕਿ ਲਾਹੌਰ ਦੇ ਥਾਣਾ ਬਰਕੀ ਦੇ ਅਧੀਨ ਆਉਂਦੇ ਪਿੰਡ ਜਾਹਮਣ ਵਿਚਲੇ ਗੁਰਦੁਆਰਾ ਰੋੜੀ ਸਾਹਿਬ ਦੀ ਢਾਈ ਮੰਜ਼ਲਾਂ ਵਿਸ਼ਾਲ ਤੇ ਖ਼ੂਬਸੂਰਤ ਇਮਾਰਤ ਦਾ ਵੱਡਾ ਹਿੱਸਾ ਢਹਿ ਗਿਆ ਹੈ ਅਤੇ ਬਾਕੀ ਪੂਰੀ ਤਰ੍ਹਾਂ ਨਾਲ ਖੰਡਰ ਦਾ ਰੂਪ ਲੈ ਚੁੱਕੀ ਹੈ।

# *ਹੋਲੇ-ਮਹੱਲੇ ਮੌਕੇ ਕੌਮਾਂਤਰੀ ਸਿੱਖ ਸ਼ਸਤਰ ਵਿੱਦਿਆ ਕੌਂਸਲ ਵੱਲੋਂ 10ਵੇਂ ਵਿਰਸਾ ਸੰਭਾਲ ਗੱਤਕਾ ਮੁਕਾਬਲੇ*

## *ਗੱਤਕਾ ਖੇਡ ਲੜਕੀਆਂ ਲਈ ਸਵੈ-ਰੱਖਿਆ ਦਾ ਬਿਹਤਰ, ਸੁਖਾਲਾ ਤੇ ਸਸਤਾ ਬਦਲ - ਗਰੇਵਾਲ*



ਸ੍ਰੀ ਅਨੰਦਪੁਰ ਸਾਹਿਬ-ਹੋਲੇ-ਮਹੱਲੇ ਦਾ ਪਵਿੱਤਰ ਦਿਹਾੜਾ ਸਿੱਖਾਂ ਅੰਦਰ ਜ਼ਬਰ-ਜ਼ੁਲਮ ਵਿਰੁੱਧ ਜੂਝਣ, ਭਗਤੀ, ਸ਼ਕਤੀ ਅਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ ਅਪਨਾਉਣ ਲਈ ਨਵਾਂ ਜੋਸ਼ ਅਤੇ ਉਤਸ਼ਾਹ ਭਰਦਾ ਹੈ। ਅਜੋਕੇ ਦੌਰ ਵਿੱਚ ਗੁਰਸਿੱਖੀ ਅਤੇ ਵਿਰਸੇ ਦੀ ਸੰਭਾਲ ਲਈ ਗੱਤਕਾ ਖੇਡ ਲੜਕਿਆਂ ਖਾਸ ਕਰਕੇ ਲੜਕੀਆਂ ਲਈ ਸਵੈ-ਰੱਖਿਆ ਦਾ ਬਿਹਤਰ, ਸੁਖਾਲਾ ਅਤੇ ਸਸਤਾ ਬਦਲ ਹੈ ਜਿਸ ਨਾਲ ਖਿਡਾਰੀਆਂ ਲਈ ਤੰਦਰੁਸਤੀ ਅਤੇ ਨਿਰਭਓ ਹੋ ਕੇ ਜਿੰਦਗੀ ਜਿਉਣ ਦਾ ਮੌਕਾ ਪ੍ਰਦਾਨ ਹੁੰਦਾ ਹੈ।

ਇਹ ਪ੍ਰਗਟਾਵਾ ਇੱਥੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ ਦੇ ਚੇਅਰਮੈਨ ਸ. ਹਰਜੀਤ ਸਿੰਘ ਗਰੇਵਾਲ, ਸੰਯੁਕਤ ਡਾਇਰੈਕਟਰ, ਲੋਕ ਸੰਪਰਕ ਵਿਭਾਗ ਪੰਜਾਬ ਨੇ ਕੌਂਸਲ ਵੱਲੋਂ ਆਰੰਭੀ ਵਿਰਸਾ ਸੰਭਾਲ ਗੱਤਕਾ ਮੁਕਾਬਲਾ ਲੜੀ ਤਹਿਤ ਖਾਲਸੇ ਦੇ ਇਤਿਹਾਸਕ ਕੌਮੀ ਉਤਸਵ ਹੋਲੇ-ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਯੋਜਿਤ 10ਵਾਂ ਵਿਰਸਾ ਸੰਭਾਲ ਹੋਲਾ-ਮਹੱਲਾ ਗੱਤਕਾ ਕੱਪ-2024 ਦਾ ਉਦਘਾਟਨ ਕਰਦਿਆਂ ਕੀਤਾ। ਇਸ ਮੌਕੇ ਉਨਾਂ ਨਾਲ ਬਾਬਾ ਸ਼ੇਰ ਸਿੰਘ ਚੱਕ ਮਾਹੋਰਾਣਾ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਮੀਤ ਪ੍ਰਧਾਨ ਸੁਖਚੈਨ ਸਿੰਘ ਕਲਸਾਣੀ ਅਤੇ ਗੱਤਕਾ ਐਸੋਸੀਏਸ਼ਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਲੁਧਿਆਣਾ ਵੀ ਹਾਜਰ ਸਨ।

ਇਸ ਮੌਕੇ ਸੁਖਚੈਨ ਸਿੰਘ ਕਲਸਾਣੀ ਨੇ ਸਿੱਖ ਸ਼ਸਤਰ ਵਿੱਦਿਆ ਕੌਂਸਲ ਵੱਲੋਂ ਅਰੰਭੀ 'ਵਿਰ-ਸਾ ਸੰਭਾਲ ਸ਼ਸਤਰ ਵਿੱਦਿਆ ਲਹਿਰ' ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਜਦੋਂ ਅੱਜ ਸਾਡੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਨੂੰ ਭੁੱਲਦੀ ਜਾ ਰਹੀ ਹੈ ਤਾਂ ਉਸ ਸਮੇਂ ਨੌਜਵਾਨੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਹੋਲੇ-ਮਹੱਲੇ ਦਾ ਤਿਉਹਾਰ ਅਤੇ ਅਜਿਹੇ ਵਿਰਸਾ ਸੰਭਾਲ ਮੁਕਾਬਲੇ ਪ੍ਰੇਰਨਾ ਸਰੋਤ ਬਣਦੇ ਹਨ।

ਗੱਤਕਾ ਐਸੋਸੀਏਸਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਲੁਧਿਆਣਾ ਨੇ ਦੱਸਿਆ ਕਿ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ (ਇਸਮਾ) ਅਤੇ ਗਲੋਬਲ ਸਿੱਖ ਕੌਂਸਲ ਦੇ ਸਹਿਯੋਗ ਨਾਲ ਕਰਵਾਏ ਇਹ ਵਿਰਾਸਤੀ ਸ਼ਸਤਰ ਵਿੱਦਿਆ ਅਤੇ ਜੰਗਜੂ ਖੇਡ ਗੱਤਕੇ ਮੁਕਾਬਲੇ ਪੂਰੇ ਖਾਲਸਾਈ ਜਾਹੋ-ਜਲਾਲ ਨਾਲ ਸਮਾਪਤ ਹੋਏ ਜਿਸ ਵਿੱਚ ਵੱਖ-ਵੱਖ ਜਿਲ੍ਹਿਆਂ ਅਤੇ ਰਾਜਾਂ ਤੋਂ ਪਹੁੰਚੇ ਚੋਟੀ ਦੇ ਅਖਾੜਿਆਂ ਨੇ ਖੰਡੇ, ਢਾਲਾਂ-ਤਲਵਾਰਾਂ, ਨੇਜਿਆਂ, ਬਰਛਿਆਂ, ਡਾਂਗਾਂ ਅਤੇ ਚੱਕਰ ਚਲਾ ਕੇ ਜੰਗਜੂ ਕਰਤਬ ਦਿਖਾਏ ਅਤੇ ਦਰਸ਼ਕਾਂ ਨੂੰ ਦੰਦ ਜੋੜਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਵਿਰਸਾ ਸੰਭਾਲ ਸ਼ਸਤਰ ਵਿੱਦਿਆ ਅਤੇ ਗੱਤਕਾ ਮੁਕਾਬਲਿਆਂ ਦੀ ਲੜੀ ਪੂਰੇ ਦੇਸ਼ ਵਿੱਚ ਜਾਰੀ ਰਹੇਗੀ।

ਜ਼ਿਲ੍ਹਾ ਰੂਪਨਗਰ ਗੱਤਕਾ ਐਸੋਸੀਏਸ਼ਨ ਦੀ ਪ੍ਰਧਾਨ ਬੀਬੀ ਮਨਜੀਤ ਕੌਰ ਨੇ ਕਿਹਾ ਕਿ ਇਹ ਵਿਰਸਾ ਸੰਭਾਲ ਗੱਤਕਾ ਮੁਕਾਬਲੇ ਕਰਵਾਉਣ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਅਤੇ ਕੁਰਹਿਤਾਂ ਤੋਂ ਦੂਰ ਰੱਖਣ, ਤੰਦਰੁਸਤ ਜੀਵਨ ਜਿਉਣ, ਵਿਰਸੇ ਅਤੇ ਬਾਣੀ-ਬਾਣੇ ਨਾਲ ਜੋੜਨਾ ਹੈ। ਉਨਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਹਰ ਸਿੱਖ ਆਪਣੇ ਵਿਰਸੇ ਨੂੰ ਅਪਨਾਵੇ ਅਤੇ ਸ਼ਸਤਰ ਵਿੱਦਿਆ ਵਿਚ ਨਿਪੁੰਨ ਹੋਵੇ।

ਖਾਲਸੇ ਦੀ ਆਨ, ਬਾਨ ਤੇ ਸ਼ਾਨ ਦਾ ਪ੍ਰਤੀਕ ਇੰਨਾਂ ਗੱਤਕਾ ਮੁਕਾਬਲਿਆਂ ਵਿੱਚ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਕੁੱਲ 10 ਚੋਟੀ ਦੀਆਂ ਟੀਮਾਂ ਨੇ ਭਾਗ ਲਿਆ। ਗੱਤਕਾ ਪ੍ਰਦਰਸ਼ਨੀ ਮੁਕਾਬਿਲਆਂ ਵਿੱਚ ਖਾਲਸਾ ਗੱਤਕਾ ਅਕੈਡਮੀ ਹਰਿਆਣਾ, ਨੈਸ਼ਨਲ ਕਲਗੀਧਰ ਗੱਤਕਾ ਅਖਾੜਾ ਭਾਂਬਰੀ, ਫ਼ਤਿਹਗੜ੍ਹ ਸਾਹਿਬ, ਬਾਬਾ ਜੀਵਨ ਸਿੰਘ ਗੱਤਕਾ ਅਖਾੜਾ ਮੋਰਿੰਡਾ, ਰੋਪੜ, ਪ੍ਰਥਮ ਸਹਾਏ ਗੱਤਕਾ ਅਖਾੜਾ ਲੁਧਿਆਣਾ, ਮੀਰੀ-ਪੀਰੀ ਗੱਤਕਾ ਅਖਾੜਾ ਘਨੌਲੀ, ਰੋਪੜ, ਬਾਬਾ ਜੋਰਾਵਾਰ ਸਿੰਘ ਜੀ ਬਾਬਾ ਫ਼ਤਿਹ ਸਿੰਘ ਜੀ ਗੱਤਕਾ ਅਖਾੜਾ ਸਮਰਾਲਾ, ਬਾਬਾ ਸ਼ਾਦੀ ਸਿੰਘ ਗੱਤਕਾ ਅਖਾੜਾ ਬਜੀਦਪੁਰ, ਰੋਪੜ, ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਗੱਤਕਾ ਅਖਾੜਾ ਰੜਿਆਲਾ, ਮੁਹਾਲੀ, ਅਕਾਲ ਪੁਰਖ ਕੀ ਫੌਜ ਗੱਤਕਾ ਅਖਾੜਾ ਰੋਪੜ, ਸ਼ਹੀਦਾਂ ਸਿੰਘਾਂ ਗੱਤਕਾ ਅਖਾੜਾ ਨਵਾਂ ਸ਼ਹਿਰ, ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਇੰਟਰਨੈਸ਼ਨਲ ਗੱਤਕਾ ਅਖਾੜਾ ਤਿਊੜ, ਮੁਹਾਲੀ ਦੇ ਗੱਤਕੇਬਾਜ਼ ਲੜਕੇ ਅਤੇ ਲੜਕੀਆਂ ਨੇ ਯੁੱਧ ਕਲਾ ਦੇ ਜੌਹਰ ਦਿਖਾਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੱਤਕਾ ਐਸੋਸੀਏਸ਼ਨ ਦਿੱਲੀ ਦੇ ਪ੍ਰਧਾਨ ਗੁਰਮੀਤ ਸਿੰਘ ਰਾਣਾ, ਇਸਮਾ ਦੇ ਵਿੱਤ ਸਕੱਤਰ ਬਲਜੀਤ ਸਿੰਘ ਸੈਣੀ, ਨੈਸ਼ਨਲ ਕੋਆਰਡੀਨੇਟਰ ਯੋਗਰਾਜ ਸਿੰਘ, ਬਲਜੀਤ ਸਿੰਘ ਬੱਲੀ ਬਟਾਲਾ, ਜ਼ਿਲ੍ਹਾ ਰੂਪਨਗਰ ਗੱਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਕਾਕੂ, ਵਿੱਤ ਸਕੱਤਰ ਜਸਪ੍ਰੀਤ ਸਿੰਘ, ਬਾਜ ਖ਼ਾਲਸਾ ਗੱਤਕਾ ਅਖਾੜੇ ਦੇ ਮੁਖੀ ਗੁਰਪ੍ਰੀਤ ਸਿੰਘ ਰੋਪੜ, ਸਰਬਜੀਤ ਸਿੰਘ ਅਨੰਦਪੁਰ ਸਾਹਿਬ, ਰਵਿੰਦਰਪਾਲ ਸਿੰਘ ਚੰਡੀਗੜ੍ਹ ਗੱਤਕਾ ਐਸੋਸੀਏਸ਼ਨ, ਜਸਬੀਰ ਸਿੰਘ ਜੱਸੀ ਬਟਾਲਾ, ਸੰਤੋਖ ਸਿੰਘ ਅਨੰਦਪੁਰ ਸਾਹਿਬ ਆਦਿ ਵੀ ਹਾਜ਼ਰ ਸਨ।

## ਅਮਰੀਕਾ ਵਿਚ ਸਕੂਲ ਬੱਸ ਨੂੰ ਟਰੱਕ ਨੇ ਮਾਰੀ ਟੱਕਰ, ਇਕ ਵਿਦਿਆਰਥੀ ਸਮੇਤ 2 ਮੌਤਾਂ ਤੇ 10 ਦੀ ਹਾਲਤ ਗੰਭੀਰ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਬਸਟਰਾਪ ਕਾਊਂਟੀ, ਟੈਕਸਾਸ, ਵਿਚ ਇਕ ਸਕੂਲ ਬੱਸ ਨੂੰ ਇਕ ਕੰਕਰੀਟ ਟਰੱਕ ਵੱਲੋਂ ਟੱਕਰ ਮਾਰ ਦੇਣ ਕਾਰਨ ਇਕ ਵਿਦਿਆਰਥੀ ਸਮੇਤ 2 ਮੌਤਾਂ ਹੋਣ ਤੇ 10 ਹੋਰਨਾਂ ਦੇ ਗੰਭੀਰ ਹਾਲਤ ਵਿਚ ਜ਼ਖਮੀ ਹੋਣ ਦੀ ਖਬਰ ਹੈ। ਟੈਕਸਾਸ ਜਨਤਿਕ ਸੁਰੱਖਿਆ ਵਿਭਾਗ ਦੇ ਸਾਰਜੈਂਟ ਡਿਓਨ ਕਾਕਰਲ ਅਨੁਸਾਰ ਬੱਸ ਸਟੇਟ ਹਾਈਵੇਅ 21 ਉਪਰ ਜਾ ਰਹੀ ਸੀ ਜਿਸ ਨੂੰ ਦੂਸਰੇ ਪਾਸੇ ਤੋਂ ਆ ਰਹੇ ਇਕ ਕੰਕਰੀਟ ਟਰੱਕ ਨੇ ਟੱਕਰ ਮਾਰ ਦਿੱਤੀ। ਬੱਸ ਵਿਚ ਪ੍ਰੀ ਕੇ ਵਿਦਿਆਰਥੀ ਸਵਾਰ ਸਨ। ਇਸ ਭਿਆਨਕ ਹਾਦਸੇ ਵਿਚ ਇਕ ਵਿਦਿਆਰਥੀ ਤੇ ਬੱਸ ਦੇ ਪਿੱਛੇ ਆ ਰਹੇ ਇਕ ਹੋਰ ਵਾਹਣ ਵਿਚ ਸਵਾਰ ਇਕ ਵਿਅਕਤੀ ਦੀ ਮੌਤ ਹੋ ਗਈ। ਬੱਚਿਆਂ ਸਮੇਤ ਮੌਕੇ ਉਪਰ ਕੁਲ 53 ਲੋਕ ਮੌਜੂਦ ਸਨ ਜਿਨਾਂ ਵਿਚੋਂ 10 ਜਣਿਆਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਦ ਕਿ ਬਾਕੀ ਮਾਮੂਲੀ ਜਖਮੀ ਹਨ। ਇਕ ਬਿਆਨ ਵਿਚ ਹੇਅਜ ਕਾਨਸਾਲੀਡੇਟਿਡ ਇੰਡੀਪੈਂਡੈਂਟ ਸਕੂਲ ਡਿਸਟ੍ਰਿਕਟ ਨੇ ਕਿਹਾ ਹੈ ਕਿ ਹਾਦਸੇ ਸਮੇ ਟਾਮ ਗਰੀਨ ਐਲੀਮੈਂਟਰੀ ਸਕੂਲ ਦੇ 44 ਪ੍ਰੀ-ਕੇ ਵਿਦਿਆਰਥੀ ਤੇ 11 ਬਾਲਗ ਸਵਾਰ ਸਨ ਜੋ ਬਾਸਟਰ-ਪ ਚਿੜਿਆ ਘਰ ਤੋਂ ਵਾਪਸ ਪਰਤ ਰਹੇ ਸਨ।

## ਅਮਰੀਕਾ ਵਿਚ ਜਹਾਜ਼ ਦੇ ਟਕਰਾਉਣ ਨਾਲ ਬ੍ਰਿਜ ਦਾ ਹਿੱਸਾ ਢਹਿਆ



ਅਮਰੀਕਾ ਦੇ ਮੈਰੀਲੈਂਡ ਵਿਚ ਇਕ ਮਾਲਵਾਹਕ ਜਹਾਜ਼ ਦੇ ਨਾਲ ਟਕਰਾਉਣ ਤੋਂ ਬਾਅਦ ਫ੍ਰਾਂਸਿਸ ਸਕਾਟ ਕੀ ਬ੍ਰਿਜ ਦਾ ਇਕ ਹਿੱਸਾ ਢਹਿ ਗਿਆ। ਨਿਊਯਾਰਕ ਟਾਈਮਜ਼ ਮੁਤਾਬਕ ਇਹ ਘਟਨਾ ਅਮਰੀਕੀ ਸਮੇਂ ਮੁਤਾਬਕ ਰਾਤ ਕਰੀਬ 1.30 ਵਜੇ ਵਾਪਰੀ। ਪੁਲ ਨਾਲ ਟਕਰਾਉਣ ਤੋਂ ਬਾਅਦ ਇਸ ਨੂੰ ਅੱਗ ਲੱਗ ਗਈ ਅਤੇ ਜਹਾਜ਼ ਡੁੱਬ ਗਿਆ।

ਸਿੰਗਾਪੁਰ ਦੇ ਝੰਡੇ ਵਾਲਾ ਇਹ ਜਹਾਜ਼ ਸ਼੍ਰੀਲੰਕਾ ਦੀ ਰਾਜਧਾਨੀ ਕੋਲੰਬੋ ਜਾ ਰਿਹਾ ਸੀ। ਇਸ ਦਾ ਨਾਂ ਡਾਲੀ ਦਸਿਆ ਜਾ ਰਿਹਾ ਹੈ। ਅਧਿਕਾਰੀਆਂ ਨੇ ਦਸਿਆ ਕਿ 7 ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲ ਡਿੱਗਣ ਕਾਰਨ ਇਸ 'ਤੇ ਮੌਜੂਦ ਕਈ ਵਾਹਨ ਵੀ ਪਾਣੀ 'ਚ ਰੁੜ੍ਹ ਗਏ। ਬਲੂਮਬਰਗ ਦੀ ਰੀਪੋਰਟ ਮੁਤਾਬਕ ਮੈਰੀਲੈਂਡ ਟਰਾਂਸਪੋਰਟੇਸ਼ਨ ਅਥਾਰਟੀ ਨੇ ਕਿਹਾ ਕਿ ਪੁਲ 'ਤੇ ਹਾਦਸੇ ਤੋਂ ਬਾਅਦ ਸਾਰੀਆਂ ਲੇਨਾਂ ਨੂੰ ਬੰਦ ਕਰ ਦਿਤਾ ਗਿਆ ਹੈ ਅਤੇ ਆਵਾਜਾਈ ਰੋਕ ਦਿਤੀ ਗਈ ਹੈ। ਜਹਾਜ਼ 948 ਫ਼ੁੱਟ ਲੰਬਾ ਸੀ। ਫ੍ਰਾਂਸਿਸ ਸਕਾਟ ਕੀ ਬ੍ਰਿਜ 1977 ਵਿਚ ਪੈਟਾਪਸਕੋ ਨਦੀ ਉਤੇ ਬਣਾਇਆ ਗਿਆ ਸੀ। ਇਸ ਦਾ ਨਾਂ ਫਰਾਂਸਿਸ ਸਕਾਟ ਕੀ ਦੇ ਨਾਂ 'ਤੇ ਰੱਖਿਆ ਗਿਆ ਹੈ, ਜਿਸ ਨੇ ਅਮਰੀਕਾ ਦਾ ਰਾਸ਼ਟਰੀ ਗੀਤ ਲਿਖਿਆ ਸੀ।

**2 ਕਾਲੇ ਵਿਅਕਤੀਆਂ ਉਪਰ ਤਸ਼ੱਦਦ ਦਾ ਮਾਮਲਾ**

# 6 ਸਾਬਕਾ ਗੋਰੇ ਪੁਲਿਸ ਅਫਸਰਾਂ ਨੂੰ 10 ਤੋਂ 40 ਸਾਲ ਤੱਕ ਕੈਦ ਦੀ ਸਜ਼ਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਜੈਕਸਨ (ਮਿਸੀਸਿੱਪੀ) ਵਿਖੇ ਜਨਵਰੀ 2023 ਵਿਚ 2 ਕਾਲੇ ਵਿਅਕਤੀਆਂ ਉਪਰ ਤਸ਼ੱਦਦ ਕਰਨ ਦੇ ਮਾਮਲੇ ਵਿਚ ਦੋਸ਼ੀ ਪਾਏ ਗਏ 6 ਮਿਸੀਸਿੱਪ ਲਾਅ ਇਨਫੋਰਸਮੈਂਟ ਦੇ 6 ਸਾਬਕਾ ਗੋਰੇ ਅਫਸਰਾਂ ਨੂੰ ਲੰਬਾ ਸਮਾਂ ਸੰਘੀ ਜੇਲ ਵਿਚ ਬਿਤਾਉਣਾ ਪਵੇਗਾ। ਇਨਾਂ ਸਾਰੇ ਸਾਬਕਾ ਡਿਪਟੀਆਂ ਨੇ ਆਪਣਾ ਗੁਨਾਹ ਮੰਨ ਲਿਆ ਸੀ। ਸੰਘੀ ਅਦਾਲਤ ਵਿਚ ਪਿਛਲੇ 3 ਦਿਨ ਸਜ਼ਾ ਸੁਣਾਉਣ ਲਈ ਹੋਈ ਸੁਣਵਾਈ ਦੌਰਾਨ ਆਖਰੀ ਸਾਬਕਾ ਪੁਲਿਸ ਅਫਸਰ ਜੋਸ਼ੂਆ ਹਾਰਟਫੀਲਡ ਨੂੰ ਜੱਜ ਨੇ 10 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਤੋਂ ਪਹਿਲਾਂ ਬਰੈਟ ਮੈਕਅਲਪਿਨ ਨੂੰ 27 ਸਾਲ ਤੋਂ ਵਧ ਕੈਦ ਦੀ ਸਜ਼ਾ ਸੁਣਾਈ।

ਇਸ ਮਾਮਲੇ ਵਿਚ ਸਭ ਤੋਂ ਵਧ ਸਜ਼ਾ ਸਾਬਕਾ ਰੈਨਕਿਨ ਕਾਊਂਟੀ ਸ਼ੈਰਿਫ ਦੇ ਡਿਪਟੀ ਕ੍ਰਿਸਟੀਅਨ ਡੈਡਮੋਨ ਨੂੰ ਸੁਣਾਈ ਗਈ ਹੈ। ਜੱਜ ਨੇ ਉਸ ਨੂੰ 40 ਸਾਲ ਜੇਲ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਉਸ ਨੇ ਇਸ ਘਟਨਾ ਵਿਚ ਬਹੁਤ ਘਿਣਾਉਣੀ ਭੂਮਿਕਾ ਨਿਭਾਈ ਹੈ। ਸਾਬਕਾ ਡਿਪਟੀ ਡੈਨੀਅਲ ਓਪਡੀਇਕ ਨੂੰ 17 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਪਹਿਲਾਂ ਰੈਨਕਿਨ ਕਾਊਂਟੀ ਦੇ ਸਾਬਕਾ ਡਿਪਟੀ ਹੰਟਰ ਐਲਵਾਰਡ ਨੂੰ 20 ਸਾਲ ਤੇ ਜੈਫਰੀ ਮਿਡਲਟਨ ਨੂੰ ਸਾਢੇ 17 ਸਾਲ ਜੇਲ ਦੀ ਸਜ਼ਾ ਸੁਣਾਈ। ਇਥੇ ਜਿਕਰਯੋਗ ਹੈ ਕਿ ਜਨਵਰੀ 2023 ਵਿਚ ਜੈਕਸਨ ਨੇੜੇ ਬਰੈਕਸਟਨ ਵਿਖੇ ਵਾਪਰੀ ਇਸ ਘਟਨਾ ਵਿਚ ਉਕਤ ਸਾਬਕਾ ਪੁਲਿਸ ਅਫਸਰ ਦੋ ਕਾਲੇ ਵਿਅਕਤੀਆਂ ਦੇ ਘਰ ਵਿਚ ਬਿਨਾਂ ਵਾਰੰਟ ਜਬਰਦਸਤੀ ਦਾਖਲ ਹੋਏ ਸਨ। ਹੱਥਕੜੀਆਂ ਵਿਚ ਜਕੜ ਕੇ ਮਾਈਕਲ ਜੈਨਕਿਨਸ ਤੇ ਐਡੀ ਪਾਰਕਰ ਨਾਮੀ ਕਾਲੇ ਵਿਅਕਤੀਆਂ ਉਪਰ ਅਨਾਂ ਤਸ਼ੱਦਦ ਕੀਤਾ ਸੀ। ਇਨਾਂ ਵਿਚੋਂ ਇਕ ਦੇ ਮੂੰਹ ਵਿਚ ਗੋਲੀ ਵੀ ਮਾਰੀ ਗਈ ਸੀ।

ਐਫ ਬੀ ਆਈ ਡਾਇਰੈਕਟਰ ਕ੍ਰਿਸਟੋਫਰ ਵਰੇਅ ਅਨੁਸਾਰ ਗਵਾਂਢ ਵਿਚ ਰਹਿੰਦੇ ਇਕ ਵਿਅਕਤੀ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਇਕ ਗੋਰੀ ਦੇ ਘਰ ਰਹਿੰਦੇ ਅਨੇਕਾਂ ਕਾਲੇ ਵਿਅਕਤੀਆਂ ਦਾ ਵਿਵਹਾਰ ਸ਼ੱਕੀ ਹੈ।

ਇਸ ਉਪਰੰਤ ਸਾਬਕਾ ਪੁਲਿਸ ਅਫਸਰਾਂ ਨੇ ਕਾਲੇ ਵਿਅਕਤੀਆਂ ਉਪਰ 2 ਘੰਟੇ ਤੱਕ ਤਸ਼ੱਦਦ ਕੀਤਾ ਸੀ। ਸੁਣਵਾਈ ਦੌਰਾਨ ਦੋਸ਼ੀ 6 ਸਾਬਕਾ ਪੁਲਿਸ ਅਫਸਰਾਂ ਨੇ ਪੀੜਤ ਪਰਿਵਾਰ ਕੋਲੋਂ ਮੁਆਫੀ ਵੀ ਮੰਗੀ ਪਰੰਤੂ ਜੱਜ ਨੇ ਮੁਆਫੀ ਨੂੰ ਮੂਲੋਂ ਹੀ ਰੱਦ ਕਰ ਦਿੱਤਾ। ਇਸ ਤੋਂ ਇਲਾਵਾ ਇਨਾਂ ਸਾਬਕਾ ਪੁਲਿਸ ਅਫਸਰਾਂ ਨੇ ਪਿਛਲੇ ਸਾਲ ਸਟੇਟ ਵੱਲੋਂ ਲਾਏ ਇਸੇ ਹੀ ਮਾਮਲੇ ਵਿਚ ਤਸ਼ੱਦਦ ਦੇ ਦਸ਼ਾਂ ਨੂੰ ਮੰਨ ਲਿਆ ਸੀ ਜਿਸ ਬਾਰੇ ਸਜ਼ਾ ਅਜੇ ਸੁਣਾਈ ਜਾਣੀ ਹੈ।

# ਅਮਰੀਕੀ ਸੈਨਟ ਨੇ ਸੰਘੀ ਡਿਸਟ੍ਰਿਕਟ ਕੋਰਟ ਜੱਜ ਵਜੋਂ ਭਾਰਤੀ ਅਮਰੀਕੀ ਸੁਨੀਲ ਹਰਜਾਨੀ ਦੇ ਨਾਂ ਉਪਰ ਲਾਈ ਮੋਹਰ

## ✪ ਸ਼ਿਕਾਗੋ ਦੇ ਉੱਤਰੀ ਜਿਲੇ ਇਲੀਨੋਇਸ ਵਿਚ ਨਿਭਾਉਣਗੇ ਸੇਵਾਵਾਂ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕੀ ਸੈਨਟ ਨੇ 53-46 ਵੋਟਾਂ ਦੇ ਅੰਤਰ ਨਾਲ ਸੰਘੀ ਡਿਸਟ੍ਰਿਕਟ ਕੋਰਟ ਜੱਜ ਵਜੋਂ ਭਾਰਤੀ ਅਮਰੀਕੀ ਸੁਨੀਲ ਹਰਜਾਨੀ ਦੇ ਨਾਂ ਉਪਰ ਮੋਹਰ ਲਾ ਦਿੱਤੀ ਹੈ। ਉਹ ਸ਼ਿਕਾਗੋ ਦੇ ਉੱਤਰੀ ਜਿਲੇ ਇਲੀਨੋਇਸ ਵਿਖੇ ਸੰਘੀ ਜਿਲਾ ਅਦਾਲਤ ਵਿਚ ਜੱਜ ਵਜੋਂ ਸੇਵਾਵਾਂ ਨਿਭਾਉਣਗੇ। ਯੂ ਐਸ ਸੈਨਟ ਬਹੁਗਿਣਤੀ ਵਿੱਪ ਡਿਕ ਡਰਬਿਨ, ਚੇਅਰ ਆਫ ਦਾ ਸੈਨਟ ਜੁਡੀਸ਼ੀਅਰੀ ਕਮੇਟੀ ਤੇ ਸੈਨਟ ਮੈਂਬਰ ਟੈਮੀ ਡੱਕਵਰਥ ਨੇ ਕਿਹਾ ਹੈ ਕਿ ਉਹ ਖੁਸ਼ ਹਨ ਕਿ ਸੈਨਟ ਨੇ ਜੱਜ ਸੁਨੀਲ ਹਰਜਾਨੀ ਦੀ ਇਲੀਨੋਇਸ ਈਸਟਰਨ ਡਵੀਜਨ ਦੇ ਉੱਤਰੀ ਜਿਲੇ ਵਿਚ ਡਿਸਟ੍ਰਿਕਟ ਕੋਰਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ ਕਰ ਦਿੱਤੀ ਹੈ। ਉਨਾਂ ਕਿਹਾ ਹੈ ਕਿ ਹਰਜਾਨੀ ਨੂੰ 2019 ਤੋਂ ਇਲੀਨੋਇਸ ਦੇ ਉੱਤਰੀ ਜਿਲੇ ਵਿਚ ਮਜਿਸਟ੍ਰੇਟ ਸੇਵਾਵਾਂ ਨਿਭਾਉਣ ਸਮੇਤ ਅਦਾਲਤੀ ਪ੍ਰਣਾਲੀ ਵਿਚ ਕੰਮ ਕਰਨ ਦਾ ਤਜ਼ਰਬਾ ਹੈ। ਸਾਡੀ ਸਕਰੀਨਿੰਗ ਕਮੇਟੀ ਨੇ ਉਨਾਂ ਦੀ ਯੋਗਤਾ ਨੂੰ ਭਲੀਭਾਂਤ ਪਛਾਣਿਆ ਹੈ। ਨੈਸ਼ਨਲ ਏਸ਼ੀਅਨ ਪੈਸੇਫਿਕ ਅਮੈਰੀਕਨ ਬਾਰ ਐਸੋਸੀਏਸ਼ਨ ਦੇ ਕਾਰਜਕਾਰੀ ਡਾਇਰੈਕਟਰ ਪ੍ਰੀਯਾ ਪੁਰਨਡੇਰ ਨੇ ਜਾਰੀ ਇਕ ਬਿਆਨ ਵਿਚ ਰਾਸ਼ਟਰਪਤੀ ਜੋ ਬਾਈਡਨ ਦਾ ਹਰਜਾਨੀ ਦੀ ਨਿਯੁਕਤੀ ਲਈ ਧੰਨਵਾਦ ਕੀਤਾ ਹੈ ਤੇ ਹਰਜਾਨੀ ਦੀ ਨਿਯੁਕਤੀ ਲਈ ਸਮਰਥਨ ਕਰਨ ਵਾਸਤੇ ਇਲੀਨੋਇਸ ਦੇ ਸੈਨਟ ਮੈਂਬਰ ਡਰਬਿਨ ਤੇ ਡੱਕਵਰਥ ਅਤੇ ਵਰਜੀਨੀਆ ਦੇ ਸੈਨਟ ਮੈਂਬਰਾਂ ਜੌਹਨ ਵਾਰਨਰ ਤੇ ਟਿਮ ਕੇਨ ਦਾ ਵੀ ਧੰਨਵਾਦ ਕੀਤਾ ਹੈ।

# ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ 'ਚ 35.6% ਫੀਸਦੀ ਵਾਧਾ

ਪੰਜਾਬ ਸਰਕਾਰ ਵੱਲੋਂ ਨਜ਼ਰ ਅੰਦਾਜ਼ ਕਰਨ ਦੇ ਬਾਵਜੂਦ, ਨਿੱਤ ਨਵੀਆਂ ਬੁਲੰਦੀਆਂ ਛੂਹ ਰਿਹਾ ਕੌਮਾਂਤਰੀ ਹਵਾਈ ਅੱਡਾ ਰੋਜ਼ਾਨਾ ਦੱਸ ਹਜ਼ਾਰ ਯਾਤਰੀਆਂ ਦੀ ਗਿਣਤੀ ਕੀਤੀ ਪਾਰ, ਫਿਰ ਵੀ ਪੰਜਾਬ ਸਰਕਾਰ ਨਹੀਂ ਸ਼ੁਰੂ ਕਰ ਰਹੀ ਬੱਸ ਸੇਵਾ

ਮਾਰਚ 26, 2024: ਪੰਜਾਬ ਦਾ ਸਭ ਤੋਂ ਵੱਡਾ ਅਤੇ ਵਿਅਸਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਫਰਵਰੀ 2024 ਵਿੱਚ ਫਰਵਰੀ 2023 ਦੇ ਮੁਕਾਬਲੇ ਅੰਤਰਰਾਸ਼ਟਰੀ ਯਾਤਰੀਆਂ ਦੀ ਆਵਾਜਾਈ ਵਿੱਚ ਮਹੱਤਵਪੂਰਨ 35.9% ਵਾਧੇ ਦੇ ਨਾਲ ਦੇਸ਼ ਦੇ ਸਾਰੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਵਿੱਚੋਂ ਦੂਜੇ ਸਥਾਨ 'ਤੇ ਰਿਹਾ। ਨਾਗਪੁਰ ਹਵਾਈ ਅੱਡੇ ਨੇ 9,207 ਯਾਤਰੀਆਂ ਨਾਲ ਸਭ ਤੋਂ ਵੱਧ 38.4% ਦਾ ਵਾਧਾ ਦਰਜ ਕੀਤਾ।

ਏਅਰਪੋਰਟ ਅਥਾਰਟੀ ਆਫ਼ ਇੰਡੀਆ ਦੁਆਰਾ ਹਾਲ ਹੀ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, ਫਲਾਈ ਅੰਮ੍ਰਿਤਸਰ ਇਨਿਸ਼ਿਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਫਰਵਰੀ ਵਿੱਚ ਅੰਤਰਰਾਸ਼ਟਰੀ ਯਾਤਰੀਆਂ ਦੀ ਕੁੱਲ ਗਿਣਤੀ 94,625 ਤੱਕ ਪਹੁੰਚ ਗਈ, ਜਦੋਂ

ਕਿ ਬੀਤੇ ਸਾਲ ਫਰਵਰੀ 2023 ਵਿੱਚ ਇਹ ਗਿਣਤੀ 69,634 ਸੀ। ਇਹ ਫਰਵਰੀ ਮਹੀਨੇ ਲਈ ਹੁਣ ਤੱਕ ਦੀ ਸਭ ਤੋਂ ਵੱਧ ਅਤੇ ਹਵਾਈ ਅੱਡੇ ਦੇ ਇਤਿਹਾਸ ਕਿਸੇ ਵੀ ਮਹੀਨੇ ਦੀ ਤੀਜੀ ਸਭ ਤੋਂ ਵੱਡੀ ਗਿਣਤੀ ਹੈ। ਦਸੰਬਰ 2023 ਵਿੱਚ ਸੱਭ ਤੋਂ ਵੱਧ 1,06,813 ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਦਰਜ ਕੀਤੀ ਗਈ ਅਤੇ ਦੂਜੀ ਸਭ ਤੋਂ ਵੱਧ 96,924, ਜਨਵਰੀ 2024 ਵਿੱਚ ਦਰਜ ਕੀਤੀ ਗਈ ਹੈ।

ਗੁਮਟਾਲਾ ਨੇ ਕਿਹਾ ਕਿ ਅੰਤਰਰਾਸ਼ਟਰੀ ਆਵਾਜਾਈ ਵਿੱਚ ਵਾਧਾ, ਬੀਤੇ ਸਾਲ ਅਪ੍ਰੈਲ ਤੋਂ ਬਾਅਦ ਲਗਾਤਾਰ ਸ਼ੁਰੂ ਹੋਈਆਂ ਨਵੀਆਂ ਉਡਾਣਾਂ ਸਦਕਾ ਸੰਭਵ ਹੋਇਆ ਹੈ। ਇਸ ਵਿੱਚ ਕੁਆਲਾਲੰਪੁਰ, ਮਿਲਾਨ, ਰੋਮ, ਲੰਡਨ ਅਤੇ ਬਰਮਿੰਘਮ ਲਈ ਉਡਾਣਾਂ ਸ਼ਾਮਲ ਹਨ। ਸਿੱਟੇ ਵੱਜੋਂ ਫਰਵਰੀ 2024 ਵਿੱਚ ਅੰਤਰਰਾਸ਼ਟਰੀ ਹਵਾਈ ਜਹਾਜ਼ਾਂ ਦੀ ਆਵਾਜਾਈ ਪਿਛਲੇ ਸਾਲ ਨਾਲੋਂ 402 ਤੋਂ ਵੱਧ ਕੇ 474 ਦਰਜ ਕੀਤੀ ਗਈ। ਇਹ ਵੀ ਜ਼ਿਕਰਯੋਗ ਹੈ ਕਿ ਵੱਧ ਗਿਣਤੀ ਵਿੱਚ ਪੰਜਾਬੀ ਹੁਣ ਦਿੱਲੀ ਦੀ ਬਜਾਏ ਅੰਮ੍ਰਿਤਸਰ ਤੋਂ ਸਿੱਧੀਆਂ ਅੰਤਰਰਾਸ਼ਟਰੀ ਉਡਾਣਾਂ ਨੂੰ ਤਰਜੀਗ ਦੇ ਰਹੇ ਹਨ।

ਇਹਨਾਂ ਅੰਕੜਿਆਂ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਗੁਮਟਾਲਾ ਨੇ ਦੱਸਿਆ ਕਿ ਅੰਤਰਰਾਸ਼ਟਰੀ ਆਵਾਜਾਈ ਵਿੱਚ ਵਾਧੇ ਦੇ ਨਾਲ ਘਰੇਲੂ ਆਵਾਜਾਈ ਵਿੱਚ ਵੀ 13.6% ਵਾਧਾ ਦਰਜ



ਕੀਤਾ ਗਿਆ।

ਘਰੇਲੂ ਯਾਤਰੀਆਂ ਦੀ ਗਿਣਤੀ ਫਰਵਰੀ 2023 ਵਿੱਚ 1,68,076 ਦੇ ਮੁਕਾਬਲੇ ਇਸ ਸਾਲ ਵੱਧ ਕੇ 1,90,866 ਯਾਤਰੀ ਹੋ ਗਈ। ਲੱਖਾਂ ਪੰਜਾਬੀਆਂ ਨੂੰ ਹਾਲੇ ਵੀ ਕਈ ਮੁਲਕਾਂ ਲਈ ਸਿੱਧੀਆਂ ਅੰਤਰਰਾਸ਼ਟਰੀ ਉਡਾਣਾਂ ਦੀ ਘਾਟ ਹੋਣ ਕਰਕੇ ਦਿੱਲੀ ਰਾਹੀਂ ਪੰਜਾਬ ਆਉਣ ਲਈ ਮਜਬੂਰ ਹੋਣਾ ਪੈਂਦਾ ਹੈ।

ਉਹਨਾਂ ਅੱਗੇ ਦੱਸਿਆ ਕਿ ਅੰਕੜਿਆ ਦਾ ਵਿਸ਼ਲੇਸ਼ਣ ਇਹ ਵੀ ਦਰਸਾਉਂਦਾ ਹੈ ਕਿ ਹਾਲਾਂਕਿ ਘਰੇਲੂ ਜਹਾਜ਼ਾਂ ਦੀ ਆਵਾਜਾਈ ਫਰਵਰੀ 2024 ਵਿੱਚ 1268 ਸੀ ਜੋ ਕਿ ਪਿਛਲੇ ਸਾਲ ਨਾਲੋਂ ਸਿਰਫ 0.4% ਵੱਧ ਸੀ, ਪਰ ਯਾਤਰੀ ਆਵਾਜਾਈ ਵਿੱਚ ਲਗਭਗ 23,000 ਯਾਤਰੀਆਂ ਦਾ ਵਾਧਾ ਹੋਇਆ। ਇਸ ਦਾ ਮੁੱਖ ਕਾਰਨ ਫਰਵਰੀ ਮਹੀਨੇ ਦੋਰਾਨ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨ ਸੀ ਜਿਸ ਨਾਲ ਹਰਿਆਣਾ ਰਾਹੀਂ ਦਿੱਲੀ ਜਾਣ ਲਈ ਸੜਕੀ ਆਵਾਜਾਈ ਵਿੱਚ ਵਿਘਨ ਪੈ ਰਿਹਾ ਸੀ। ਸਿੱਟੇ ਵੱਜੋਂ ਦਿੱਲੀ-ਅੰਮ੍ਰਿਤਸਰ ਰੂਟ 'ਤੇ ਹਵਾਈ ਕਿਰਾਏ ਵੀ ਕਈ ਗੁਣਾਂ ਵਧ ਗਏ ਅਤੇ ਕਈ ਦਿਨ ਏਅਰਪੋਰਟ 'ਤੇ ਜਿਆਦਾ ਭੀੜ ਵੀ ਵੇਖੀ ਗਈ। ਪੰਜਾਬੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਦਸੰਬਰ 2023 ਵਿੱਚ ਹੁਣ ਤੱਕ ਦੇ ਸਭ ਤੋਂ ਵੱਧ 3.38,512 ਯਾਤਰੀਆਂ ਦੇ ਨਵੇਂ ਰਿਕਾਰਡ ਤੋਂ ਬਾਅਦ, ਹੁਣ ਫਰਵਰੀ ਮਹੀਨੇ ਵਿੱਚ ਕੁੱਲ 2,85,491 ਯਾਤਰੀਆਂ ਨਾਲ ਹਵਾਈ ਅੱਡੇ ਦੇ ਇਤਿਹਾਸ ਵਿੱਚ ਇਹ ਦੂਜਾ ਸਭ ਤੋਂ ਵੱਧ ਅੰਤਰਰਾਸ਼ਟਰੀ ਅਤੇ ਘਰੇਲੂ ਯਾਤਰੀਆਂ ਦਾ ਰਿਕਾਰਡ ਹੈ।

ਗੁਮਟਾਲਾ ਨੇ ਏਅਰਪੋਰਟ ਤੋਂ ਹੁਣ ਰੋਜ਼ਾਨਾ 10,000 ਤੋਂ ਵੱਧ ਮੁਸਾਫਰਾਂ ਦੀ ਗਿਣਤੀ ਪਾਰ ਕਰਨ ਦੇ ਬਾਵਜੂਦ, ਪੰਜਾਬ ਦੀ ਮਾਨ ਸਰਕਾਰ ਵੱਲੋਂ ਅੰਮ੍ਰਿਤਸਰ ਹਵਾਈ ਅੱਡੇ ਨੂੰ ਨਜ਼ਰਅੰਦਾਜ਼ ਕਰਨ 'ਤੇ ਨਿਰਾਸ਼ਾ ਪ੍ਰਗਟ ਕੀਤੀ ਹੈ। ਉਹਨਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਦੇ ਧਿਆਨ ਵਿੱਚ ਲਿਆਉਣ ਅਤੇ ਬਹੁਤ ਸਾਰੀਆਂ ਬੇਨਤੀਆਂ ਕਰਨ ਦੇ ਬਾਵਜੂਦ, ਪੰਜਾਬ ਦਾ ਇਹ ਹਵਾਈ ਅੱਡਾ ਸੂਬੇ ਦੇ ਹੋਰ ਸ਼ਹਿਰਾਂ ਨਾਲ ਜਨਤਕ ਆਵਾਜਾਈ ਲਈ ਬੱਸ ਸੰਪਰਕ ਤੋਂ ਵਾਂਝਾ ਹੈ। ਇੱਥੋਂ ਬੱਸ ਸੇਵਾ ਸ਼ੁਰੂ ਕਰਨ ਦੀ ਬਜਾਏ, ਸੂਬਾ ਸਰਕਾਰ ਲਗਾਤਾਰ ਪੰਜਾਬ ਦੇ ਕਈ ਸ਼ਹਿਰਾਂ ਤੋਂ ਦਿੱਲੀ ਹਵਾਈ ਅੱਡੇ ਲਈ ਬੱਸ ਸੰਪਰਕ ਨੂੰ ਉਤਸ਼ਾਹਿਤ ਅਤੇ ਹੋਰ ਵੀ ਵਧਾ ਰਹੀ ਹੈ। ਅੰਮ੍ਰਿਤਸਰ ਤੋਂ ਇਸ ਸਮੇਂ ਲੰਡਨ, ਬਰਮਿੰਘਮ, ਦੋਹਾ, ਦੁਬਈ, ਸ਼ਾਰਜਾਹ, ਮਿਲਾਨ, ਰੋਮ, ਸਿੰਗਾਪੁਰ, ਕੁਆਲਾਲੰਪੁਰ, ਦਿੱਲੀ, ਮੁੰਬਈ, ਅਹਿਮਦਾਬਾਦ, ਸ਼੍ਰੀਨਗਰ, ਬੈਂਗਲੁਰੂ, ਹੈਦਰਾਬਾਦ, ਲਖਨਊ, ਕੋਲਕਤਾ, ਸ਼ਿਮਲਾ, ਕੁੱਲੂ, ਪੂਨੇ ਸਣੇ 9 ਵਿਦੇਸ਼ ਦੇ ਅਤੇ 11 ਘਰੇਲੂ ਹਵਾਈ ਅੱਡਿਆਂ ਲਈ ਸਿੱਧੀਆਂ ਉਡਾਣਾਂ ਹਨ।

# ਮੁੱਦਿਆਂ ਰਹਿਤ ਰਹੇਗੀ ਲੋਕ ਸਭਾ ਚੋਣ

ਗੁਰਮੀਤ ਸਿੰਘ ਪਲਾਹੀ
-9815802070





ਦੇਸ਼ ਵਿੱਚ ਵਿਰੋਧੀਆਂ ਨੂੰ ਨੁਕਰੇ ਲਾਕੇ ਲੋਕ ਸਭਾ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰਨ ਦੇ ਮੌਜੂਦਾ ਹਾਕਮ ਧਿਰ ਦੇ ਯਤਨ ਲਗਾਤਾਰ ਜਾਰੀ ਹਨ। “ਕਾਂਗਰਸ” ਮੁਕਤ” ਭਾਰਤ ਦੇ ਵਿਚਾਰਾਂ ਤੋਂ ਅੱਗੇ ਤੁਰਦਿਆਂ, ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੇਸ਼ ਨੂੰ “ਆਪੋਜ਼ੀਸ਼ਨ ਮੁਕਤ ਭਾਰਤ” ਬਨਾਉਣ ਦੀ ਮੁਹਿੰਮ ਆਰੰਭੀ ਹੋਈ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਿਛਲੇ ਦਿਨੀਂ ਜੇਲ੍ਹ ਭੇਜ ਦਿੱਤੇ ਗਏ ਹਨ। ਉਹਨਾ ਨੂੰ ਕੇਂਦਰੀ ਏਜੰਸੀ ਈਡੀ (ਇਨਫੋਰਸਮੈਂਟ ਡਿਪਾਰਟਮੈਂਟ) ਵਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੁਰੇਨ ਪਹਿਲਾਂ ਹੀ ਜੇਲ੍ਹ ਵਿੱਚ ਹਨ। ਭਾਰਤੀ ਚੋਣ ਕਮਿਸ਼ਨ ਵਲੋਂ ਕੀ ਲੋਕ ਸਭਾ ਚੋਣ ਤਾਰੀਖਾਂ ਮਿੱਥਣ ਉਪਰੰਤ ਨੇਤਾਵਾਂ ਨੂੰ ਜੇਲ੍ਹੀਂ ਡੱਕਣਾ ਜਾਇਜ਼ ਹੈ। ਇਹ ਸਵਾਲ ਲਗਾਤਾਰ ਉੱਠ ਰਹੇ ਹਨ।

ਈਡੀ ਵਲੋਂ ਇੱਕ ਬਿਆਨ ਜਾਰੀ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਦਿੱਲੀ ਸ਼ਰਾਬ ਘੁਟਾਲੇ ਦਾ ਮੁੱਖ ਦੋਸ਼ੀ ਅਰਵਿੰਦ ਕੇਜਰੀਵਾਲ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਵੀ ਕਿਹਾ ਸੀ ਕਿ ਇਸ ਸ਼ਰਾਬ ਘੁਟਾਲੇ ਵਿੱਚ 300 ਕਰੋੜ ਤੋਂ ਵੱਧ ਦਾ ਲੈਣ-ਦੇਣ ਹੋਇਆ ਹੈ।

ਆਮ ਆਦਮੀ ਪਾਰਟੀ, ਕਾਂਗਰਸ, ਆਰਜੇਡੀ ਅਤੇ ਕਈ ਹੋਰ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਕੇਂਦਰੀ ਏਜੰਸੀਆਂ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕਾਰਵਾਈਆਂ ਕਰ ਰਹੀਆਂ ਹਨ ਜਾਂ ਉਹਨਾ ਨੂੰ ਗ੍ਰਿਫ਼ਤਾਰ ਕਰਦੀਆਂ ਹਨ ਪਰ ਸੱਤਾਧਾਰੀ ਭਾਜਪਾ ਦੇ ਆਗੂਆਂ ਵਿਰੁੱਧ ਉਹ ਕੋਈ ਅਜਿਹੀ ਕਾਰਵਾਈ ਨਹੀਂ ਕਰਦੀਆਂ।

ਇੱਕ ਅਨੁਮਾਨ ਅਨੁਸਾਰ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ ਰੋਕਣ ਸਬੰਧੀ ਕੇਂਦਰੀ ਏਜੰਸੀਆਂ ਵਲੋਂ ਦਰਜ ਕੀਤੇ ਕੁੱਲ ਕੇਸਾਂ ਵਿਚੋਂ 95 ਫੀਸਦੀ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਹੀ ਹਨ। ਇੰਜ ਭਾਜਪਾ ਵਲੋਂ ਵਿਰੋਧੀ ਪਾਰਟੀਆਂ ਨੂੰ ਭ੍ਰਿਸ਼ਟਾਚਾਰੀ, ਨਿਕੰਮੀਆਂ ਅਤੇ ਵਿਕਾਸ ਦੀਆਂ ਦੋਖੀ ਗਰਦਾਨਕੇ, ਲੋਕ ਕਟਿਹਰੇ 'ਚ ਉਹਨਾ ਦੀ ਦਿੱਖ ਖਰਾਬ ਕਰਨ ਲਈ ਪੂਰਾ ਟਿੱਲ ਲਾਇਆ ਜਾ ਰਿਹਾ ਹੈ।

ਦੂਜੇ ਪਾਸੇ ਦੇਸ਼ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਚੋਣ ਬਾਂਡ ਮਾਮਲੇ ਸਬੰਧੀ ਵੱਡੇ ਸਵਾਲ ਖੜੇ ਕੀਤੇ ਹਨ, ਕਿਉਂਕਿ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਚੋਣ ਬਾਂਡ ਸਬੰਧੀ ਭਾਜਪਾ ਨਿਸ਼ਾਨੇ 'ਤੇ ਰਹੀ। ਕਾਂਗਰਸ ਨੇ ਦੋਸ਼ ਲਾਇਆ ਕਿ ਚੋਣ ਬਾਂਡ 'ਚ ਘੁਟਾਲਾ ਹੋਇਆ ਹੈ ਅਤੇ ਇਹ ਚਾਰ ਤਰੀਕਿਆਂ ਨਾਲ ਕੀਤਾ ਗਿਆ ਹੈ। ਕਾਂਗਰਸ ਨੇਤਾਵਾਂ ਮੁਤਾਬਕ ਪਹਿਲਾ ਤਰੀਕਾ “ਚੰਦਾ ਦਿਓ, ਧੰਦਾ ਲਓ” ਸੀ, ਭਾਵ ਇਹ ਪ੍ਰੀਪੇਡ ਰਿਸ਼ਵਤ ਸੀ। ਦੂਜਾ ਤਰੀਕਾ “ਠੇਕਾ ਲਓ, ਰਿਸ਼ਵਤ ਦਿਓ” ਸੀ। ਇਹ 'ਪੋਸਟਪੇਡ' ਰਿਸ਼ਵਤ ਸੀ । ਤੀਜਾ ਤਰੀਕਾ “ਹਫ਼ਤਾ ਵਸੂਲੀ” ਦਾ ਸੀ, ਯਾਨੀ ਛਾਪੇ ਮਾਰਨ ਤੋਂ ਬਾਅਦ ਰਿਸ਼ਵਤ। ਚੋਥਾ ਤਰੀਕਾ ਫਰਜ਼ੀ ਕੰਪਨੀਆਂ ਦਾ ਸੀ। ਕਾਂਗਰਸੀ ਦਾਅਵਾ ਕਰਦੇ ਹਨ ਕਿ 30 ਅਜਿਹੇ ਕਾਰਪੋਰੇਟ ਗਰੁੱਪਾਂ ਨੇ “ਚੋਣ ਬਾਂਡ” ਰਾਹੀਂ ਚੰਦਾ ਦਿੱਤਾ ਹੈ, ਜਿਹਨਾ ਨੂੰ ਕੇਂਦਰ ਜਾਂ ਭਾਜਪਾ ਦੀਆਂ ਸੂਬਾ ਸਰਕਾਰਾਂ ਤੋਂ 179 ਮੁੱਖ ਪ੍ਰਜੈਕਟ ਮਿਲੇ ਹਨ। ਕਾਂਗਰਸ ਦਾ ਦੋਸ਼ ਹੈ ਕਿ ਹਾਕਮ ਧਿਰ “ਭ੍ਰਿਸ਼ਟਾਚਾਰ ਨੂੰ ਕਾਨੂੰਨੀ ਬਣਾ ਰਿਹਾ ਹੈ ਤੇ ਇਸ ਨੂੰ ਲੁਕਾਉਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ।

ਦੋਵੇਂ ਭੱਖਦੇ ਮਾਮਲਿਆਂ ਸਬੰਧੀ ਹਾਕਮ ਧਿਰ ਅਤੇ ਵਿਰੋਧੀ ਧਿਰ ਗੁੱਥਮ-ਗੁੱਥਾ ਹਨ ਅਤੇ ਇੱਕ-ਦੂਜੇ ਉਤੇ ਚਿੱਕੜ ਸੁੱਟ ਰਹੀਆਂ ਹਨ। ਭਾਵੇਂ ਕਿ ਹਮਾਮ ਵਿੱਚ ਸਭ ਕੁਝ ਨੰਗਾ ਹੀ ਨੰਗਾ ਹੈ। ਆਮ ਤੌਰ 'ਤੇ ਚੋਣ ਸਮੇਂ ਦੌਰਾਨ ਸਿਆਸੀ ਪਾਰਟੀਆਂ ਆਪਣੇ ਮੈਨੀਫੈਸਟੋ ਜਾਰੀ ਕਰਦੀਆਂ ਹਨ। ਹਾਕਮ ਧਿਰ ਆਪਣੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀਆਂ ਹਨ ਅਤੇ ਤਵੱਕੋ ਰੱਖਦੀਆਂ ਹਨ ਕਿ ਲੋਕ ਉਹਨਾ ਨੂੰ ਵੋਟ ਪਾਉਣ। ਆਪੋਜ਼ੀਸ਼ਨ, ਹਾਕਮ ਧਿਰ ਦੀ ਅਲੋਚਨਾ ਕਰਦੀ ਹੈ, ਉਸ ਵਲੋਂ ਕੀਤੇ ਗਲਤ ਕੰਮਾਂ ਦੀ ਵਿਆਖਿਆ ਕਰਦੀ ਹੈ। ਲੋਕ ਮੁੱਦੇ ਉਠਾਉਂਦੀ ਹੈ ਅਤੇ ਵੋਟਾਂ ਦੀ ਮੰਗ ਕਰਦੀ ਹੈ।

ਪਰ ਅੱਜ ਸਥਿਤੀ ਕੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਦੇ ਨਾਂਅ ਉਤੇ ਵੋਟਾਂ ਮੰਗਣ ਤੋਂ ਪਹਿਲਾਂ ਧਰਮ ਅਧਾਰਤ ਰਾਜਨੀਤੀ ਦਾ ਪੱਤਾ ਸੁੱਟ ਚੁੱਕੀ ਹੈ। ਉਸ ਵਲੋਂ ਆਯੋਧਿਆ ਮੰਦਰ ਦੇ ਨਿਰਮਾਣ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ। ਧਾਰਾ 370 ਦੇ ਖ਼ਾਤਮੇ, ਸੀ. ਏ. ਏ. (ਨਾਗਰਿਕ ਕਾਨੂੰਨ) ਨੂੰ ਲਾਗੂ ਕਰਨ ਨੂੰ ਲੋਕ ਹਿੱਤ 'ਚ ਕਿਹਾ ਜਾ ਰਿਹਾ ਹੈ।

ਨਰੇਂਦਰ ਮੋਦੀ ਪ੍ਰਧਾਨ ਮੰਤਰੀ ਵਲੋਂ ਵੋਟਾਂ ਲੈ ਲਈ “ਗਰੰਟੀਆਂ ਦੇਣ ਦਾ ਕਾਰੋਬਾਰ” ਹਰ ਪੱਧਰ ਉਤੇ ਭਾਵ ਪਾਰਟੀ ਪੱਧਰ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਅਤੇ ਇਸ਼ਤਿਹਾਰਾਂ ਰਾਹੀਂ ਧੂੰਆਧਾਰ ਢੰਗ ਨਾਲ ਪ੍ਰਚਾਰਿਆ ਜਾ ਰਿਹਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ। ਕਿ ਭਾਰਤ ਵਿਸ਼ਵਗੁਰੂ ਬਣ ਰਿਹਾ ਹੈ। ਪਰ ਗਰੀਬੀ, ਬੇਰੁਜ਼ਗਾਰੀ, ਅਸਮਾਨਤਾ, ਸਬੰਧੀ ਭਾਜਪਾ ਦੀ ਚੁੱਪੀ ਰੜਕਦੀ ਹੈ। ਕੀ ਦੇਸ਼ ਵਿੱਚ ਵਿਕਾਸ ਤੇ ਪਰਿਵਰਤਨ ਦਿਖਦਾ ਹੈ। ਰਤਾ ਪੇਂਡੂ ਭਾਰਤ ਦੀ ਇੱਕ ਝਾਤੀ ਤਾਂ ਮਾਰੋ। ਹਾਂ ਸੜਕਾਂ ਬਣੀਆਂ ਹਨ, ਇੰਟਰਨੈਟ ਨੇ ਧੁੰਮ ਮਚਾ ਰੱਖੀ ਹੈ। ਪਰ ਗਰੀਬੀ ਰੇਖਾ ਤੋਂ ਥੱਲੇ ਵਾਲੇ ਲੋਕ ਦੋ ਅਮਰੀਕੀ ਡਾਲਰ (160 ਰੁਪਏ) ਨਾਲ ਹੀ ਜੀਵਨ ਵਸਰ ਕਰਦੇ ਹਨ।

ਇੱਕ ਕੌਮਾਂਤਰੀ ਅਧਿਐਨ ਅਨੁਸਾਰ ਭਾਰਤ ਦੇ ਇੱਕ ਫੀਸਦੀ ਧਨਾਢਾਂ ਕੋਲ 40 ਫ਼ੀਸਦੀ ਦੌਲਤ ਹੈ। ਅਰਬਪਤੀ ਵਿਅਕਤੀਆਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਸਾਲ 1991 'ਚ ਅਰਬਪਤੀਆਂ ਦੀ ਗਿਣਤੀ ਸਿਰਫ਼ ਇੱਕ ਸੀ ਜੋ 2022 'ਚ ਵਧਕੇ 162 ਹੋ ਗਈ। ਭਾਰਤ ਦੇ 10,000 ਸਭ ਤੋਂ ਅਮੀਰ ਵਿਅਕਤੀਆਂ ਕੋਲ ਔਸਤਨ 2260 ਕਰੋੜ ਰੁਪਏ ਦੀ ਧਨ ਸੰਪਤੀ ਹੈ, ਜੋ ਦੇਸ਼ ਦੀ ਔਸਤ ਪ੍ਰਤੀ ਜੀਅ ਦੀ ਸੰਪਤੀ ਦਾ 16,763 ਗੁਣਾ ਹੈ। ਐਸੀ ਅਸਮਾਨਤਾ ਦਾ ਦੌਰ ਭਾਜਪਾ ਰਾਜ 'ਚ ਸਭ ਤੋਂ ਵੱਧ ਹੈ।

ਕਾਂਗਰਸ ਇਸ ਸਬੰਧੀ ਕਿੰਤੂ ਪਰੰਤੂ ਕਰਦਿਆਂ ਇਹ ਤਾਂ ਆਖਦੀ ਹੈ ਕਿ ਅੱਜ ਦਾ ਰਾਜ, ਅਰਬਪਤੀ ਰਾਜ ਹੈ ਅਤੇ ਬਰਤਾਨੀਆਂ ਰਾਜ ਨਾਲੋਂ ਵਧੇਰੇ ਨਾ ਬਰਾਬਰੀ ਵਾਲਾ ਹੈ। ਪਰ ਗਰੀਬੀ, ਅਸਮਾਨਤਾ, ਬੇਰੁਜ਼ਗਾਰੀ ਰੋਕਣ ਲਈ ਵਿਰੋਧੀ ਧਿਰ ਵਜੋਂ ਉਸਨੇ ਲੋਕ ਸਭਾ ਜਾਂ ਸੂਬਿਆਂ ਦੀ ਵਿਰੋਧੀ ਧਿਰ 'ਚ ਬੈਠਕੇ ਕੀ ਰੋਲ ਅਦਾ ਕੀਤਾ? ਕੀ ਉਸ ਵਲੋਂ ਦੇਸ਼ 'ਚ ਲੋਕਾਂ ਦੇ ਮਸਲਿਆਂ ਸਬੰਧੀ ਲੋਕ ਲਹਿਰ ਚਲਾਈ? ਲੋਕਾਂ ਨੂੰ ਉਹਨਾ ਨਾਲ ਹੁੰਦੀ ਬੇਇਨਸਾਫੀ ਪ੍ਰਤੀ ਜਾਗਰੂਕ ਕੀਤਾ? ਹਜ਼ਾਰਾਂ ਬੁੱਧੀਜੀਵੀ ਜੇਲ੍ਹਾਂ ਅੰਦਰ ਡੱਕ ਦਿੱਤੇ ਗਏ। ਦੇਸ਼ 'ਚ ਬਲਡੋਜ਼ਰ ਦੀ ਨੀਤੀ ਅਪਨਾਈ ਗਈ। ਕਾਂਗਰਸ ਨੇ ਵਿਰੋਧ 'ਚ ਦੇਸ਼ ਵਿਆਪੀ ਕੋਈ ਅੰਦੋਲਨ ਛੇੜਿਆ? ਸਿਰਫ ਲੋਕ ਸਭਾ 'ਚ ਕੁਝ ਮੁੱਦੇ ਚੁੱਕਕੇ ਅਤੇ ਬਾਈਕਾਟ ਕਰਕੇ ਹੀ ਉਹ ਆਪਣਾ ਵਿਰੋਧੀ ਧਿਰ ਦਾ ਰੋਲ ਅਦਾ ਕੀਤੇ ਜਾਣ ਨੂੰ ਹੀ ਪੂਰਿਆਂ ਹੋ ਗਿਆ ਸਮਝਦੀ ਹੈ?

ਕੀ ਦੇਸ਼ ਵਿਚੋਂ ਆਰਥਿਕਤਾ ਦਾ ਮੁੱਦਾ ਮੁੱਕ ਗਿਆ ਹੈ? ਕੀ ਸਿਹਤ ਤੇ ਸਿੱਖਿਆ ਨਾਲ ਸਬੰਧਤ ਮੁੱਦੇ ਖ਼ਤਮ ਹੋ ਗਏ ਹਨ। ਦੇਸ਼ 'ਚ ਅੱਛੀ ਸਿੱਖਿਆ ਨਹੀਂ। ਆਧੁਨਿਕ ਸਿਹਤ ਸਹੂਲਤਾਂ ਨਹੀਂ। ਕਰੋਨਾ ਕਾਲ 'ਚ ਲੋਕਾਂ ਦੀ ਹੋਈ ਦੁਰਦਸ਼ਾ ਹਾਲੇ ਵੀ ਲੋਕ ਚੇਤਿਆਂ 'ਚ ਹੈ। ਲੋਕਾਂ ਨੂੰ ਰੁਜ਼ਗਾਰ ਲਈ ਆਪਣੇ ਘਰ ਛੱਡਕੇ ਦੂਰ ਸ਼ਹਿਰਾਂ 'ਚ ਜਾਣਾ ਪੈਂਦਾ ਹੈ, ਕੀ ਇਹ ਆਪੋਜ਼ੀਸ਼ਨ ਕੋਲ ਵੱਡਾ ਮੁੱਦਾ ਨਹੀਂ? ਕੀ ਕੁਦਰਤੀ ਸੋਮਿਆਂ ਦੀ ਲੁੱਟ ਅਤੇ ਵਾਤਾਵਰਨ ਨਾਲ ਸਬੰਧਤ ਮੁੱਦੇ ਉਠਾਉਣਾ ਹੁਣ ਤਰਕਸੰਗਤ ਨਹੀਂ ਰਿਹਾ? ਕੀ ਨਸ਼ਿਆਂ, ਗੈਂਗਸਟਰਾਂ, ਮਾਫੀਏ ਦੀ ਗੱਲ ਕਰਨੀ ਸਿਆਸਤਦਾਨ ਭੁੱਲੀ ਬੈਠੇ ਹਨ? ਉਂਜ ਭੁੱਲਣ ਵੀ ਕਿਉਂ ਨਾ ਵੱਡੀ ਗਿਣਤੀ 'ਚ ਮਾਫੀਏ, ਨਸ਼ਿਆਂ ਦੇ ਵਪਾਰੀਆਂ ਦੇ ਭਾਈਵਾਲ ਤਾਂ ਵਿਧਾਨ ਸਭਾਵਾਂ ਲੋਕ ਸਭਾ ਵਿੱਚ ਮੈਂਬਰ ਬਣਕੇ “ਦੇਸ਼ ਸੇਵਕ” ਦਾ ਦਰਜ਼ਾ ਹਾਸਲ ਕਰੀ ਬੈਠੇ ਹਨ। ਇਹ “ਕਰੋਨਾ” ਲਗਭਗ ਸਭ ਪਾਰਟੀਆਂ 'ਚ ਫੈਲ ਚੁੱਕਾ ਹੈ।

ਦੇਸ਼ ਕਰਜ਼ਾਈ ਹੈ। ਹਾਕਮ ਧਿਰ ਲਗਾਤਾਰ ਦੇਸ਼ ਦੇ ਖਜ਼ਾਨੇ ਨੂੰ ਦੋਵੀਂ ਹੱਥੀਂ ਲੁਟਾਈ ਜਾ ਰਹੀ ਹੈ। ਦੇਸ਼ ਦਾ ਕਿਸਾਨ ਪ੍ਰੇਸ਼ਾਨ ਹੈ। ਆਪਣੇ

ਨਰੇਂਦਰ ਮੋਦੀ ਪ੍ਰਧਾਨ ਮੰਤਰੀ ਵਲੋਂ ਵੋਟਾਂ ਲੈ ਲਈ “ਗਰੰਟੀਆਂ ਦੇਣ ਦਾ ਕਾਰੋਬਾਰ” ਹਰ ਪੱਧਰ ਉਤੇ ਭਾਵ ਪਾਰਟੀ ਪੱਧਰ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਅਤੇ ਇਸ਼ਤਿਹਾਰਾਂ ਰਾਹੀਂ ਧੂੰਆਧਾਰ ਢੰਗ ਨਾਲ ਪ੍ਰਚਾਰਿਆ ਜਾ ਰਿਹਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ। ਕਿ ਭਾਰਤ ਵਿਸ਼ਵਗੁਰੂ ਬਣ ਰਿਹਾ ਹੈ। ਪਰ ਗਰੀਬੀ, ਬੇਰੁਜ਼ਗਾਰੀ, ਅਸਮਾਨਤਾ, ਸਬੰਧੀ ਭਾਜਪਾ ਦੀ ਚੁੱਪੀ ਰੜਕਦੀ ਹੈ। ਕੀ ਦੇਸ਼ ਵਿੱਚ ਵਿਕਾਸ ਤੇ ਪਰਿਵਰਤਨ ਦਿਖਦਾ ਹੈ। ਰਤਾ ਪੇਂਡੂ ਭਾਰਤ ਦੀ ਇੱਕ ਝਾਤੀ ਤਾਂ ਮਾਰੋ। ਹਾਂ ਸੜਕਾਂ ਬਣੀਆਂ ਹਨ, ਇੰਟਰਨੈਟ ਨੇ ਧੁੰਮ ਮਚਾ ਰੱਖੀ ਹੈ। ਪਰ ਗਰੀਬੀ ਰੇਖਾ ਤੋਂ ਥੱਲੇ ਵਾਲੇ ਲੋਕ ਦੋ ਅਮਰੀਕੀ ਡਾਲਰ (160 ਰੁਪਏ) ਨਾਲ ਹੀ ਜੀਵਨ ਵਸਰ ਕਰਦੇ ਹਨ।

ਮੁੱਦਿਆਂ ਨੂੰ ਸੜਕਾਂ 'ਤੇ ਲਿਆ ਰਿਹਾ ਹੈ। ਦੇਸ਼ ਦਾ ਮਜ਼ਦੂਰ ਬੇਹਾਲ ਹੈ। ਵਿਦਿਆਰਥੀ ਤੇ ਨੌਜਵਾਨ ਪ੍ਰੇਸ਼ਾਨ ਹੈ। ਪਰ ਦੇਸ਼ ਦਾ ਸਿਆਸਤਦਾਨ ਮਿਹਣੋ-ਮਿਹਣੀ ਹੈ।

ਦੇਸ਼ ਦਾ ਕਾਰਪੋਰੇਟ ਲਗਾਤਾਰ ਕਿਸਾਨਾਂ ਦੀ ਜ਼ਮੀਨ ਖੋਹਣ ਹਿੱਤ ਸਰਕਾਰ ਉਤੇ ਦਬਾਅ ਵਧਾਅ ਰਿਹਾ ਹੈ। ਆਪਣੇ ਕਾਰੋਬਾਰ ਦੀ ਸੁਰੱਖਿਆ ਲਈ ਉਹ ਸਰਕਾਰ ਨੂੰ ਨਿੱਜੀਕਰਨ ਦੇ ਰਾਹ ਤੋਰ ਰਿਹਾ ਹੈ। ਸਰਕਾਰ ਨੇ ਤਾਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਅਤੇ ਕੁਰਸੀ ਪੱਕੇ ਪੈਰੀਂ ਕਰਨ ਦੀ ਉਹਨਾ ਦੀ ਸਹਾਇਤਾ/ ਸਹਿਯੋਗ ਨੂੰ ਪ੍ਰਵਾਨ ਕਰਨਾ ਹੀ ਹੋਇਆ, ਪਰ ਵਿਰੋਧੀ ਧਿਰ ਦੀ ਚੁੱਪੀ ਪ੍ਰੇਸ਼ਾਨੀ ਕਰਨ ਵਾਲੀ ਹੈ। ਕੀ ਵਿਰੋਧੀ ਧਿਰ ਦੇਸ਼ 'ਚ ਸਮਾਜਿਕ ਵਿਤਕਰੇ ਦੇ ਵਾਧੇ, ਸੋਸ਼ਣ ਵਿਰੁੱਧ ਜਾਂ ਵੱਧ ਰਹੀ ਮਹਿੰਗਾਈ ਵਿਰੁੱਧ ਲੋਕ ਲਾਮ ਬੰਦੀ ਨਹੀਂ ਸੀ ਕਰ ਸਕਦੀ? ਕੀ ਉਹ ਵੀ ਕਾਰਪੋਰੇਟਾਂ ਦਾ ਹੱਥ ਠੋਕਾ ਬਣੀ ਹੋਈ ਹੈ?

ਦੇਸ਼ ਦੀਆਂ ਸਥਾਨਕ ਸਰਕਾਰਾਂ, (ਪੰਚਾਇਤਾਂ, ਨਗਰਪਾਲਿਕਾਂ) ਨੂੰ ਪੰਗੂ ਬਣਾ ਦਿੱਤਾ ਗਿਆ। ਦੇਸ਼ ਦੀਆਂ ਸੂਬਾ ਸਰਕਾਰਾਂ ਦੇ ਅਧਿਕਾਰ ਸੀਮਤ ਕਰ ਦਿੱਤੇ ਗਏ ਹਨ। ਦੇਸ਼ ਦੇ ਸੰਘੀ ਢਾਂਚੇ ਨੂੰ ਵੱਡੀ ਸੱਟ ਮਾਰੀ ਜਾ ਰਹੀ ਹੈ। ਦੇਸ਼ ਦਾ ਲੋਕਤੰਤਰ ਖ਼ਤਰੇ 'ਚ ਦਿੱਸਦਾ ਹੈ। ਤਾਂ ਫਿਰ ਵੀ ਵਿਰੋਧੀ ਧਿਰ ਦੇਸ਼ 'ਚ ਉਹਨਾ ਮੁੱਦਿਆਂ ਨੂੰ ਹੋਰ ਕਿਸੇ ਸਮੇਂ ਨਾ ਸਹੀ, ਇਸ ਚੋਣਾਂ ਦੇ ਸਮੇਂ 'ਤੇ ਹੀ ਗੰਭੀਰਤਾ ਨਾਲ ਕਿਉਂ ਨਹੀਂ ਉਠਾ ਰਹੀ?

ਭ੍ਰਿਸ਼ਟਾਚਾਰ ਦਾ ਮੁੱਦਾ ਹੀ ਦੇਸ਼ ਦਾ ਇੱਕੋ-ਇੱਕ ਮਸਲਾ ਨਹੀਂ ਹੈ। ਦੇਸ਼ ਦੇ ਵੱਡੇ ਮੁੱਦੇ ਹਨ। ਦੇਸ਼ ਦੇ ਵਿੱਚ ਲੋਕਤੰਤਰ ਦੀ ਰਾਖੀ ਮੁੱਖ ਮੁੱਦਾ ਹੈ। ਸੰਵਿਧਾਨ ਨੂੰ ਤਰੋੜਨ-ਮਰੋੜਨ ਦਾ ਯਤਨ ਹੋ ਰਿਹਾ ਹੈ। ਦੇਸ਼ ਦੇ ਕੁਦਰਤੀ ਸੋਮਿਆਂ ਦੀ ਧੰਨ-ਕੁਬੇਰਾਂ ਵਲੋਂ ਲੁੱਟ-ਖਸੁੱਟ ਤੋਂ ਰਾਖੀ ਮੁੱਦਾ ਹੈ। ਦੇਸ਼ ਦੀ ਸੀ.ਬੀ.ਆਈ., ਈ.ਡੀ., ਭਾਰਤੀ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਦੀ ਖੁਦਮੁਖਤਾਰੀ ਬਣਾਈ ਰੱਖਣਾ ਵਿਸ਼ੇਸ਼ ਮੁੱਦਾ ਹੈ। ਦੇਸ਼ ਦੇ ਵੰਨ-ਸੁਵੰਨੇ ਸਭਿਆਚਾਰਾਂ, ਬੋਲੀਆਂ ਦੀ ਰਾਖੀ ਦਾ ਮੁੱਦਾ ਵੀ ਤਾਂ ਦੇਸ਼ ਅੱਗੇ ਮੂੰਹ ਅੱਡੀ ਖੜਾ ਹੈ।

ਬਾਕੀ ਹਿਸਾ ਸਫ਼ਾ 28 ਤੇ ਪੜ੍ਹੋ

# ਪੰਜਾਬੀ ਚੋਟੀ ਦੀਆਂ 10 ਭਾਸ਼ਾਵਾਂ ਵਿਚ ਸ਼ਾਮਲ ਨਹੀਂ

**ਸੁਰਜੀਤ ਸਿੰਘ ਫਲੋਰਾ (ਕੈਨੇਡਾ)**



ਦੁਨੀਆ ਵਿਚ 7,000 ਤੋਂ ਵੱਧ ਭਾਸ਼ਾਵਾਂ ਹਨ ਤੇ ਦੁਨੀਆ ਦੀ ਅੱਧੀ ਤੋਂ ਵੱਧ ਆਬਾਦੀ ਵੱਲੋਂ ਉਨ੍ਹਾਂ ਵਿੱਚੋਂ ਸਿਰਫ਼ 23 ਹੀ ਬੋਲੀਆਂ ਜਾਂਦੀਆਂ ਹਨ। ਦੁਨੀਆ ਭਰ ਵਿਚ ਲਗਪਗ 15 ਕਰੋੜ ਲੋਕ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ ਦੇ ਤੌਰ 'ਤੇ ਬੋਲਦੇ ਹਨ ਪਰ ਇਹ ਦੁਨੀਆ ਦੀਆਂ ਸਿਖ਼ਰਲੀਆਂ 10 ਭਾਸ਼ਾਵਾਂ ਵਿਚ ਸ਼ਾਮਲ ਨਹੀਂ ਹੈ। ਜੇ ਤੁਸੀਂ ਅੰਗਰੇਜ਼ੀ ਨੂੰ ਪੜ੍ਹ ਰਹੇ ਹੋ ਤਾਂ ਸੰਭਾਵਨਾ ਹੈ ਕਿ ਤੁਸੀਂ 37 ਕਰੋੜ ਮੂਲ ਅੰਗਰੇਜ਼ੀ ਬੋਲਣ ਵਾਲਿਆਂ ਵਿੱਚੋਂ ਹੋ। ਅੰਗਰੇਜ਼ੀ ਵਪਾਰ, ਸਿੱਖਿਆ, ਯਾਤਰਾ ਤੇ ਅੰਤਰਰਾਸ਼ਟਰੀ ਸਬੰਧਾਂ ਵਿਚ ਸੰਪਰਕ ਭਾਸ਼ਾ ਵਜੋਂ ਵਰਤੀ ਜਾਂਦੀ ਹੈ। ਇਹ 1.4 ਬਿਲੀਅਨ ਲੋਕਾਂ ਦੁਆਰਾ ਬੋਲੀ ਜਾਂਦੀ ਹੈ। ਬਹੁਤ ਸਾਰੇ ਲੋਕਾਂ ਨੂੰ ਮੈਂਡਰਿਨ ਵਰਗੀਆਂ ਹੋਰ ਭਾਸ਼ਾਵਾਂ ਨਾਲੋਂ ਅੰਗਰੇਜ਼ੀ ਸਿੱਖਣਾ ਆਸਾਨ ਲੱਗਦਾ ਹੈ। ਇਹ ਅਮਰੀਕੀ ਸੱਭਿਆਚਾਰ ਤੋਂ ਪ੍ਰਭਾਵਿਤ ਹੈ ਅਤੇ ਇਸ ਨੂੰ ਅਕਸਰ ਮੌਕੇ ਦੀ ਭਾਸ਼ਾ ਵਜੋਂ ਦੇਖਿਆ ਜਾਂਦਾ ਹੈ।

ਮੈਂਡਰਿਨ ਚੀਨੀ 1.1 ਬਿਲੀਅਨ ਤੋਂ ਵੱਧ ਲੋਕਾਂ ਦੁਆਰਾ ਬੋਲੀ ਜਾਂਦੀ ਹੈ ਜੋ ਦੁਨੀਆ ਵਿਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਇਕ ਹੈ। ਭਾਵੇਂ ਇਸ ਨੂੰ ਸਿੱਖਣਾ ਔਖਾ ਹੈ ਪਰ ਦੁਨੀਆ ਵਿਚ ਚੀਨ ਦੀ ਵਧਦੀ ਭੂਮਿਕਾ ਕਾਰਨ ਬਹੁਤ ਸਾਰੇ ਲੋਕ ਇਸ ਭਾਸ਼ਾ ਨੂੰ ਸਿੱਖਣ ਵਿਚ ਦਿਲਚਸਪੀ ਰੱਖਦੇ ਹਨ। ਹਿੰਦੀ ਨੂੰ ਦੁਨੀਆ ਭਰ ਵਿਚ 60 ਕਰੋੜ ਤੋਂ ਵੱਧ ਲੋਕ ਬੋਲਦੇ ਹਨ। ਹਿੰਦੀ ਭਾਰਤ ਦੀਆਂ ਮੁੱਖ ਭਾਸ਼ਾਵਾਂ ਵਿੱਚੋਂ ਇਕ ਹੈ। ਇਕੱਲੇ ਭਾਰਤ ਵਿਚ ਇਹ ਲਗਪਗ 34 ਕਰੋੜ ਲੋਕਾਂ ਦੀ ਪਹਿਲੀ ਭਾਸ਼ਾ ਹੈ। ਭਾਰਤ 121 ਤੋਂ ਵੱਧ ਭਾਸ਼ਾਵਾਂ ਦੇ ਨਾਲ ਆਪਣੀ ਸ਼ਾਨਦਾਰ ਭਾਸ਼ਾਈ ਵਿਭਿੰਨਤਾ ਲਈ ਜਾਣਿਆ ਜਾਂਦਾ ਹੈ।

ਫਿਰ ਵੀ ਹਿੰਦੀ ਇਸ ਦੇਸ਼ ਵਿਚ ਕੌਮੀ ਭਾਸ਼ਾ ਦਾ ਸਥਾਨ ਰੱਖਦੀ ਹੈ। ਇਹ ਭਾਸ਼ਾ ਸਿਰਫ਼ ਭਾਰਤ ਵਿਚ ਹੀ ਨਹੀਂ ਬੋਲੀ ਜਾਂਦੀ ਸਗੋਂ ਇਸ ਦੇ ਗੁਆਂਢੀ ਦੇਸ਼ਾਂ ਨੇਪਾਲ ਤੇ ਭੂਟਾਨ ਵਿਚ ਵੀ ਬੋਲੀ ਜਾਂਦੀ ਹੈ। ਹਿੰਦੀ ਭਾਸ਼ਾ ਦਾ ਗਿਆਨ ਹੋਣਾ ਪੂਰੇ ਭਾਰਤੀ ਉਪ-ਮਹਾਦੀਪ ਵਿਚ ਯਾਤਰਾ ਅਤੇ ਸੰਚਾਰ ਲਈ ਬਹੁਤ ਹੀ ਲਾਭਦਾਇਕ ਹੋ ਸਕਦਾ ਹੈ।

ਭਾਰਤ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਹੈ, ਇਸ ਲਈ ਦੁਨੀਆ ਭਰ ਦੇ ਲੋਕ ਹਿੰਦੀ ਸਿੱਖਣ ਵਿਚ ਦਿਲਚਸਪੀ ਰੱਖਦੇ ਹਨ। ਸਪੈਨਿਸ਼ 54 ਕਰੋੜ ਤੋਂ ਵੱਧ ਲੋਕਾਂ ਦੁਆਰਾ ਬੋਲੀ ਜਾਂਦੀ ਹੈ। ਇਹ ਗਿਣਤੀ ਇਸ ਨੂੰ ਦੁਨੀਆ ਵਿਚ ਦੂਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਮੂਲ ਭਾਸ਼ਾ ਬਣਾਉਂਦੀ ਹੈ। ਇਹ ਭਾਸ਼ਾ ਜ਼ਿਆਦਾਤਰ ਦੱਖਣੀ ਤੇ ਮੱਧ ਅਮਰੀਕਾ ਵਿਚ ਵਰਤੀ ਜਾਂਦੀ ਹੈ ਅਤੇ ਸਪੇਨ ਵਿਚ ਵੀ। ਸੰਯੁਕਤ ਰਾਜ ਅਮਰੀਕਾ ਦੇ ਕੁਝ ਹਿੱਸਿਆਂ ਵਿਚ ਇਹ ਵਿਆਪਕ ਪੱਧਰ 'ਤੇ ਬੋਲੀ ਜਾਂਦੀ ਹੈ। ਸਪੈਨਿਸ਼ ਇੰਟਰਨੈੱਟ 'ਤੇ ਤੀਜੀ ਸਭ ਤੋਂ ਪ੍ਰਸਿੱਧ ਭਾਸ਼ਾ ਹੈ। ਇਹ 21 ਦੇਸ਼ਾਂ ਵਿਚ ਪ੍ਰਾਇਮਰੀ ਭਾਸ਼ਾ ਹੈ ਅਤੇ ਕੁਝ ਦੇਸ਼ ਇਸ ਨੂੰ ਸੈਕੰਡਰੀ ਭਾਸ਼ਾ ਵਜੋਂ ਵਰਤਦੇ ਹਨ। ਫਰੈਂਚ ਨੂੰ ਵਿਸ਼ਵ ਪੱਧਰ 'ਤੇ 27 ਕਰੋੜ ਤੋਂ ਵੱਧ ਲੋਕ ਬੋਲਦੇ ਹਨ। ਇਹ ਭਾਸ਼ਾ ਸਿਰਫ਼ ਫਰਾਂਸ ਤੱਕ ਹੀ ਸੀਮਤ ਨਹੀਂ ਸਗੋਂ ਦੁਨੀਆ ਭਰ ਦੇ 29 ਦੇਸ਼ਾਂ ਵਿਚ ਵੀ ਵਰਤੀ ਜਾਂਦੀ ਹੈ। ਲਗਪਗ ਅੱਠ ਕਰੋੜ ਲੋਕ ਆਪਣੀ ਪਹਿਲੀ ਭਾਸ਼ਾ ਵਜੋਂ ਫਰੈਂਚ ਬੋਲਦੇ ਹਨ। ਕਈ ਥਾਵਾਂ 'ਤੇ ਇਹ ਦੂਜੀ ਭਾਸ਼ਾ ਵਜੋਂ ਬੋਲੀ ਜਾਂਦੀ ਹੈ ਜਿਵੇਂ ਕਿ ਬਹੁਤ ਸਾਰੇ ਅਫ਼ਰੀਕੀ ਦੇਸ਼ਾਂ ਤੇ ਕੈਨੇਡਾ ਦੇ ਕੁਝ ਹਿੱਸਿਆਂ 'ਚ।

ਫਰੈਂਚ ਕਲਾ, ਫੈਸ਼ਨ ਅਤੇ ਪਕਵਾਨਾਂ 'ਤੇ ਆਪਣੇ ਪ੍ਰਭਾਵ ਲਈ ਜਾਣੀ ਜਾਂਦੀ ਹੈ। ਅਰਬੀ 27 ਕਰੋੜ ਤੋਂ ਵੱਧ ਲੋਕਾਂ ਦੇ ਇਕ ਵਿਸ਼ਾਲ ਭਾਈਚਾਰੇ ਦੁਆਰਾ ਬੋਲੀ ਜਾਂਦੀ ਹੈ, ਖ਼ਾਸ ਤੌਰ 'ਤੇ ਮੱਧ ਪੂਰਬ ਅਤੇ ਉੱਤਰੀ ਅਫ਼ਰੀਕਾ 'ਚ ਵੱਖ-ਵੱਖ ਉਪ-ਭਾਸ਼ਾਵਾਂ ਲਈ ਮਸ਼ਹੂਰ ਹੈ। ਬੰਗਾਲੀ ਨੂੰ ਦੁਨੀਆ ਭਰ ਵਿਚ 27 ਕਰੋੜ ਤੋਂ ਵੱਧ ਲੋਕ ਬੋਲਦੇ ਹਨ। ਇਹ ਬੰਗਲਾਦੇਸ਼ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਪ੍ਰਾਇਮਰੀ ਭਾਸ਼ਾ ਵਜੋਂ ਕੰਮ ਕਰਦੀ ਹੈ। ਇਹ ਭਾਸ਼ਾ ਨਾ ਸਿਰਫ਼ ਸਾਹਿਤ ਅਤੇ ਸੱਭਿਆਚਾਰਕ ਵਿਰਸੇ ਵਿਚ ਅਮੀਰ ਹੈ ਸਗੋਂ ਦੱਖਣੀ ਏਸ਼ਿਆਈ ਕਲਾਵਾਂ ਅਤੇ ਮੀਡੀਆ ਨੂੰ ਰੂਪ ਦੇਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਵਿਆਪਕ ਵਰਤੋਂ ਅਤੇ ਸੱਭਿਆਚਾਰਕ ਪ੍ਰਭਾਵ ਕਾਰਨ ਬੰਗਾਲੀ ਇਕ ਅਹਿਮ ਭਾਸ਼ਾਈ ਧਾਗੇ ਵਜੋਂ ਮੌਜੂਦਗੀ ਰੱਖਦੀ ਹੈ ਜੋ ਵੱਖ-ਵੱਖ ਭਾਈਚਾਰਿਆਂ ਨੂੰ ਜੋੜਦਾ ਹੈ ਅਤੇ ਦੱਖਣੀ ਏਸ਼ਿਆਈ ਵਿਰਾਸਤ ਦੀ ਸੰਭਾਲ ਵਿਚ ਯੋਗਦਾਨ ਪਾਉਂਦਾ ਹੈ। ਰੂਸੀ ਭਾਸ਼ਾ ਲਗਪਗ 26 ਕਰੋੜ ਲੋਕਾਂ ਦੁਆਰਾ ਬੋਲੀ ਜਾਂਦੀ ਹੈ। ਇਹ ਰੂਸ ਅਤੇ ਪੂਰਬੀ ਯੂਰਪ ਦੇ ਕੁਝ ਹਿੱਸਿਆਂ ਵਿਚ ਮੁੱਖ ਭਾਸ਼ਾ ਵਜੋਂ ਕੰਮ ਕਰਦੀ ਹੈ। ਆਪਣੇ ਮਹੱਤਵਪੂਰਨ ਸਾਹਿਤਕ ਯੋਗਦਾਨ ਲਈ ਮਸ਼ਹੂਰ ਰੂਸੀ ਭਾਸ਼ਾ ਨੇ ਅੰਤਰਰਾਸ਼ਟਰੀ ਕੂਟਨੀਤੀ ਅਤੇ ਪੁਲਾੜ ਵਿਗਿਆਨ ਦੇ ਖੇਤਰਾਂ ਵਿਚ ਪ੍ਰਮੁੱਖ ਭੂਮਿਕਾ ਨਿਭਾਈ ਹੈ।

ਕਾਬਿਲੇ-ਗੌਰ ਹੈ ਕਿ ਇਹ ਭਾਸ਼ਾ ਸੱਭਿਆਚਾਰਕ ਵਟਾਂਦਰੇ ਅਤੇ ਸਹਿਯੋਗ ਨੂੰ ਉਤਸ਼ਾਹਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਰਹੀ ਹੈ ਅਤੇ ਇਹ ਰੂਸ ਦੀ ਅਮੀਰ ਵਿਰਾਸਤ ਅਤੇ ਵਿਸ਼ਵ-ਵਿਆਪੀ ਪ੍ਰਭਾਵ ਦੇ ਪ੍ਰਮਾਣ ਵਜੋਂ ਖੜ੍ਹੀ ਹੈ। ਇਹ ਇੰਜ ਰੂਸ ਦੀ ਪਹੁੰਚ ਨੂੰ ਭੂਗੋਲਿਕ ਸਰਹੱਦਾਂ ਤੋਂ ਪਾਰ ਪੁਲਾੜ ਖੋਜ ਦੇ ਵਿਸ਼ਾਲ ਵਿਸਤਾਰ ਵਿਚ ਵਧਾਉਂਦੀ ਹੈ। ਪੁਰਤਗਾਲੀ ਵਿਸ਼ਵ ਪੱਧਰ 'ਤੇ 26 ਕਰੋੜ ਤੋਂ ਵੱਧ ਲੋਕਾਂ ਵੱਲੋਂ ਬੋਲੀ ਜਾਂਦੀ ਹੈ। ਪੁਰਤਗਾਲੀ ਨੂੰ ਬ੍ਰਾਜ਼ੀਲ, ਪੁਰਤਗਾਲ ਅਤੇ ਕਈ ਅਫ਼ਰੀਕੀ ਦੇਸ਼ਾਂ ਸਣੇ ਕੁਝ ਹੋਰ ਦੇਸ਼ਾਂ ਵਿਚ ਇਕ ਅਧਿਕਾਰਤ ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਇਸ ਦਾ ਪ੍ਰਭਾਵ ਭਾਸ਼ਾਈ ਸੀਮਾਵਾਂ ਤੋਂ ਪਰੇ ਫੈਲਿਆ ਹੋਇਆ ਹੈ ਜੋ ਸੰਗੀਤ, ਸਾਹਿਤ ਅਤੇ ਖੇਡਾਂ ਦੇ ਖੇਤਰਾਂ ਵਿਚ ਇਕ ਛਾਪ ਛੱਡਦਾ ਹੈ। ਇਸ ਭਾਸ਼ਾ ਦੀ ਮਹੱਤਤਾ ਗਲੋਬਲ ਲੈਂਡਸਕੇਪ ਵਿਚ ਵਧ ਰਹੀ ਹੈ ਖ਼ਾਸ ਤੌਰ 'ਤੇ ਵਪਾਰ ਅਤੇ ਸੈਰ-ਸਪਾਟੇ ਦੇ ਖੇਤਰਾਂ ਵਿਚ ਕਿਉਂਕਿ ਵਧੇਰੇ ਲੋਕ ਇਸ ਦੀ ਸੱਭਿਆਚਾਰਕ ਅਮੀਰੀ ਅਤੇ ਵੱਖ-ਵੱਖ ਖੇਤਰਾਂ ਵਿਚ ਯੋਗਦਾਨ ਨੂੰ ਪਛਾਣਦੇ ਹਨ। ਗੱਲ ਉਰਦੂ ਜ਼ੁਬਾਨ ਦੀ ਕਰੀਏ ਤਾਂ ਇਹ 23 ਕਰੋੜ ਤੋਂ ਵੱਧ ਲੋਕਾਂ ਦੁਆਰਾ ਬੋਲੀ ਜਾਂਦੀ ਹੈ।

ਇਸ ਦਾ ਪਾਕਿਸਤਾਨ ਅਤੇ ਭਾਰਤ, ਦੋਵਾਂ ਵਿਚ ਮਹੱਤਵਪੂਰਨ ਪ੍ਰਭਾਵ ਹੈ। ਹਿੰਦੀ ਨਾਲ ਭਾਸ਼ਾਈ ਜੜ੍ਹਾਂ ਸਾਂਝੀਆਂ ਕਰਦੇ ਹੋਏ ਇਹ ਭਾਰਤੀ ਉਪ ਮਹਾਦੀਪ ਦੇ ਸੱਭਿਆਚਾਰਕ ਤਾਣੇ-ਬਾਣੇ ਦਾ ਇਕ ਅਹਿਮ ਹਿੱਸਾ ਬਣਦੀ ਹੈ। ਆਪਣੀ ਅਮੀਰ ਕਵਿਤਾ ਅਤੇ ਡੂੰਘੀਆਂ ਸੱਭਿਆਚਾਰਕ ਰਵਾਇਤਾਂ ਲਈ ਮਸ਼ਹੂਰ ਉਰਦੂ ਦਾ ਸਾਹਿਤ ਅਤੇ ਕਲਾਤਮਕ ਪ੍ਰਗਟਾਵੇ 'ਤੇ ਡੂੰਘਾ ਪ੍ਰਭਾਵ ਹੈ। ਜ਼ਿਕਰਯੋਗ ਹੈ ਕਿ ਕੋਈ ਵੀ ਭਾਸ਼ਾ ਇਕ ਪੁਲ ਦੇ ਰੂਪ ਵਿਚ ਕੰਮ ਕਰਦੀ ਹੈ, ਭਾਈਚਾਰਿਆਂ ਨੂੰ ਜੋੜਦੀ ਹੈ ਅਤੇ ਇਕ ਸਾਂਝੀ ਵਿਰਾਸਤ ਨੂੰ ਆਪਣੇ ਸੁਚੱਜੇ ਅਤੇ ਭਾਵਪੂਰਨ ਸੁਭਾਅ ਦੁਆਰਾ ਉਤਸ਼ਾਹਤ ਕਰਦੀ ਹੈ।

**ਸੋਸ਼ਲ ਮੀਡੀਆ ਉਤੇ ਬਹੁਤ ਸਾਰੀਆਂ ਝੂਠੀਆਂ ਖ਼ਬਰਾਂ ਹੁੰਦੀਆਂ ਹਨ, ਇਹਨਾਂ ਉਤੇ ਵਿਸ਼ਵਾਸ ਨਾ ਕਰੋ ਅਤੇ ਹੋਰ ਕਿਸੇ ਨੂੰ ਅੱਗੇ ਨਾ ਭੇਜੋ। ਜਿਵੇਂ ਕੋਈ ਚਾਹੁੰਦਾ ਹੈ, ਤੱਥਾਂ ਦੇ ਬਿਨਾ ਆਪਣੀ ਖ਼ਬਰ ਸੋਸ਼ਲ ਮੀਡੀਆ ਉਤੇ ਪਾ ਦਿੰਦਾ ਹੈ।**

27 ਸਫ਼ੇ ਦੀ ਬਾਕੀ

ਦੇਸ਼ ਧਰਮ ਨਿਰਪੱਖ ਰਹੇ। ਹਰ ਧਰਮ, ਹਰ ਸਭਿਆਚਾਰ, ਹਰ ਬੋਲੀ ਇਥੇ ਵਧੇ ਫੁੱਲੇ। ਹਰ ਖਿੱਤੇ ਦੇ ਲੋਕ ਇਥੇ ਸੁਰੱਖਿਆਤ ਮਹਿਸੂਸ ਕਰਨ। ਦੇਸ਼ ਦਾ ਕੋਈ ਵੀ ਹਿੱਸਾ ਇਹ ਮਹਿਸੂਸ ਨਾ ਕਰੇ ਕਿ ਉਸ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਦੇਸ਼ ਦੀਆਂ ਘੱਟ ਗਿਣਤੀਆਂ ਆਪਣੇ ਆਪ ਨੂੰ ਦੋ ਨੰਬਰ ਦਾ ਸ਼ਹਿਰੀ ਨਾ ਸਮਝਣ। ਇਹ ਸਮੇਂ ਦੀ ਲੋੜ ਹੈ।

ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਲੋਕ ਮੁੱਦੇ ਭੁਲਾ ਬੈਠਾ ਹੈ। ਉਸਨੂੰ ਆਪਣੀ ਚਾਰ ਟੰਗੀ ਕੁਰਸੀ ਤੋਂ ਬਿਨ੍ਹਾਂ ਹੋਰ ਕੁਝ ਵਿਖਾਈ ਨਹੀਂ ਦਿੰਦਾ, ਜਿਸ ਨੂੰ ਪ੍ਰਾਪਤ ਕਰਨ ਲਈ ਉਹ ਕਿਸੇ ਵੇਲੇ ਵੀ, ਕੁਝ ਵੀ, ਕਰ ਸਕਦਾ ਹੈ। ਉਹ ਸਿਆਸੀ ਪਾਰਟੀ ਬਦਲ ਸਕਦਾ ਹੈ। ਉਹ ਆਪਣੀ ਬੋਲੀ ਲਗਵਾ ਸਕਦਾ ਹੈ। ਉਹ ਆਪਣੇ ਅਸੂਲ ਤਿਆਗ ਸਕਦਾ ਹੈ। ਮੌਜੂਦਾ ਹਾਕਮਾਂ ਨੇ ਪਿਛਲੇ ਸਾਲਾਂ 'ਚ ਵਿਰੋਧੀ ਪਾਰਟੀਆਂ ਦੀਆਂ ਅਨੇਕਾਂ ਸਰਕਾਰਾਂ ਵੀ ਤੋੜੀਆਂ ਅਤੇ ਅਨੇਕਾ ਪਾਰਟੀਆਂ ਨੂੰ ਦੋਫਾੜ ਕੀਤਾ। ਜਿਸ ਵਿੱਚ ਕਰੋੜਾਂ-ਅਰਬਾਂ ਰੁਪਏ ਦਾ ਖੇਲਾ ਖੇਲਿਆ ਗਿਆ।

ਸਾਲ 2019 ਦੇ ਭਾਜਪਾ ਦੇ ਚੋਣ ਮੈਨੀਫੈਸਟੋ ਤੇ ਇੱਕ ਝਾਤ ਮਾਰੋ। ਉਹ ਦੇ ਸੰਕਲਪ ਪੱਤਰ 'ਚ ਦੇਸ਼ ਵਿਚੋਂ ਗਰੀਬੀ 10 ਫੀਸਦੀ ਘਟਾਉਣ ਦੀ ਗੱਲ ਕੀਤੀ ਗਈ। ਉਸਨੇ 75 ਆਜ਼ਾਦੀ ਦੇ 75 ਸਾਲਾਂ ਲਈ 75 ਵਾਇਦੇ ਕੀਤੇ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਇਦਾ ਮੁੱਖ ਸੀ। ਹਰ ਘਰ ਬਿਜਲੀ, ਹਰ ਘਰ ਵਿੱਚ ਸ਼ੌਚਾਲਿਆ, ਹਰ ਪਰਿਵਾਰ ਲਈ ਪੱਕਾ ਮਕਾਨ ਆਦਿ ਮੁੱਖ ਸਨ। ਕਿੰਨੇ ਵਾਇਦੇ ਇਹਨਾ ਪੰਜ ਸਾਲਾਂ 'ਚ ਪੂਰੇ ਹੋਏ ?

ਕਾਂਗਰਸ ਨੇ ਗਰੀਬੀ ਉਤੇ ਵਾਰ ਕਰਨ ਦਾ ਵਾਇਦਾ ਕੀਤਾ ਤੇ ਲੋਕਾਂ ਦੀ ਸਲਾਨਾ ਆਮਦਨ 72000 ਰੁਪਏ ਕਰਨ ਦਾ ਵਚਨ ਦਿੱਤਾ। ਹਰ ਸਾਲ 22 ਲੱਖ ਸਰਕਾਰੀ ਨੌਕਰੀਆਂ, 10 ਲੱਖ ਨੌਜਵਾਨਾਂ ਨੂੰ ਸਥਾਨਕ ਸਰਕਾਰਾਂ 'ਚ ਨੌਕਰੀਆਂ ਦਾ ਵਾਇਦਾ ਕੀਤਾ। ਸਿਹਤ, ਸਿੱਖਿਆ ਸੁਧਾਰ ਦੀ ਗੱਲ ਵੀ ਕੀਤੀ। ਭਾਵ ਸਿੱਧਾ ਇਹ ਕਿ ਭਾਰਤ ਦੇਸ਼ 'ਚ ਗਰੀਬੀ ਦੀ ਸਮੱਸਿਆ ਨੂੰ ਮੁੱਖ ਮੰਨਿਆ। ਬੇਰੁਜ਼ਗਾਰੀ ਨੂੰ ਮੁੱਖ ਮੰਨਿਆ।

ਆਪਣੇ ਕਾਰਜ 'ਚ ਗਰੀਬੀ ਹਟਾਓ ਦਾ ਨਾਹਰਾ ਕਾਂਗਰਸ ਦਾ ਮੁੱਖ ਨਾਹਰਾ ਰਿਹਾ। ਜਿਸਨੂੰ ਸਿਰਫ਼ ਵੋਟ ਪ੍ਰਾਪਤੀ ਦਾ ਇੱਕ ਸੰਦ ਕਾਂਗਰਸ ਵਲੋਂ ਮੰਨਿਆ ਜਾਂਦਾ ਰਿਹਾ।

ਹੁਣ ਦੋਵੇਂ ਧਿਰਾਂ ਹਾਕਮ ਤੇ ਵਿਰੋਧੀ ਧਿਰਾਂ ਸਮੇਤ ਕਾਂਗਰਸ ਲੋਕਾਂ ਨੂੰ ਵਾਇਦਿਆਂ, ਵਚਨਾਂ ਤੋਂ ਅੱਗੇ "ਗਰੰਟੀਆਂ " ਦੇਣ ਦੇ ਰਾਹ ਹਨ। ਲੋਕ ਸਵਾਲ ਪੁੱਛ ਰਹੇ ਹਨ ਕਿ ਕੀ ਇਹ ਗਰੰਟੀਆਂ, ਵਾਇਦੇ, ਵਚਨ, ਚੋਣ ਦਸਤਾਵੇਜ, ਕਾਨੂੰਨੀ ਦਸਤਾਵੇਜ ਬਣ ਸਕਦੇ ਹਨ ? ਤਾਂ ਕਿ ਲੋਕ, ਨੇਤਾਵਾਂ ਨੂੰ, ਲੋਕ ਕਚਿਹਰੀ 'ਚ ਖੜ੍ਹਿਆ ਕਰ ਸਕਣ, ਜੇਕਰ ਉਹ ਦਿੱਤੀਆਂ ਗਰੰਟੀਆਂ ਤੋਂ ਮੁੱਖ ਮੋੜਨ ਜਾਂ ਉਹਨਾ ਤੋਂ ਪਿੱਛੇ ਹੱਟਦੇ ਹਨ।


ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਕੇ, ਰਾਜਸੀ ਕਲਾਬਾਜੀਆਂ ਨਾਲ ਇੱਕ ਵੇਰ ਫੇਰ ਲੋਕਾਂ ਦੇ ਅੱਖਾਂ 'ਚ ਘੱਟਾ ਪਾਏਗਾ। ਚੋਣਾਂ ਦਾ ਇਹ ਮਹਾਂ ਕੁੰਭ, ਇਸ ਵੇਰ ਵੀ ਪੂਰੀ ਚਲਾਕੀ ਨਾਲ ਲੋਕਾਂ ਤੋਂ ਤਾਕਤ ਹਥਿਆਏਗਾ। ਬਾਤ ਲੋਕਾਂ ਦੀ ਪਾਏਗਾ, ਪਰ ਦੁਕਾਨ ਆਪਣੀ ਚਮਕਾਏਗਾ।

# ਮੇਰੀ ਮਿੱਟੀ ਸੇ ਭੀ ਖ਼ੁਸ਼ਬੂ-ਏ-ਵਤਨ ਆਏਗੀ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
ਮੋ-98781-11445

ਮੰਜ਼ਲ ਤੇ ਪਹੁੰਚਣ ਲਈ ਪਹਿਲੇ ਮੰਜ਼ਲ ਦੂਰ ਤਾਂ ਲੱਗਦੀ ਹੈ ਪਰ ਇਸ ਤੱਕ ਪਹੁੰਚਣ ਲਈ ਹਿੰਮਤ, ਦਲੇਰੀ, ਸਬਰ ਅਤੇ ਜਜ਼ਬਾ ਜ਼ਰੂਰੀ ਹੈ ਜਿਹੜੇ ਜਜ਼ਬੇ ਅਤੇ ਹਿੰਮਤ ਦੇ ਸਿਰਨਾਵੇ ਲਿਖ ਕੇ ਮੰਜ਼ਲਾਂ ਜਿੱਤ ਲੈਂਦੇ ਹਨ। ਉਹ ਇੱਕ ਦਿਨ ਆਪਣੀ ਢੁੱਕਵੀਂ ਪਹਿਚਾਣ ਬਣਾ ਕੇ ਯੁੱਗ ਨੂੰ ਇੱਕ ਦਿਨ ਵਿੱਚ ਨਬੇੜ ਦਿੰਦੇ ਹਨ। ਇਨ੍ਹਾਂ ਰਾਹਾਂ ਦਾ ਪਾਂਧੀ ਹੈ ਭਗਤ ਸਿੰਘ ਸਰਦਾਰ। ਮਾਂ-ਪਿਓ ਆਪਣੀ ਔਲਾਦ ਦੀ ਖੁਸ਼ਹਾਲੀ ਲੋਚਦਾ ਹੈ ਪਰ ਜੇ ਔਲਾਦ ਜਮਾਂਦਰੂ ਹੀ ਇਨਕਲਾਬੀ ਹੋਵੇ ਤਾਂ ਮੰਜ਼ਲ ਮਾਂ-ਪਿਓ ਤੋਂ ਉਲਟ ਨਿਰਧਾਰਤ ਹੁੰਦੀ ਹੈ। ਸ਼ਹੀਦ ਦੇਸ਼ ਲਈ ਆਪਾਂ ਵਾਰਕੇ ਜੀਵਨ ਦੇ ਅੰਨਦ ਨੂੰ ਤਿਆਗ ਕੇ ਹੀ ਕੌਮੀ ਪਰਵਾਨੈ ਬਣਕੇ ਗੁਲਾਮੀ ਦੀ ਜ਼ੰਜ਼ੀਰ ਨੂੰ ਪੁੱਟ ਸੁੱਟਦੇ ਹਨ। ਪਿਤਾ ਕਿਸ਼ਨ ਸਿੰਘ ਅਤੇ ਚਾਚਾ ਅਜੀਤ ਸਿੰਘ ਗਦਰ ਪਾਰਟੀ ਦੇ ਮੈਂਬਰ ਸਨ। ਭਗਤ ਸਿੰਘ ਨੂੰ ਤਾਂ ਚਾਚਾ ਅਜੀਤ ਸਿੰਘ ਦੀ ਗੁੜ੍ਹਤੀ ਇਹੀ ਮਿਲੀ ਸੀ ਕਿ ਪੜ੍ਹਾਈ ਲਿਖਾਈ ਕਿਤਾਬਾਂ ਵਿੱਚੋਂ ਮਿਲ ਸਕਦੀ ਹੈ ਪਰ ਦੇਸ਼-ਭਗਤੀ ਲਈ ਅਜ਼ਾਦੀ ਦੇ ਪਰਵਾਨੇ ਬਨਣਾ ਕੇਵਲ ਵਿਰਾਸਤ ਵਿੱਚੋਂ ਹੀ ਮਿਲਦੇ ਹਨ। ਭਾਰਤ ਮਾਤਾ ਦੀ ਅਜ਼ਾਦੀ ਦਾ ਟੀਚਾ ਮਿੱਥ ਕੇ ਆਪਣੇ ਉੱਪਰ ਸ਼ੱਕ ਅਤੇ ਸ਼ੰਕਾ ਪੈਦਾ ਹੀ ਨਹੀਂ ਹੋਣ ਦਿੱਤੀ।10 ਦਸੰਬਰ, 1928 ਨੂੰ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਲਾਹੌਰ ਮੀਟਿੰਗ ਕਰਕੇ ਨਿਸ਼ਾਨਾ ਤੈਅ ਕੀਤਾ। ਇਸ ਤੋਂ ਇਲਾਵਾ ਜਲ੍ਹਿਆਂਵਾਲੇ ਬਾਗ ਦਾ ਖੂਨੀ ਸੰਤਾਪ ਵੀ ਅਜ਼ਾਦੀ ਦੇ ਪਰਵਾਨੇ ਦਿਲ ਵਿੱਚ ਘਰ ਬਣਾ ਚੁੱਕਿਆ ਸੀ। ਆਤਮਾ ਦੀ ਅਵਾਜ਼ ਅਤੇ ਇੰਨਕਲਾਬੀ ਸੁਰਾਂ ਦੇ ਇਸ ਸਿਲਸਿਲੇ ਵਿੱਚ ਸਾਂਡਰਸ ਢੁੰਡਿਆ ਗਿਆ ਭਗਤ ਸਿੰਘ ਨੇ ਪਛਾਣ ਕੀਤੀ ਕਿ ਇਹ ਸਕਾਟ ਨਹੀਂ ਸਾਂਡਰਸ ਹੈ। ਜਦੋਂ ਭੱਜੇ ਤਾਂ ਚਾਨਣ ਸਿੰਘ ਹਵਾਲਦਾਰ ਨੇ ਪਿੱਛਾ ਕੀਤਾ ਪਰ ਕ੍ਰਾਂਤੀਕਾਰੀਆਂ ਦੀ ਨਸੀਹਤ ਤੇ ਵੀ ਪਿੱਛੇ ਨਾ ਮੁੜਿਆ ਤਾਂ ਰਾਜਗੁਰੂ ਨੇ ਉਹ ਵੀ ਢੁੰਡ ਸੁੱਟਿਆ। ਇਸ ਦ੍ਰਿਸ਼ ਦਾ ਚਸ਼ਮਦੀਨ ਗਵਾਹ ਫੈਜ਼ ਅਹਿਮਦ ਫੈਜ਼ ਮਨ ਨੂੰ ਠੇਸ ਲੱਗਣ ਕਾਰਨ ਮਹਾਨ ਕਵੀ ਬਣਿਆ। ਪਰ ਸਕਾਟ ਬਚ ਗਿਆ ਸੀ। ਦੁੱਖਦ ਗੱਲ ਇਹ ਸੀ ਕਿ ਭਗਤ ਸਿੰਘ ਦਾ ਤਿਆਰ ਕੀਤਾ ਪੋਸਟਰ ਜਿਸ ਤੇ ਲਿਖਿਆ ਸੀ "ਸਕਾਟ ਕਿਲਡ" ਇਹ ਪੋਸਟਰ ਜੋ ਹੱਥ ਲਿਖਤ ਸੀ। ਇਸਨੂੰ ਫਰੰਗੀ ਨੇ ਸਬੂਤ ਵਜੋਂ ਪੇਸ਼ ਕੀਤਾ ਜਿਸਦਾ ਖਮਿਆਜ਼ਾ ਭੁਗਤਣਾ ਪਿਆ। ਇਤਿਹਾਸ ਵਿੱਚ ਭਾਰਤ ਮਾਤਾ ਦੀ ਅਜ਼ਾਦੀ ਲਈ ਹੋਰ ਕੁਝ ਵੀ ਭਗਤ ਸਿੰਘ ਨੂੰ ਲੁਭਾ ਅਤੇ ਝੁੱਕਾ ਨਹੀਂ ਸੱਕਿਆ।

ਇੰਨਕਲਾਬ ਦਾ ਸ਼ਬਦੀ ਅਰਥ ਹੀ ਅਨਿਆਏ ਵਿਰੁੱਧ ਵਿਦਰੋਹ ਕਰਨਾ ਹੈ। ਫਰੰਗੀਆਂ ਦੇ ਰਾਜ ਸਮੇਂ ਇਸ ਕ੍ਰਾਂਤੀਕਾਰੀ ਹੋਕੇ ਨੂੰ ਭਗਤ ਸਿੰਘ ਅਤੇ ਹੋਰ ਸ਼ਹੀਦਾ ਨੇ ਆਪਣੇ ਲਹੂ ਨਾਲ ਰੰਗ ਕੇ ਗੁਲਾਮੀ ਪੁੱਟਣ ਲਈ ਇਸ ਨੂੰ ਇੱਕ ਲਹਿਰ ਬਣਾ ਦਿੱਤਾ ਸੀ। ਭਗਤ ਸਿੰਘ ਦਾ ਇੰਨਕਲਾਬ ਸਿਰਫ਼ ਇਸ ਸੋਚ ਤੇ ਖੜ੍ਹਾ ਹੈ ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਖ਼ਤਮ ਕਰਕੇ ਦੇਸ਼ ਲਈ ਖੁਦ ਮੁਖਤਿਆਰੀ ਹਾਸਲ ਕਰਨਾ ਹੈ। ਸਵਰਗ ਬਾਰੇ ਭਗਤ ਸਿੰਘ ਦਾ ਵਿਚਾਰ ਕਿ ਮੇਰੇ ਲਈ ਮੇਰਾ ਦੇਸ਼ ਜੀਉਂਦੀ ਜਾਗਦੀ ਹਕੀਕਤ ਹੈ। ਇਸ ਵਿੱਚੋਂ ਮੁੱਠੀ ਭਰ ਲੁਟੇਰਿਆਂ ਅਤੇ ਸਾਮਰਾਜੀਆਂ ਦਾ ਖਾਤਮਾ ਕਰਕੇ ਫਿਰ ਤੋਂ ਇਸ ਪਵਿੱਤਰ ਧਰਤੀ ਤੇ ਸਵਰਗ ਦੀ ਪਰਿਭਾਸ਼ਾ ਲਿਖੀ ਜਾਵੇਗੀ। ਅੱਜ ਜੇ ਇਸ ਸੋਚ ਪ੍ਰਤੀ ਪਰਖ ਪੜਚੋਲ ਅਤੇ ਹਕੀਕਤ ਦੇਖੀ ਜਾਵੇ ਤਾਂ ਸ਼ਹੀਦ ਦੀ ਸ਼ਹੀਦੀ ਵੀ ਕਿਤਾਬਾਂ ਦਾ ਸ਼ਿੰਗਾਰ ਹੀ ਹੈ। ਸੋਚ ਨੂੰ ਅਮਲ ਵਿੱਚ ਲਿਆਉਣ ਲਈ ਅਸੀ ਬਹੁਤ ਪਿੱਛੇਂ ਹਾਂ। ਇੰਨਕਲਾਬੀਆਂ ਦੇ ਸਿਰ ਤੇ ਦੇਸ਼ ਬਣਦੇ ਹਨ। ਅਜ਼ਾਦ ਹੁੰਦੇ ਹਨ। ਬੋਲ ਹੀ ਉਪਦੇਸ਼ ਬਣਦੇ ਹਨ। ਸ਼ਹਾਦਤ ਰਾਹੀਂ ਦੇਸ਼ ਪ੍ਰੇਮ ਅਤੇ ਦੇਸ਼-ਭਗਤੀ ਉਲੀਕੀ ਜਾਂਦੀ ਹੈ। ਇਹ ਰਾਹ ਚਰਖੇ ਤੋਂ ਔਖਾ ਹੈ। ਇਸਨੂੰ ਹਰ ਕੋਈ ਗ੍ਰਹਿਣ ਨਹੀਂ ਕਰ ਸਕਦਾ। ਦੇਸ਼-ਭਗਤੀ ਦੇ ਰੰਗ ਵਿੱਚ ਰੰਗੇ ਭਗਤ ਸਿੰਘ ਦਾ ਵਿਚਾਰ ਸੀ ਕਿ ਮਨੁੱਖਤਾ ਨੂੰ ਪਿਆਰ ਕਰਨ ਦੇ ਮਾਮਲੇ ਚ ਅਸੀਂ ਕਿਸੇ ਤੋਂ ਪਿੱਛੇ ਨਹੀਂ ਹਾਂ, ਕਿਸੇ ਵਿਅਕਤੀ ਪ੍ਰਤੀ ਕਿਸੇ ਕਿਸਮ ਦੀ ਮੰਦਭਾਵਨਾ ਦੇ ਉਲਟ ਅਸੀ ਮਨੁੱਖਤਾ ਦੇ ਮਤਵਾਲੇ ਹਾਂ।



ਚਰਖੇ ਰਾਹੀਂ ਅਜ਼ਾਦੀ ਪ੍ਰਾਪਤ ਕਰਨਾ ਵੱਖਰਾ ਰਾਹ ਸੀ ਜਿਵੇਂ ਕਿ ਨਾ-ਮਿਲਵਰਤਨ, ਸੱਤਿਆਗ੍ਰਹਿ ਅਤੇ ਅਹਿੰਸਾ। ਪਰ ਇਸ ਦਾ ਸੁਨੇਹਾ ਫਰੰਗੀ ਨੂੰ ਜੜੋਂ ਨਹੀਂ ਪੁੱਟ ਸਕਦਾ ਸੀ, ਕਮਜ਼ੋਰ ਕਰ ਸਕਦਾ ਸੀ। ਪਰ ਜੁਝਾਰੂ ਸੋਚਦੇ ਹਨ ਕਿ ਇਸ ਨਾਲ ਕੁਝ ਵੀ ਪੱਲੇ ਨਹੀਂ ਪਵੇਗਾ। ਪਿਸਤੌਲ ਅਤੇ ਬੰਬਾਂ ਦੀ ਵਜਾਏ ਵਿਚਾਰਾਂ ਨਾਲ ਗੁਲਾਮੀ ਲਾਹੁਣ ਲਈ ਵੀ ਭਗਤ ਸਿੰਘ ਨੇ ਵੱਖਰਾ ਪੰਨਾ ਲਿਖਿਆ। ਇੰਨਕਲਾਬੀਆਂ ਦੀ ਮੌਤ ਨਾਲ ਅਜ਼ਾਦੀ ਦੇ ਸੰਘਰਸ਼ ਮਜਬੂਤ ਹੁੰਦੇ ਹਨ। ਇਹ ਹਮੇਸ਼ਾ ਧਰਮ ਨਿਰਪੱਖ ਹੁੰਦੇ ਹਨ। ਇਸ ਤਰ੍ਹਾਂ ਸਾਮਰਾਜ ਮੁਰਦਾਬਾਦ ਇੰਨਕਲਾਬ ਜਿੰਦਾਬਾਦ ਦਾ ਨਾਹਰਾ ਪ੍ਰਚੰਡ ਹੁੰਦਾ ਹੈ। ਭਗਤ ਸਿੰਘ ਦੀ ਕਲਮ ਦੇ ਜਜ਼ਬਾਤ ਵਿੱਚੋਂ ਇਸ਼ਕ ਦੀ ਵਜਾਏ ਇੰਨਕਲਾਬ ਲਿਖਿਆ ਜਾਂਦਾ ਰਿਹਾ। ਇੰਨਕਲਾਬੀ ਰੰਗ ਵਿੱਚ ਰੰਗੇ ਭਗਤ ਸਿੰਘ ਦਾ ਇੱਕ ਵੱਖਰਾ ਅੰਦਾਜ਼ ਅਤੇ ਅਵਾਜ਼ ਸੀ ਕਿ "ਇੰਨਕਲਾਬ ਦੇ ਰਾਹ ਤੇ ਕਦਮ ਰੱਖਦਿਆਂ ਮੈਂ ਸੋਚਿਆ ਸੀ ਜੇ ਮੈਂ ਜੀਵਨ ਦੇ ਕੇ ਕੋਨੇ-ਕੋਨੇ ਤੱਕ ਇੰਨਕਲਾਬ ਜ਼ਿੰਦਾਬਾਦ ਦੇ ਨਾਹਰੇ ਪਹੁੰਚਾ ਸਕਾਂ ਤਾਂ ਮੈਂ ਸਮਝੂੰਗਾ ਕਿ ਮੈਨੂੰ ਆਪਣੇ ਜੀਵਨ ਦਾ ਮੁੱਲ ਮਿਲ ਗਿਆ। ਫਾਂਸੀ ਦੀ ਕੋਠੜੀ ਵਿੱਚ ਬੈਠਕੇ ਵੀ ਮੈਂ ਕਰੋੜਾਂ ਦੇਸ਼ ਵਾਸੀਆਂ ਦੇ ਮੂੰਹੋਂ ਗੂੰਜਦੀ ਇਸ ਨਾਹਰੇ ਦੀ ਅਵਾਜ਼ ਸੁਣ ਸਕਦਾ ਹਾਂ। ਮੇਰਾ ਵਿਸ਼ਵਾਸ ਹੈ ਕਿ ਇਹ ਨਾਹਰਾ ਸਾਮਰਾਜੀਆਂ ਉਪਰ ਅੰਤ ਤੱਕ ਹਮਲਾ ਕਰਦਾ ਰਹੇਗਾ। ਇੰਨ੍ਹੀ ਛੋਟੀ ਜ਼ਿੰਦਗੀ ਵਿੱਚ ਮੇਰੀ ਜ਼ਿੰਦਗੀ ਦਾ ਇਹੀ ਮੁੱਲ ਹੈ।

ਨਿਸ਼ਾਨੇ ਨੂੰ ਜ਼ਿੰਦਗੀ ਦੀ ਬੁਨਿਆਦ ਸਮਝਿਆ, ਇਸੇ ਕਰਕੇ ਸਾਡੇ ਤੇਈ ਸਾਲ ਦੀ ਉਮਰ ਵਿੱਚ ਅਜ਼ਾਦੀ ਦੀ ਨੀਂਹ ਰੱਖ ਦਿੱਤੀ ਸੀ। ਮਾਪਿਆਂ ਦੀ ਮੋਹ ਭਿੱਜੀ ਦਾਸਤਾਨ ਕਰਕੇ 1924 ਵਿੱਚ ਭਗਤ ਸਿੰਘ ਸਰਦਾਰ ਉੱਤੇ ਸਾਕ ਸੰਬੰਧੀਆਂ ਅਤੇ ਘਰ ਵਾਲਿਆਂ ਨੇ ਵਿਆਹ ਲਈ ਜ਼ੋਰ ਪਾਇਆ ਪਰ ਤਸਵੀਰ ਆਪਣਾ ਰੁੱਖ ਬਦਲਦੀ ਗਈ। ਬਚਪਨ ਵਿੱਚ ਭਗਤ ਸਿੰਘ ਨੇ ਆਪਣੇ ਪਿਤਾ ਨੂੰ ਕਿਹਾ ਸੀ ਕਿ "ਅਸੀਂ ਖੇਤਾਂ ਵਿੱਚ ਅਨਾਜ ਦੀ ਜਗ੍ਹਾ ਬੰਦੂਕਾਂ ਕਿਉਂ ਨਹੀਂ ਬੀਜਦੇ ਜਿਸ ਨਾਲ ਦੇਸ਼ ਅਜ਼ਾਦ ਹੋਵੇਗਾ।" ਇਸ ਮਾਸੂਮੀਅਤ ਭਰੀ ਆਵਾਜ਼ ਨੇ ਭਗਤ ਸਿੰਘ ਦੇ ਇਰਾਦੇ ਬਚਪਨ ਵਿੱਚ ਹੀ ਲਿਖ ਦਿੱਤੇ ਸਨ। 28 ਸਤੰਬਰ,2007 ਤੋਂ 30 ਮਾਰਚ, 1931 ਤੱਕ ਜੀਵਨ ਦੇ ਪੰਧ ਦੌਰਾਨ ਇਸ ਜਾਗਦੀ ਅਤੇ ਜਗਦੀ ਸੋਚ ਨੇ ਗੁਲਾਮੀ ਦੇ ਖਾਤਮੇ ਦੀ ਨੀਂਹ ਰੱਖ ਕੇ ਤਿੰਨ ਸੰਦੇਸ਼ ਦਿੱਤੇ :-

1. ਮਾਪਿਆਂ ਦੇ ਚਾਅ ਮਲਾਰ ਵਿਆਹ ਦੇ ਮੌਕੇ ਨੂੰ ਲਾੜੀ ਮੌਤ ਨਾਲ ਵਿਆਹੁਣ ਦਾ ਸੰਦੇਸ਼ ਦੇ ਕੇ ਨਾਗਮਣੀ 1998 ਵਿੱਚ ਛਪੀ ਮੇਲਾਰਾਮ ਤਾਇਰ ਦੀ ਘੋੜੀ ਅਨੁਸਾਰ ਇੱਕ ਨਿਵੇਕਲੀ ਪਰਿਭਾਸ਼ਾ ਦਿੱਤੀ :-

"ਆਓ ਨੀ ਭੈਣੋ
ਚੱਲ ਗਾਈਏ ਨੀ ਘੋੜੀਆਂ,
ਜੰਞ ਤੇ ਹੋਈ ਤਿਆਰ ਵੇ ਹਾਂ,
ਮੌਤ ਕੁੜੀ ਪ੍ਰਨਾਵਣ ਚੱਲਿਆ,
ਦੇਸ਼ ਭਗਤ ਸਰਦਾਰ ਵੇ ਹਾਂ,
ਹੰਝੂਆਂ ਦੇ ਪਾਣੀ ਭਰੋ ਨੀ ਘੜੋਲੀ,
ਬੈਠੇ ਤਾਂ ਪੈਰਾਂ ਦੇ ਭਾਰ ਵੇ ਹਾਂ,
ਫਾਂਸੀ ਦੇ ਤਖਤੇ ਨੂੰ ਖਾਰਾ ਬਣਾ ਕੇ,
ਉਹ ਬੈਠਾ ਜੇ ਚੌਂਕੜੀ ਮਾਰ ਵੇ ਹਾਂ,
ਫਾਂਸੀ ਦੀ ਟੋਪੀ ਉਨ੍ਹੇ ਸਿਰ ਤੇ ਸਜਾਈ,
ਸੇਹਰਾ ਤਾਂ ਝਾਲਰਦਾਰ ਵੇ ਹਾਂ,
ਜੰਡੀ ਤਾਂ ਵੱਢੀ ਲਾੜੇ ਜ਼ੋਰ ਜ਼ੁਲਮ ਦੀ,
ਜਬਰਾਂ ਦੀ ਮਾਰੀ ਤਲਵਾਰ ਵੇ ਹਾਂ,
ਰਾਜਗੁਰੂ ਸੁਖਦੇਵ ਸਰਬਾਹਲੇ,
ਲਾੜਾ ਤੇ ਬੈਠਾ ਵਿਚਕਾਰ ਵੇ ਹਾਂ,
ਵਾਂਗ ਫੜਾਈ ਜਿੰਨ੍ਹਾਂ ਭੈਣਾਂ ਨੇ,
ਭੈਣਾਂ ਦਾ ਕੀਤਾ ਹੁਦਾਰ ਵੇ ਹਾਂ,
ਹਰੀ ਕ੍ਰਿਸ਼ਨ ਉਹਦਾ ਬਣਿਆਂ ਸਾਂਢੂ,
ਢੁੱਕੇ ਤਾਂ ਢੁੱਕੇ ਇੱਕੋ ਵਾਰ ਵੇ ਹਾਂ,
ਪੈਂਤੀ ਕਰੋੜ ਤੇਰੇ ਜਾਂਞੀ ਵੇ ਲਾੜਿਆ,
ਪੈਦਲ ਤੇ ਕਈ ਅਸਵਾਰ ਵੇ ਹਾਂ,
ਕਾਲੀਆਂ ਪੁਸ਼ਾਕਾਂ ਪਾ
ਕੇ ਜੰਞ ਜੁ ਢੁੱਕੀ,
ਤਾਇਰ ਵੀ ਹੋਇਆ ਤਿਆਰ ਵੇ ਹਾਂ"

2. ਬੰਦੂਕ ਤੋਂ ਬਾਅਦ ਕਲਮ ਅਤੇ ਕਿਤਾਬ ਚੁੱਕਣ ਦਾ ਸੰਦੇਸ਼ ਦੇ ਕੇ ਇੱਕ ਨਵੀਂ ਚੇਤਨਾ ਲਹਿਰ ਪੈਦਾ ਕੀਤੀ ਇਸ ਨਾਲ ਆਪਣੀ ਇੰਨਕਲਾਬੀ ਸੋਚ ਦਾ ਸੁਨੇਹਾ ਦੇ ਕੇ ਨੌਜਵਾਨੀ ਨੂੰ ਦੇਸ਼-ਭਗਤੀ ਦਾ ਸਬਕ ਸੰਤਰਾਮ ਉਦਾਸੀ ਨੂੰ ਇਸ ਤਰ੍ਹਾਂ ਲਿਖਣ ਲਈ ਮਜ਼ਬੂਰ ਕਰ ਦਿੱਤਾ :-

"ਮੇਰੀ ਮੌਤ ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ,
ਮੇਰੇ ਲਹੂ ਦਾ ਕੇਸਰ ਰੇਤੇ 'ਚ
ਨਾ ਰੁਲਾਇਓ"

3. ਇਹ ਵੀ ਦਰਸਾਇਆ ਕਿ ਖੂਨ ਨਾਲ ਲਿਖਿਆ ਦੇਸ਼ ਦਾ ਇਤਿਹਾਸ ਕਾਗਜ਼ ਅਤੇ ਸ਼ਿਆਹੀ ਨਾਲ ਲਿਖੇ ਇਤਿਹਾਸ ਤੋਂ ਵੱਧ ਇੰਨਕਲਾਬੀ ਅਤੇ ਨੈਤਿਕ ਨਾਬਰੀ ਦਾ ਪ੍ਰਤੀਕ ਹੁੰਦਾ ਹੈ। ਇਸ ਇਤਿਹਾਸ ਦੀ ਪਹਿਚਾਣ ਮਘਦੇ ਸੂਰਜ, ਚਮਕਦੇ ਚੰਨ ਅਤੇ ਰਹਿੰਦੀ ਦੁਨੀਆ ਤੱਕ ਲਿਸ਼ਕ ਮਾਰਦੀ ਰਹਿੰਦੀ ਹੈ। ਨੌਜਵਾਨੀ ਦਾ ਮਾਰਗ ਦਰਸ਼ਕ ਕਰਕੇ ਜ਼ਜ਼ਬੇ ਅਤੇ ਇੰਨਕਲਾਬ ਦਾ ਸੰਚਾਰ ਵੀ ਖੂਨੀ ਇਤਿਹਾਸ ਹੀ ਕਰਦਾ ਹੈ ਇਸੇ ਕਰਕੇ ਨੌਜਵਾਨੀ ਭਗਤ ਸਿੰਘ ਸਰਦਾਰ ਤੋਂ ਪ੍ਰੇਰਿਤ ਹੁੰਦੀ ਹੈ। ਦੇਸ਼ ਕੌਮ ਲਈ ਮਰ-ਮਿਟਣ ਅਤੇ ਅਮਰ ਹੋਣ ਲਈ ਤਿਆਰ ਰਹਿੰਦੀ ਹੈ।

" ਦਿਲ ਸੇ ਨਾ ਨਿਕਲੇਗੀ ਮਰਕਰ ਵੀ ਉਲਫ਼ਤ, ਮੇਰੀ ਮਿੱਟੀ ਮੇਂ ਭੀ ਖ਼ੁਸ਼ਬੂ-ਏ-ਵਤਨ ਆਏਗੀ"

ਭਗਤ ਸਿੰਘ ਨੇ ਆਪਣੇ ਸਾਥੀਆ ਸਮੇਤ ਇਹ ਸੋਚਿਆ ਹੋਵੇਗਾ ਕਿ "ਅਸੀਂ ਆਂ ਪੱਥਰ, ਚਿਣੇ ਜਾਣਾ ਕਿਸੇ ਕੰਧ ਚ, ਮਹਿਲ, ਜੇਲ, ਦਰਗਾਹ ਜਾਂ ਕਿਸੇ ਸਮਾਧ ਚ " ਇਸ ਦੀ ਗਵਾਹੀ ਹੁਸੈਨੀਵਾਲਾ ਵਿੱਖੇ ਮਿਲਦੀ ਹੈ। ਸਰਦਾਰ ਭਗਤ ਸਿੰਘ ਦਾ ਦੇਸ਼ ਪ੍ਰੇਮ, ਜ਼ਜ਼ਬਾ, ਹਿੰਮਤ ਅਤੇ ਸੋਚ ਨੂੰ ਪੜ੍ਹ-ਸੁਣ ਕੇ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਉਸ ਦੀ ਸੋਚ ਸਾਡੇ ਵਿੱਚ ਅੱਜ ਕਿੱਥੇ ਖੜ੍ਹੀ ਹੈ? ਜੇ ਉਸਨੂੰ ਸ਼ਹਾਦਤ ਤੋਂ ਬਾਅਦ ਦੀ ਤਸਵੀਰ ਦਾ ਪਤਾ ਹੁੰਦਾ ਤਾਂ ਉਸ ਦਾ ਮਨ ਕੀ ਸੋਚਦਾ ? ਅੱਜ ਇੰਨਕਲਾਬੀ ਸੋਚ ਦਾ ਅਧਿਆਨ ਕਰਕੇ ਦਿਨ-ਦਿਹਾੜੇ ਮਨਾਉਣ ਦੇ ਨਾਲ ਇਸ ਸੋਚ ਨੂੰ ਸਦਾ ਬਹਾਰ ਬਣਾਉਣ ਦੀ ਲੋੜ ਹੈ। ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਨੂੰ ਉਨ੍ਹਾਂ ਦੀ ਸੋਚ ਅਪਣਾਉਣਾ ਹੀ ਸੱਚੀ ਸ਼ਰਧਾਂਜਲੀ ਹੋਵੇਗੀ।

ਗੁਰਪ੍ਰੀਤ ਸਿੰਘ ਤੂਰ ਆਈਪੀਐਸ



# ਪ੍ਰਵਾਸ ਤੇ ਰੁਜ਼ਗਾਰ ਸੰਬੰਧੀ ਪੰਜਾਬੀਆਂ ਤੇ ਬਿਹਾਰੀਆਂ ਦੀ ਪਹੁੰਚ ਵਿਚ ਹੈ ਵੱਡਾ ਫ਼ਰਕ

ਬਿਹਾਰ ਦੇ ਰਹਿਣ ਵਾਲਿਆਂ ਦੀ, ਭਾਰਤੀ ਉੱਚ ਸੇਵਾਵਾਂ ਅਤੇ ਕੇਂਦਰ ਦੀਆਂ ਗ੍ਰੇਡ ਬੀ ਅਤੇ ਸੀ ਗਰੇਡਨੌਕਰੀਆਂ ਵਿਚ ਬਹੁਤਾਤ ਕਿਉਂ ਹੈ ? ਫਰਵਰੀ ਮਹੀਨੇ ਮੈਨੂੰ ਚਾਰ-ਪੰਜ ਦਿਨਾਂ ਲਈ ਪਟਨਾ ਸਾਹਿਬ ਜਾਣ ਦਾ ਮੌਕਾ ਮਿਲਿਆ, ਇਸ ਸਮੇਂ ਦੌਰਾਨ ਮੈਂ ਉਹ ਕਾਰਨ ਲੱਭਣ ਦੇ ਯਤਨ ਕੀਤੇ। ਜਿਸ ਕਮਰੇ ਵਿਚ ਮੈਂ ਰਿਹਾ, ਸਮਾਨ ਰੱਖਦਿਆਂ ਹੀ ਆਦਤ ਅਨੁਸਾਰ ਪਰਦੇ ਪਾਸੇ ਕੀਤੇ ਤੇ ਬਾਹਰ ਮੈਨੂੰ ਜੇ.ਈ.ਈ ਅਤੇ 'ਨੀਟ' ਦੇ ਦੋ ਵੱਡੇ ਆਕਾਰ ਦੇ ਇਸ਼ਤਿਹਾਰੀ ਬੋਰਡ ਵਿਖਾਈ ਦਿੱਤੇ। ਸ਼ਹਿਰ ਵਿਚ ਅਜਿਹੇ ਬੋਰਡਾਂ ਦੀ ਭਰਮਾਰ ਵੇਖੀ ਗਈ। ਖਾਸ ਤੌਰ 'ਤੇ ਸ਼ਹਿਰ ਦੀ ਫਰੇਜ਼ਰ ਅਤੇ ਬੋਰਿੰਗ ਕਨਾਲ ਰੋਡ 'ਤੇ ਅਜਿਹੀਆਂ ਕੋਚਿੰਗ ਸੰਸਥਾਵਾਂ ਦੇ ਕਈ ਸੈਂਟਰ ਹਨ। ਲੁਧਿਆਣਾ ਸ਼ਹਿਰ ਵਿਚ ਜਿਵੇਂ ਭੀੜੀਆਂ ਬੀਹੀਆਂ ਅਤੇ ਛੋਟੇ-ਛੋਟੇ ਘਰਾਂ ਵਿਚ ਹੌਜ਼ਰੀ ਦਾ ਕੰਮ ਚਲਦਾ ਹੈ ਇਵੇਂ ਹੀ ਪਟਨਾ ਸ਼ਹਿਰ ਵਿਚ ਅਜਿਹੀਆਂ ਛੋਟੀਆਂ-ਛੋਟੀਆਂ ਥਾਵਾਂ 'ਤੇ ਵਿਦਿਆਰਥੀਆਂ ਨੂੰ ਮੁਕਾਬਲੇ ਦੇ ਇਮਤਿਹਾਨਾਂ 'ਚੋਂ ਸਫ਼ਲਤਾ ਦੇ ਪਹਾੜੇ ਪੜ੍ਹਾਏ ਜਾਂਦੇ ਹਨ। ਜਿਸ ਗੱਲ ਨੇ ਮੈਨੂੰ ਅਚੰਭਿਤ ਕੀਤਾ ਉਹ ਸੀ ਪਟਨਾ ਏਅਰਪੋਰਟ ਦਾ ਡਿਪਾਰਚਰ ਖੇਤਰ, ਅਜਿਹੀਆਂ ਥਾਵਾਂ ਮਹਿੰਗੀਆਂ ਖਪਤਕਾਰੀ ਵਸਤਾਂ ਦੀ ਇਸ਼ਤਿਹਾਰਬਾਜ਼ੀ ਲਈ ਜਾਣੀਆਂ ਜਾਂਦੀਆਂ ਹਨ। ਪਰ ਪਟਨਾ ਏਅਰਪੋਰਟ ਦੇ ਡਿਪਾਰਚਰ ਲੌਂਜ ਵਿਚ ਮੁਕਾਬਲੇ ਦੇ ਇਮਤਿਹਾਨਾਂ ਦੀ ਇਸ਼ਤਿਹਾਰਬਾਜ਼ੀ ਦੀ ਝਲਕ ਵਿਖਾਈ ਦਿੱਤੀ। ਰੌਸ਼ਨੀ ਵਿਚ ਚਮਕਦੇ ਇਨ੍ਹਾਂ ਬੋਰਡਾਂ 'ਤੇ ਸੱਤ-ਅੱਠ ਨੌਜਵਾਨਾਂ ਦੀਆਂ ਤਸਵੀਰਾਂ ਸਨ, ਜਿਨ੍ਹਾਂ ਨੇ 'ਨੀਟ' ਇਮਤਿਹਾਨ ਵਿਚ ਪਹਿਲੇ ਸਥਾਨ ਹਾਸਲ ਕੀਤੇ ਸਨ।

ਗੰਗਾ ਦਰਿਆ ਪਟਨਾ ਸ਼ਹਿਰ ਨੂੰ ਛੂਹ ਕੇ ਲੰਘਦਾ ਹੈ। ਪਟਨਾ ਤੋਂ ਨਾਲੰਦਾ ਜਾਂਦਿਆਂ ਸ਼ਹਿਰ ਬਾਹਰ ਨਿਕਲਦਿਆਂ ਹੀ ਕੰਗਣ ਘਾਟ ਵਾਲਾ ਖੇਤਰ, ਗੰਗਾ ਦਰਿਆ ਦੇ ਚੌੜੇ ਰੇਤਲੇ ਕਿਨਾਰੇ, ਕੱਕੀ ਰੇਤ ਦੀ ਚਮਕ ਜਿਵੇਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਨੂੰ ਚਾਂਦਨੀ ਭਮਕ ਵਿਚ ਰੰਗ ਰਹੀ ਹੋਵੇ। ਦੂਰ ਤੱਕ ਨਜ਼ਰ ਮਾਰਦਿਆਂ ਇਸ ਘਾਟ 'ਤੇ ਲੋਕੀ ਕੰਮ-ਧੰਦੇ ਲੱਗੇ ਨਜ਼ਰ ਆਏ। ਚੱਪੂ ਮਾਰਨ ਵਾਲੀਆਂ ਦੋ ਛੋਟੀਆਂ ਕਿਸ਼ਤੀਆਂ ਦੂਰੋਂ ਵਿਖਾਈ ਦਿੱਤੀਆਂ। ਸੜਕ ਦੇ ਨਾਲ-ਨਾਲ ਤਿੰਨ ਘੰਟਿਆਂ ਦੇ ਸਫ਼ਰ ਦੌਰਾਨ ਸਬਜ਼ੀਆਂ ਤੇ ਫਲਾਂ ਦੀ ਕਾਸ਼ਤ ਤੇ ਖਰੀਦ-ਵੇਚ ਦੀ ਚਹਿਲ-ਪਹਿਲ ਸੀ। ਖੇਤਾਂ ਵਿਚ ਗੋਡੀ ਕਰਦੇ ਕਿਸਾਨ, ਬੋਰੀਆਂ 'ਤੇ ਸਬਜ਼ੀਆਂ ਦੀਆਂ ਛੋਟੀਆਂ-ਛੋਟੀਆਂ ਢੇਰੀਆਂ ਰੱਖੀ ਬੈਠੇ ਉਨ੍ਹਾਂ ਦੇ ਬੱਚੇ, ਇਹ ਦ੍ਰਿਸ਼ ਕਿਰਤ ਦੀ ਸੁੰਦਰ ਰੰਗੋਲੀ ਵਾਂਗ ਵਿਖਾਈ ਦਿੱਤੇ। ਬੋਰੀਆਂ 'ਤੇ ਪੁਦੀਨੇ ਤੇ ਧਨੀਏ ਦੀਆਂ ਤਾਜ਼ਗੀ ਭਰੀਆਂ ਗੁੱਟੀਆਂ ਪਈਆਂ ਸਨ। ਛੋਟੇ-ਛੋਟੇ ਕੇਲਿਆਂ ਦੇ ਪੀਲੇ ਅਤੇ ਹਰੇ ਰੰਗ ਦੇ ਗੁੱਛੇ ਜੀਭ ਤੇ ਅੱਖਾਂ ਲਈ ਖਿੱਚ ਦੇ ਕੇਂਦਰ ਸਨ। ਛੋਟੀਆਂ-ਛੋਟੀਆਂ ਮੱਛੀਆਂ ਵੀ ਵੇਚਣ ਲਈ ਸਬਜ਼ੀਆਂ ਵਾਂਗ ਰੱਖੀਆਂ ਹੋਈਆਂ ਸਨ। ਛੋਟੇ-ਛੋਟੇ ਅਕਾਰ ਵਿਚ ਆਰਥਿਕਤਾ ਦਾ ਸਫ਼ਰ ਨਿਰੰਤਰ ਜਾਰੀ ਸੀ।

ਨਾਲੰਦਾ ਯੂਨੀਵਰਸਿਟੀ ਨੂੰ ਬਾਰ੍ਹਵੀਂ ਸਦੀ ਵਿਚ ਬਖਤਿਆਰ ਖਿਲਜੀ ਨੇ ਢਹਿ-ਢੇਰੀ ਕਰਕੇ ਅੱਗ ਲਾ ਦਿੱਤੀ ਸੀ। ਏਸ਼ੀਆ ਦਾ ਸਭ ਤੋਂ ਵੱਡਾ ਵਿੱਦਿਅਕ ਅਦਾਰਾ ਇੱਕ ਵੱਡਾ ਥੇਹ ਬਣ ਗਿਆ ਸੀ। ਕਿਹਾ ਜਾਂਦਾ ਹੈ ਕਿ ਇਸ ਵਿਦਿਅਕ ਅਦਾਰੇ ਦੀ ਲਾਇਬ੍ਰੇਰੀ ਛੇ ਮਹੀਨੇ ਅੱਗ ਦੀਆਂ ਲਾਟਾਂ ਵਿਚ ਮਚਦੀ ਰਹੀ ਸੀ। ਬ੍ਰਿਟਿਸ਼ ਹਕੂਮਤ ਨੇ 1917 ਤੋਂ 1935 ਤੱਕ ਇਸ ਥੇਹ ਦੀ ਖੁਦਾਈ ਕਰਵਾ ਕੇ ਇਸ ਵਿੱਦਿਅਕ ਕੇਂਦਰ ਦੇ ਨੈਣ ਨਕਸ਼ਾਂ ਨੂੰ ਉਘਾੜਿਆ। ਲਾਇਬ੍ਰੇਰੀ, ਪੜ੍ਹਨ ਵਾਲੇ ਕਮਰੇ, ਉਸਤਾਦਾਂ ਤੇ ਵਿਦਿਆਰਥੀਆਂ ਦੀ ਰਿਹਾਇਸ਼, ਅਨਾਜ ਨਾਲ ਭਰੇ ਸਟੋਰ, ਖੁਰਚ-ਖੁਰਚ ਕੇ ਉਨ੍ਹਾਂ ਵਿਦਿਆ ਦਾਨ ਦੀਆਂ ਇਤਿਹਾਸਕ ਪੈੜਾਂ ਨੂੰ ਨੰਗਾ ਕਰ ਲਿਆ। ਬਿਹਾਰ ਟੂਰਿਜ਼ਮ ਨੇ ਇਸ ਖੇਤਰ ਨੂੰ ਵਿਸ਼ੇਸ਼ ਖਿੱਚ ਦਾ ਕੇਂਦਰ ਬਣਾਇਆ ਹੋਇਆ ਹੈ। ਚਾਲੀ ਰੁਪਏ ਟਿਕਟ ਅਤੇ ਚਾਰ ਸੌ ਰੁਪਏ ਗਾਈਡ ਨੇ ਲਏ। ਨਾਲੰਦਾ ਯੂਨੀਵਰਸਿਟੀ ਦੇ ਖੰਡਰ ਅਤੇ ਬੋਧ ਗਯਾ ਯੂਨੈਸਕੋ ਵੱਲੋਂ ਬਿਹਾਰ ਪ੍ਰਾਂਤ ਦੀਆਂ ਪ੍ਰਮਾਣਕ ਥਾਵਾਂ ਹਨ। ਇਸ ਖੇਤਰ ਨੂੰ ਵੇਖਦਿਆਂ ਮੈਨੂੰ ਜਪਾਨ ਦੇ ਸੀਨੀਅਰ ਨਾਗਰਿਕਾਂ ਤੇ ਥਾਈਲੈਂਡ ਦੇ ਗੱਭਰੂਟ ਬੋਧੀਆਂ ਦੇ ਵੱਡੇ ਗਰੁੱਪ ਵਿਖਾਈ ਦਿੱਤੇ। ਉੱਧਰ ਬਿਹਾਰ ਦੇ ਸਕੂਲੀ ਵਿਦਿਆਰਥੀਆਂ ਦੇ ਦਸ-ਬਾਰ੍ਹਾਂ ਗਰੁੱਪ ਵੀ ਇਹ ਖੰਡਰ ਵੇਖਣ ਆਏ ਹੋਏ ਸਨ। ਕਤਾਰਾਂ ਵਿਚ ਘੁੰਮਦੇ ਵਿਦਿਆਰਥੀ ਵਿਦੇਸ਼ੀ ਸੈਲਾਨੀਆਂ ਨੂੰ ਗਹੁ ਨਾਲ ਤੱਕਦੇ ਸਨ। ਗਾਈਡ ਵਿਦਿਆਰਥੀਆਂ ਨੂੰ ਇਨ੍ਹਾਂ ਥਾਵਾਂ ਦੀ ਇਤਿਹਾਸਕ ਮਹੱਤਤਾ ਦੱਸਣ ਵਿਚ ਮਗਨ ਸਨ। ਉੱਥੇ ਖੰਡਰਾਂ ਦੇ ਵੀ ਮੁੱਲ ਵੇਖੇ ਗਏ ਹਨ ਜਦੋਂ ਕਿ ਪੰਜਾਬ ਦਾ ਚੱਪਾ-ਚੱਪਾ ਘੱਲੂ-ਘਾਰਿਆਂ, ਸ਼ਹੀਦੀ ਜੋੜ-ਮੇਲ ਸਥਾਨਾਂ ਤੇ ਹੋਰ ਇਤਿਹਾਸਕ ਮਹੱਤਤਾ ਵਾਲੀਆਂ ਥਾਵਾਂ ਨਾਲ ਭਰਿਆ ਪਿਆ ਹੈ। ਪੰਜਾਬੀਆਂ ਨੂੰ ਸ਼ਿੱਦਤ ਨਾਲ ਆਪਣੇ ਇਤਿਹਾਸ ਨੂੰ ਪਛਾਨਣਾ ਚਾਹੀਦਾ ਹੈ।

ਬਿਹਾਰ ਪ੍ਰਾਂਤ ਵਿਚ ਸਰਕਾਰੀ ਆਦੇਸ਼ ਅਨੁਸਾਰ ਹੋਟਲਾਂ, ਰੈਸਟੋਰੈਂਟਾਂ ਤੇ ਪਬਲਿਕ ਖੇਤਰ ਵਿਚ ਸ਼ਰਾਬ ਦੇ ਸੇਵਨ 'ਤੇ ਪਾਬੰਦੀ ਹੈ। ਹੋਟਲ ਦੀ ਹਰ ਮੰਜ਼ਿਲ 'ਤੇ ਸਰਕਾਰ ਦੇ ਇਹ ਆਦੇਸ਼ ਮੋਟੇ ਅੱਖਰਾਂ ਵਿਚ ਛਾਪੇ ਗਏ ਹਨ। ਬਿਹਾਰ ਤੋਂ ਬਾਅਦ ਗੁਜਰਾਤ ਅਜਿਹੀ ਮਨਾਹੀ ਵਾਲਾ ਦੂਜਾ ਸੂਬਾ ਹੈ। ਜਦੋਂ ਕਿ ਪੰਜਾਬ ਇਸ ਸਥਿਤੀ ਦੇ ਦੂਸਰੇ ਕਿਨਾਰੇ ਲਈ ਜਾਣਿਆ ਜਾਂਦਾ ਹੈ, ਜਿੱਥੇ ਹੋਟਲਾਂ ਨੂੰ ਛੱਡ ਕੇ ਮੋਟਰਾਂ ਕਾਰਾਂ ਨੂੰ ਵੀ ਸ਼ਰਾਬ ਪੀਣ ਲਈ ਵਰਤਿਆ ਜਾਂਦਾ ਹੈ। ਇਸ ਦੇ ਸਮਾਜਿਕ ਨਤੀਜੇ ਪ੍ਰਤੱਖ ਵਿਖਾਈ ਦਿੰਦੇ ਹਨ।

## ਪੰਜਾਬ ਤੇ ਪੂਰਬੀ ਪ੍ਰਵਾਸੀ

ਪੂਰਬੀ ਪਰਵਾਸੀਆਂ ਦੀ ਮਿਹਨਤ ਤੇ ਲਗਨ ਪੰਜਾਬ ਵਿਚ ਉਨ੍ਹਾਂ ਦੀ ਸਫ਼ਲਤਾ ਦਾ ਮੂਲ ਰਾਜ਼ ਹੈ। ਹਰੀ ਕ੍ਰਾਂਤੀ ਸਮੇਂ ਖੇਤੀ ਕਾਮਿਆਂ ਦੀ ਲੋੜ ਤੋਂ ਇਹ ਆਮਦ ਸ਼ੁਰੂ ਹੋਈ ਤੇ ਹੌਲੀ-ਹੌਲੀ ਉਨ੍ਹਾਂ ਇਥੇ ਪੱਕੇ ਵਸੇਬੇ ਬਣਾ ਲਏ ਹਨ। ਪੰਜਾਬੀਆਂ ਵਿਚ ਕੰਮ ਪ੍ਰਤੀ ਘਟ ਰਹੀ ਦਿਲਚਸਪੀ ਅਤੇ ਵਿਦੇਸ਼ਾਂ ਲਈ ਪਰਵਾਸ ਨੇ ਪੂਰਬੀ ਕਾਮਿਆਂ ਨੂੰ ਸਫ਼ਲਤਾ ਦਾ ਖੁੱਲ੍ਹਾ ਮੈਦਾਨ ਪ੍ਰਦਾਨ ਕੀਤਾ। ਅਰਾਮਪ੍ਰਸਤ ਪੰਜਾਬੀਆਂ ਨੇ ਪਰਵਾਸੀਆਂ ਦੇ ਪਰਿਵਾਰਾਂ ਨੂੰ ਰਹਿਣ ਲਈ ਘਰ ਵਿਚ ਛੱਤ ਦਿੱਤੀ ਤੇ ਇਸ ਦੇ ਬਦਲੇ ਘਰ ਦੀ ਸਾਫ਼-ਸਫਾਈ ਅਤੇ ਰੋਟੀ ਟੁੱਕ ਦਾ ਕੰਮ ਕਰਵਾਉਣਾ ਸ਼ੁਰੂ ਕੀਤਾ। ਇਸੇ ਪਲੇਟਫਾਰਮ ਤੋਂ ਹੌਲੀ-ਹੌਲੀ ਉਨ੍ਹਾਂ ਦੇ ਪਰਿਵਾਰ ਹਰ ਘਰੇਲੂ ਕੰਮ ਵਿਚ ਸ਼ਾਮਲ ਹੋ ਗਏ। ਉਸਾਰੀ ਦੇ ਖੇਤਰ ਵਿਚ ਹੁਨਰਮੰਦੀ ਨੇ ਇਨ੍ਹਾਂ ਅੱਗੇ ਰੁਜ਼ਗਾਰ ਦੇ ਕਈ ਦਰਵਾਜ਼ੇ ਖੋਲ੍ਹ ਦਿੱਤੇ। ਇਮਾਰਤਸਾਜ਼ੀ, ਫਰਸ਼, ਲੱਕੜੀ, ਸੈਨਿਟਰੀ, ਫਰਨੀਚਰ, ਬੋਰਿੰਗ, ਰੰਗ-ਰੋਗਨ, ਪਲੰਬਰ ਅਜਿਹਾ ਕੋਈ ਵੀ ਕੰਮ ਨਹੀਂ ਜਿਹੜਾ ਇਨ੍ਹਾਂ ਪਰਵਾਸੀਆਂ ਦੀ ਪਹੁੰਚ ਤੇ ਹੁਨਰ ਤੋਂ ਬਾਹਰ ਹੋਵੇ। ਇਸ ਖੇਤਰ ਵਿਚ ਮੁਹਾਰਤ ਨੇ ਉਨ੍ਹਾਂ ਲਈ ਆਪਣੇ ਪਲਾਟ ਖਰੀਦਣ ਤੇ ਘਰ ਬਣਾਉਣ ਦਾ ਰਾਹ ਪੱਧਰਾ ਕੀਤਾ। ਉਨ੍ਹਾਂ ਨੇ ਕਮਾਈ ਦਾ ਸੰਯੁਕਤ ਫਾਰਮੂਲਾ ਅਪਣਾਇਆ। ਜਦੋਂ ਸਬਜ਼ੀ ਦੀ ਰੇਹੜੀ ਦਾ ਕੰਮ ਚੱਲ ਪਿਆ ਤਾਂ ਉਹ ਕੰਮ ਪਤਨੀ ਨੂੰ ਸੰਭਾਲ ਕੇ ਪਰਿਵਾਰ ਮੁਖੀ ਨੇ ਹੋਰ ਕੰਮ ਸ਼ੁਰੂ ਕਰ ਲਿਆ। ਇੱਕ ਰੇਹੜੀ ਨਾਲ ਦੂਸਰੀ ਰੇਹੜੀ ਖੜ੍ਹੀ ਕਰ ਲਈ, ਉਸ ਲਈ ਪਰਿਵਾਰਕ ਮੈਂਬਰ ਵੀ ਲੱਭ ਲਿਆ। ਉਨ੍ਹਾਂ ਰੇਹੜੀਆਂ ਤੇ ਖੋਖਿਆਂ ਤੋਂ ਦੁਕਾਨਾਂ ਤੱਕ ਪਹੁੰਚਣ ਲਈ ਬਹੁਤਾ ਸਮਾਂ ਨਹੀਂ ਲਾਇਆ, ਇਹ ਸਫ਼ਰ ਨਿਰੰਤਰ ਜਾਰੀ ਹੈ। ਪੂਰਬੀ ਪਰਵਾਸੀ ਰੁਜ਼ਗਾਰ ਦੀ ਭਾਲ ਵਿਚ ਆਉਂਦੇ ਹਨ ਜਦੋਂ ਕਿ ਪੰਜਾਬੀ ਰੁਜ਼ਗਾਰ ਦੇ ਨਾਲ-ਨਾਲ ਵੇਖਾ-ਵੇਖੀ, ਰੀਸੋ-ਰੀਸੀ ਤੇ ਸ਼ਰੀਕੇਬਾਜ਼ੀ ਕਰਕੇ ਵੀ ਪਰਵਾਸ ਕਰ ਰਹੇ ਹਨ। ਉਨ੍ਹਾਂ ਆਪਣੀਆਂ ਜਾਇਦਾਦਾਂ ਨਹੀਂ ਵੇਚੀਆਂ ਜਦੋਂ ਕਿ ਪੰਜਾਬੀ ਆਇਲੈਟਸ ਤੇ ਪੜ੍ਹਾਈ ਲਈ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਪਰਵਾਸ ਕਰਦੇ ਹਨ। ਇਵੇਂ ਸੁਚਾਰੂ ਮਾਨਵੀ ਸਰੋਤਾਂ ਦੇ ਨਾਲ-ਨਾਲ ਪ੍ਰਾਂਤ ਵਿਚੋਂ ਵੱਡੀ ਪੱਧਰ 'ਤੇ ਜਾਇਦਾਦ ਦਾ ਵਿਦੇਸ਼ਾਂ ਵੱਲ ਵਹਾਓ ਵੀ ਜਾਰੀ ਹੈ। ਉਨ੍ਹਾਂ ਰਾਸ਼ਟਰੀ ਖੇਤਰ ਦੇ ਅੰਦਰ ਹੀ ਪਰਵਾਸ ਕਰਕੇ ਆਪਣੇ ਵਿਰਸੇ ਤੇ ਸੱਭਿਆਚਾਰ ਨੂੰ ਸੰਭਾਲ ਕੇ ਰੱਖਿਆ ਹੈ ਜਦੋਂ ਕਿ ਵਿਦੇਸ਼ਾਂ ਵਿਚ ਪੰਜਾਬੀਆਂ ਦੇ ਵਿਰਸੇ ਤੇ ਸੱਭਿਆਚਾਰ ਦੇ ਰੰਗ ਫਿੱਕੇ ਪੈਣ ਲੱਗੇ ਹਨ। ਪਹਿਲਾਂ-ਪਹਿਲਾਂ ਪੰਜਾਬੀਆਂ ਨੇ ਪਰਿਵਾਰਕ ਪਰਵਾਸ ਦੇ ਨਾਲ-ਨਾਲ ਉਚੇਰੀ ਸਿੱਖਿਆ ਲਈ ਵੀ ਪਰਵਾਸ ਕੀਤਾ। ਵਿਦਿਆਰਥੀਆਂ ਨੇ ਮੁਕਾਬਲੇ ਦੇ ਇਮਤਿਹਾਨਾਂ ਵਿਚੋਂ ਸਕਾਲਰਸ਼ਿਪ ਹਾਸਲ ਕਰਕੇ ਨਾਮੀ ਵਿੱਦਿਅਕ ਅਦਾਰਿਆਂ ਵਿਚੋਂ ਉੱਚ ਡਿਗਰੀਆਂ ਹਾਸਲ ਕੀਤੀਆਂ। ਇੰਝ ਪੰਜਾਬੀ ਸੰਸਾਰ ਪੱਧਰ ਦੇ ਸਾਇੰਸਦਾਨ ਬਣੇ। ਉਨ੍ਹਾਂ ਵਿਚੋਂ ਬਹੁਤਿਆਂ ਨੇ ਅੰਤਰ-ਰਾਸ਼ਟਰੀ ਖੋਜ ਕੇਂਦਰਾਂ, ਵਰਲਡ ਬੈਂਕ ਤੇ ਵਰਲਡ ਹੈਲਥ ਆਰਗਨਾਈਜ਼ੇਸ਼ਨ ਜਿਹੇ ਅੰਤਰ-ਰਾਸ਼ਟਰੀ ਅਦਾਰਿਆਂ ਵਿਚ ਨਾਮਣਾ ਖੱਟਿਆ। ਉਨ੍ਹਾਂ ਇਸ ਤਜਰਬੇ ਨਾਲ ਆਪਣੇ ਦੇਸ਼ ਦੀ ਸੇਵਾ ਕੀਤੀ। ਸਕੂਲ ਦੀ ਪੜ੍ਹਾਈ ਤੋਂ ਬਾਅਦ ਮੌਜੂਦਾ ਪਰਵਾਸ ਨੌਜਵਾਨਾਂ ਲਈ ਤਣਾਓ, ਮਾਨਸਿਕ ਪਰੇਸ਼ਾਨੀਆਂ, ਆਚਰਨ ਤੇ ਬੌਧਿਕਹੀਣਤਾ ਪੈਦਾ ਕਰ ਰਿਹਾ ਹੈ। ਮੌਜੂਦਾ ਸਮੇਂ ਉੱਥੇ ਲੋੜੀਂਦਾ ਕੰਮ ਨਹੀਂ ਹੈ, ਰਹਿਣ ਲਈ ਥਾਂ ਨਹੀਂ, ਕਈ ਚੁਬਾਰਿਆਂ ਦੇ ਬੂਹੇ ਢੋਹ ਕੇ ਜਾਣ ਵਾਲਿਆਂ ਨੂੰ ਬੇਸਮੈਂਟ ਵਿਚ ਕਈ-ਕਈ ਜਣਿਆਂ ਨਾਲ ਰਹਿਣਾ ਪੈ ਰਿਹਾ ਹੈ। ਰਹਿਣ-ਸਹਿਣ, ਖਾਣ-ਪੀਣ ਤੇ ਪੜ੍ਹਾਈ ਦਾ ਖਰਚਾ ਕੱਢਣ ਲਈ ਵਿਦਿਆਰਥੀ ਗ਼ਲਤ ਰਾਹਾਂ 'ਤੇ ਪੈ ਰਹੇ ਹਨ। ਅਜਿਹੇ ਹਾਲਾਤ ਕਾਰਨ ਨੌਜਵਾਨ, ਮਜ਼ਦੂਰ ਵਰਗ ਅਤੇ ਡਰਾਇਵਰੀ ਕਿੱਤਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਇਹੋ ਸਾਡਾ ਸਮਾਜਿਕ ਤੇ ਬੌਧਿਕ ਪਤਨ ਹੈ। ਰੁਜ਼ਗਾਰ ਸੰਬੰਧੀ ਬਿਹਾਰੀਆਂ ਦੀ ਪਹੁੰਚ ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਘਰਾਂ ਤੇ ਦਫ਼ਤਰਾਂ ਵਿਚ ਲੱਗੇ ਲੈਂਡ ਲਾਈਨ ਟੈਲੀਫ਼ੋਨਾਂ ਦੀ ਮਹੱਤਤਾ ਹੋਇਆ ਕਰਦੀ ਸੀ। ਮੈਂ ਸੌਣ ਵਾਲੇ ਕਮਰੇ ਵਿਚ ਸਮਾਨਾਂਤਰ ਸੈੱਟ ਰਖਵਾਇਆ ਜੋ ਉਸ ਦਿਨ ਦੂਜੀ ਵਾਰ ਖਰਾਬ ਹੋ ਗਿਆ ਸੀ। ਮੈਂ ਭਾਰਤ ਸੰਚਾਰ ਨਿਗਮ ਦੇ ਜ਼ਿਲ੍ਹਾ ਮੈਨੇਜਰ ਨੂੰ ਫ਼ੋਨ ਕੀਤਾ ਤਾਂ ਉਨ੍ਹਾਂ ਆਖਿਆ ਕਿ ਅੱਧੇ ਘੰਟੇ ਦੇ ਅੰਦਰ-ਅੰਦਰ ਤੁਹਾਡੇ ਘਰ ਇੱਕ ਤਕਨੀਕੀ ਮਾਹਰ ਆਵੇਗਾ।

ਪੱਚੀ ਕੁ ਵਰ੍ਹਿਆਂ ਦਾ ਇੱਕ ਨੌਜਵਾਨ ਹੱਥ ਵਿਚ ਤਾਰਾਂ ਦਾ ਗੁੱਛਾ ਤੇ ਕੁੱਝ ਔਜ਼ਾਰ ਲੈ ਕੇ ਹਾਜ਼ਰ ਹੋਇਆ। ਉਸ ਨੇ ਉਪਰਲਾ ਸੈੱਟ ਵੇਖਿਆ ਤੇ ਆਵਾਜ਼ ਵਾਲੀ ਨੌਬ ਨੂੰ ਵੱਧ ਵਾਲੇ ਪਾਸੇ ਕਰਕੇ ਆਪਣੇ ਦਫ਼ਤਰ 'ਚੋਂ ਇਸ ਫ਼ੋਨ ਤੇ ਘੰਟੀ ਮਾਰਨ ਲਈ ਆਖਿਆ। ਇੱਕ ਮਿੰਟ ਵਿਚ ਹੀ ਉਸ ਨੇ ਗ਼ਲਤੀ ਲੱਭੀ ਤੇ ਸਲੀਕੇ ਨਾਲ ਮੈਨੂੰ ਸਮਝਾਇਆ। ਹੁਣ ਮੇਰੀ ਦਿਲਚਸਪੀ ਉਸ ਨੌਜਵਾਨ ਕਰਮਚਾਰੀ ਨੂੰ ਜਾਨਣ ਦੀ ਹੋ ਗਈ ਸੀ ਜੋ ਕਿ ਬਿਹਾਰ ਪ੍ਰਾਂਤ ਦਾ ਰਹਿਣ ਵਾਲਾ ਸੀ ਅਤੇ ਇਲੈਕਟ੍ਰੀਕਲ ਤੇ ਕਮਿਊਨੀਕੇਸ਼ਨ ਵਿਚ ਡਿਪਲੋਮਾ ਕਰਕੇ ਭਾਰਤ ਸੰਚਾਰ ਨਿਗਮ ਵਿਚ ਭਰਤੀ ਹੋ ਗਿਆ ਸੀ। ਉਸ ਨੇ ਦੱਸਿਆ ਕਿ ਡਿਪਲੋਮਾ ਕਰਨ ਉਪਰੰਤ ਉਹ ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਕਰਦੇ ਆਪਣੇ ਭਰਾ ਕੋਲ ਦਿੱਲੀ ਆ ਗਿਆ ਸੀ। ਤਿੰਨ ਵਰ੍ਹਿਆਂ ਦੀ ਕੋਚਿੰਗ ਤੋਂ ਬਾਅਦ ਉਸ ਨੇ ਇਹ ਇਮਤਿਹਾਨ ਪਾਸ ਕੀਤਾ ਤੇ ਹੁਣ ਉਹ ਇਸ ਨੌਕਰੀ 'ਤੇ ਤਾਇਨਾਤ ਸੀ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਇਸ ਇਮਤਿਹਾਨ ਵਿਚੋਂ 48 ਕਰਮਚਾਰੀ ਪੰਜਾਬ ਪ੍ਰਾਂਤ ਨੂੰ ਅਲਾਟ ਹੋਏ ਸਨ। ਪੰਜਾਬ ਦਾ ਕੋਈ ਵੀ ਨਹੀਂ ਅਤੇ ਬਿਹਾਰ ਦੇ ਅੱਠ, ਮੇਰੇ ਸਵਾਲਾਂ ਦੇ ਉਸ ਵੱਲੋਂ ਇਹ ਦੋ ਆਖਰੀ ਉੱਤਰ ਸਨ। ਪਟਨਾ ਸਾਹਿਬ ਤੋਂ ਵਾਪਸ ਪਰਤਦਿਆਂ ਅਸੀਂ ਨਵੀਂ ਦਿੱਲੀ ਏਅਰਪੋਰਟ ਤੋਂ ਮੈਟਰੋਂ ਰਾਹੀਂ ਨਵੀਂ ਦਿੱਲੀ ਰੇਲਵੇ ਸਟੇਸ਼ਨ ਪਹੁੰਚ ਕੇ 3 ਵਜੇ ਸ਼ਾਮ ਨੂੰ ਚੱਲਣ ਵਾਲੀ ਵੰਦੇ ਭਾਰਤ ਟਰੇਨ ਫੜਨੀ ਸੀ। ਸਾਡੇ ਕੋਲ ਭਾਵੇਂ 2 ਤੋਂ ਵੱਧ ਘੰਟਿਆ ਦਾ ਸਮਾਂ ਦੀ ਪਰ ਇਲੈਕਟ੍ਰਿਕ ਵਾਚ ਤੋਂ ਸਮੇਂ ਦੇ ਅੰਕੜੇ ਤੇਜ਼ੀ ਨਾਲ ਉਡਦੇ ਜਾ ਰਹੇ ਸਨ। ਮੈਟਰੋ ਦੀ ਟਿਕਟ ਲੈਣ ਲਈ ਕਤਾਰ ਵਿਚ ਖੜ੍ਹਿਆਂ ਮੈਨੂੰ ਥੋੜ੍ਹੀ ਕਾਹਲੀ ਤੇ ਘਬਰਾਹਟ ਹੋਈ। ਉਸ ਦਿਨ ਮੈਟਰੋ ਦੇ ਏ.ਸੀ. ਡੱਬੇ ਵਿਚ ਵੀ ਮੇਰਾ ਸਾਹ ਸੁਖਾਲਾ ਨਾ ਹੋ ਸਕਿਆ। ਦੋਵੇਂ ਅਟੈਚੀ ਭਾਰੇ ਸਨ। ਅਸੀਂ ਰੇਲਵੇ ਸਟੇਸ਼ਨ ਪਹੁੰਚੇ ਤਾਂ ਪਤਾ ਲੱਗਿਆ ਕਿ ਗੱਡੀ ਦੋ ਨੰਬਰ ਪਲੇਟਫਾਰਮ 'ਤੇ ਲੱਗੇਗੀ ਜੋ ਕਿ ਸਟੇਸ਼ਨ ਦੇ ਦੂਸਰੇ ਸਿਰੇ 'ਤੇ ਸੀ। ਯਕੀਨ ਪੱਕਾ ਕਰਨ ਲਈ ਇੱਕ ਨੌਜਵਾਨ ਨੂੰ ਮੈਂ ਪੁੱਛਿਆ ਕਿ ਪੰਜਾਬ ਜਾਣ ਵਾਲੀ ਵੰਦੇ ਭਾਰਤ ਕਿਹੜੇ ਪਲੇਟਫਾਰਮ 'ਤੇ ਲੱਗੇਗੀ। 'ਮੈਂ ਉਠਾਊਂ', ਉਸ ਦੇ ਕਹਿਣ ਤੇ ਮੈਨੂੰ ਪਤਾ ਲੱਗਾ ਕਿ ਉਹ ਕੁਲੀ ਦਾ ਕੰਮ ਕਰਦਾ ਹੈ। ਢਾਈ ਵਜੇ ਅਸੀਂ ਪਲੇਟਫਾਰਮ 'ਤੇ ਸੀ ਤੇ ਗੱਡੀ ਵੀ ਪਹੁੰਚ ਰਹੀ ਸੀ। ਠੰਢਾ ਸਾਹ ਲੈਂਦਿਆਂ ਮੈਂ ਉਸ ਨੂੰ ਚਾਹ ਲਿਆਉਣ ਲਈ ਆਖਿਆ ਪਰ ਮੇਰੇ ਜ਼ੋਰ ਦੇਣ 'ਤੇ ਵੀ ਉਹ ਆਪਣੇ ਲਈ ਚਾਹ ਨਾ ਲੈ ਕੇ ਆਇਆ। ਅੱਧਾ ਘੰਟਾ ਗੱਡੀ ਦੀ ਸਫਾਈ ਹੋਣੀ ਸੀ। ਹੁਣ ਮੈਂ ਉਸ ਨੌਜਵਾਨ ਨਾਲ ਗੱਲਾਂ ਕਰਨ ਲੱਗਾ।

'ਮੈਂ ਪਹਿਲਾਂ ਕੁਲੀ ਦੇ ਤੌਰ ਤੇ ਕੰਮ ਕਰਦਾ ਰਿਹਾ ਹਾਂ, ਹੁਣ ਮੈਂ ਆਥਣ-ਸਵੇਰ ਦੁੱਧ ਦਾ ਕੰਮ ਕਰਦਾ ਹਾਂ। ਵਿਚਕਾਰਲੇ ਤਿੰਨ-ਚਾਰ ਘੰਟੇ ਮੈਂ ਪਾਰਟ ਟਾਈਮ ਇਹ ਕੰਮ ਕਰ ਲੈਂਦਾ ਹਾਂ। ਮੈਂ ਮੈਟਰੋ ਦੇ ਗੇਟ ਦੇ ਨੇੜੇ ਖੜ੍ਹ ਜਾਂਦਾ ਹਾਂ ਜਿੱਥੇ ਤੁਸੀਂ ਮੈਨੂੰ ਮਿਲੇ ਸੀ। ਹਵਾਈ ਅੱਡੇ ਤੋਂ ਆਉਣ ਵਾਲਿਆਂ ਕੋਲ ਸਮਾਨ ਭਾਰਾ ਹੁੰਦਾ ਹੈ ਸੋ ਮੇਰੇ ਜਾਣਕਾਰ ਮੈਨੂੰ ਮੋਬਾਇਲ ਕਰਕੇ ਬੁਲਾ ਲੈਂਦੇ ਹਨ।' ਹੁਣ ਉਸ ਦੇ ਮੋਬਾਇਲ ਫ਼ੋਨ ਦੀ ਘੰਟੀ ਵੱਜੀ ਤਾਂ ਉਸ ਨੇ ਕਿਹਾ ਕਿ ਮੈਂ ਤਿੰਨ ਵਜੇ ਤੋਂ ਬਾਅਦ ਵਿਹਲਾ ਹੋਵਾਂਗਾ। ਮੈਂ ਉਸ ਨੂੰ ਆਖਿਆ ਕਿ ਡੱਬੇ ਅੰਦਰ ਸਮਾਨ ਮੈਂ ਆਪੇ ਰੱਖ ਲਵਾਂਗਾ ਉਹ ਚਲਾ ਜਾਵੇ, ਪਰ ਉਸ ਵਿਚ ਠਰੰਮਾ ਸੀ। ਅੱਠ-ਦਸ ਮਿੰਟਾਂ ਵਿਚ ਉਸ ਨੂੰ ਰੁਜ਼ਗਾਰ ਦੇ ਤਿੰਨ ਫ਼ੋਨ ਆਏ। ਪੰਜਾਬੀ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਜਿਹੇ ਫ਼ੋਨ ਕਿਉਂ ਨਹੀਂ ਆਉਂਦੇ, ਮੇਰੇ ਮਨ ਵਿਚ ਆਏ ਇਸ ਖਿਆਲ ਨੇ ਮੈਨੂੰ ਬੇਚੈਨ ਕੀਤਾ। ਕਿੰਨੇ ਪੜ੍ਹੇ ਹੋ, '10+2 ਅਤੇ ਹੁਣ ਅਰਥਸ਼ਾਸਤਰ ਤੇ ਹਿਸਾਬ ਵਿਸ਼ਿਆਂ ਨਾਲ ਪ੍ਰਾਈਵੇਟ ਤੌਰ 'ਤੇ ਗ੍ਰੈਜੂਏਸ਼ਨ ਕਰ ਰਿਹਾ ਹਾਂ।' ਗੱਡੀ ਚੱਲਣ ਲਈ ਹਰੀ ਝੰਡੀ ਹੋ ਗਈ ਸੀ। ਇੱਕ ਪੈਰ ਮੈਂ ਪੌੜੀ 'ਤੇ ਰੱਖ ਲਿਆ, ਤੁਹਾਡਾ ਨਾਮ, 'ਅਲੋਕ ਯਾਦਵ' ਕਿਸ ਪ੍ਰਾਂਤ ਤੋਂ, 'ਬਿਹਾਰ ਸੇ' ਉਸ ਦਿਨ ਹਲਕਾ ਵਲ ਖਾਂਦੀ ਪੰਜਾਬ ਨੂੰ ਚੱਲਣ ਵਾਲੀ ਨਵੀਂ ਨਕੋਰ ਵੰਦੇ ਭਾਰਤ ਟਰੇਨ ਵਿਚ ਮੈਨੂੰ ਕੋਈ ਮੜਕ ਮਹਿਸੂਸ ਨਹੀਂ ਸੀ ਹੋ ਰਹੀ।

# ਪ੍ਰਵਾਸੀ ਪੰਜਾਬੀ ਨਹੀਂ ਦਿਖਾ ਰਹੇ ਲੋਕ ਸਭਾ ਚੋਣਾਂ ਵਿਚ ਦਿਲਚਸਪੀ

## ਵਿਸ਼ੇਸ਼ ਰਿਪੋਟ

ਬਘੇਲ ਸਿੰਘ ਧਾਲੀਵਾਲ ਪੱਤਰਕਾਰ

**✪ ਰਾਜਨੀਤੀ ਨੂੰ ਲੋਕ ਸੇਵਾ ਦੀ ਥਾਂ ਇੱਕ ਧੰਦੇ ਵਜੋਂ ਅਪਨਾਉਣ ਕਾਰਣ ਐਨ ਆਰ ਆਈ ਨਿਰਾਸ਼ ਮਾਰਚ-2024 ਤੱਕ ਵੋਟਰ ਸੂਚੀ ਮੁਤਾਬਕ ਪੰਜਾਬ ਵਿਚ ਐੱਨ. ਆਰ. ਆਈ. ਵੋਟਰਾਂ ਦੀ ਗਿਣਤੀ 1597**





ਪੰਜਾਬ ਤੋਂ ਜਾ ਕੇ ਵਿਦੇਸ਼ਾਂ ਵਿਚ ਵਸੇ ਲੱਖਾਂ ਐੱਨ. ਆਰ. ਆਈ. ਲੋਕ ਸਭਾ ਚੋਣਾਂ ਵਿਚ ਕੋਈ ਦਿਲਚਸਪੀ ਨਹੀਂ ਦਿਖਾ ਰਹੇ ਹਨ। ਭਾਵੇਂ ਕਿ ਪੰਜਾਬ ਵਿਚੋਂ ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਜਾ ਕੇ ਵਸੇ ਲੱਖਾਂ ਲੋਕਾਂ ਦਾ ਆਪਣੇ ਪਿੰਡਾਂ-ਕਸਬਿਆਂ ਲਈ ਅੰਤਾਂ ਦਾ ਮੋਹ ਹੈ, ਉਹ ਆਪਣੇ ਜਨਮ ਸਥਾਨ ਨੂੰ ਚੰਗੇਰਾ ਬਨਾਉਣ ਲਈ ਸਦਾ ਉਤਸਕ ਦਿਸਦੇ ਹਨ, ਮਾਲੀ ਮਦਦ ਵੀ ਦੇ ਰਹੇ ਹਨ ਅਤੇ ਸਮੇਂ ਸਮੇਂ ਉਹ ਪਿੰਡ ਪੰਚਾਇਤਾਂ, ਵਿਧਾਨ ਸਭਾ ਚੋਣਾਂ ਵਿੱਚ ਡੂੰਘੀ ਦਿਲਚਸਪੀ ਲੈਂਦੇ ਰਹੇ ਹਨ, ਪਰ 2024 ਦੀਆਂ ਲੋਕ ਸਭਾ ਚੋਣਾਂ ਲਈ ਉਹ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਰੱਖ ਰਹੇ ਕੀ ਉਨ੍ਹਾਂ ਦਾ ਚੋਣਾਂ ਪ੍ਰਤੀ ਮੋਹ ਭੰਗ ਹੋ ਗਿਆ ਹੈ ?

ਪੰਜਾਬੀਆਂ ਦੇ ਲੋਕ ਸਭਾ ਵਿਚ ਮੋਹ ਭੰਗ ਹੋਣ ਦਾ ਕਾਰਨ ਉਹ ਨੇਤਾ ਲੋਕ ਹਨ, ਜਿਹਨਾਂ ਨੇ ਰਾਜਨੀਤੀ ਨੂੰ ਲੋਕ ਸੇਵਾ ਵਜੋਂ ਨਹੀਂ ਇੱਕ ਧੰਦੇ ਵਜੋਂ ਅਪਨਾਇਆ ਹੋਇਆ ਹੈ ਅਤੇ ਜਿਹੜੇ ਆਪਣੇ ਹਿੱਤਾਂ ਦੀ ਖਾਤਰ ਲੋਕ ਹਿੱਤ ਵੇਚਣ ਤੋਂ ਗੁਰੇਜ਼ ਨਹੀਂ ਕਰਦੇ। ਪ੍ਰਵਾਸੀ ਵੀਰਾਂ ਨੇ ਕਦੇ ਲੋਕ ਭਲਾਈ ਪਾਰਟੀ ਦੇ ਨੇਤਾ ਬਲਵੰਤ ਸਿੰਘ ਰਾਮੂੰਵਾਲੀਆ ਨੂੰ ਭਰਪੂਰ ਸਹਿਯੋਗ ਦਿੱਤਾ। ਫਿਰ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀ ਪੀ ਪੀ ਦਾ ਪੂਰਾ ਸਾਥ ਦਿੱਤਾ ਪ੍ਰਵਾਸੀ ਪੰਜਾਬੀ ਲੰਮੇ ਸਮੇਂ ਤੋਂ ਹੀ ਦੇਸ਼ ਦੀਆਂ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਨਾਲ ਜੁੜੇ ਹੋਏ ਹਨ। ਭਾਰਤ ਵਿੱਚ 1969 ਤੋਂ ਇੰਡੀਅਨ ਓਵਰਸੀਜ਼ ਕਾਂਗਰਸ ਦੀਆਂ ਕਈ ਇਕਾਈਆਂ ਸਥਾਪਿਤ ਹੋਈਆਂ। ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਅਤੇ ਹੁਣ ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਖਹਿਰਾ ਅਤੇ ਲੁਧਿਆਣਾ ਦੇ ਬੈਂਸ ਭਰਾਵਾਂ ਦੀ ਪਾਰਟੀ ਲੋਕ ਇਨਸਾਫ ਪਾਰਟੀ ਵਲੋਂ ਵੀ ਆਪਣੇ ਵਿਦੇਸ਼ੀ ਸਮਰਥਕਾਂ, ਸੰਸਥਾਵਾਂ ਨਾਲ ਗੂੜ੍ਹੇ ਸਬੰਧ ਬਣਾ ਰੱਖੇ ਹੋਏ ਹਨ। ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ, ਹਰਚਰਨ ਸਿੰਘ ਬਰਾੜ ਦੀ ਨੂੰਹ ਕਰਨ ਕੌਰ ਬਰਾੜ, ਕਾਂਗਰਸ ਪਾਰਟੀ ਦੇ ਹੱਕ ਵਿੱਚ ਸਮੇਂ ਸਮੇਂ ਪ੍ਰਚਾਰ ਕਰਦੇ ਰਹਿੰਦੇ ਸਨ ਅਤੇ ਸਿੱਖ ਖੇਡਾਂ ਜਾਂ ਹੋਰ ਸਮਾਗਮਾਂ ਸਮੇਂ ਪਬਲਿਕ ਅਤੇ ਪ੍ਰਾਈਵੇਟ ਮਿਲਣੀਆਂ ਕਰਦੇ ਰਹੇ ਸਨ ਅਤੇ ਪੰਜਾਬੀ ਮੀਡੀਏ ਦੇ ਪ੍ਰਤੀਨਿਧਾਂ ਨਾਲ ਮਿਲਕੇ ਆਪਣੇ ਪਾਰਟੀ ਪ੍ਰੋਗਰਾਮਾਂ ਦਾ ਪ੍ਰਚਾਰ ਕਰਕੇ ਵੱਡੀ ਮਾਇਕ ਸਹਾਇਤਾ ਅਤੇ ਸਹਿਯੋਗ ਆਪਣੀ ਪਾਰਟੀ ਲਈ ਇੱਕਠੀ ਕਰਦੇ ਰਹੇ। ਮਹਿੰਦਰ ਸਿੰਘ ਗਿਲਜ਼ੀਆਂ ਅਮਰੀਕਾ ਵਿੱਚ ਅਤੇ ਓਵਰਸੀਜ਼ ਕਾਂਗਰਸ ਦੇ ਯੂ.ਕੇ. ਦੇ ਨੇਤਾ ਦਲਜੀਤ ਸਿੰਘ ਸਹੋਤਾ ਅਤੇ ਇਟਲੀ ਦੇ ਕਰਮਜੀਤ ਸਿੰਘ ਢਿਲੋਂ ਆਦਿ ਇਹੋ ਜਿਹੇ ਪ੍ਰਵਾਸੀ ਪੰਜਾਬੀ ਹਨ, ਜਿਹੜੇ ਕਾਂਗਰਸ ਦੀ ਉੱਚ ਲੀਡਰਸ਼ਿਪ ਨੂੰ ਇਹਨਾ ਦੇਸ਼ਾਂ ਵਿਚ ਸਵਾਗਤ ਕਰਨ ਵੇਲੇ ਮੋਹਰੀ ਰੋਲ ਅਦਾ ਕਰਦੇ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਕਦੇ ਪ੍ਰਵਾਸੀ ਪੰਜਾਬੀਆਂ ਵਿਚ ਵੱਡਾ ਅਸਰ ਬਣਾਇਆ ਸੀ, ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਹੋਰ ਮੁਲਕਾਂ ਵਿਚ ਆਪਣੀਆਂ ਇਕਾਈਆਂ ਖੋਲ੍ਹੀਆਂ, ਗੁਰਦੁਆਰਿਆਂ ਵਿਚ ਆਪਣੀ ਸਿਆਸਤ ਕੀਤੀ। ਪਰ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਵੱਡੀ ਹਾਰ ਨੂੰ ਉਨ੍ਹਾਂ ਨੇ ਪ੍ਰਵਾਸੀ ਪੰਜਾਬੀਆਂ ਕਾਰਨ ਆਪਣੀ ਹਾਰ ਹੋਈ ਮੰਨਿਆ, ਕਿਉਂਕਿ ਪ੍ਰਵਾਸੀ ਪੰਜਾਬੀਆਂ ਨੇ ਖੁਲ੍ਹੇ ਆਮ ਆਦਮੀ ਪਾਰਟੀ ਦੀ ਹਮਾਇਤ ਕੀਤੀ ਸੀ। ਸਿੱਟੇ ਵਜੋਂ ਆਮ ਆਦਮੀ ਪਾਰਟੀ ਦੇ ਚਾਰ ਮੈਂਬਰ ਪਾਰਲੀਮੈਂਟ ਚੁਣੇ ਗਏ। ਇਸੇ ਗੁੱਸੇ ਵਿੱਚ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਵਿਦੇਸ਼ਾਂ ਵਿੱਚ ਸਥਾਪਿਤ ਸ਼੍ਰੋਮਣੀ ਅਕਾਲੀ ਦਲ ਦੀਆਂ ਇਕਾਈਆਂ ਨੂੰ "ਨਾਟ ਰਿਕੁਆਇਰਡ ਇੰਡੀਅਨਜ਼" ਗਰਦਾਨਦੇ ਹੋਏ ਭੰਗ ਕਰ ਦਿੱਤਾ। ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਪ੍ਰਵਾਸੀ ਸੰਮੇਲਨ, ਜਿਹਨਾਂ ਵਿੱਚ ਆਪਣੇ ਚਹੇਤਿਆਂ ਨੂੰ ਸੱਦਕੇ ਸਨਮਾਨਿਆ ਜਾਂਦਾ ਸੀ, ਉਨ੍ਹਾਂ ਨੂੰ ਵੀ ਆਈ ਪੀ ਟਰੀਟਮੈਂਟ ਦਿੱਤਾ ਜਾਂਦਾ ਸੀ, ਸਰਕਾਰੀ ਗੱਡੀਆਂ ਦਿਤੀਆਂ ਜਾਂਦੀਆਂ ਸਨ, ਹੋਟਲਾਂ ਵਿਚ ਉਨ੍ਹਾਂ ਦੀ ਆਓ ਭਗਤ ਹੁੰਦੀ ਸੀ, ਬੰਦ ਕਰ ਦਿੱਤੇ ਗਏ। ਪਰ ਜਦੋਂ ਪ੍ਰਵਾਸੀ ਸਹਿਯੋਗ ਵੋਟਾਂ ਨੋਟਾਂ ਬਿਨ੍ਹਾਂ ਨਾ ਸਰਿਆ ਤਾਂ ਬਾਅਦ ਵਿੱਚ ਛੇਤੀ ਹੀ ਅਮਰੀਕਾ, ਕੈਨੇਡਾ ਅਤੇ ਅਸਟ੍ਰੇਲੀਆ ਵਿਚ ਸ਼੍ਰੋਮਣੀ ਅਕਾਲੀ ਦਲ ਦੀਆਂ ਕਈ ਇਕਾਈਆਂ ਸਥਾਪਤ ਕੀਤੀਆਂ। ਪਰ ਸ਼੍ਰੋਮਣੀ ਅਕਾਲੀ ਦਲ ਦੀ ਉਪਰਲੀ ਲੀਡਰਸ਼ਿਪ, ਕੋਟਕਪੂਰਾ ਗੋਲੀ ਕਾਂਡ ਅਤੇ ਬਹਿਬਲ ਕਲਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕਾਰਨ, ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਬਾਦਲਾਂ ਵਿਰੁੱਧ ਸਿੱਖਾਂ ਵਿਚ ਪੈਦਾ ਹੋਏ ਰੋਸ ਕਾਰਨ, ਉਨ੍ਹਾਂ ਦੇਸ਼ਾਂ ਵਿਚ ਆਪਣੇ ਪੈਰ ਨਹੀਂ ਜਮ੍ਹਾ ਸਕੀ। ਕਾਂਗਰਸੀ ਨੇਤਾਵਾਂ ਖਾਸ ਕਰਕੇ ਪੰਜਾਬੀ ਕਾਂਗਰਸੀ ਨੇਤਾਵਾਂ ਨੂੰ ਵੀ ਲਗਭਗ ਇਹੋ ਜਿਹੀ ਸਥਿਤੀ ਦਾ ਹੀ ਸਾਹਮਣਾ ਕਰਨਾ ਪਿਆ, ਜਿਸਦੇ ਉੱਚ ਨੇਤਾ ਸਮੇਤ ਮੁੱਖ ਮੰਤਰੀ ਅਮਰਿੰਦਰ ਸਿੰਘ ਪ੍ਰਵਾਸੀ ਪੰਜਾਬੀਆਂ ਦੇ ਕੋਲ ਨਾ ਪੁੱਜ ਸਕੇ ਅਤੇ ਨਾ ਹੀ ਉਨ੍ਹਾਂ ਦੀ ਹਮਾਇਤ ਪ੍ਰਾਪਤ ਕਰ ਸਕੇ।

ਅਕਾਲੀ ਅਤੇ ਕਾਂਗਰਸ ਦੇ ਪੰਜਾਬੀ ਆਗੂਆਂ ਨਾਲੋਂ ਆਮ ਆਦਮੀ ਪਾਰਟੀ ਦੇ ਆਗੂ ਵਿਦੇਸ਼ਾਂ ਵਿੱਚ ਵਧੇਰੇ ਸਰਗਰਮ ਹਨ। ਭਾਵੇਂ ਕਿ ਉਨ੍ਹਾਂ ਵਿਚੋਂ ਟੁੱਟਕੇ ਬਹੁਤ ਲੋਕ ਸੁਖਪਾਲ ਸਿੰਘ ਖਹਿਰਾ ਅਤੇ ਬੈਂਸ ਭਰਾਵਾਂ ਦੀਆਂ ਪਾਰਟੀਆਂ ਨਾਲ ਜੁੜੇ ਹਨ, ਪਰ ਖੱਖੜੀ ਖੱਖੜੀ ਹੋਈਆਂ ਇਹਨਾ ਧਿਰਾਂ ਨਾਲ ਵੀ ਪ੍ਰਵਾਸੀ ਪੰਜਾਬੀਆਂ ਦਾ ਹੁਣ ਬਹੁਤਾ ਤੇਹ-ਪਿਆਰ ਵੇਖਣ ਨੂੰ ਨਹੀਂ ਮਿਲ ਰਿਹਾ। ਕਦੇ ਕੇਜਰੀਵਾਲ, ਸੁੱਚਾ ਸਿੰਘ ਛੋਟੇਪੁਰ, ਭਗਵੰਤ ਮਾਨ ਜਿਹੇ ਨੇਤਾਵਾਂ ਨੂੰ ਪ੍ਰਵਾਸੀ ਹੱਥੀਂ ਛਾਵਾਂ ਕਰਦੇ ਸਨ। ਹਜ਼ਾਰਾਂ, ਲੱਖਾਂ ਡਾਲਰ ਉਨ੍ਹਾਂ ਆਮ ਆਦਮੀ ਪਾਰਟੀ ਲਈ ਕੁਰਬਾਨ ਕਰ ਦਿੱਤੇ ਤਾਂ ਜੋ ਪੰਜਾਬ ਦਾ ਸੁਧਾਰ ਹੋਵੇ ਪਰ ਅੰਤ ਵਿੱਚ ਉਨ੍ਹਾਂ ਪੱਲੇ ਨਿਰਾਸ਼ਤਾ ਆਈ। ਆਮ ਆਦਮੀ ਪਾਰਟੀ ਨੂੰ ਤਾਂ ਉਨ੍ਹਾਂ ਤਨ, ਮਨ, ਧਨ ਨਾਲ ਸਹਾਇਤਾ ਦਿੱਤੀ, ਇਸ ਨੂੰ ਕਬੂਲਿਆ ਅਤੇ ਪੰਜਾਬ ਵਿਚ ਆਕੇ ਵੀ ਇਸਦੇ ਹੱਕ ਵਿੱਚ ਪ੍ਰਚਾਰ ਕੀਤਾ ਪਰ ਆਮ ਆਦਮੀ ਪਾਰਟੀ ਦੇ ਨੇਤਾ ਪ੍ਰਵਾਸੀ ਪੰਜਾਬੀਆਂ ਦੇ ਪਿਆਰ ਦੇ ਹਾਣ ਦੇ ਨਾ ਹੋ ਸਕੇ।'

ਪ੍ਰਵਾਸੀ ਪੰਜਾਬੀਆਂ ਦਾ ਸਿਆਸਤ ਵਿਚੋਂ ਮੋਹ ਭੰਗ ਹੋਣ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪਿਛਲੇ 5 ਸਾਲਾਂ ਦੌਰਾਨ ਸਿਰਫ 75 ਐੱਨ. ਆਰ. ਆਈ. ਹੀ ਵਧੇ ਹਨ। ਜੇਕਰ ਚੋਣ ਕਮਿਸ਼ਨ ਦੇ ਅੰਕੜਿਆਂ ਦੀ ਗੱਲ ਕਰੀਏ ਤਾਂ ਮਾਰਚ-2024 ਤੱਕ ਵੋਟਰ ਸੂਚੀ ਮੁਤਾਬਕ ਪੰਜਾਬ ਵਿਚ ਐੱਨ. ਆਰ. ਆਈ. ਵੋਟਰਾਂ ਦੀ ਗਿਣਤੀ 1597 ਹੈ, ਜਦੋਂ ਕਿ 2019 ਦੀਆਂ ਲੋਕ ਸਭਾ ਚੋਣਾਂ ਵਿਚ ਇਹ ਗਿਣਤੀ 1522 ਸੀ, ਜਦੋਂ ਕਿ ਪੰਜਾਬ ਤੋਂ ਲੱਖਾਂ ਪੰਜਾਬੀ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਸਮੇਤ ਹੋਰ ਦੇਸ਼ਾਂ ਵਿਚ ਜਾ ਕੇ ਵਸੇ ਹੋਏ ਹਨ। ਇਹ ਐੱਨ. ਆਰ. ਆਈ. ਸਮੇਂ-ਸਮੇਂ 'ਤੇ ਪੰਜਾਬ ਵੀ ਆਉਂਦੇ ਰਹਿੰਦੇ ਹਨ।

ਹਾਲ ਹੀ ਵਿਚ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਏ ਐੱਨ. ਆਰ. ਆਈ. ਮਿਲਣੀ ਸਮਾਰੋਹ ਵਿਚ ਵੀ ਵੱਡੀ ਗਿਣਤੀ ਵਿਚ ਐੱਨ. ਆਰ. ਆਈ. ਹਿੱਸਾ ਲੈਣ ਲਈ ਪੁੱਜੇ ਸਨ। ਇਕ ਅਖ਼ਬਾਰ ਵਿਚ ਛਪੇ ਅੰਕੜਿਆਂ ਮੁਤਾਬਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਐੱਨ. ਆਰ. ਆਈ. ਵੋਟਰਾਂ ਦੀ ਗਿਣਤੀ ਕੁੱਝ ਇਸ ਤਰ੍ਹਾਂ ਹੈ-ਗੁਰਦਾਸਪੁਰ ਵਿਚ 442, ਅੰਮ੍ਰਿਤਸਰ ਵਿਚ 57, ਖਡੂਰ ਸਾਹਿਬ ਵਿਚ 342, ਜਲੰਧਰ ਵਿਚ 75, ਹੁਸ਼ਿਆਰਪੁਰ ਵਿਚ 135, ਅਨੰਦਪੁਰ ਸਾਹਿਬ 'ਚ 278, ਲੁਧਿਆਣਾ 'ਚ 65, ਫਤਿਹਗੜ੍ਹ ਸਾਹਿਬ ਵਿਚ 36, ਫਰੀਦਕੋਟ 'ਚ 58, ਫਿਰੋਜ਼ਪੁਰ ਵਿਚ 21, ਬਠਿੰਡਾ ਵਿਚ 16, ਸੰਗਰੂਰ ਵਿਚ 36 ਅਤੇ ਪਟਿਆਲਾ ਵਿਚ 36 ਹੈ। ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਸਿਬਿਨ ਸੀ. ਦਾ ਕਹਿਣਾ ਹੈ ਕਿ ਕਿ ਪੰਜਾਬ ਵਿਚ ਐੱਨ. ਆਰ. ਆਈ. ਵੋਟਰਾਂ ਦੀ ਗਿਣਤੀ ਕਾਫੀ ਘੱਟ ਹੈ ਪਰ ਚੋਣ ਕਮਿਸ਼ਨ ਕੋਸ਼ਿਸ਼ ਕਰ ਰਿਹਾ ਹੈ ਕਿ ਜ਼ਿਆਦਾ ਗਿਣਤੀ ਵਿਚ ਐਨ. ਆਰ. ਆਈ. ਲੋਕ ਵੋਟਰ ਸੂਚੀ ਵਿਚ ਆਪਣਾ ਨਾਂ ਦਰਜ ਕਰਵਾਉਣ।

ਇੰਗਲੈਂਡ ਦੇ ਪੱਤਰਕਾਰ ਡਾਕਟਰ ਸ਼ਿੰਗਾਰਾ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਪ੍ਰਵਾਸੀ ਪੰਜਾਬੀਆਂ ਪੰਜਾਬ ਦੇ ਵਿਕਾਸ ਪਾਉਣ ਦਾ ਯਤਨ ਕੀਤਾ। ਧਰਮ ਅਸਥਾਨ, ਹਸਪਤਾਲ, ਸੀਵਰੇਜ, ਸਟੇਡੀਅਮ ਆਦਿ ਦੀ ਉਸਾਰੀ ਕਰਾਈ। ਟੂਰਨਾਮੈਂਟ ਕਰਵਾਏ, ਖੇਡਾਂ ਨੂੰ ਉਤਸ਼ਾਹਿਤ ਕੀਤਾ। ਪਰ ਉਹਨਾ ਦੀ ਵਿਸ਼ੇਸ਼ ਤਾਂਘ ਆਪਣੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ ਹੈ। ਉਹ ਆਪਣੇ ਪਿੰਡਾਂ ਸ਼ਹਿਰਾਂ ਵਿਚ ਉਸੇ ਕਿਸਮ ਦੀਆਂ ਸਹੂਲਤਾਂ, ਨਾਗਰਿਕ ਹੱਕ ਦਵਾਉਣ ਦੇ ਚਾਹਵਾਨ ਹਨ, ਜਿਹਨਾਂ ਨੂੰ ਉਹ ਆਪ ਹੰਢਾ ਰਹੇ ਹਨ। ਇਸੇ ਕਰਕੇ ਉਹ ਆਪਣੇ ਦੇਸ਼ ਵਿਚ ਸੁਚੱਜੀ ਸਰਕਾਰ ਦੇ ਚਾਹਵਾਨ ਰਹੇ ਹਨ। ਪਰ ਕੁਰਸੀਆਂ ਹਥਿਆਉਣ ਲਈ ਹਰ ਹੀਲਾ ਵਰਤਣ ਵਾਲੇ ਨੇਤਾਵਾਂ ਨੇ ਪਿਛਲੇ ਸਮੇਂ ਵਿਚ ਪ੍ਰਵਾਸੀਆਂ ਦੇ ਸੁਫਨੇ ਚੂਰ- ਚੂਰ ਕੀਤੇ ਹਨ। ਸ਼ਾਇਦ ਇਸੇ ਕਰਕੇ ਪ੍ਰਵਾਸੀ ਖਾਸ ਕਰਕੇ ਕੈਨੇਡਾ, ਅਮਰੀਕਾ ਵਸਦੇ ਪ੍ਰਵਾਸੀ ਪੰਜਾਬੀ ''ਗੰਦਲੀ ਭਾਰਤੀ ਸਿਆਸਤ'' ਤੋਂ ਮੂੰਹ ਫੇਰ ਬੈਠੇ ਹਨ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਹਾਲੇ ਤਕ ਕੋਈ ਖਾਸ ਦਿਲਚਸਪੀ ਨਹੀਂ ਦਿਖਾ ਰਹੇ।

**ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ।**

# ਵਿਦੇਸ਼ਾਂ ਵਿਚ ਜ਼ਿੰਦਾ ਹੈ ਪੰਜਾਬੀਅਤ ਤੇ ਵਿਰਸਾ

ਪਰਮਜੀਤ ਕੌਰ ਸਰਹਿੰਦ



ਅੱਜ ਪਰਵਾਸ ਪੰਜਾਬੀਆਂ ਦੇ ਮੱਥੇ ਦੀ ਲਕੀਰ ਬਣ ਕੇ ਰਹਿ ਗਿਆ ਹੈ। ਪਿੰਡ ਹੈ ਜਾਂ ਸ਼ਹਿਰ, ਕੋਈ ਘਰ ਅਜਿਹਾ ਨਹੀਂ ਦਿਸਦਾ ਜਿਸ ਵਿਚੋਂ ਕੋਈ ਪਰਦੇਸ ਨਾ ਗਿਆ ਹੋਵੇ। ਕਈ ਘਰ ਤਾਂ ਪੂਰੇ ਦੇ ਪੂਰੇ ਹੀ ਖ਼ਾਲੀ ਹੋਏ ਦਿਸਦੇ ਹਨ। ਕੁਝ ਲੋਕ ਪਹਿਲਾਂ-ਪਹਿਲਾਂ ਖੱਟੀ ਕਮਾਈ ਲਈ ਗਏ, ਕੁਝ ਮੁੰਡੇ-ਕੁੜੀਆਂ ਸੰਯੋਗ ਵੱਸ, ਕੁਝ ਦੇਖਾ-ਦੇਖੀ ਤੇ ਹੁਣ ਪੜ੍ਹਾਈ ਤੇ ਰੁਜ਼ਗਾਰ ਲਈ ਪੰਜਾਬ ਦੀ ਜਵਾਨੀ ਪਰਦੇਸਾਂ ਵਿਚ ਜਾ ਰਹੀ ਹੈ। ਬਹੁਤ ਪਹਿਲਾਂ ਲੋਕਾਂ ਨੇ ਪਰਦੇਸ ਵਿਚ ਦੌਲਤ ਕਮਾ ਕੇ ਆਪਣੇ ਮੁਲਕ, ਆਪਣੇ ਥਾਵਾਂ-ਗਰਾਵਾਂ ਵਿਚ ਤਕੜੀਆਂ ਜ਼ਮੀਨਾਂ-ਜਾਇਦਾਦਾਂ ਬਣਾਈਆਂ ਪਰ ਅੱਜ ਦੀ ਤ੍ਰਾਸਦੀ ਹੈ ਕਿ ਹੁਣ ਪੰਜਾਬੀ ਜੱਦੀ-ਪੁਸ਼ਤੈਨੀ ਜਾਇਦਾਦਾਂ ਵੇਚ ਕੇ ਪਰਦੇਸਾਂ ਨੂੰ ਜਾ ਰਹੇ ਹਨ। ਪੰਜਾਬ ਦੇ ਮਾੜੇ ਹਾਲਾਤ ਤੇ ਬੇਰੁਜ਼ਗਾਰੀ ਇਸ ਦਾ ਵੱਡਾ ਕਾਰਨ ਬਣੇ ਹਨ।

ਵਿਚਾਰਨਯੋਗ ਮੁੱਦਾ ਇਹ ਵੀ ਹੈ ਕਿ ਮਿਹਨਤ-ਮਜ਼ਦੂਰੀ ਕਰਨ ਵਾਲੇ ਹੋਣ ਜਾਂ ਕੋਈ ਵੱਡੇ ਕਾਰੋਬਾਰੀ, ਇਨ੍ਹਾਂ ਦੇ ਮਨਾਂ ਵਿਚ ਆਪਣੇ ਵਤਨ ਦੀ ਮਿੱਟੀ ਦਾ ਮੋਹ ਤੇ ਜੜ੍ਹਾਂ ਦੀ ਖਿੱਚ ਬਰਕਰਾਰ ਰਹਿੰਦੀ ਹੈ। ਜਦੋਂ ਵੀ ਅਸੀਂ ਆਪਣੇ ਧੀ-ਜਵਾਈ ਤੇ ਦੋਹਤੇ-ਦੋਹਤੀਆਂ ਕੋਲ ਨਾਰਵੇ ਜਾਂ ਇੰਗਲੈਂਡ ਆਉਂਦੇ ਹਾਂ ਤਾਂ ਇੱਥੇ ਪਰਦੇਸ ਵਿਚ ਇਨ੍ਹਾਂ ਗੱਲਾਂ ਦਾ ਬੜੀ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ। ਅਜੋਕੇ ਸਮੇਂ ਤਾਂ ਹਰ ਮੁਲਕ ਵਿਚ ਪੰਜਾਬੀ ਵਸਦੇ ਹਨ ਪਰ ਕੁਝ ਸਮਾਂ ਪਹਿਲਾਂ ਅਜਿਹਾ ਨਹੀਂ ਸੀ ਖ਼ਾਸ ਕਰਕੇ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਵਾਲੇ ਮੁਲਕ ਨਾਰਵੇ ਵਿਚ। ਇੱਥੇ ਅਜੇ ਵੀ ਪੰਜਾਬੀਆਂ ਦੀ ਗਿਣਤੀ ਬਹੁਤ ਘੱਟ ਹੈ। ਤਾਜ਼ਾ ਅੰਕੜਿਆਂ ਅਨੁਸਾਰ ਨਾਰਵੇ ਵਿਚ ਤਕਰੀਬਨ ਸਤਾਰਾਂ ਹਜ਼ਾਰ ਭਾਰਤੀ ਹਨ ਜਿਨ੍ਹਾਂ ਵਿਚੋਂ ਲਗਪਗ ਪੰਜ ਹਜ਼ਾਰ ਸਿੱਖ ਹਨ। ਵੱਡਾ ਕਾਰਨ ਹੈ ਕਿ ਇਸ ਮੁਲਕ ਦੀ ਭਾਸ਼ਾ ਨੌਰਵੀਯੀਅਨ ਹੈ। ਕਿਸੇ ਵੀ ਪੜ੍ਹਾਈ ਜਾਂ ਕਿੱਤੇ ਦੇ ਹਿਸਾਬ ਨਾਲ ਪਹਿਲਾਂ ਇੱਥੋਂ ਦੀ ਭਾਸ਼ਾ ਸਿੱਖਣੀ ਲਾਜ਼ਮੀ ਹੈ। ਆਮ ਪੱਧਰ ਦੀ ਪੜ੍ਹਾਈ ਕਰ ਕੇ ਮਰਦ-ਮੁੰਡੇ ਬੱਸ ਡਰਾਈਵਰ ਦਾ ਕਿੱਤਾ ਅਪਨਾ ਲੈਂਦੇ ਹਨ। ਕੁਝ ਹੱਥੀਂ ਕਰਨ ਵਾਲਾ ਕੰਮ ਕਰਦੇ ਹਨ ਜਿਵੇਂ ਰਾਜ ਮਿਸਤਰੀ ਤੇ ਲੱਕੜ ਮਿਸਤਰੀ। ਇਹ ਪੀਜ਼ਾ ਹੱਟ, ਦੁਕਾਨਾਂ ਜਾਂ ਕਿਸੇ 'ਸ਼ਾਪਿੰਗ ਮਾਲ' ਵਿਚ ਕੰਮ ਕਰਨ ਲੱਗਦੇ ਹਨ। ਜਿਹੜੇ ਭਾਰਤੀ/ਪੰਜਾਬੀ ਉੱਚ ਵਿੱਦਿਆ ਹਾਸਲ ਕਰਨ ਉਪਰੰਤ ਆਉਂਦੇ ਹਨ ਉਹ ਇੱਥੇ ਹੋਰ ਪੜ੍ਹਾਈ ਕਰਨ ਤੋਂ ਬਾਅਦ ਉੱਚ ਅਹੁਦਿਆਂ 'ਤੇ ਵੀ ਜਾ ਪੁੱਜਦੇ ਹਨ।

ਇਹ ਆਪਣੇ ਵਤਨ ਦਾ ਮਾਣ ਬਣਦੇ ਹਨ। ਇਸ ਔਖੀ ਭਾਸ਼ਾ ਵਾਲੇ ਮੁਲਕ ਵਿਚ ਉਹ ਸਿਆਸੀ ਰੁਤਬੇ ਵੀ ਹਾਸਲ ਕਰਦੇ ਹਨ। ਇਹ ਪੰਜਾਬੀ ਹਿੰਮਤੀ ਕਿਸੇ ਕਮਿਸ਼ਨਰ ਜਾਂ ਡਾਕਟਰ ਦੇ ਅਹੁਦੇ 'ਤੇ ਵੀ ਪੁੱਜਦੇ ਹਨ ਅਤੇ ਤਕੜੇ ਕਾਰੋਬਾਰੀ ਵੀ ਹਨ। ਹੈਰਾਨੀਜਨਕ ਗੱਲ ਹੈ ਕਿ ਇਨ੍ਹਾਂ ਹਿੰਮਤੀ ਪੰਜਾਬੀ ਪੁੱਤਰਾਂ ਨੇ ਖੇਤੀਬਾੜੀ ਦੇ ਧੰਦੇ ਨੂੰ ਲਾਹੇਵੰਦ ਕਿੱਤਾ ਬਣਾਉਣ ਦੀ ਕਮਾਲ ਵੀ ਕਰ ਦਿਖਾਈ ਹੈ। ਵਰਤਮਾਨ ਸਮੇਂ ਭਾਰਤੀ ਮੂਲ ਦੀਆਂ ਕੁੜੀਆਂ ਜਾਂ ਔਰਤਾਂ ਇੱਥੇ ਸਹਾਇਕ ਨਰਸਾਂ ਦੇ ਕੰਮ ਲਈ ਆ ਰਹੀਆਂ ਹਨ। ਇਨ੍ਹਾਂ ਨੂੰ ਵੀ ਪਹਿਲਾਂ ਨੌਰਵੀਯੀਅਨ ਭਾਸ਼ਾ ਸਿੱਖਣੀ ਪੈਂਦੀ ਹੈ। ਇਨ੍ਹਾਂ ਨੂੰ 'ਯੈਲਪੇ ਪਲਈਅਰ' ਕਿਹਾ ਜਾਂਦਾ ਹੈ। ਜੇਕਰ ਕੋਈ ਭਾਰਤ ਤੋਂ ਨਰਸਿੰਗ ਦਾ ਕੋਰਸ ਕਰ ਕੇ ਵੀ ਆਉਂਦੀ ਹੈ ਉਹ ਵੀ ਇੱਥੇ ਸਹਾਇਕ ਨਰਸ ਦਾ ਕੰਮ ਹੀ ਕਰਦੀ ਹੈ।



ਇਨ੍ਹਾਂ ਦਾ ਕੰਮ ਜ਼ਿਆਦਾਤਰ ਬਜ਼ੁਰਗਾਂ ਦੀ ਸਾਂਭ-ਸੰਭਾਲ ਕਰਨਾ ਹੀ ਹੁੰਦਾ ਹੈ। ਅਫ਼ਸੋਸ ਦੀ ਗੱਲ ਹੈ ਕਿ ਬਹੁਤ ਘੱਟ ਲੋਕ ਮਿਹਨਤੀ ਹੁੰਦੇ ਹਨ ਤੇ ਇਹ ਉਸੇ ਛੋਟੇ ਜਿਹੇ ਦਾਇਰੇ ਵਿਚ ਰਹਿ ਕੇ ਕੰਮ ਕਰੀ ਜਾਂਦੇ ਹਨ। ਮਿਹਨਤੀ ਤੇ ਸਿਰੜੀ ਲੋਕ ਹੀ ਉੱਚ ਮੁਕਾਮ ਹਾਸਲ ਕਰਦੇ ਹਨ। ਜਦੋਂ 2005 ਵਿਚ ਸਾਡੀ ਧੀ ਨੂੰ ਸੰਯੋਗ ਇਸ ਬਰਫਾਨੀ ਧਰਤੀ ਉੱਤੇ ਚੋਗ ਚੁਗਣ ਲਈ ਲੈ ਆਇਆ ਤਾਂ ਸਾਨੂੰ ਵੀ ਇੱਥੇ ਆਉਣ ਦੇ ਕਈ ਮੌਕੇ ਮਿਲੇ। ਸਾਡੀ ਇਹ ਨੌਰਵੇ ਦੀ ਛੇਵੀਂ ਫੇਰੀ ਹੈ। ਪਹਿਲਾਂ-ਪਹਿਲ ਕਿਸੇ 'ਸ਼ਾਪਿੰਗ ਸੈਂਟਰ' ਵਿਚ ਕੋਈ ਪੰਜਾਬੀ ਦਿਸਦਾ ਤਾਂ ਮੈਨੂੰ ਉਹ ਆਪਣਾ-ਆਪਣਾ ਲੱਗਦਾ। ਇਹ ਸਾਂਝਾਂ, ਪੰਜਾਬੀ ਸਕੂਲ, ਪੰਜਾਬੀ ਮੇਲਿਆਂ ਜਾਂ ਗੁਰਦੁਆਰਾ ਸਾਹਿਬ ਵਿਖੇ ਮਿਲਣ ਨਾਲ ਵੀ ਬਣ ਜਾਂਦੀਆਂ ਹਨ। ਮਨ ਬਹੁਤ ਖ਼ੁਸ਼ ਹੁੰਦਾ ਹੈ ਜਦੋਂ ਇਹ ਲੋਕ ਪੰਜਾਬ ਤੋਂ ਆਏ ਇਕ-ਦੂਜੇ ਦੇ ਮਾਪਿਆਂ ਜਾਂ ਭੈਣ-ਭਰਾਵਾਂ ਨੂੰ ਮੋਹ ਭਰੇ ਸੱਦੇ ਦੇ ਕੇ ਆਪਣੇ ਘਰੀਂ ਖਾਣੇ 'ਤੇ ਬੁਲਾਉਂਦੇ ਹਨ। ਇਹ ਆਪਣੇ ਵਤਨ ਪ੍ਰਤੀ ਇਨ੍ਹਾਂ ਦਾ ਵੈਰਾਗ ਜਾਂ ਪ੍ਰੇਮ ਹੀ ਤਾਂ ਹੁੰਦਾ ਹੈ। ਇਨ੍ਹਾਂ ਪ੍ਰੇਮ-ਮਿਲਣੀਆਂ ਮੌਕੇ ਤੋਹਫ਼ਿਆਂ ਦਾ ਲੈਣ-ਦੇਣ ਵੀ ਹੁੰਦਾ ਹੈ। ਮੈਂ ਇਨ੍ਹਾਂ ਮੁਹੱਬਤੀ ਜਿਊੜਿਆਂ ਲਈ ਪਟਿਆਲੇ ਤੋਂ ਫੁਲਕਾਰੀਆਂ ਤੇ ਸੀਸੇ-ਮੋਤੀ ਜੜੀਆਂ ਪਰਾਂਦੀਆਂ ਜ਼ਰੂਰ ਲੈ ਕੇ ਜਾਂਦੀ ਹਾਂ।

ਪੰਜਾਬੀ ਜਾਂ ਭਾਰਤੀ ਮੂਲ ਦੇ ਬੱਚਿਆਂ ਨੂੰ ਸਕੂਲ-ਕਾਲਜ ਤੋਂ ਲੈ ਕੇ ਆਮ ਜੀਵਨ ਵਰਤਾਰੇ 'ਚ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਰਾਣੇ ਬਜ਼ੁਰਗਾਂ ਦਾ ਨਜ਼ਰੀਆ ਪਰਵਾਸੀਆਂ ਪ੍ਰਤੀ ਨਾਂਹ-ਪੱਖੀ ਹੈ। ਦਰਅਸਲ ਅਸਲੀਅਤ ਇਹ ਹੈ ਕਿ ਇਹ ਲੋਕ ਸਾਡੇ ਮਿਹਨਤੀ ਲੋਕਾਂ ਨੂੰ ਤਰੱਕੀਆਂ ਕਰਦੇ ਤੇ ਬੁਲੰਦੀਆਂ 'ਤੇ ਪੁੱਜਦੇ ਬਰਦਾਸ਼ਤ ਨਹੀਂ ਕਰਦੇ। ਅਜੋਕੇ ਸਮੇਂ ਵੀ ਭਾਵੇਂ ਇਹ ਸਮੱਸਿਆ ਆੜੇ ਆ ਰਹੀ ਹੈ ਪਰ ਅਗਲੀਆਂ ਪੀੜ੍ਹੀਆਂ ਦੇ ਦ੍ਰਿਸ਼ਟੀਕੋਣ ਵਿਚ ਉਨ੍ਹਾਂ ਨਾਲੋਂ ਕੁਝ ਅੰਤਰ ਹੈ।

ਮੂਲ ਕਾਰਨ ਇਹ ਵੀ ਹੈ ਕਿ ਪੰਜਾਬੀ ਪਰਿਵਾਰਾਂ ਦੀ ਤੀਜੀ ਪੀੜ੍ਹੀ ਵੀ ਗੋਰੇ ਸੱਭਿਆਚਾਰ 'ਚ ਰਚ-ਮਿਚ ਨਹੀਂ ਸਕੀ। ਪੰਜਾਬੀ ਪਰਿਵਾਰਾਂ ਦੇ ਬੱਚੇ ਜੇਕਰ ਵਿਦੇਸ਼ੀ ਦੋਸਤਾਂ ਵਾਲਾ ਰਹਿਣ-ਸਹਿਣ ਅਪਨਾ ਲੈਂਦੇ ਹਨ ਤਾਂ ਉਹ ਸਾਡੇ ਵੱਡਿਆਂ ਨੂੰ ਵਾਰਾ ਨਹੀਂ ਖਾਂਦਾ। ਇਸ ਹਾਲਤ 'ਚ ਬੱਚੇ ਮਾਪਿਆਂ ਤੋਂ ਬਾਗ਼ੀ ਹੋ ਜਾਂਦੇ ਹਨ ਤੇ ਘਰਾਂ 'ਚ ਕਲੇਸ਼ ਹੁੰਦਾ ਹੈ। ਜੇ ਕੋਈ ਪੂਰਾ ਪਰਿਵਾਰ ਇਹ ਵਿਦੇਸ਼ੀ ਸੱਭਿਆਚਾਰ (ਕਲਚਰ) ਅਪਨਾ ਲੈਂਦਾ ਹੈ ਤਾਂ ਉੱਥੇ ਇਹ ਸੰਕਟ ਪੈਦਾ ਨਹੀਂ ਹੁੰਦਾ ਪਰ ਇਹ ਬਹੁਤ ਘੱਟ ਦੇਖਣ-ਸੁਣਨ ਨੂੰ ਮਿਲਦਾ ਹੈ। ਵਿੱਦਿਅਕ ਅਦਾਰਿਆਂ ਵਿਚ ਸਤਾਰਾਂ-ਅਠਾਰਾਂ ਸਾਲਾਂ ਦੀ ਉਮਰ ਦੇ ਮੁੰਡੇ-ਕੁੜੀਆਂ ਦੀ ਸਾਰਿਆਂ ਨਾਲ ਦੋਸਤਾਨਾ ਸਾਂਝ ਬਣ ਜ਼ਰੂਰ ਜਾਂਦੀ ਹੈ ਪਰ ਉਹ ਗੱਲ ਨਹੀਂ ਬਣਦੀ ਜੋ ਇਨ੍ਹਾਂ ਦੀ ਆਪਣੇ ਪੰਜਾਬੀ ਭਾਈਚਾਰੇ ਨਾਲ ਹੁੰਦੀ ਹੈ।

ਇਹ ਸਾਰੇ ਕਿਸੇ ਇਕ ਦੇ ਜਨਮ ਦਿਨ ਜਾਂ ਕਿਸੇ ਹੋਰ ਖ਼ੁਸ਼ੀ ਮੌਕੇ ਇਕੱਠੇ ਹੋ ਕੇ ਜਸ਼ਨ ਮਨਾਉਂਦੇ ਹਨ ਪਰ ਇਨ੍ਹਾਂ ਨੂੰ ਉਹ ਖ਼ੁਸ਼ੀ ਤੇ ਸੰਤੁਸ਼ਟੀ ਨਹੀਂ ਮਿਲਦੀ ਜੋ ਆਪਣੀਆਂ ਜੜ੍ਹਾਂ ਦੀ ਸਾਂਝ ਵਾਲੇ ਦੋਸਤਾਂ-ਸਹੇਲੀਆਂ ਨਾਲ ਮਿਲਦੀ ਹੈ। ਇਸ ਗੱਲ ਦਾ ਅਹਿਸਾਸ ਮੈਨੂੰ ਉਦੋਂ ਬੜੀ ਸ਼ਿੱਦਤ ਨਾਲ ਹੋਇਆ ਜਦੋਂ ਸਾਡੇ ਦੋਹਤੇ ਨੇ ਵੱਖਰੇ ਤੌਰ 'ਤੇ ਆਪਣੇ ਪੰਜਾਬੀ ਦੋਸਤਾਂ ਨੂੰ ਘਰ ਬੁਲਾ ਕੇ ਜਨਮ ਦਿਨ ਮਨਾਇਆ। ਇਹ ਮੁੰਡੇ ਸਾਰਾ ਦਿਨ ਹੱਸਦੇ-ਖੇਡਦੇ ਦੇਸੀ ਤੇ ਅੰਗਰੇਜ਼ੀ ਰਲਿਆ-ਮਿਲਿਆ ਭੋਜਨ ਖਾਂਦੇ-ਪੀਂਦੇ ਬਹੁਤ ਖ਼ੁਸ਼ ਸਨ। ਇਨ੍ਹਾਂ ਵਿਚ ਕੋਈ 'ਜਾਮ ਟਕਰਾਉਣ' ਵਾਲਾ ਨਹੀਂ ਸੀ। ਇਹ ਸਾਰੇ ਆਪਣੀ ਵੱਖਰੀ ਟੋਲੀ ਵਿਚ ਖ਼ੁਸ਼ ਰਹਿੰਦੇ ਹਨ। ਸਮਾਜਿਕ ਤੌਰ 'ਤੇ ਵਿਦੇਸ਼ੀ ਮੁੰਡਿਆਂ ਨਾਲ ਸਹਿੰਦੀ-ਸਹਿੰਦੀ ਸਾਂਝ ਵੀ ਰੱਖਦੇ ਹਨ। ਇਨ੍ਹਾਂ ਮੁੰਡਿਆਂ ਦਾ ਇਹ ਪਿਛੋਕੜ ਦੀ ਬੁਨਿਆਦ 'ਤੇ ਬਣਿਆ 'ਪ੍ਰੇਮ ਸੰਗਠਨ' ਦੇਖ ਕੇ ਮਨ ਨੂੰ ਅਥਾਹ ਖ਼ੁਸ਼ੀ ਹੋਈ। ਤੀਜੀ ਪੁਸ਼ਤ ਵਿਚ ਪਰਦੇਸ ਵਿਚ ਜੰਮੇ-ਪਲੇ ਇਹ ਗਭਰੀਟ ਜਿਹੇ ਮੁੰਡੇ ਮੈਨੂੰ ਪੰਜਾਬ ਦੀ ਮਿੱਟੀ ਦੀ ਮਹਿਕ ਤੇ ਪੌਣਾਂ ਦੀ ਸਰਸਰਾਹਟ ਵਰਗੇ ਪਿਆਰੇ ਲੱਗੇ। 'ਗੋਰਾ ਕਲਚਰ' ਵਿਚ ਜੰਮ-ਪਲ ਕੇ ਵੀ ਇਨ੍ਹਾਂ ਨੇ ਆਪਣੇ ਵਿਰਸੇ ਨੂੰ ਨਹੀਂ ਵਿਸਾਰਿਆ। ਇਨ੍ਹਾਂ ਸਾਰੇ ਮੁੰਡਿਆਂ ਨੇ ਪਿਆਰ-ਸਤਿਕਾਰ ਨਾਲ ਝੁਕ ਕੇ ਸਾਡੇ ਪੈਰੀਂ ਹੱਥ ਲਾਏ ਤੇ ਗਲੇ ਮਿਲੇ। ਇਕ-ਦੋ ਮੁੰਡੇ ਤਾਂ ਸ਼ਕਲ-ਸੂਰਤ ਤੋਂ ਮੈਨੂੰ ਵਿਦੇਸ਼ੀ ਮੂਲ ਦੇ ਹੀ ਜਾਪੇ, ਗੋਰੇ-ਚਿੱਟੇ ਤੇ ਉੱਚੇ-ਲੰਮੇ ਪਰ ਉਹ ਵੀ ਪੰਜਾਬੀ ਪੁੱਤ ਹੀ ਸਨ। ਛੁੱਟੀਆਂ ਦੇ ਦਿਨਾਂ ਵਿਚ ਇਹ ਸ਼ਹਿਰੋਂ ਬਾਹਰ ਘੁੰਮਣ ਵੀ ਚਲੇ ਜਾਂਦੇ ਹਨ ਤੇ ਵਿਹਲੇ ਸਮੇਂ ਕਿਸੇ ਦੋਸਤ ਦੇ ਘਰ ਵੀ ਇਕੱਠੇ ਹੋ ਕੇ ਰੌਣਕ ਲਾ ਲੈਂਦੇ ਹਨ।

ਪਰਿਵਾਰਾਂ ਦੀ ਗੂੜ੍ਹੀ ਸਾਂਝ ਕਾਰਨ ਬੱਚੇ ਵੱਡਿਆਂ ਨੂੰ ਆਂਟੀ-ਅੰਕਲ ਦੀ ਥਾਂ ਮਾਮੇ-ਮਾਸੀਆਂ, ਤਾਇਆ-ਚਾਚਾ ਤੇ ਭੂਆ ਵੀ ਸੰਬੋਧਨ ਕਰਦੇ ਹਨ। ਪੰਜਾਬੀਆਂ ਦੇ ਵਿਰਾਸਤੀ ਗੁਣ ਜਾਂ ਔਗੁਣ ਵੀ ਸਾਹਮਣੇ ਆਉਂਦੇ ਹਨ ਜਦੋਂ ਇਹ ਪਰਿਵਾਰ ਆਪਣੇ ਬੱਚਿਆਂ ਦੇ ਵਿਆਹ ਇਕ-ਦੂਜੇ ਨਾਲ ਕਰਦੇ ਹਨ ਤਾਂ ਚੁੰਝ ਚਰਚਾ ਵੀ ਹੁੰਦੀ ਹੈ ਕਿ ਮਾਮੇ ਜਾਂ ਭੂਆ ਦੇ ਮੁੰਡੇ-ਕੁੜੀਆਂ ਦਾ ਵਿਆਹ ਆਪਸ 'ਚ ਨਹੀਂ ਹੋਣਾ ਚਾਹੀਦਾ। ਇਹ ਰਾਮ-ਰੌਲਾ ਸਾਡੇ ਪੰਜਾਬੀ ਸੱਭਿਆਚਾਰ ਕਾਰਨ ਪੈਂਦਾ ਹੈ ਕਿਉਂਕਿ ਇਨ੍ਹਾਂ ਮੁਲਕਾਂ ਵਿਚ ਆ ਕੇ ਵੀ ਪੁਰਾਣੀ ਸੋਚ ਅਸਰਅੰਦਾਜ਼ ਰਹਿੰਦੀ ਹੈ। ਅਸਲ ਵਿਚ ਸਾਡੇ ਸਮਾਜ ਵਿਚ ਖ਼ੂਨ ਦੀਆਂ ਇਨ੍ਹਾਂ ਸਾਂਝਾਂ ਵਾਲੇ ਰਿਸ਼ਤਿਆਂ ਵਿਚ ਬੱਚਿਆਂ ਦੇ ਵਿਆਹ ਨਹੀਂ ਕੀਤੇ ਜਾਂਦੇ ਅਤੇ ਇਹ ਸਾਡੇ ਲੋਕ ਇੱਥੇ ਵੀ ਨਹੀਂ ਕਰਦੇ।

ਸ਼ਲਾਘਾਯੋਗ ਤੇ ਮਾਣਮੱਤਾ ਪੱਖ ਤਾਂ ਇਹ ਹੈ ਕਿ ਸਾਂਝਾਂ ਸਿਰਜਣ ਤੇ ਨਿਭਾਉਣ ਦਾ ਗੁਣ ਤੇ ਦਿਲ-ਜਿਗਰਾ ਇਹ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਵਾਲਾ ਠੰਢਾ ਮੁਲਕ ਵੀ ਨਹੀਂ ਬਦਲ ਜਾਂ ਮੁਕਾ ਸਕਿਆ। ਇਸ ਜੜ੍ਹਾਂ ਦੀ ਸਾਂਝ ਨੂੰ ਨਾ ਬਰਫਾਨੀ ਹਵਾਵਾਂ ਹਿਲਾ ਸਕੀਆਂ ਤੇ ਨਾ ਜਮਾ ਜਾਂ ਮੁਕਾ ਸਕੀਆਂ ਹਨ। ਪਰਦੇਸ ਵਿਚ ਬੈਠਿਆਂ ਮੁੜ-ਮੁੜ ਇਹ ਖ਼ਿਆਲ ਆਉਂਦਾ ਹੈ ਕਿ ਸਾਡੇ ਮੁਲਕ ਵਿਚ ਨਾ ਐਨੀ ਬਰਫ ਹੈ, ਨਾ ਬਰਫਾਨੀ ਹਵਾਵਾਂ ਤੇ ਨਾ ਛੇ-ਛੇ ਮਹੀਨੇ ਹਨ੍ਹੇਰਾ-ਚਾਨਣਾ। ਫਿਰ ਵੀ ਸਾਡੀਆਂ ਆਪਸੀ ਸਾਂਝਾਂ ਕਿਉਂ ਯਖ ਹੋ ਕੇ ਰਹਿ ਗਈਆਂ ਹਨ? ਕਿਉਂ ਮੁੱਕਦੀਆਂ-ਸੁੱਕਦੀਆਂ ਜਾ ਰਹੀਆਂ ਹਨ?

**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**

**ਲੜੀਵਾਰ ਨਾਵਲ**


**ਸ਼ਿਵਚਰਨ ਜੱਗੀ (ਕੁੱਸਾ)**




**ਫੋਨ : 07853 317 891**

Email: jaggikussa@yahoo.de


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-44**

# ਕੋਸੀ ਧੁੱਪ ਦਾ ਨਿੱਘ




**ਸਾਡੀਆਂ ਸਰਕਾਰਾਂ ਗ਼ਰੀਬੀ, ਸਿੱਖਿਆ, ਰੋਜ਼ਗਾਰ ਅਤੇ ਜਨ-ਸੰਖਿਆ 'ਤੇ ਕੰਟਰੋਲ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀਆਂ ਨੇ..! ਸਾਡੇ ਦੇਸ਼ ਵਿੱਚ ਅਮੀਰੀ ਅਤੇ ਗਰੀਬੀ ਦਾ ਪਾੜਾ ਵਧਿਆ ਹੀ ਹੈ, ਐਸੀ ਘੋਰ ਅਰਾਜਿਕਤਾ ਅਤੇ ਨਿਰਾਸ਼ਾਵਾਦੀ ਵਿਵਸਥਾ ਤੋਂ ਪੈਦਾ ਹੋਣ ਵਾਲ਼ੇ ਰੋਹ ਨੂੰ ਦਬਾਉਣ ਲਈ ਤਮਾਮ ਸਰਕਾਰਾਂ ਦੁਆਰਾ ਬੜੇ ਸ਼ਾਤਰ ਤਰੀਕੇ ਨਾਲ਼ ਗ਼ਰੀਬ, ਬੇਰੁਜ਼ਗਾਰ ਅਤੇ ਅਨਪੜ੍ਹ ਜਨਤਾ ਨੂੰ ਧਾਰਮਿਕ ਜੰਜਾਲ਼ ਵਿੱਚ ਫ਼ਸਾਉਣ ਦਾ ਛੜਯੰਤਰ ਰਚਿਆ ਗਿਆ, ਇਹ ਡੇਰੇ ਜਿਹੜੇ ਥਾਂ-ਥਾਂ ਖੁੱਲ੍ਹੇ ਹੋਏ ਨੇ, ਇਹ ਗੌਰਮਿੰਟਾਂ ਦੀ ਹੀ ਕਾਢ ਨੇ, ਜਿੰਨ੍ਹਾਂ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਖੁੱਲ੍ਹਾਂ ਦਿੱਤੀਆਂ ਅਤੇ ਤੇਜੀ ਨਾਲ਼ ਵਧਣ ਫੁੱਲਣ ਦਿੱਤਾ, ਤੇ ਇਹਨਾਂ ਡੇਰਿਆਂ ਨੂੰ ਆਪਣੇ ਹਿਤਾਂ ਲਈ ਠੋਕ ਕੇ ਵਰਤਿਆ, ਜਦ ਕੋਈ ਡੇਰੇਦਾਰ ਨਾਬਰ ਹੋਇਆ, ਇਹਨਾਂ ਨੇ ਤੁਰੰਤ ਉਸ ਨੂੰ ਚੁੱਕ ਕੇ ਜੇਲ੍ਹ ਵਿੱਚ ਲਿਜਾ ਸੁੱਟਿਆ ਅਤੇ ਉਸ ਦਾ ਅਗਲਾ ਬਦਲ ਮੁੜ ਤੇਜੀ ਨਾਲ਼ ਹਰਕਤ ਵਿੱਚ ਲਿਆਂਦਾ..!"**

## ਕਾਂਡ 18

-"ਫੇਰ..?"

-"ਲਓ ਜੀ, ਅਗਲੇ ਦਿਨ ਬੋਦੀਆਂ ਚੋਪੜ ਕੇ ਵਕੀਲ ਜੱਟ ਕੋਲ਼ ਚਲਿਆ ਗਿਆ, ਕਹਿੰਦਾ ਦੇਖ ਬਾਈ ਥੰਮ੍ਹਣ ਸਿਆਂ, ਮੈਂ ਤੈਨੂੰ 'ਕੱਲਾ ਖੂਹ ਵੇਚਿਆ ਸੀ, ਖੂਹ ਦਾ ਪਾਣੀ ਨੀ ਸੀ ਵੇਚਿਆ..! ਜੇ ਖੂਹ ਦਾ ਪਾਣੀ ਵਰਤਣੈ, ਤਾਂ ਤੈਨੂੰ ਅੱਡ ਪੈਸੇ ਦੇਣੇ ਪੈਣਗੇ..!"

-"............।"

-"ਥੰਮ੍ਹਣ ਸਿਉਂ ਕਹਿੰਦਾ ਵਕੀਲ ਸਾਅਬ ਜਲ ਛਕੋ..! ਤੇ ਪਾਣੀ ਧਾਣੀ ਪਿਆਉਣ ਤੋਂ ਬਾਅਦ ਥੰਮ੍ਹਣ ਬੋਲਿਆ; ਵਕੀਲ ਸਾਅਬ ਸ਼ੁਕਰ ਆ ਤੁਸੀਂ ਆਪ ਈ ਆਗੇ, ਨਹੀਂ ਤਾਂ ਮੈਨੂੰ ਆਉਣਾ ਪੈਣਾ ਸੀ ਥੋਡੇ ਕੋਲ਼ੇ..! ਤੁਸੀਂ ਇਉਂ ਕਰੋ, ਤੁਸੀਂ ਜਿੰਨੀ ਜਲਦੀ ਹੋ ਸਕੇ ਆਪਣੇ ਖੂਹ 'ਚੋਂ ਪਾਣੀ ਕੱਢ ਕੇ ਖੂਹ ਖਾਲੀ ਕਰ ਦਿਓ, ਨਹੀਂ ਕੱਲ੍ਹ ਤੋਂ ਪਾਣੀ ਦਾ ਕਿਰਾਇਆ ਸ਼ੁਰੂ ਹੋ ਜਾਣੈ...!"

-"ਫੇਰ ਬਈ...?"

-"ਫੇਰ ਕੀ..? ਵਕੀਲ ਜੱਟ ਦੇ ਪੈਰੀਂ ਪੈ ਗਿਆ..!"

ਇੱਕ ਹਾਸਾ ਮੱਚ ਗਿਆ।

ਗੱਲਾਂ-ਗੱਲਾਂ ਵਿੱਚ ਗੱਲ ਸਿਆਸਤ ਅਤੇ ਧਰਮ 'ਤੇ ਆ ਖੜ੍ਹੀ।

-"ਧਾਰਮਿਕ ਜਾਂ ਸਿਆਸਤ ਦੇ ਮਸਲਿਆਂ ਉਪਰ ਤਾਂ ਕਾਮਰੇਡ ਲੈਨਿਨ ਹੀ ਚਾਨਣਾ ਪਾ ਸਕਦੈ, ਸਾਡੇ ਦਿਮਾਗ ਤਾਂ ਭਾਈ ਦਿਹਾੜੀਆਂ ਲਾ ਲਾ ਕੇ ਘਸਗੇ..!"

-"ਦੱਸੋ ਲੈਨਿਨ ਸਾਅਬ...!"

-"ਪਹਿਲਾਂ ਆਹ ਪੈੱਗ ਖਾਲੀ ਕਰੋ..!" ਬਰਾੜ ਨੇ ਆਪਣਾ ਪੈੱਗ ਖਿੱਚ ਕੇ ਕਾਮਰੇਡ ਦਾ ਗਿਲਾਸ ਉਸ ਨੂੰ ਫੜਾ ਦਿੱਤਾ।

ਪੈੱਗ ਖਿੱਚਣ ਦੇ ਬਾਵਜੂਦ ਵੀ ਕਾਮਰੇਡ ਸੰਜੀਦਾ ਹੋ ਗਿਆ।

-"ਗੱਲ ਮਿੱਤਰੋ ਇਹ ਐ...!" ਉਸ ਨੇ ਲੰਬਾ ਖੰਘੂਰਾ ਮਾਰਿਆ।

-"ਦੁਨੀਆਂ ਵਿੱਚ ਇੱਕ ਦੇਸ਼ ਐਹੋ ਜਿਹਾ ਧਰਮ ਨਿਰਪੱਖ ਦੇਸ਼ ਚਾਹੀਦੈ, ਜਿਸ ਵਿੱਚ ਸਮਾਜ ਦੇ ਤਮਾਮ ਵਰਗਾਂ ਦੀ ਭਾਈਵਾਲ਼ੀ ਹੋਵੇ, ਇੱਕ ਐਸਾ ਦੇਸ਼, ਇੱਕ ਐਸਾ ਖਿੱਤਾ, ਜਿਹੜਾ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਸਮਝ ਕੇ ਸੱਚੇ ਸੁੱਚੇ ਰਾਹ ਚੱਲਦਾ ਹੋਇਆ ਵਿਸ਼ਵ ਦਾ ਮਾਰਗ ਦਰਸ਼ਕ ਬਣੇ..! ਧਰਮ ਦੇ ਨਾਂ 'ਤੇ ਲੜਾਉਣ ਵਾਲ਼ੇ ਕਦੇ ਖੁਦ ਦੰਗਿਆਂ ਵਿੱਚ ਨਹੀਂ ਸੜਦੇ, ਕਦੇ ਤੁਸੀਂ ਅੱਜ ਤੱਕ ਸੁਣਿਐਂ ਬਈ ਕਿਸੇ ਦੰਗਿਆਂ ਵਿੱਚ ਫਲਾਨਾ ਲੀਡਰ ਮਰ ਗਿਆ...?"

-"ਕਦੇ ਨੀ ਸੁਣਿਆਂ, ਮਰਦੇ ਤਾਂ ਮ੍ਰਾਤੜ ਐ...!"

-"ਰੂਸੀ ਭਾਸ਼ਾ ਵਿੱਚ ਇੱਕ ਕਹਾਵਤ ਹੈ ਕਿ ਅੱਗ ਲੱਗੀ ਵਿੱਚ ਕਦੇ ਕੁੱਤਾ ਨਹੀਂ ਸੜਦਾ, ਉਹ ਝੱਟ ਛਾਲ਼ ਮਾਰ ਕੇ ਕੰਧ ਟੱਪ ਜਾਂਦੈ..! ਹਾਂ, ਗ਼ਰੀਬ ਜਨਤਾ ਵਿੱਚ ਦੰਗੇ ਕਰਵਾ ਕੇ ਮਰਵਾਉਣ ਵਾਲ਼ੇ ਲੀਡਰਾਂ ਦੇ ਬੱਚੇ ਵਿਦੇਸ਼ਾਂ ਵਿੱਚ ਪੜ੍ਹਦੇ ਨੇ ਤੇ ਸੁਰੱਖਿਅਤ ਵੀ ਨੇ...! ਗਰੀਬਾਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਲ਼ੇ ਸਕੂਲਾਂ ਵਿੱਚ ਇੱਕ ਵੀ ਮਾਸਟਰ ਢੰਗ ਦਾ ਨਹੀਂ ਮਿਲੂਗਾ, ਬੱਸ ਇਹੀ ਰਾਜਨੀਤੀ ਹੈ..! ਇਸ ਨੁਕਤੇ ਨੂੰ ਸਾਨੂੰ ਸਭ ਨੂੰ ਸਮਝਣਾ ਪਊਗਾ, ਨਹੀਂ ਤਾਂ ਇਹ ਲੋਕ ਸਾਨੂੰ ਆਪਸ ਵਿੱਚ ਲੜਵਾ ਕੇ ਖ਼ਤਮ ਕਰ ਦੇਣਗੇ..!"

-"ਸਹੀ ਬਾਤ..!"

-"ਇਤਿਹਾਸ ਵਿੱਚ ਕਿਸ ਨੇ ਕੀ ਮੱਲ ਮਾਰੀ, ਇਸ ਨਾਲ਼ ਸਾਡਾ ਕੋਈ ਵੀ ਫ਼ਾਇਦਾ ਨਹੀਂ ਹੋਣਾਂ, ਦੂਜੀ ਵਿਸ਼ਵ ਜੰਗ ਦੇ ਦੌਰਾਨ ਜਪਾਨ ਨੇ ਸੱਤ ਦਸੰਬਰ 1941 ਨੂੰ ਅਮਰੀਕਾ ਦੇ ਪਰਲ ਹਾਰਬੌਰ 'ਤੇ ਹਮਲਾ ਕੀਤਾ, ਇਸ ਦੇ ਬਦਲੇ ਵਿੱਚ ਅਮਰੀਕਾ ਨੇ ਛੇ ਤੇ ਨੌਂ ਅਗਸਤ 1945 ਨੂੰ ਜਪਾਨ ਉਪਰ ਦੋ ਭਿਅੰਕਰ ਐਟਮ ਬੰਬ ਦਾਗੇ, ਜਿਸ ਨਾਲ਼ ਜਪਾਨ ਦੇ ਦੋ ਸ਼ਹਿਰ ਮਲ਼ੀਆਮੇਟ ਹੋ ਗਏ..! ਹੀਰੋਸ਼ੀਮਾਂ ਤੇ ਨਾਗਾਸਾਕੀ ਅਟੈਕ ਬਾਰੇ ਦੁਨੀਆਂ ਜਾਣਦੀ ਐ..! ਅੱਜ ਦੋਨੋਂ ਦੇਸ਼ ਪੁਰਾਣੀਆਂ ਰੰਜ਼ਿਸ਼ਾਂ ਭੁਲਾ ਕੇ, ਇੱਕ ਦੂਜੇ ਦੇ ਮੋਢੇ ਨਾਲ਼ ਮੋਢਾ ਡਾਹ ਕੇ ਕੰਮ ਤੇ ਵਪਾਰ ਕਰ ਰਹੇ ਨੇ, ਇਹੀ ਉਹਨਾਂ ਦੀ ਤਰੱਕੀ ਦਾ ਮੰਤਰ ਹੈ ਕਿ ਉਹ ਸ਼ਕਾਇਤਾਂ ਅਤੇ ਉਲਾਂਭਿਆਂ ਤੋਂ ਦੂਰ ਰਹਿ ਕੇ ਮਿਲ਼ ਕੇ ਚੱਲੇ..! ਜੇ ਉਹ ਕਿੜਾਂ ਕੱਢਣ ਤੇ ਸ਼ਕਾਇਤਾਂ ਕਰਨ ਜਾਂ ਉਲਾਂਭੇ ਦੇਣ ਵਿੱਚ ਲੱਗੇ ਰਹਿੰਦੇ, ਉਹਨਾਂ ਨੇ ਮੱਕੜ ਜਾਲ਼ ਵਾਂਗ ਉਸ ਦੇ ਦੁਆਲ਼ੇ ਹੀ ਖੁਰ-ਵੱਢ ਕਰੀ ਜਾਣੀ ਸੀ, ਤਰੱਕੀ ਨਹੀਂ ਸੀ ਹੋ ਸਕਣੀ...! ਸਾਨੂੰ ਵੀ ਇਹਨਾਂ ਮੁਲਕਾਂ ਤੋਂ ਸਬਕ ਲੈਣਾ ਚਾਹੀਦਾ ਹੈ..!"

-"..................।"

-"ਸੋਚਣਾ ਬਣਦਾ ਹੈ ਕਿ ਜਪਾਨ ਵਰਗਾ ਨਿੱਕਾ ਜਿਹਾ ਦੇਸ਼ ਐਨਾ ਅੱਗੇ ਕਿਉਂ ਹੈ, ਜੋ ਭਾਰਤ ਤੋਂ ਮਿਲ਼ੇ ਗਿਆਨ ਨੂੰ ਆਪਣਾ ਆਦਰਸ਼ ਮੰਨ ਕੇ ਚੱਲਦਾ ਹੈ..! ਜਪਾਨ ਦਾ ਸਵਿਧਾਨ ਭਗਵਾਨ ਬੁੱਧ ਦੇ ਸਿਧਾਂਤ ਉਪਰ ਅਧਾਰਿਤ ਹੈ, ਜਿਸ ਨੇ ਪਾਖੰਡਾਂ ਦਾ ਖੰਡਨ ਕੀਤਾ..। ਪਰ ਅਸੀਂ ਤਾਂ ਬਾਬੇ ਨਾਨਕ ਅਤੇ ਮਹਾਤਮਾ ਬੁੱਧ ਜਿਹੇ ਗੁਰੂਆਂ ਦੇ ਸਿਧਾਂਤਾਂ ਦਾ ਤਿਆਗ ਕਰ ਦਿੱਤਾ, ਤੇ ਅਸੀਂ ਤਾਂ ਜ਼ਾਤ-ਪਾਤ, ਪਾਖੰਡਾਂ ਅਤੇ ਅੰਧ-ਵਿਸ਼ਵਾਸ਼ ਨੂੰ ਅਪਣਾ ਲਿਆ, ਵਿਨਾਸ਼ ਤਾਂ ਸਾਡਾ ਹੋਣਾ ਹੀ ਸੀ..!"

-"ਬਿਲਕੁਲ ਦਰੁਸਤ..!"

-"ਸਾਨੂੰ ਸ਼ਰਮ ਆਉਣੀ ਚਾਹੀਦੀ ਐ ਕਿ ਜਪਾਨ ਵਰਗਾ ਨਿੱਕਾ ਜਿਹਾ ਮੁਲਕ 1957 ਤੋਂ ਕਰੋੜਾਂ ਦੀ ਵਿੱਤੀ ਸਹਾਇਤਾ ਹਰ ਸਾਲ ਦਿੰਦਾ ਹੈ..! ਕਰਜ਼ੇ ਥੱਲੇ ਦੱਬੇ ਸਾਡੇ ਦੇਸ਼ ਦੇ ਲੀਡਰ ਕੀ ਕਰ ਰਹੇ ਨੇ..? ਅਜ਼ਾਦੀ ਤੋਂ ਲੈ ਕੇ ਅੱਜ ਤੱਕ ਸਾਡੀਆਂ ਨਿਕੰਮੀਆਂ ਗੌਰਮਿੰਟਾਂ ਪੂੰਜੀਪਤੀਆਂ ਅਤੇ ਧਾਰਮਿਕ ਮਹਾਂਰਥੀਆਂ ਦੀਆਂ ਵਾਗਾਂ ਨਹੀਂ ਕਸ ਸਕੀਆਂ ਅਤੇ ਨਾ ਹੀ ਉਹਨਾਂ ਉਪਰ ਕੰਟਰੋਲ ਕਰ ਸਕੀਆਂ..!"

-"ਹੂੰਅ...!"

-"ਇੱਕ ਹੋਰ ਵੱਡਾ ਨੁਕਸ ਕਿ ਸਾਡੀਆਂ ਸਰਕਾਰਾਂ ਗ਼ਰੀਬੀ, ਸਿੱਖਿਆ, ਰੋਜ਼ਗਾਰ ਅਤੇ ਜਨ-ਸੰਖਿਆ 'ਤੇ ਕੰਟਰੋਲ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀਆਂ ਨੇ..! ਸਾਡੇ ਦੇਸ਼ ਵਿੱਚ ਅਮੀਰੀ ਅਤੇ ਗਰੀਬੀ ਦਾ ਪਾੜਾ ਵਧਿਆ ਹੀ ਹੈ, ਐਸੀ ਘੋਰ ਅਰਾਜਿਕਤਾ ਅਤੇ ਨਿਰਾਸ਼ਾਵਾਦੀ ਵਿਵਸਥਾ ਤੋਂ ਪੈਦਾ ਹੋਣ ਵਾਲ਼ੇ ਰੋਹ ਨੂੰ ਦਬਾਉਣ ਲਈ ਤਮਾਮ ਸਰਕਾਰਾਂ ਦੁਆਰਾ ਬੜੇ ਸ਼ਾਤਰ ਤਰੀਕੇ ਨਾਲ਼ ਗ਼ਰੀਬ, ਬੇਰੁਜ਼ਗਾਰ ਅਤੇ ਅਨਪੜ੍ਹ ਜਨਤਾ ਨੂੰ ਧਾਰਮਿਕ ਜੰਜਾਲ਼ ਵਿੱਚ ਫ਼ਸਾਉਣ ਦਾ ਛੜਯੰਤਰ ਰਚਿਆ ਗਿਆ, ਇਹ ਡੇਰੇ ਜਿਹੜੇ ਥਾਂ-ਥਾਂ ਖੁੱਲ੍ਹੇ ਹੋਏ ਨੇ, ਇਹ ਗੌਰਮਿੰਟਾਂ ਦੀ ਹੀ ਕਾਢ ਨੇ, ਜਿੰਨ੍ਹਾਂ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਖੁੱਲ੍ਹਾਂ ਦਿੱਤੀਆਂ ਅਤੇ ਤੇਜੀ ਨਾਲ਼ ਵਧਣ ਫੁੱਲਣ ਦਿੱਤਾ, ਤੇ ਇਹਨਾਂ ਡੇਰਿਆਂ ਨੂੰ ਆਪਣੇ ਹਿਤਾਂ ਲਈ ਠੋਕ ਕੇ ਵਰਤਿਆ, ਜਦ ਕੋਈ ਡੇਰੇਦਾਰ ਨਾਬਰ ਹੋਇਆ, ਇਹਨਾਂ ਨੇ ਤੁਰੰਤ ਉਸ ਨੂੰ ਚੁੱਕ ਕੇ ਜੇਲ੍ਹ ਵਿੱਚ ਲਿਜਾ ਸੁੱਟਿਆ ਅਤੇ ਉਸ ਦਾ ਅਗਲਾ ਬਦਲ ਮੁੜ ਤੇਜੀ ਨਾਲ਼ ਹਰਕਤ ਵਿੱਚ ਲਿਆਂਦਾ..!"

-"ਕੋਈ ਸ਼ੱਕ ਨੀ...!"

-"ਸੱਠਵਿਆਂ ਦੇ ਦੌਰਾਨ ਅਮਰੀਕਾ ਵਿੱਚ ਜਦੋਂ ਟੈਲੀਵੀਜ਼ਨ ਘਰ ਘਰ ਵਿੱਚ ਪਹੁੰਚਿਆ, ਤਾਂ ਉਸ ਸਮੇਂ ਓਥੋਂ ਦੀ ਸਰਕਾਰ ਨੇ ਜਨਤਾ ਨੂੰ ਜਾਗਰੂਕ ਕਰਨ ਵਾਸਤੇ, ਤੇ ਜਨਤਾ ਵਿੱਚ ਵਿ-ਗਿਆਨਕ ਚਿੰਤਨ ਨੂੰ ਬੜ੍ਹਾਵਾ ਦੇਣ ਲਈ ਟੈਲੀਵਿਜ਼ਨ ਨੂੰ ਮਾਧਿਅਮ ਬਣਾਇਆ..! ਪਰ ਇਸ ਦੇ ਬਿਲਕੁਲ ਉਲਟ ਜਦ ਸਾਡੇ ਦੇਸ਼ ਦੀ ਅਰਥ ਵਿਵਸਥਾ ਪੂਰੀ ਤਰ੍ਹਾਂ ਕੰਗਾਲੀ ਦੀ ਕਗਾਰ 'ਤੇ ਜਾ ਪਹੁੰਚੀ, ਇਹੀ ਉਹ ਦੌਰ ਸੀ, ਜਦੋਂ ਟੈਲੀਯਨ ਸਾਡੇ ਘਰ ਘਰ ਵਿੱਚ ਆ ਗਿਆ ਸੀ, ਓਦੋਂ ਲੋਕਾਂ ਨੂੰ ਸਾਡੀ ਸਰਕਾਰ ਦੁਆਰਾ ਧਾਰਮਿਕ ਬਣਾਉਣ ਵਾਸਤੇ ਟੈਲੀਵੀਜ਼ਨ ਨੂੰ ਮਾਧਿਅਮ ਬਣਾਇਆ ਗਿਆ ਤੇ ਕਈ ਧਾਰਮਿਕ ਸੀਰੀਅਲ ਬਣਵਾ ਕੇ ਟੈਲੀਵੀਜ਼ਨਾਂ ਉਪਰ ਦਿਖਾਏ ਜਾਣ ਲੱਗੇ..! ਦੁਨੀਆਂ ਦਾ ਧਿਆਨ ਅਰਥ ਵਿਵਸਥਾ ਜਾਂ ਕੰਗਾਲੀ ਵੱਲੋਂ ਹਟਾ ਕੇ ਧਾਰਮਿਕਤਾ ਵੱਲ ਮੋੜਿਆ ਗਿਆ..! ਹੈ ਨ੍ਹਾਂ ਅਮਰੀਕਾ ਅਤੇ ਸਾਡੇ ਦੇਸ਼ ਦੇ ਮੰਤਰੀਆਂ ਦੀ ਸੋਚ ਵਿੱਚ ਅੰਤਰ...?"

-"ਬਿਲਕੁਲ...।" ਸਾਰੇ ਮੰਤਰ ਮੁਗਧ ਹੋ ਕੇ ਸੁਣ ਰਹੇ ਸਨ।

-"ਮੈਂ ਇਹ ਗੱਲ ਇਸ ਲਈ ਦੱਸ ਰਿਹਾ ਹਾਂ ਕਿ ਅੱਜ ਅਖ਼ਬਾਰਾਂ ਤੇ ਟੈਲੀਵੀਜ਼ਨ ਜਿਹੇ ਮੀਡੀਆ ਦੇ ਯੁੱਗ ਵਿੱਚ ਵੀ ਇਹ ਲੋਕ ਜਨਤਾ ਨੂੰ ਗੁਮਰਾਹ ਕਰ ਕੇ ਮੂਰਖ ਬਣਾ ਰਹੇ ਨੇ, ਤੇ ਆਪਣੇ ਮਕਸਦ ਵਿੱਚ ਕਾਮਯਾਬ ਵੀ ਹੋ ਰਹੇ ਨੇ..! ਇਹ ਕਿਉਂ ਕਾਮਯਾਬ ਹੁੰਦੇ ਨੇ..? ਦੰਗੇ ਕਿਉਂ ਹੁੰਦੇ ਨੇ, ਤੇ ਕਿਉਂ ਕਰਵਾਏ ਜਾਂਦੇ ਨੇ, ਇਸ ਦੀ ਇੱਕ ਛੋਟੀ ਜਿਹੀ ਉਦਾਹਰਣ ਦਿੰਨੈ; 1920 ਵਿੱਚ ਕੇਰਲਾ ਦੇ ਜਾਗੀਰਦਾਰਾਂ ਤੇ ਚੌਧਰੀਆਂ ਨੇ ਕਿਸਾਨਾਂ ਦਾ ਟੈਕਸ ਦੁੱਗਣਾ ਕਰ ਦਿੱਤਾ, ਇਹਨਾਂ ਕਿਸਾਨਾਂ ਵਿੱਚ ਹਿੰਦੂ ਤੇ ਮੁਸਲਿਮ ਭਾਈ ਦੋਹਾਂ ਹੀ ਤਰ੍ਹਾਂ ਦੇ ਕਿਸਾਨ ਸੀਗੇ...! ਇਹਨਾਂ ਲੱਕ ਤੋੜ ਟੈਕਸਾਂ ਤੋਂ ਤੰਗ ਆਏ ਕਿਸਾਨਾਂ ਨੇ ਵਿਦਰੋਹ ਕਰ ਦਿੱਤਾ..। ਹਿੰਦੂ ਤੇ ਮੁਸਲਮਾਨਾਂ ਨੇ ਇੱਕਠੇ ਹੋ ਕੇ ਸਰਮਾਏਦਾਰਾਂ ਦੇ ਗੋਦਾਮ ਲੁੱਟਣੇ ਸ਼ੁਰੂ ਕਰ ਦਿੱਤੇ...! ਇਹ ਵਿਦਰੋਹ ਕਈ ਮਹੀਨੇ ਲਗਾਤਾਰ ਚੱਲਦਾ ਰਿਹਾ..! ਭੈਭੀਤ ਹੋਏ ਜਾਗੀਰਦਾਰ ਆਪਣੀਆਂ ਹਵੇਲੀਆਂ ਛੱਡ ਕੇ ਭੱਜਣ ਲੱਗੇ..! ਤੇ ਫੇਰ ਇਸ ਭਿਆਨਕ ਬਰਬਾਦੀ ਨਾਲ਼ ਨਿਪਟਣ ਲਈ ਜਾਗੀਰਦਾਰਾਂ ਦੀ ਇੱਕ ਗੁਪਤ ਮੀਟਿੰਗ ਹੋਈ, ਤੇ ਮੀਟਿੰਗ ਤੋਂ ਅਗਲੇ ਹੀ ਦਿਨ ਮਸਜਿਦਾਂ ਵਿੱਚ ਸੂਰ ਦਾ ਅਤੇ ਮੰਦਿਰਾਂ ਵਿੱਚ ਗਊ ਦਾ ਮਾਸ ਮਿਲਣ ਲੱਗਿਆ, ਬੱਸ ਫੇਰ ਕੀ ਸੀ..? ਦੇਖਦਿਆਂ ਦੇਖਦਿਆਂ ਜਿਹੜੇ ਖੇਤੀਬਾੜੀ ਕਰਦੇ ਕਿਸਾਨ ਅਤੇ ਮਜਦੂਰ ਜਾਗੀਰਦਾਰਾਂ ਦੀਆਂ ਹਵੇਲੀਆਂ ਤੇ ਗੋਦਾਮਾਂ ਦੀ ਅਹੀ-ਤਹੀ ਫ਼ੇਰੀ ਜਾ ਰਹੇ ਸੀ, ਹੁਣ ਇੱਕ ਦੂਜੇ ਦੇ ਘਰਾਂ ਨੂੰ ਫੂਕਣ ਲੱਗ ਪਏ..!

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥1॥ ਕਾਜੀ ਤੈ ਕਵਨ ਕਤੇਬ ਬਖਾਨੀ ॥ ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥1॥ ਰਹਾਉ॥ ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥ ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥2॥ ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ ਅਰਧਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥3॥ ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥ ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ 4॥8॥ ਅੰਗ 477" ।

ਕਬੀਰ ਜੀ ਬਚਨ ਕਰਦੇ ਹਨ ਕਿ ਮੇਰਾ ਕਿਸੇ ਨਾਲ ਕੋਈ ਝਗੜਾ ਨਹੀਂ ਰਿਹਾ, ਮੈਂ ਪੰਡਿਤ ਤੇ ਮੁੱਲਾਂ ਦੋਵੇਂ ਹੀ ਛੱਡ ਦਿੱਤੇ ਹਨ। "ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥1॥ ਰਹਾਉ ॥ ਅੰਗ 1158-1159" । ਉਹ ਕਿੱਦਾਂ? (ਕਰਮ-ਕਾਂਡ ਤੇ ਸ਼ਰਹ ਬਾਰੇ) ਪੰਡਿਤਾਂ ਅਤੇ ਮੌਲਵੀਆਂ ਨੇ ਜੋ ਕੁਝ ਲਿਖਿਆ ਹੈ, ਮੈਂ ਇਹ ਸਭ ਕੁਝ ਛੱਡ ਦਿੱਤਾ ਹੈ, ਮੈਂ ਇਹਨਾਂ ਤੋਂ ਕੁਛ ਨਹੀਂ ਲਿਆ । "ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ॥3॥ ਅੰਗ 1159" । ਫੇਰ ਕਬੀਰ ਜੀ ਨੇ ਕੀ ਕੀਤਾ? ਜੇ ਹਿਰਦੇ ਵਿਚ ਪ੍ਰੇਮ ਹੋਵੇ, ਤਾਂ ਹੀ ਰੱਬ ਦਾ ਦੀਦਾਰ ਹੋ ਸਕਦਾ ਹੈ (ਕਰਮ-ਕਾਂਡ ਅਤੇ ਸ਼ਰਹ ਸਹਾਇਤਾ ਨਹੀਂ ਕਰਦੇ)। ਹੇ ਕਬੀਰ! ਜੋ ਭੀ ਰੱਬ ਨੂੰ ਮਿਲੇ ਹਨ ਆਪਾ ਖੋਜ ਖੋਜ ਕੇ ਹੀ ਮਿਲੇ ਹਨ । ਅਰਥਾਤ ਕਬੀਰ ਜੀ ਆਪਣੇ ਹਿਰਦੇ 'ਚ ਪ੍ਰੇਮ ਰੱਖ ਕੇ ਤੇ ਹਿਰਦੇ 'ਚੋਂ ਰੱਬ ਨੂੰ ਖੋਜ ਖੋਜ ਕੇ ਰੱਬ ਨਾਲ ਮਿਲ ਗਏ! "ਰਿਦੈ ਇਖਲਾਸੁ ਨਿਰਖਿ ਲੇ ਮੀਰਾ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥4॥7॥ ਅੰਗ 1159" । ਕਬੀਰ ਜੀ ਮੁੱਲਾਂ ਨੂੰ ਉਪਦੇਸ਼ ਕਰਦੇ ਹਨ ਕਿ ਅਸਲ ਮੁੱਲਾਂ ਉਹ ਹੈ ਜੋ ਆਪਣੇ ਮਨ ਨਾਲ ਘੋਲ਼ ਕਰਦਾ ਹੈ (ਭਾਵ, ਮਨ ਨੂੰ ਵੱਸ ਕਰਦਾ ਹੈ), ਗੁਰੂ ਦੇ ਦੱਸੇ ਹੋਏ ਉਪਦੇਸ਼ ਉੱਤੇ ਤੁਰ ਕੇ ਮੌਤ (ਦੇ ਸਹਿਮ) ਨਾਲ ਟਾਕਰਾ ਕਰਦਾ ਹੈ, ਜੋ ਜਮ-ਰਾਜ ਦਾ (ਇਹ) ਮਾਣ (ਕਿ ਸਾਰਾ ਜਗਤ ਉਸ ਤੋਂ ਥਰ-ਥਰ ਕੰਬਦਾ ਹੈ) ਨਾਸ ਕਰ ਦੇਂਦਾ ਹੈ । ਮੈਂ ਐਸੇ ਮੁੱਲਾਂ ਅੱਗੇ ਸਦਾ ਸਿਰ ਨਿਵਾਉਂਦਾ ਹਾਂ । "ਸੋ ਮੁਲਾਂ ਜੋ ਮਨ ਸਿਉ ਲਰੈ ॥ ਗੁਰ ਉਪਦੇਸਿ ਕਾਲ ਸਿਉ ਜੁਰੈ ॥ ਕਾਲ ਪੁਰਖ ਕਾ ਮਰਦੈ ਮਾਨੁ ॥ ਤਿਸੁ ਮੁਲਾ ਕਉ ਸਦਾ ਸਲਾਮੁ ॥1॥ ਅੰਗ 1159" । ਹੇ ਮੁੱਲਾਂ! ਰੱਬ ਹਰ ਥਾਂ ਹਾਜ਼ਰ-ਨਾਜ਼ਰ ਹੈ, ਤੁਸੀਂ ਉਸ ਨੂੰ ਦੂਰ (ਕਿਤੇ ਸਤਵੇਂ ਅਸਮਾਨ ਤੇ) ਕਿਉਂ (ਬੈਠਾ) ਦੱਸਦੇ ਹੋ? ਜੇ ਉਸ ਸੋਹਣੇ ਰੱਬ ਨੂੰ ਮਿਲਣਾ ਹੈ, ਤਾਂ ਕਾਮਾਦਿਕ ਰੌਲਾ ਪਾਉਣ ਵਾਲੇ ਵਿਕਾਰਾਂ ਨੂੰ ਕਾਬੂ ਵਿਚ ਰੱਖੋ ।1।ਰਹਾਉ। "ਹੈ ਹਜੂਰਿ ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ ਸੁੰਦਰ ਪਾਵਹੁ ॥1॥ ਰਹਾਉ ॥ ਅੰਗ 1160" । ਹੇ ਮੁੱਲਾਂ! ਮਸਜਿਦ ਦੇ ਮੁਨਾਰੇ ਉਤੇ ਚੜ੍ਹਕੇ ਬਾਂਗ ਕਿਉਂ ਦਿੰਦਾ ਹੈਂ? ਮਾਲਕ ਬੋਲ਼ਾ ਨਹੀਂ ਹੈ । ਜਿਸ (ਰੱਬ ਦੇ ਮਿਲਾਪ) ਕਾਰਨ ਤੂੰ ਬਾਂਗ ਦਿੰਦਾ ਹੈਂ, ਉਸਨੂੰ ਦਿਲ ਦੇ ਅੰਦਰ ਹੀ ਦੇਖ (ਖੋਜ) । "ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥ ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥184॥ ਅੰਗ 1374" ।

ਕਬੀਰ ਜੀ ਕਾਜ਼ੀ ਨੂੰ ਹਦਾਇਤ ਕਰਦੇ ਹਨ ਕਿ ਅਸਲ ਕਾਜ਼ੀ ਉਹ ਹੈ ਜੋ ਆਪਣੇ ਸਰੀਰ ਨੂੰ ਖੋਜੇ, ਸਰੀਰ ਵਿਚ ਖੁਦਾ ਦੀ ਜੋਤ ਨੂੰ ਰੌਸ਼ਨ ਕਰੇ, ਸੁਪਨੇ ਵਿਚ ਭੀ ਕਾਮ ਵਾਸ਼ਨਾ ਤਹਿਤ ਆਪਣਾ ਵੀਰਜ ਖਲਾਸ ਨਾ ਹੋਣ ਦੇਵੇ। ਅਜਿਹੇ ਕਾਜ਼ੀ ਨੂੰ ਨਾ ਬੁਢੇਪਾ ਆਉਂਦਾ ਹੈ ਤੇ ਨਾ ਹੀ (ਵਾਰ ਵਾਰ) ਮੌਤ ਆਉਂਦੀ ਹੈ। "ਕਾਜੀ ਸੋ ਜੁ ਕਾਇਆ ਬੀਚਾਰੈ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥ ਸੁਪਨੈ ਬਿੰਦੁ ਨ ਦੇਈ ਝਰਨਾ॥ ਤਿਸੁ ਕਾਜੀ ਕਉ ਜਰਾ ਨ ਮਰਨਾ ॥2॥ ਅੰਗ 1160"।

ਕਬੀਰ ਜੀ ਹਿੰਦੂਆਂ ਤੇ ਮੁਸਲਮਾਨਾਂ ਨੂੰ ਸਾਂਝਾ ਉਪਦੇਸ਼ ਦਿੰਦਿਆਂ ਹੋਇਆਂ ਆਖਦੇ ਹਨ ਕਿ ਹਿੰਦੂ ਰੱਬ ਦਾ ਨਿਵਾਸ ਦੱਖਣ ਦੇਸ਼ (ਜਗਨ ਨਾਥ ਪੁਰੀ) ਵਿਚ ਮੰਨਦੇ ਹਨ, ਮੁਸਲਮਾਨ ਆਖਦੇ ਹਨ ਕਿ ਰੱਬ ਦਾ ਘਰ ਪੱਛਮ ਵਲ (ਕਾਹਬੇ ਵਿਚ) ਹੈ । (ਪਰ ਹੇ ਸੱਜਣੋ!) ਆਪਣੇ ਦਿਲ ਵਿਚ ਹੀ ਰੱਬ ਨੂੰ ਭਾਲ, ਦਿਲ ਵਿਚ ਹੀ ਲੱਭ, ਦਿਲ ਹੀ ਰੱਬ ਦਾ ਨਿਵਾਸ ਸਥਾਨ ਹੈ, ਉਸ ਦਾ ਮੁਕਾਮ ਹੈ।2। "ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥ ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥2॥ ਅੰਗ 1349" । ਜੇ ਦਿਲ ਵਿਚ ਠੱਗੀ ਫ਼ਰੇਬ ਹੈ ਤਾਂ ਨਾ ਤਾਂ ਜਗਨ ਨਾਥ ਪੁਰੀ ਉਡੀਸੇ ਵਿਚ ਇਸ਼ਨਾਨ ਕਰਨ ਦਾ ਕੋਈ ਲਾਭ ਹੈ ਤੇ ਨਾ ਮਸੀਤ ਵਿਚ ਜਾ ਕੇ ਸਿਜਦਾ ਕਰਨ ਦਾ ਕੋਈ ਫ਼ਾਇਦਾ ਹੈ; ਨਾ ਹੀ ਨਮਾਜ਼ ਪੜ੍ਹਨ ਦਾ ਲਾਭ ਹੈ ਤੇ ਨਾ ਹੀ ਕਾਹਬੇ (ਮੱਕੇ) ਦਾ ਹੱਜ ਕਰਨ ਦਾ ਕੋਈ ਫਾਇਦਾ ਹੈ ।4। "ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ ॥ ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ ॥4॥ ਅੰਗ 1349" ।

**518. ਗੁਰੂ ਸਾਹਿਬਾਨ ਤੇ ਭਗਤ ਸਾਹਿਬਾਨ ਨੇ ਆਪਣੇ ਆਪ ਨੂੰ ਹਿੰਦੂਆਂ ਨਾਲ਼ ਜੋੜਿਆ ਹੈ ਕਿ ਮੁਸਲਮਾਨਾਂ ਨਾਲ਼?**


ਦੋਨਾਂ 'ਚੋਂ ਕਿਸੇ ਨਾਲ਼ ਵੀ ਨਹੀਂ! ਰਾਗ ਭੈਰਉ ਵਿਚ ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਨਾ ਮੈਂ ਹਿੰਦੂਆਂ ਵਾਂਗ ਵਰਤ ਰੱਖਦਾ ਹਾਂ ਤੇ ਨਾ ਮੈਂ ਮੁਸਲਮਾਨਾਂ ਵਾਂਗ ਰਮਜ਼ਾਨ ਦੇ ਮਹੀਨੇ ਵਿਚ ਰੋਜ਼ੇ ਰੱਖਦਾ ਹਾਂ । ਮੈਂ ਤਾਂ ਉਸ ਰੱਬ ਦਾ ਸਿਮਰਨ ਕਰਦਾ ਹਾਂ ਜਿਹੜਾ ਆਖ਼ੀਰ ਵੇਲੇ ਰੱਖਿਆ ਕਰਦਾ ਹੈ ।1। ਮੇਰਾ ਤਾਂ ਸਿਰਫ਼ ਇਕ ਗੁਸਾਈਂ/ਅੱਲ੍ਹਾ ਹੀ ਹੈ । ਮੈਂ ਹਿੰਦੂ ਅਤੇ ਤੁਰਕ (ਮੁਸਲਮਾਨਾਂ) ਦੋਹਾਂ ਨਾਲੋਂ ਹੀ ਵਿਚਾਰਿਕ ਤੇ ਕਰਨੀ ਦੀ ਸਾਂਝ ਮੁਕਾ ਲਈ ਹੈ ।1।ਰਹਾਉ।

ਬਾਕੀ ਅਗਲੇ ਹਫ਼ਤੇ ਪੜ੍ਹੋ


## ਪੰਜਾਬੀ ਸਿੱਖਣ ਲਈ ਕਿਤਾਬਾਂ

ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

**PANJAB TIMES**
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



## ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 2 ਕੀਰਤਨੀ ਸਿੰਘਾਂ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦੇ ਹੋਣ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਣ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ
5 ਅਪਰੈਲ 2024 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ

## 2 VACANCIES for Temporary Religious Workers (Tier 5)

THE DUTIES OF THE RELIGIOUS WORKERS SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI(MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 5th April 2024**

*Please send your application to the president or vice president by post or via email*

**NANAKSAR GURDWARA PLECK**
4 Wellington Street, Pleck, Walsall WS2 9QR
President: Mrs Manjit Kaur - 01922 641040
Vice President: Ranjit Singh - 07861 432505
Email:gurdwara.pleck@gmail.com

TAIL PIECE

**Dalip Singh Wasan, Advocate**
Email: dalipsinghwassan@yahoo.co.in

## India still with highest difference between rich and poor-A report

In spite of our declarations that we have reached a stage when we can call ourselves a developed country, we are still with the reports that two-third of our population is so poor that they are given free ration from the government itself just to keep them alive. And this report that difference between rich and poor is highest in the world is a disturbing news. And the tredgdy is that none of the contesting groups is talking of bridging this difference in the bext tenure too. Both the contesting groups are talking on subjecfts which are different and none is towards this direction. Total employment and raising of wages only two methods are there which could bridge this difference between rich and poor. As far as this country is concerned, it is rich country and when peopole are poor, it means only that our administration had been just running the governments and are not planning. Still there is time and the contesting groups must ensure election of more experts for the parliament who could plan on the subject. One thing may be kept in mind that once a family is left poor, it breeds poverty in all the coming generations and shall never stop. We shall have to ensure that each family may get cash monthly to such an extent that each member may get a proper life. Equality cannot be achieved, but proper life can bve acheved and for tht purpose we must iknow how muchy monney should reach in each house monthly for proper life. Political groups are fighting just to win and rule and this concept shall never bring popular governments in India.


## Increasing number of poor negates us higher status

Much has been said that we have achieved much and much has also been said that within nest two three decades, we shall be standing in line with developed countries. There is a report that in spite of allefforts made here still difference between rich and por is alarming and highet in the world. The reports that 81 core people are so poorthat they are given free ration just to keep them alive. These are the results of our practice on democracy which we have adopted. What we shall get within next two three decades, that too could bee stimated on figures with us. The Constitution and its its spirit is before us here we had assured the people equality and in our chapter of Directive Principles of State Policy, much has been assured. Instead of politicians, had there been government of the expets, better results could have been attained. The British period of onehundred yearts is an example before us where they could establish aone nation, could give the people written law, creation of departments, prescribing duties, selection of officers and officials, bringing science and technology, establishing education, training institutes and much more which we just adopted on independence. This partition of 1947 too could have been avoided had there been nopolitician here in India. And the people face difficulty when they are standing in line for tendering their votes and cannot decide towhom they should vote in, because they are still not electing their representatives, but just people nominated by others. Stillo the donot know what this man shall do for them when in the August House.

## Not talks on past but targets for future shall help

The whole past of more than seven decades is very much clear before the people of India. Total result of all efforts made has comeout when government itself had admitted that two third of our population has been reduced to so much poverty that they are being given free ration just to live on. The increased number of poor has become a vote bank to keep this democracy alive. There fore all achievements update increased the difference between rich and poor and this result has not been appreciated even by world communities.Therefore, talks on the past would not help the contesting groups. Our tragedy is that none of the contesting groups is coming out with programmes and schemes with which they shall try to reduce number ofpoor in this country. Still there is time and contesting groups maystop taking number of poor as permanent vote bank, but must try towin on merits and ensure to root out poverty from India. Each contesting group had the experience and knows how to root out poverty from India and must give promise that if woins, shall work on those projects. A rich country must have total population nearing equalityand with proper life, having health, education, training, employment and with proper income. All resources are available in India. So thistime victory is not expected on the basis of foul talks on others.

## Not only PM-designate Shadow Cabinets too must be shown



In spite of democracy of more than seven decades, till date people are electing people nominated by contesting groups and till date people could not elect their own representatives. And we have seen people vote in PM and his supporters. Till people get chance to elect their own nominated and elect their own representatives, let thecontesting groups must give us members of their Shadow Cabinets with their merits on the basis of which they had been selected for thesestatuses in governing group. Oppositions are complaining that they are not allowed to speak in the Parliament and the supporters do not speak, let the people in teh cabinets be competent people to run the government. Government work is not simple today and competent peoplemust hold portfolios and we can expect better performance.

# World Sikh Parliament Condemns Oasis Community Learning's Anti-Sikh Curriculum, Dismisses Apology as Insincere

**London-**The World Sikh Parliament (WSP) vehemently condemns the recent revelation of anti-Sikh content being disseminated in educational materials by Oasis Community Learning; a multi-school trust operating across the United Kingdom. The insertion of a slide equating Sikh Youth UK with extremist groups like the Taliban and Ku Klux Klan is not only deeply offensive but also dangerously misleading. The half-hearted apology by Oasis Community Learning lacks sincerity and fails to outline concrete steps for improvement.

Sikh Youth UK is a respected organization within the Sikh community, known for its commendable efforts in providing support networks and grassroots engagement. To juxtapose them with entities notorious for heinous acts of violence is not only absurd but also extremely damaging to the integrity of the Sikh identity.

The comparison made by Oasis Community Learning is not only factually inaccurate but also perpetuates detrimental misrepresentation of Sikh individuals and organizations. Moreover, in light of recent evidence revealing transnational anti-Sikh repression orchestrated by the Indian government, educational institutions must exercise caution and thorough diligence in their curriculum content. The targeting of Sikh organizations by state actors should not be overlooked or trivialized.

Furthermore, the timing of this revelation is particularly concerning, given the recent redefinition of "extremism" by the UK government. This definition's vague and ambiguous nature leaves room for improper interpretation, which could be exploited to target specific groups unjustly.

As a political organization committed to justice, equality, and solidarity, WSP calls on Oasis Community Learning to implement mandatory cultural sensitivity training for all staff, ensure diverse representation in curriculum development, and engage with affected communities to rectify the harm caused.

Additionally, we urge the UK government to conduct a thorough investigation into the matter to ensure accountability and prevent such incidents from occurring in the future.

In solidarity with the UK Sikh community, WSP reaffirms its commitment to combating prejudice, promoting understanding, and defending the rights of all marginalized groups.

*Issued by : Manpreet Singh*
*General Secretary, World Sikh Parliament*

# ਮੈਂ ਤੰਦਰੁਸਤ ਕਿਵੇਂ ਹੋਇਆ ?

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ - 10**



**ਮੈਂ ਆਪਣੇ ਆਪ ਵਿਚ ਤੇ ਆਪਣੇ ਜੀਵਨ ਢੰਗ ਵਿਚ ਵੱਡਾ ਬਦਲਾਵ ਕੀਤਾ । ਬੈੱਡ ਬਦਲਿਆ, ਸਿਰ ਹੇਠ ਸਰਹਾਣਾ ਲੈ ਕੇ ਸੌਣ ਦੀ ਆਦਤ ਦਾ ਤਿਆਗ ਕੀਤਾ, ਸੋਫੇ ਉੱਤੇ ਬੈਠਣ ਦੀ ਆਦਤ ਛੱਡਕੇ ਕੁਰਸੀ ਉੱਤੇ ਬੈਠਣ ਦੀ ਆਦਤ ਪਾਈ, ਖਾਣ ਪੀਣ ਵਾਲੀਆਂ ਚੀਜਾਂ ਦੀ ਬੰਦਿਸ਼ ਕੀਤੀ, ਸੈਲਰੀ ਦਾ ਜੂਸ ਅਤੇ ਸਬਜੀਆਂ ਦਾ ਜੂਸ ਨੇਮ ਨਾਲ ਪੀਣਾ ਸ਼ੁਰੂ ਕੀਤਾ, ਅੱਧੀਆ ਕੁਕ ਕੀਤੀਆਂ ਸਬਜੀਆਂ ਖਾਣੀਆ ਸ਼ੁਰੂ ਕੀਤੀਆਂ, ਦਾਲਾਂ ਵਿਚ ਛੋਲੇ, ਮਸਰ ਤੇ ਮੂੰਗੀ ਦੀ ਦਾਲ ਖਾਣ ਨੂੰ ਆਪਣੀ ਪਹਿਲ ਲਿਸਟ ਵਿਚ ਸ਼ਾਮਿਲ ਕੀਤਾ, ਸੁੱਕੇ ਮੇਵੇ ਵੀ ਖਾਣੇ ਸ਼ੁਰੂ ਕੀਤੇ, ਦਿਨ ਵਿਚ ਇਕ ਸੇਬ ਤੇ ਨਿਯਮਤ ਐਕਸਰਲਾਈਜ ਜਿਸ ਵਿਚ ਏਅਰੋ ਬਾਈਕ, ਟੈੱਡ ਮਿਲ ਤੇ ਵਾਈਬਰੇਸ਼ਨ ਮਸ਼ੀਨ ਦੀਆਂ ਐਕਸਰਾਈਜਾਂ ਨੂੰ ਪਹੀਲ ਦਿੱਤੀ, ਪਿੱਠ ਨੂੰ ਸਟਰੈੱਚ ਕਰਨ ਵਾਸਤੇ ਕੁੱਝ ਸਮੇਂ ਵਾਸਤੇ ਫਰਸ਼/ ਕਾਰਪੈਟ ਉੱਤੇ ਪਿੱਠ ਭਾਰ ਸਿੱਧੇ ਲੇਟਣ ਦੀ ਨਿਯਮਤ ਆਦਤ ਪਾਈ ।**

ਬਿਮਾਰੀ ਦੀ ਹਾਲਤ ਵਿਚ ਜਿਥੇ ਮੈਂ ਵੱਖ ਵੱਖ ਬਿਮਾਰੀਆਂ (ਸ਼ੂਗਰ, ਇੰਸੁਲਿਨ ਰਿਜੈਸਟੈਂਸ, ਬਲੱਡ ਪਰੈਸ਼ਰ, ਗਠੀਆ। ਸਾਇਚਿਤਕ ਦਰਦ, ਪਿੱਠ ਦਰਦ, ਦੰਦਾਂ ਦਾ ਇੰਨਫੈਕਸ਼ਨ ਅਤੇ ਅੱਖਾਂ ਦੀ ਨਜ਼ਰ ਦਾ ਕੰਮਜੋਰ ਹੋਣਾ ਆਦਿ) ਦੇ ਮੂਲ ਲੱਛਣਾਂ ਨੂੰ ਸਮਝਿਆ ਉਥੇ ਇਹਨਾਂ ਬਿਮਾਰੀਆਂ ਦੇ ਲੱਗਣ ਦੇ ਮੂਲ ਕਾਰਨਾਂ ਨੂੰ ਖੋਜਣ ਅਤੇ ਉਹਨਾਂ ਦਾ ਕੁਦਰਤੀ ਵਿਧੀ ਰਾਹੀਂ ਇਲਾਜ ਲੱਭਣ ਵਾਸਤੇ ਵੀ ਯਤਨ ਕੀਤੇ । ਬਹੁਤੇ ਯਤਨ ਸਿਹਤ ਮਾਹਿਰਾਂ ਦੇ ਸਹਿਯੋਗ ਨਾਲ ਕੀਤੇ, ਪਰ ਕੁੱਝ ਅਜਿਹੇ ਵੀ ਕੀਤੇ ਜਿਹਨਾਂ ਬਾਰੇ ਸਿਹਤ ਮਾਹਰਾਂ ਤੋਂ ਹਮੇਸ਼ਾ ਓਹਲਾ ਹੀ ਰੱਖਿਆ ਜਾਂ ਇੰਜ ਕਹਿ ਲਓ ਕਿ ਉਹਨਾਂ ਯਤਨਾਂ ਦੇ ਬਾਰੇ ਚ ਸਿਹਤ ਮਾਹਿਰਾਂ ਨੂੰ ਮੈਂ ਨਿੱਜੀ ਤੌਰ ‘ਤੇ ਦੱਸਣਾ ਉਚਿਤ ਨਹੀਂ ਸਮਝਿਆ । ਉਹਨਾਂ ਵਿਚੋਂ ਇਕ ਦੀ ਉਦ-ਾਹਰਣ ਦੇ ਕੇ ਆਪਣੀ ਗੱਲ ਅੱਗੇ ਤੋਰਾਂਗਾ।

ਇਹ ਗੱਲ 2006 - 2007 ਦੀ ਹੈ ਕਿ ਮੇਰੀ ਪਿੱਠ ਚ ਬੜਾ ਤੇਜ ਦਰਦ ਰਹਿਣ ਲੱਗ ਪਿਆ ਜੋ ਉਠਦਿਆਂ, ਬੈਠਦਿਆਂ ਤੇ ਸੌਂਦਿਆਂ ਜਾਗਦਿਆਂ ਬੜਾ ਤੰਗ ਕਰਦਾ । ਹੁੰਦਾ ਇਹ ਕਿ ਜਦੋਂ ਕਿਧਰੇ ਬੈਠਣਾ ਹੁੰਦਾ ਤਾਂ ਬੜੀ ਪੀੜ ਹੁੰਦੀ ਤੇ ਜਦੋਂ ਉੱਠਣਾ ਹੁੰਦਾ ਤਾਂ ਇਸ ਤਰਾਂ ਮਹਿਸੂਸ ਹੁੰਦਾ ਕਿ ਜਿਵੇਂ ਮੇਰਾ ਲੱਕ ਬੈਠਣ ਵਾਲੀ ਪੁਜੀਸ਼ਨ ਉੱਤੇ ਹੀ ਪੂਰੀ ਤਰਾਂ ਫਿਕਸ ਹੋ ਗਿਆ ਹੋਵੇ । ਮੈਨੂੰ ਉਠਣ ਵਾਸਤੇ ਬੜੀ ਮਿਹਨਤ ਕਰਨੀ ਪੈਂਦੀ ਜਿਸ ਕਰਕੇ ਕਈ ਵਾਰ ਕਾਫੀ ਸਮਾਂ ਲੱਗ ਜਾਂਦਾ ਤੇ ਆਪਣੇ ਰਿਸ਼ਤੇਦਾਰਾਂ ਸਾਹਮਣੇ ਸ਼ਰਮਿੰਦਾ ਵੀ ਹੋਣਾ ਪੈਂਦਾ । ਉਹ ਮੈਨੂੰ ਪੁਛਦੇ ਕਿ ਤੂੰ ਤਾਂ ਚੰਗਾ ਭਲਾ ਸੀ, ਇਹ ਤੈਨੂੰ ਕੀ ਹੋ ਗਿਆ ? ਇਸ ਦੇ ਨਾਲ ਹੀ ਇਲਾਜ ਕਰਾਉਣ ਦੀ ਸਲਾਹ ਵੀ ਦਿੰਦੇ ।

ਮੈਂ ਆਪਣੇ ਜੀ ਪੀ ਨਾਲ ਅਪੁਆਇੰਟਮੈਂਟ ਬਣਾਈ ਤੇ ਉਸ ਨੇ ਮੇਰੀ ਨਾਜੁਕ ਹਾਲਤ ਦੇ ਮੁਤਾਬਿਕ ਅੱਗੇ ਹਸਪਤਾਲ ਰੈਫਰ ਕਰ ਦਿੱਤਾ ਤੇ ਇਸ ਦੇ ਨਾਲ ਹੀ ਜਿੰਨੇ ਕੁ ਚਿਰ ਵਿਚ ਹਸਪਤਾਲ ਤੋਂ ਸੱਦਾ ਪੱਤਰ ਆਉਂਦਾ, ਉਨੇ ਕੁ ਹਫਤੇ ਵਾਸਤੇ ਇਬਰੂ ਪਰੋਫਿਨ ਦੀਆਂ ਗੋਲੀਆਂ ਜੋ ਕਿ ਆਮ ਹੀ ਸਟੋਰਾਂ ਤੋਂ ਬਿਨਾ ਕਿਸੇ ਪਰਿਸਕਰਿਪਸ਼ਨ ਦੇ ਮਿਲ ਜਾਂਦੀਆਂ ਹਨ, ਲਿਖ ਦਿੱਤੀਆ । ਉਹਨਾਂ ਗੋਲੀਆਂ ਸੰਬੰਧੀ ਡਾਕਟਰ ਨੇ ਇਹ ਹਿਦ-ਾਇਤ ਵੀ ਕੀਤੀ ਕਿ ਉਹ ਸਿਰਫ ਦਰਦ ਹੋਣ ਵੇਲੇ ਹੀ ਖਾਧੀਆਂ ਜਾਣ । ਮੇਰੀ ਹਾਲਤ ਇਹ ਸੀ ਕਿ ਜੇਕਰ ਤੁਰਦਾ ਫਿਰਦਾ ਰਹਿੰਦਾ ਤਾਂ ਬਿਲਕੁਲ ਠੀਕ ਰਹਿੰਦਾ ਤੇ ਜਦ ਬੈਠਣਾ ਹੁੰਦਾ ਤਾਂ ਪਹਿਲਾਂ ਹੀ ਆਇਬਰੂਪਰੋਫਿਨ ਦੀ ਇਕ ਗੋਲੀ ਖਾ ਲੈਂਦਾ।

ਖੈਰ ਤੀਜੇ ਕੁ ਹਫਤੇ ਹਸਪਤਾਲੋਂ ਪਹਿਲੇ ਚੈਕ ਅੱਪ ਦੀ ਚਿੱਠੀ ਆ ਗਈ, ਮਿੱਥੀ ਤਰੀਕ ਤੇ ਸਮੇਂ ਮੁਤਾਬਿਕ ਮੈਂ ਹਸਪਤਾਲ ਪਹੁੰਚ ਗਿਆ, ਪਹਿਲਾਂ ਪਿਠ ਦਾ ਐਕਸਰੇ ਕੀਤਾ ਗਿਆ ਤੇ ਫਿਰ ਕੰਸਲਟੈਂਟ ਡਾਕਟਰ ਨਾਲ ਅਪੁਆਇੰਟਮੈਂਟ ਹੋਈ । ਡਾਕਟਰ ਨੇ ਮੈਨੂੰ ਪਿੱਠ ਦਰਦ ਨਾਲ ਸੰਬੰਧਿਤ ਕਾਫੀ ਸਵਾਲ ਪੁੱਛੇ ਤੇ ਮੈਂ ਉਹਨਾਂ ਦੇ ਉੱਤਰ ਦਿੰਦਾ ਗਿਆ, ਫਿਰ ਉਸ ਨੇ ਐਕਸਰਾ ਲਾਇਟ ਵਾਲੇ ਫਰੇਮ ਵਿਚ ਲਗਾ ਕੇ ਚੰਗੀ ਤਰਾਂ ਦੇਖਿਆ ਤੇ ਨਾਲ ਹੀ ਮੈਨੂੰ ਦਿਖਾਉਂਦਿਆਂ ਕਿਹਾ ਕਿ ਤੁਹਾਡੀ ਰੀੜ੍ਹ ਦੀ ਹੱਡੀ ਦਾ ਹੇਠੋਂ ਤੀਜਾ ਮਣਕਾ ਆਪਣੀ ਅਸਲ ਜਗਾ ਤੋਂ ਪਰੇ ਖਿਸਕਿਆ ਹੋਇਆ ਹੈ, ਜਦ ਮੈਂ ਉਸ ਦੇ ਇਲਾਜ ਸਬੰਧੀ ਜਾਨਣਾ ਚਾਹਿਆ ਤਾਂ ਡਾਕਟਰ ਨੇ ਗੰਭੀਰ ਮੁਦਰਾ ਵਿਚ ਜਵਾਬ ਦਿੱਤਾ ਕਿ ਇਸ ਦਾ ਅਪਰੇਸ਼ਨ ਤਾਂ ਕੀਤਾ ਨਹੀਂ ਜਾ ਸਕਦਾ, ਹਾਂ ! ਤੁਸੀਂ ਪੇਅਨ ਕਿਲਰ ਜਾਰੀ ਰੱਖੋ, ਜਦੋਂ ਦਰਦ ਹੋਵੇ ਤਾਂ ਆਇਬਰੂਪਰੋਫਿਨ ਜਾਂ ਪੈਰਾਸੀਟੇ ਮੋਲ 500 ਡਬਲ ਡੋਜ ਲੈ ਲਿਆ ਕਰੋ । ਜਦੋਂ ਮੈਂ ਡਾਕਟਰ ਨੂੰ ਇਹ ਸਵਾਲ ਕੀਤਾ ਕਿ, ਕੀ ਪੇਨ ਕਿਲਰ ਤੋਂ ਇਲਾਵਾ ਕੋਈ ਹੋਰ ਇਲਾਜ ਵੀ ਹੈ ? ਤਾਂ ਉਸ ਦਾ ਸਿੱਧਾ ਜਵਾਬ ਸੀ ਕਿ ਜੇਕਰ ਦਰਦ ਗੋਲੀਆਂ ਨਾਲ ਕੰਟਰੋਲ ਨਾ ਹੋਇਆ ਤਾਂ ਫਿਰ ਇਕ ਹੋਰ ਬੜੀ ਸਟਰੋਂਗ ਮੈਡੀਸੀਨ “ਮੌਰਫੀਮ” ਪਰੈਸਰਾਈਬ ਕਰਾਂਗੇ । ਮੈਂ ਫਿਰ ਸਵਾਲ ਕੀਤਾ ਕਿ ਜੇਕਰ ਫਿਰ ਵੀ ਦਰਦ ਕਾਬੂ ਨਾ ਆਇਆ ਤਾਂ ? ਫਿਰ ਡਾਕਟਰ ਨੇ ਤਟਫਟ ਜਵਾਬ ਦਿੱਤਾ ਕਿ ਫਿਰ ਵੀਲ੍ਹ ਚੇਅਰ ਹੀ ਇਕੋ ਇਕ ਹੱਲ ਹੈ ।

ਡਾਕਟਰ ਦਾ ਉਕਤ ਜਵਾਬ ਸੁਣਕੇ ਮੈਂ ਡੌਰ ਭੌਰ ਹੋ ਕੇ ਉਸ ਦੇ ਮੂੰਹ ਵੱਲ ਹੀ ਦੇਖਦਾ ਰਹਿ ਗਿਆ, ਪਰੇਸ਼ਾਨੀ ਦੀ ਹਾਲਤ ਵਿਚ ਘਰ ਵਾਪਸ ਪਰਤਿਆ, ਪਰ ਘਰਦੇ ਕੁਸੇ ਵੀ ਮੈਂਬਰ ਨੂੰ ਜੋ ਡਾਕਟਰ ਨੇ ਕਿਹਾ ਸੀ, ਉਹ ਦੱਸਣਾ ਮੁਨਾਸਿਬ ਇਸ ਕਰਕੇ ਨਾ ਸਮਝਿਆ ਕਿ ਮੈਂ ਤਾਂ ਪਰੇਸ਼ਾਨ ਹਾਂ ਹੀ, ਬਾਕੀ ਟੱਬਰ ਨੂੰ ਪਰੇਸ਼ਾਨ ਕਿਓਂ ਕੀਤਾ ਜਾਵੇ। ਦਰਦ ਨਿਵਾਰਕ ਗੋਲੀਆਂ ਖਾ ਖਾ ਕੇ ਕਈ ਮਹੀਨੇ ਲੰਘਾ ਲਏ, ਪਰ ਜਿੰਨਾ ਚਿਰ ਗੋਲੀਆਂ ਦਾ ਅਸਰ ਰਹਿੰਦਾ, ਉਨਾ ਕੁ ਚਿਰ ਸਭ ਠੀਕ ਠਾਕ ਲੱਗਦਾ, ਜਦੋਂ ਗੋਲੀਆਂ ਦਾ ਅਸਰ ਘਟ ਜਾਂਦਾ ਤਾਂ ਦਰਦ ਦੁਬਾਰਾ ਸ਼ੁਰੂ ਹੋ ਜਾਂਦੀ, ਸਮੇਂ ਦੇ ਨਾਲ ਪਿਠ ਦਰਦ ਵਧਦੀ ਗਈ , ਡਾਕਟਰ ਦੇ ਵੀਲ੍ਹ ਚੇਅਰ ‘ਤੇ ਬਿਠਾਉਣ ਵਾਲੇ ਬੋਲ ਵੀ ਮੇਰੇ ਸਿਰ ਚ ਹਥੋੜੇ ਦੀ ਤਰਾਂ ਵੱਜਦੇ ਰਹੇ ।

ਪੰਜ ਛੇ ਮਹੀਨੇ ਬੀਤ ਜਾਣ ਦੇ ਬਾਅਦ ਜਦ ਪਿਠ ਦਰਦ ਹੋਰ ਵਧ ਗਿਆ ਤੇ ਗੋਲੀਆਂ ਦੀ ਮਾਤਰਾ ਵੀ ਤੇ ਉਤੋਂ ਡਾਕਟਰ ਦੁਆਰਾ ਦਿੱਤੀ ਗਈ ਵੀਲ੍ਹ ਚੇਅਰ ਵਾਲੀ ਨਸੀਹਤ ਕਾਰਨ ਪਰੇਸ਼ਾਨੀ ਤਾਂ ਇਸ ਪਰੈਸ਼ਰ ਨੇ ਮੈਨੂੰ ਉਹ ਹਿੰਮਤ ਬਖਸ਼ੀ ਜਿਸ ਦੇ ਸਹਾਰੇ ਮੈਂ ਪਿੱਠ ਦਰਦ ਦੀ ਬਿਮਾਰੀ ਤੋਂ ਅਗਲੇ ਕੁੱਝ ਕਿ ਮਹੀਨਿਆ ਵਿਚ ਹੀ ਮੁਕਤੀ ਪਾ ਲਈ ।

ਹੁਣ ਤੁਹਾਡੇ ਮਨ ਵਿਚ ਇਹ ਸਵਾਲ ਹੋਵੇਗਾ ਕਿ ਉਕਤ ਬਿਮਾਰੀ ਤੋਂ ਮੁਕਤੀ ਪਾਉਣ ਵਾਸਤੇ ਕੀਤਾ ਕੀ ? ਇਸ ਦੇ ਉੱਤਰ ਵਜੋਂ ਮੈਂ ਏਹੀ ਕਹਾਂਗਾ ਕਿ ਮੈਂ ਆਪਣੇ ਆਪ ਵਿਚ ਤੇ ਆਪਣੇ ਜੀਵਨ ਢੰਗ ਵਿਚ ਵੱਡਾ ਬਦਲਾਵ ਕੀਤਾ । ਬੈੱਡ ਬਦਲਿਆ, ਸਿਰ ਹੇਠ ਸਰਹਾਣਾ ਲੈ ਕੇ ਸੌਣ ਦੀ ਆਦਤ ਦਾ ਤਿਆਗ ਕੀਤਾ, ਸੋਫੇ ਉੱਤੇ ਬੈਠਣ ਦੀ ਆਦਤ ਛੱਡਕੇ ਕੁਰਸੀ ਉੱਤੇ ਬੈਠਣ ਦੀ ਆਦਤ ਪਾਈ, ਖਾਣ ਪੀਣ ਵਾਲੀਆਂ ਚੀਜਾਂ ਦੀ ਬੰਦਿਸ਼ ਕੀਤੀ, ਸੈਲਰੀ ਦਾ ਜੂਸ ਅਤੇ ਸਬਜੀਆਂ ਦਾ ਜੂਸ ਨੇਮ ਨਾਲ ਪੀਣਾ ਸ਼ੁਰੂ ਕੀਤਾ, ਅੱਧੀਆ ਕੁਕ ਕੀਤੀਆਂ ਸਬਜੀਆਂ ਖਾਣੀਆ ਸ਼ੁਰੂ ਕੀਤੀਆਂ, ਦਾਲਾਂ ਵਿਚ ਛੋਲੇ, ਮਸਰ ਤੇ ਮੂੰਗੀ ਦੀ ਦਾਲ ਖਾਣ ਨੂੰ ਆਪਣੀ ਪਹਿਲ ਲਿਸਟ ਵਿਚ ਸ਼ਾਮਿਲ ਕੀਤਾ, ਸੁੱਕੇ ਮੇਵੇ ਵੀ ਖਾਣੇ ਸ਼ੁਰੂ ਕੀਤੇ, ਦਿਨ ਵਿਚ ਇਕ ਸੇਬ ਤੇ ਨਿਯਮਤ ਐਕਸਰਲਾਈਜ ਜਿਸ ਵਿਚ ਏਅਰੋ ਬਾਈਕ, ਟੈੱਡ ਮਿਲ ਤੇ ਵਾਈਬਰੇਸ਼ਨ ਮਸ਼ੀਨ ਦੀਆਂ ਐਕਸਰਾਈਜਾਂ ਨੂੰ ਪਹੀਲ ਦਿੱਤੀ, ਪਿੱਠ ਨੂੰ ਸਟਰੈੱਚ ਕਰਨ ਵਾਸਤੇ ਕੁੱਝ ਸਮੇਂ ਵਾਸਤੇ ਫਰਸ਼/ ਕਾਰਪੈਟ ਉੱਤੇ ਪਿੱਠ ਭਾਰ ਸਿੱਧੇ ਲੇਟਣ ਦੀ ਨਿਯਮਤ ਆਦਤ ਪਾਈ । ਇਹਨਾਂ ਤੋਂ ਇਲਾਵਾ ਹੋਰ ਵੀ ਕਈ ਐਕਸਰਸਾਈਜ ਜੋ ਪਿਠ ਨੂੰ ਸਟਰੈੱਚ ਕਰਨ ਵਿਚ ਮੱਦਦ ਕਰਦੀਆਂ, ਉਹ ਵੀ ਕੀਤੀਆਂ, ਬਸ ਫਿਰ ਕੀ ਸੀ ਕਿ ਦੋ ਕੁ ਮਹੀਨੇ ਬਾਅਦ ਫਰਕ ਪੈਣਾ ਸ਼ੁਰੂ ਹੋ ਗਿਆ, ਇਸ ਤਰਾਂ ਜਾਪਣ ਲੱਗਿਆ ਕਿ ਜਿਵੇਂ ਹਿੱਲਿਆ ਹੋਇਆ ਰੀੜ੍ਹ ਦੀ ਹੱਡੀ ਦਾ ਮਣਕਾ ਮੁੜ ਆਪਣੇ ਸਹੀ ਟਿਕਾਣੇ ‘ਤੇ ਚਲਾ ਗਿਆ ਹੋਵੇ, ਗੋਲੀਆਂ ਖਾਣ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ, ਬੈਠਣ ਉੱਠਣ ਵਿੱਚ ਅਸਾਨੀ ਹੋਣ ਲੱਗ ਪਈ, ਦਰਦ ਰਫੂ ਚੱਕਰ ਹੋ ਗਿਆ ਤੇ ਆਪਾਂ ਮੁੜ ਤੋਂ ਤੰਦਰੁਸਤ ਹੋ ਗਏ ਤੇ ਅੱਜ ਸਤਾਰਾਂ ਕੁ ਸਾਲਾਂ ਬਾਅਦ ਵੀ ਇਸ ਬਿਮਾਰੀ ਤੋਂ ਮੁਕਤ ਹਾਂ ।

ਮੇਰੇ ਖਿਆਲ ਚ ਹੁਣ ਇਹ ਅੰਦਾਜਾ ਲਗਾਉਣਾ ਕੋਈ ਔਖਾ ਨਹੀ ਹੋਵੇਗਾ ਕਿ ਜੇਕਰ ਮੈਂ ਆਪ ਹਿੰਮਤ ਨਾ ਕਰਦਾ ਤਾਂ ਮੇਰੇ ਹਾਲਾਤ ਅੱਜ ਤੱਕ ਕੀ ਹੁੰਦੇ ! ਮੁਕਦੀ ਗੱਲ ਇਹ ਕਿ ਬਿਮਾਰੀ ਦੀ ਰੋਕਥਾਮ ਸਿਹਤ ਮਾਹਿਰ ਤੇ ਮਰੀਜ ਦੋਹਾਂ ਦੀ ਕੋਲਾਬੋਰੇਸ਼ਨ ਨਾਲ ਹੀ ਹੋ ਸਕਦੀ ਹੈ । ਮੈਨੂੰ ਜੇਕਰ ਹਸਪਤਾਲ ਦਾ ਡਾਕਟਰ ਇਹ ਨਾ ਦੱਸਦਾ ਕਿ ਬਿਮਾਰੀ ਵਿਗੜ ਕੇ ਨੌਬਤ ਵੀਲ੍ਹ ਚੇਅਰ ਤੱਕ ਦੀ ਆ ਸਕਦੀ ਹੈ ਤਾਂ ਸ਼ਾਇਦ ਮੈਂ ਕਦੇ ਵੀ ਪਿੱਠ ਦਰਦ ਤੋਂ ਛੁਟਕਾਰਾ ਪਾਉਣ ਵਾਸਤੇ ਆਪਣੇ ਤੌਰ ‘ਤੇ ਏਨੇ ਉੱਦਮ ਉਪਰਾਲੇ ਨਾ ਕਰਦਾ ਤੇ ਉਕਤ ਬਿਮਾਰੀ ਵਿਗੜ ਕੇ ਹੋਰ ਵੀ ਕਈ ਬਿਮਾਰੀਆਂ ਦਾ ਸ਼ਿਕਾਰ ਹੁੰਦਾ ।

--- ਚਲਦਾ

## ਹਾਸੇ ਦੀ ਪਟਾਰੀ

**ਰਾਜੂ** ਨੇ ਆਪਣੇ ਦੋਸਤ ਤੋਂ ਪੁੱਛਿਆ, ਤੁਸੀਂ ਆਪਣੇ ਘਰ ਦੇ ਬਾਹਰ ਖੜ੍ਹੇ ਟਰੱਕ ਨੂੰ ਦੇਖ ਕੇ ਇੰਨਾ ਘਬਰਾ ਕਿਉਂ ਰਹੇ ਹੋ?

ਦੋਸਤ, ਇਕ ਵਾਰ ਅਜਿਹੇ ਹੀ ਟਰੱਕ ਦੇ ਡਰਾਈਵਰ ਨੇ ਮੇਰੀ ਪਤਨੀ ਨੂੰ ਕਿਡਨੈਪ ਕੀਤਾ ਸੀ, ਮੈਨੂੰ ਡਰ ਹੈ ਕਿ ਉਹ ਕਿਤੇ ਉਸ ਨੂੰ ਵਾਪਸ ਛੱਡਣ ਤਾਂ ਨਹੀਂ ਆ ਗਿਆ।

*---*---*

**ਪਤਨੀ** ਦੀ ਰੋਜ਼-ਰੋਜ਼ ਦੀ ਝਗੜਾ ਕਰਨ ਦੀ ਆਦਤ ਤੋਂ ਪ੍ਰੇਸ਼ਾਨ ਹਰੀ ਆਪਣਾ ਸਾਮਾਨ ਬੰਨ੍ਹਦਾ ਹੋਇਆ ਬੋਲਿਆ, ਹੁਣ ਤਾਂ ਮੈਂ ਤੇਰੇ ਨਾਲ ਇਕ ਪਲ ਵੀ ਨਹੀਂ ਰਹਾਂਗਾ।

ਉਹ ਰੇਲਵੇ ਸਟੇਸ਼ਨ ਗਿਆ ਅਤੇ ਰੇਲ ਗੱਡੀ ‘ਤੇ ਚੜ੍ਹਨ ਲੱਗਾ। ਉਸੇ ਵੇਲੇ ਆਕਾਸ਼ਵਾਣੀ ਹੋਈ, ਇਸ ਵਿੱਚ ਨਾ ਚੜ੍ਹ, ਇਹ ਪਟੜੀ ਤੋਂ ਉਤਰ ਜਾਵੇਗੀ।

ਹਰੀ ਜਹਾਜ਼ ਵਿੱਚ ਚੜ੍ਹਨ ਲੱਗਾ ਤਾਂ ਆਵਾਜ਼ ਆਈ, ਇਸ ਵਿੱਚ ਨਾ ਚੜ੍ਹ, ਇਹ ਕ੍ਰੈਸ਼ ਹੋ ਜਾਵੇਗਾ।

ਹਰੀ ਨੇ ਬੱਸ ਵਿੱਚ ਜਾਣ ਬਾਰੇ ਸੋਚਿਆ ਤਾਂ ਫਿਰ ਆਵਾਜ਼ ਆਈ, ਇਸ ਵਿੱਚ ਨਾ ਚੜ੍ਹ, ਇਹ ਖੱਡ ਵਿੱਚ ਡਿੱਗ ਜਾਵੇਗੀ।

ਹਰੀ ਨੂੰ ਗੁੱਸਾ ਆ ਗਿਆ, ਉਹ ਬੋਲਿਆ, ਕੌਣ ਹੈ ਯਾਰ?

ਆਵਾਜ਼ ਆਈ, ਮੈਂ ਰੱਬ ਹਾਂ।

ਹਰੀ ਰੋਂਦਾ ਹੋਇਆ ਬੋਲਿਆ, ਰੱਬਾ! ਜਦੋਂ ਮੈਂ ਘੋੜੀ ‘ਤੇ ਚੜ੍ਹ ਰਿਹਾ ਸੀ ਤਾਂ ਕੀ ਤੇਰਾ ਗਲਾ ਬੈਠ ਗਿਆ ਸੀ?

*---*---*

# ਸਰਕਾਰੀ ਹਸਪਤਾਲ ਅਤੇ ਮੁਫਤ ਦਵਾਈਆਂ

ਮੇਜਰ ਸਿੰਘ ਨਾਭਾ
(ਪਟਿਆਲਾ)

ਸਿਹਤ ਦਾ ਖਿਆਲ ਰੱਖਣਾ ਬਹੁਤ ਜਰੂਰੀ ਹੈ ਪਰ ਸਾਡਾ ਖਾਣ-ਪੀਣ ਪੁਰਾਤਨ ਰਵਾਇਤ ਤੋਂ ਹਟ ਕੇ ਸ਼ੁਧ ਨਾ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ ਨਵੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ ਹਸਪਤਾਲਾਂ, ਡਾਕਟਰਾਂ ਦੇ ਕਲੀਨਿਕਾਂ ਆਦਿ ਵਿੱਚ ਬਹੁਤਾਤ ਵਿੱਚ ਦਿਖਾਈ ਦੇਂਦੇ ਹਨ। ਜਿਆਦਾਤਰ ਮਰੀਜ਼ ਐਲੋਪੈਥੀ ਦਵਾਈਆਂ ਨਾਲ ਜਲਦੀ ਠੀਕ ਹੋਣ ਲਈ ਇਲਾਜ ਕਰਵਾ ਰਹੇ ਹਨ। ਭਾਰਤ ਅੰਦਰ ਬਹੁਤੇ ਲੋਕ ਐਲੋਪੈਥੀ ਇਲਾਜ਼ ਕਰਵਾਉਣ ਦੇ ਸਮਰੱਥ ਨਹੀਂ ਹੁੰਦੇ ਕਿਉਂ ਕਿ ਪਹਿਲਾਂ ਤਾਂ ਡਾਕਟਰ ਮਹਿੰਗੇ ਟੈਸਟ ਲਿਖ ਦਿੰਦੇ ਹਨ ਦੂਸਰਾ ਦਵਾਈਆਂ ਬਹੁਤ ਮਹਿੰਗੀਆਂ ਹੁੰਦੀਆਂ ਹਨ। ਇਸ ਤਰ੍ਹਾਂ ਬਹੁਤੇ ਮਰੀਜ਼ ਨੀਮ ਹਕੀਮਾਂ ਦੇ ਸਸਤੇ ਇਲਾਜ 'ਚ ਫਸ ਕੇ ਜਾਨ ਗੁਆ ਬੈਠਦੇ ਹਨ।

ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਅੰਦਰ ਦਵਾਈਆਂ ਮੁਫਤ ਦੇਣ ਦਾ ਐਲਾਨ ਕੀਤਾ ਹੋਇਆ ਹੈ ਜਿਸ ਲਈ ਸਰਕਾਰ ਉਚੇਚੇ ਤੌਰ ਤੇ ਫੰਡ ਜਾਰੀ ਕਰ ਰਹੀ ਹੈ। ਨਵੀਂ ਪੰਜਾਬ ਸਰਕਾਰ ਨੇ ਆਪਣੇ ਚੋਣ ਵਾਅਦੇ ਵਿਚ ਸਿਹਤ ਅਤੇ ਸਿੱਖਿਆ ਮਹਿਕਮਿਆਂ ਦੇ ਸੁਧਾਰ ਨੂੰ ਪਹਿਲ ਦੇ ਆਧਾਰ ਉੱਪਰ ਮੁਫਤ ਸਹੂਲਤਾਂ ਦੇਣ ਦੀ ਗੱਲ ਕੀਤੀ ਸੀ। ਸਰਕਾਰੀ ਹਸਪਤਾਲਾਂ ਵਿੱਚੋਂ ਹੀ ਮੁਫਤ 278 ਜਰੂਰੀ ਦਵਾਈਆਂ ਦੇਣ ਦੀ ਵਿਵਸਥਾ ਦੇ ਨਾਲ ਹੁਣ 254 ਹੋਰ ਜਰੂਰੀ ਅਤੇ ਹੋਰ ਦਵਾਈਆਂ ਮੁਫਤ ਆਮ ਲੋਕਾਂ ਲਈ ਦੇਣ ਨੂੰ ਲਿਸਟ ਵਿੱਚ ਸਾਮਲ ਕਰਕੇ 26 ਜਨਵਰੀ 2024 ਤੋਂ ਗਿਣਤੀ 532 ਹੋ ਗਈ। ਹਸਪਤਾਲ ਸਟੋਰਾਂ ਵਿੱਚ ਜਿਨ੍ਹਾਂ ਦਵਾਈਆਂ ਦੀ ਘਾਟ ਹੋਵੇਗੀ ਉਨ੍ਹਾਂ ਦੀ ਰਿਪੋਰਟ ਸਿਹਤ ਮਹਿਕਮੇ ਨੂੰ ਪੰਜ ਦਿਨ ਪਹਿਲਾਂ ਕਰਨੀ ਹੈ ਤਾਂ ਜੋ ਸਮੇਂ ਸਿਰ ਦਵਾਈ ਪਹੁੰਚਾਈ ਜਾ ਸਕੇ ।ਫਿਰ ਵੀ ਮਹਿਕਮੇ ਵਲੋਂ ਭੇਜਣ 'ਚ ਕਿਸੇ ਕਾਰਨ ਦੇਰੀ ਹੋਣ ਦੀ ਸੰਭਾਵਨਾ ਕਰਕੇ ਮਹਿਕਮੇ ਨੇ ਸਿਵਲ ਸਰਜਨਾਂ ਨੂੰ ਆਪਣੇ ਪੱਧਰ ਤੇ ਉੱਚਿਤ ਕਮੇਟੀ ਬਣਾ ਕੇ ਉਸ ਰਾਹੀਂ 10 ਲੱਖ ਤੱਕ, ਇਸੇ ਤਰ੍ਹਾਂ ਸੀਨੀਅਰ ਮੈਡੀਕਲ ਅਫਸਰਾਂ ਨੂੰ 2.50 ਲੱਖ ਰੁਪਏ ਤੱਕ ਦੀਆਂ ਲੌੜੀਂਦੀਆਂ ਦਵਾਈਆਂ ਖ਼੍ਰੀਦਣ ਦੇ ਅਧਿਕਾਰ ਦਿੱਤੇ ਹਨ। ਦੇਖਦੇ ਹਾਂ ਕਿ ਕਦੋਂ ਇਹ ਸਕੀਮ ਪੂਰਨ ਰੂਪ 'ਚ ਆਪਣਾ ਕੰਮ ਕਰੇਗੀ।

ਹਸਪਤਾਲਾਂ ਵਿੱਚ ਜਿਨ੍ਹਾਂ ਦਵਾਈਆਂ ਦੀ ਘਾਟ ਹੁੰਦੀ ਹੈ ਤਾਂ ਤੁਰੰਤ ਖ਼੍ਰੀਦਣੀਆਂ ਮੁਸਕਲ ਹੋਣ ਕਾਰਨ ਇਨ੍ਹਾਂ ਦਿਨਾਂ ਵਿੱਚ ਮਰੀਜ਼ਾਂ ਲਈ ਕਠਿਨਾਈ ਹੁੰਦੀ ਹੈ। ਡਾਕਟਰ ਜੋ ਦਵਾਈਆਂ ਉਪਲੱਬਧ ਹੁੰਦੀਆਂ ਹਨ ਉਹੀ ਲਿਖਣ ਲਈ ਮਜਬੂਰ ਹਨ ਭਾਵੇਂ ਮਰੀਜ਼ ਲਈ ਹੋਰ ਜਰੂਰੀ ਦਵਾਈਆਂ ਦੀ ਵੀ ਲੋੜ ਹੁੰਦੀ ਹੈ। ਇਸ ਤਰ੍ਹਾਂ ਸਹੀ ਇਲਾਜ਼ ਨਹੀਂ ਹੋ ਸਕਦਾ। ਇਸ ਤਰ੍ਹਾਂ ਦੇ ਮਰੀਜ਼ ਪ੍ਰਾਈਵੇਟ ਡਾਕਟਰਾਂ ਕੋਲ ਜਾਣ ਲਈ ਮਜਬੂਰ ਹੋ ਜਾਂਦੇ ਹਨ ਜੋ ਇਲਾਜ਼ ਕਈ ਗੁਣਾਂ ਮਹਿੰਗਾ ਪੈਂਦਾ ਹੈ। ਇਸ ਤਰ੍ਹਾਂ ਦੇ ਕਈ ਮਰੀਜ਼ ਬਾਹਰੋਂ ਇਲਾਜ਼ ਕਰਵਾਉਣ ਦੇ ਅਸਮਰੱਥ ਹੋ ਕਾਰਨ ਜਾਨ ਗੁਆ ਲੈਂਦੇ ਹਨ ।ਅਤਿ ਜਰੂਰੀ ਬਾਹਰਲੀਆਂ ਦਵਾਈਆਂ, ਜਿਹੜੀਆਂ ਹਸਪਤਾਲਾਂ 'ਚ ਉਪਲੱਭਦ ਨਹੀਂ ਹੋ ਸਕਦੀਆਂ




, ਉਨ੍ਹਾਂ ਦੇ ਬਿਲਾਂ ਦੀ ਰਿਬੰਰਸਮੈਂਟ ਹੋਣੀ ਚਾਹੀਦੀ ਹੈ , ਚਾਹੇ ਕੋਈ ਵੀ ਮਰੀਜ਼ ਹੋਵੇ ।ਇਸੇ ਕਾਰਨ ਪੈਨਸ਼ਨਰ / ਮੁਲਾਜ਼ਮ ਪ੍ਰਾਈਵੇਟ ਇਲਾਜ਼ ਕਰਵਾਉਣ ਨੂੰ ਤਰਜੀਹ ਦਿੰਦੇ ਹਨ ਜਿਸ ਨਾਲ ਵੱਡੇ ਮੈਡੀਕਲ ਬਿਲਾਂ ਦਾ ਸਰਕਾਰ ਨੂੰ ਭੁਗਤਾਨ ਕਰਨਾ ਪੈਂਦਾ ਹੈ। ਮੰਤਰੀ ਸਾਹਿਬ ਦੇ ਸ਼ਹਿਰ ਦੇ ਰਾਜ ਪ੍ਰਸਿਧ ਸਰਕਾਰੀ ਰਜਿੰਦਰਾ ਹਸਪਤਾਲ ਵਿੱਚ ਕੁਝ ਦਿਨ ਪਹਿਲਾਂ ਮਰੀਜ਼ਾਂ ਦੇ ਪਰਿਵਾਰਾਂ ਵਲੋਂ ਮੁਫਤ ਦਵਾਈਆਂ ਨਾ ਮਿਲਣ ਦਾ ਮੁੱਦਾ ਪ੍ਰੈਸ 'ਚ ਉਠਾਇਆ ਹੈ ਜੋ ਕਿ ਇਸ ਸਕੀਮ ਨੂੰ ਕਾਰਗਰ ਢੰਗ ਨਾਲ ਚਲਾਉਣ ਵਿੱਚ ਅਜੇ ਵੀ ਹੋਰ ਸੁਧਾਰਾਂ ਦੀ ਲੋੜ ਹੈ , ਜਿਸ ਵੱਲ ਸਿਹਤ ਮੰਤਰੀ ਜਰੂਰ ਧਿਆਨ ਦੇਣਗੇ। ਅੱਜ ਕਲ੍ਹ ਕੈਂਸਰ , ਅਸਥਮਾ ਵਰਗੀਆਂ ਭਿਆਨਕ ਬਿਮਾਰੀਆਂ ਲਈ ਮਹਿੰਗੀਆਂ ਦੀਵਾਈਆਂ ਦੀ ਵਰਤੋਂ ਤੋਂ ਬਿਨ੍ਹਾਂ ਇਲਾਜ਼ ਨਹੀਂ ਹੋ ਸਕਦਾ। ਸਰਕਾਰੀ ਆਦੇਸ਼ਾਂ ਤੋਂ ਮਜਬੂਰ ਡਾਕਟਰ ਬਾਹਰਲੀਆਂ ਦਵਾਈਆਂ ਨਹੀਂ ਲਿਖਦੇ, ਇਸ ਲਈ ਹਸਪਤਾਲਾਂ ਦੀ ਮੰਗ ਅਨੁਸਾਰ ਲੌੜੀਂਦੀਆਂ ਦਵਾਈਆਂ ਸਿਹਤ ਵਿਭਾਗ ਤੁਰੰਤ ਪਹੁੰਚਾਉਣ ਦਾ ਪ੍ਰਬੰਧ ਕਰੇ ਜੋ ਕਿ ਆਮ ਮਰੀਜ਼ਾਂ ਲਈ ਵਧੀਆ ਰਾਹਤ ਦੇਣ ਵਾਲਾ ਕਦਮ ਹੋਵੇਗਾ।

ਜੇ ਬਾਹਰੋਂ ਦਵਾਈਆਂ ਖ਼੍ਰੀਦਣ ਦੀ ਗੱਲ ਕਰੀਏ ਤਾਂ ਆਮ ਮਰੀਜ਼ / ਪਰਿਵਾਰ ਲਈ ਕੋਈ ਸੌਖਾ ਕੰਮ ਨਹੀਂ। ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ। ਇਸਦੇ ਟੈਸਟ, ਦਵਾਈਆਂ, ਇੰਜੈਕਸ਼ਨ, ਥਰੈਪੀਆਂ ਆਦਿ ਮਹਿੰਗੀਆਂ ਹਨ। ਡਾਕਟਰ ਸਾਬ੍ਹ ਨੇ ਇੱਕ ਇੰਜੈਕਸ਼ਨ ਜੋ ਮੈਨੂੰ ਦੇਣ ਦੀ ਲੋੜ ਸੀ ਨੂੰ ਇੰਟਰਨੈੱਟ ਉੱਪਰ ਦੇਖ ਕੇ ਮੈਨੂੰ ਪੁਛਿਆ ਕਿ ਇਹ ਮਹਿੰਗਾ ਹੈ ਕੋਈ ਦਿੱਕਤ ਤਾਂ ਨਹੀਂ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕੋਈ ਗੱਲ ਨਹੀਂ। ਡਾਕਟਰ ਸਾਬ੍ਹ ਦਾ ਮਰੀਜ਼ਾਂ ਪ੍ਰਤੀ ਹਮੇਸ਼ਾਂ ਹਮਦਰਦੀ ਭਰਿਆ ਵਤੀਰਾ ਹੁੰਦਾ ਹੈ ਕਿ ਘੱਟੋ ਘੱਟ ਖਰਚੇ ਨਾਲ ਵਧੀਆ ਇਲਾਜ਼ ਹੋ ਸਕੇ ਮੈਂ ਇੰਜੈਕਸ਼ਨ ਲੈ ਆਇਆ ਜਦ ਬਿਲ ਦੇਖਿਆ ਤਾਂ ਉਹ ਕੋਈ ਛੇ ਗੁਣਾਂ ਵੱਧ ਐਮ.ਆਰ.ਪੀ. ਪ੍ਰਿੰਟ ਵਾਲਾ ਸੀ ਜਿਸ ਨੂੰ ਦੇਖ ਕੇ ਮੈਨੂੰ ਵੀ ਸ਼ਕ ਹੋਇਆ ਕਿ ਕਿਤੇ ਹੋਰ ਕੰਪਨੀ ਦਾ ਨਾ ਹੋਵੇ ਪਰ ਤਸੱਲੀ ਹੋਣ ਤੇ ਮੈਂ ਆ ਗਿਆ ਜੋ ਕਿ ਠੀਕ ਹੀ ਸੀ। ਡਾਕਟਰ ਸਾਬ੍ਹ ਨੇ ਜਦੋਂ ਰੇਟ ਪੁੱਛਿਆ ਤਾਂ ਮੇਰੇ ਦੱਸਣ ਤੇ ਡਾਕਟਰ ਸਾਬ੍ਹ ਹੈਰਾਨ ਹੋ ਗਏ। ਉਹ ਆਪਣੇ ਜੂਨੀਅਰ ਡਾਕਟਰ ਨੂੰ ਕਹਿ ਰਹੇ ਸੀ ਕਿ ਉਹ ਤਾਂ ਇਹ ਇੰਜੈਕਸ਼ਨ ਮਹਿੰਗਾ ਹੋਣ ਕਾਰਨ ਸਾਰੇ ਮਰੀਜ਼ਾਂ ਨੂੰ ਨਹੀਂ ਲਿਖ ਰਹੇ ਹੁਣ ਅੱਗੇ ਤੋਂ ਇਹ ਇਸ ਸਮੱਸਿਆ ਵਾਲੇ ਨੂੰ ਜਰੂਰ ਲਿਖ ਦਿਆ ਕਰੋ। ਭਲੀਮਾਣਸੀ ਹੈ ਇਹੋ ਜਿਹੇ ਕੈਮਿਸਟਾਂ ਦੀ ਜਿਹੜੇ ਫਿਰ ਵੀ ਆਪਣਾ ਬਣਦਾ ਕਮਿਸ਼ਨ ਲੈ ਕੇ ਮਰੀਜ਼ਾਂ ਉੱਪਰ ਤਰਸ ਕਰਦੇ ਹਨ। ਮੇਰੇ ਮਹੀਨਾ ਵਾਰ ਲਗਣ ਵਾਲੇ ਇੰਜੈਕਸ਼ਨ ਨੂੰ ਜੋ ਕਿ ਹਫਤੇ ਬਾਅਦ ਆਉਣਾ ਬਣਦਾ ਸੀ ਡਾਕਟਰ ਸਾਬ੍ਹ ਨੇ ਮੇਰੇ ਪਹਿਲਾਂ ਹੀ ਦੋ ਗੇੜ੍ਹੇ ਪੀ.ਜੀ.ਆਈ. ਦੇ ਲੱਗਣ ਕਾਰਨ ਉਨ੍ਹਾਂ ਐਤਕੀਂ ਲੋਕਲ ਹਸਪਤਾਲ ਤੋਂ ਹੀ ਟੀਕਾ ਲਗਵਾਉਣ ਲਈ ਕਹਿ ਦਿੱਤਾ ਪਰ ਇਹ ਟੀਕਾ ਨਾਭੇ ਤਾਂ ਮਿਲਣਾ ਨਹੀਂ ਸੀ ਮੈਂ ਪਟਿਆਲਾ ਹਸਪਤਾਲ ਰੈਫਰ ਕਰਵਾ ਲਿਆ। ਪਟਿਆਲੇ ਇਹ ਟੀਕਾ ਉਂਝ ਨਾ ਮਿਲਿਆ ਆਰਡਰ ਉੱਪਰ ਇੱਕ ਕੈਮਿਸਟ ਨਾਲ ਮੰਗਵਾਉਣ ਦੀ ਮੇਰੇ ਦੋਸਤ ਗੁਰਮੇਲ ਸਿੰਘ ਪਟਿਆਲਾ ਨੇ ਗੱਲ ਕਰ ਲਈ। ਟੀਕਾ ਆਉਣ ਦਾ ਕਨਫਰਮ ਕਰਕੇ ਮੈਂ ਪਟਿਆਲੇ ਚਲਾ ਗਿਆ। ਜਦੋਂ ਟੀਕੇ ਦੀ ਪੇਮੈਂਟ ਕੀਤੀ ਤਾਂ ਕੈਮਿਸਟ ਨੇ 17000 ਰੁਪਏ ਦਾ ਜੋ ਚੰਡੀਗੜ੍ਹੋਂ ਮਿਲਦਾ ਸੀ ਉਸ ਦਾ 19500 ਰੁਪਏ ਦਾ ਬਿਲ ਦੇ ਦਿੱਤਾ , ਜਿਸ ਦੀ ਕੰਪਨੀ ਉਹੀ ਸੀ। ਮੈਂ ਮਜਬੂਰ ਸੀ ਪੇਮੈਂਟ ਕਰ ਦਿੱਤੀ। ਪਰ ਮੈਂ ਇਸ ਵੱਡੇ ਅੰਤਰ ਬਾਰੇ ਸੋਚ ਰਿਹਾਂ ਕਿ ਗਰੀਬ ਲੋਕਾਂ ਲਈ ਏਨਾ ਮਹਿੰਗਾ ਇਲਾਜ਼ ਕਰਾਉਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ। ਰੇਟ 'ਚ ਇਹ ਵੱਡੇ ਫਰਕ ਤੋਂ ਇਲਾਵਾ ਕਮਿਸ਼ਨ ਵੀ ਤਾਂ ਵੱਖਰਾ ਹੋਵੇਗਾ। ਮਨਮਰਜ਼ੀ ਦੇ ਰੇਟ ਮਰੀਜ਼ਾਂ ਦੀ ਮਜਬੂਰੀ ਕਾਰਨ ਲੈਣੇ ਇਨ੍ਹਾਂ ਲੋਕਾਂ ਦੇ ਦਿਨਾਂ 'ਚ ਅਮੀਰ ਬਣਨ ਦੇ ਰਸਤੇ ਖੁੱਲ੍ਹੇ ਹੋਏ ਹਨ, ਜ਼ਿੰਦਗੀ ਦੇ ਅਖੀਰੀ ਸਮੇਂ 'ਚ ਇਨ੍ਹਾਂ ਦੀ ਜ਼ਮੀਰ ਜਰੂਰ ਫਿਟਲਾਨ੍ਹਤਾਂ ਦੇਵੇਗੀ ਜਦੋਂ ਇਹ ਸਾਰਾ ਪੈਸਾ ਛੱਡ ਕੇ ਖਾਲੀ ਹੱਥ ਜਾਣਾ ਪਵੇਗਾ। ਇਨਸਾਨੀਅਤ ਨਾਮ ਦਾ ਇਹ ਲੋਕ ਘਾਣ ਕਰਦੇ ਨਜ਼ਰ ਆ ਰਹੇ ਹਨ। ਪ੍ਰਾਈਵੇਟ ਹਸਪਤਾਲਾਂ 'ਚ ਤਾਂ ਆਮ ਮਰੀਜ਼ਾਂ ਲਈ ਇਲਾਜ਼ ਕਰਾਉਣਾ ਹੋਰ ਵੀ ਔਖਾ ਹੈ।

ਕੇਂਦਰ ਸਰਕਾਰ ਨੇ ਕਈ ਵੱਡੇ-ਵੱਡੇ ਫੈਸਲੇ ਲਏ ਹਨ ਪਰ ਦਵਾਈਆਂ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਕੰਪਨੀਆਂ ਨੂੰ ਕਿਉਂ ਪ੍ਰਿੰਟ ਕਰਨ ਲਈ ਆਗਿਆ ਦੇ ਰਹੀ ਹੈ ਜਦੋਂ ਕਿ ਭੋਲੇ ਭਾਲੇ ਮਰੀਜ਼ਾਂ ਦੀ ਅੰਨ੍ਹੀ ਲੁੱਟ ਇਸ ਕਰਕੇ ਹੀ ਹੋ ਰਹੀ ਹੈ। ਮਰੀਜ਼ ਨੂੰ ਸਮਝ ਨਹੀਂ ਆਉਂਦਾ ਕਿ ਦਵਾਈਆਂ ਦੇ ਰੇਟਾਂ ਬਾਰੇ ਕਿਵੇਂ ਪੜਤਾਲ ਕਰੇ ।ਸੋ ਸਰਕਾਰ ਨੂੰ ਸਖਤੀ ਨਾਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਉੱਪਰ ਕੰਟਰੋਲ ਕਰਕੇ ਉਨ੍ਹਾਂ ਦੀ ਆਈ ਲਾਗਤ ਨਾਲੋਂ ਕਿੰਨਾ ਵੱਧ ਰੇਟ ਪ੍ਰਿੰਟ ਕਰਨ ਨੂੰ ਤਹਿ ਕਰਨ ਲਈ ਦਿਸ਼ਾ ਨਿਰਦੇਸ਼ ਦੇਣੇ ਚਾਹੀਦੇ ਹਨ ਜੇ ਕੋਈ ਇਸ ਦੀ ਉਲੰਘਣਾ ਕਰਦੀ ਹੈ ਤਾਂ ਉਸਦੀ ਮਾਨਤਾ / ਲਾਇਸੰਸ ਕੈਂਸ਼ਲ ਕਰ ਦੇਣਾ ਚਾਹੀਦਾ ਹੈ ।ਰਾਜ ਸਰਕਾਰ ਨੂੰ ਵੀ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਲੈ ਕੇ ਦਵਾਈਆਂ ਅਤੇ ਹੋਰ ਡਾਕਟਰੀ ਸ਼ਾਜੋ-ਸਮਾਨ ਦੇ ਰੇਟਾਂ ਉੱਪਰ ਨਿਯੰਤਰਨ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ ਤਾਂ ਜੋ ਸਿਹਤ ਸਹੂਲਤਾਂ ਨੂੰ ਹਰੇਕ ਦੀ ਪਹੁੰਚ ਤੱਕ ਪਹੁੰਚਾਇਆ ਜਾਵੇ ।ਰਾਜ ਸਰਕਾਰ ਨੇ ਦਿੱਲੀ ਦੀ ਤਰਜ਼ ਤੇ ਮੁਫਤ ਇਲਾਜ ਲਈ 'ਆਮ ਆਦਮੀ ਕਲਿਨਕ' ਖੋਲ ਕੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਨ੍ਹਾਂ ਦੀ ਸ਼ੁਰੂਆਤ ਕੀਤੀ ਹੈ ਜਿਨ੍ਹਾਂ ਦੀ ਕਾਮਯਾਬੀ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਕਿਉਂ ਕਿ ਅਕਾਲੀ ਸਰਕਾਰ ਸਮੇਂ ਕਰੌੜਾਂ ਰੁਪਏ ਖਰਚ ਕੇ ਲੋਕਾਂ ਨੂੰ ਪਿੰਡਾਂ 'ਚ ਸੁਵਿਧਾ ਕੇਂਦਰ ਖੋਲ ਕੇ ਬਹੁਤ ਸਾਰੇ ਕੰਮ ਇਨ੍ਹਾਂ ਰਾਹੀਂ ਕਰਨ ਦੀ ਸੁਵਿਧਾ ਦਿੱਤੀ ਗਈ ਪਰ ਸਰਕਾਰ ਬਦਲਣ ਕਾਰਨ ਬਹੁਤੇ ਬੰਦ ਹੋ ਗਏ, ਕਈ ਚਲੇ ਹੀ ਨਹੀਂ , ਇਸ ਤਰ੍ਹਾਂ ਇਹ ਚਿੱਟੇ ਹਾਥੀ ਬਣ ਕੇ ਰਹਿ ਗਏ। ਹੁਣ ਇਨ੍ਹਾਂ ਵਿੱਚ ਹੀ ਹੋਰ ਲੱਖਾਂ ਰੁਪਏ ਖਰਚ ਕੇ ਕਲੀਨਿਕ ਖੋਲ੍ਹੇ ਜਾ ਰਹੇ ਹਨ। ਸੋ ਕਿਸੇ ਵੀ ਸਕੀਮ ਨੂੰ ਰਾਜਨੀਤੀ ਦੀ ਭੇਟ ਚੜ੍ਹਨ ਤੋਂ ਬਚਾਉਣਾ ਜਾਂ ਨਿਰੰਤਰ ਬਰਕਰਾਰ ਰੱਖਣਾ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ।

## ਅਮਰੀਕਾ 'ਚ ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਦੀ ਵਕਾਲਤ

ਵਾਸ਼ਿੰਗਟਨ: ਅਮਰੀਕਾ ਚ ਆਉਂਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਗਰਭਪਾਤ ਦਾ ਹੱਕ ਸਭ ਤੋਂ ਵੱਡੇ ਮੁੱਦੇ ਵਜੋਂ ਉਭਰ ਸਕਦਾ ਹੈ। ਨਵੇਂ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਏਸ਼ਿਆਈ ਅਮਰੀਕੀ, ਹਵਾਈ ਦੇ ਮੂਲ ਨਿਵਾਸੀ ਅਤੇ ਪੈਸੀਫਿਕ ਆਈਲੈਂਡਰ (ਏਏਪੀਆਈ) ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਦੇ ਪੱਖ ਫ਼ਰਸਤੋਚ ਹਨ। ਏਏਪੀਆਈ ਡੇਟਾ ਅਤੇ ਏਪੀ-ਐਨਓਆਰਸੀ ਸੈਂਟਰ ਫਾਰ ਪਬਲਿਕ ਅਫੇਅਰਜ਼ ਰਿਸਰਚ ਚ ਕਿਹਾ ਗਿਆ ਹੈ ਕਿ 10 ਫ਼ਰਸਤੁਚੋਂ 8 ਵਿਅਕਤੀ ਚਾਹੁੰਦੇ ਹਨ ਕਿ ਗਰਭਪਾਤ ਨੂੰ ਕਾਨੂੰਨੀ ਮਾਨਤਾ ਮਿਲੇ। ਤਿੰਨ ਤਿਹਾਈ ਏਏਪੀਆਈ ਬਾਲਗਾਂ ਨੇ ਕਿਹਾ ਕਿ ਸੰਸਦ ਨੂੰ ਇਸ ਸਬੰਧੀ ਕਾਨੂੰਨ ਪਾਸ ਕਰਨਾ ਚਾਹੀਦਾ ਹੈ। ਪਿਛਲੇ ਸਾਲ ਜੂਨ ਚ ਕਰਵਾਏ ਗਏ ਸਰਵੇਖਣ ਚ 64 ਫ਼ੀਸਦੀ ਅਮਰੀਕੀ ਬਾਲਗਾਂ ਦਾ ਮੰਨਣਾ ਹੈ ਕਿ ਗਰਭਪਾਤ ਨੂੰ ਜ਼ਿਆਦਾਤਰ ਮਾਮਲਿਆਂ ਚ ਕਾਨੂੰਨੀ ਮਾਨਤਾ ਮਿਲਣੀ ਚਾਹੀਦੀ ਹੈ। ਡੈਮੋਕਰੈਟਿਕ ਅਤੇ ਰਿਪਬਲਿਕਨ ਪਾਰਟੀਆਂ ਨਾਲ ਜੁੜੇ ਏਏਪੀਆਈ ਆਗੂ ਵੀ ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਦੇ ਪੱਖ ਚ ਹਨ। ਏਏਪੀਆਈ ਵੋਟਰਾਂ ਦੀ ਗਿਣਤੀ ਕੈਲੀਫੋਰਨੀਆ, ਟੈਕਸਸ ਅਤੇ ਨਿਊਯਾਰਕ ਚ ਕਿਤੇ ਵੱਧ ਹੈ ਅਤੇ ਦੋਵੇਂ ਪਾਰਟੀਆਂ ਉਨ੍ਹਾਂ ਨੂੰ ਆਪਣੇ ਪੱਖ ਚ ਕਰਨ ਲਈ ਹੰਭਲੇ ਮਾਰ ਰਹੀਆਂ ਹਨ ਪਰ ਮੰਨਿਆ ਜਾ ਰਿਹਾ ਹੈ ਕਿ ਡੈਮੋਕਰੈਟਿਕ ਪਾਰਟੀ ਨੂੰ ਇਸ ਦਾ ਲਾਹਾ ਮਿਲ ਸਕਦਾ ਹੈ।

# ਅੱਲੜ੍ਹ ਉਮਰੇ

ਐਡਵੋਕੇਟ ਗਗਨਦੀਪ ਸਿੰਘ ਗੁਰਾਇਆ
9781500050
advguraya@gmail.com



ਗਰਮੀ ਦੀ ਤਿੱਖੜ ਦੁਪਹਿਰੇ ਦਫਤਰ ਪੁੱਜਾ ਤਾਂ ਨਾਲ ਦੇ ਸਹਿ ਕਰਮੀ ਇੱਕ ਸਾਢੇ ਕੁ ਸਤਾਰਾਂ ਵਰ੍ਹਿਆਂ ਦੀ ਮੁਟਿਆਰ ਦੀ ਕੌਂਸਲਿੰਗ ਕਰਨ ਵਿੱਚ ਮਸ਼ਰੂਫ ਸਨ। ਮਸਲੇ ਦੀ ਨਾਜ਼ੁਕਤਾ ਨੂੰ ਸਮਝਦੇ ਹੋਏ ਉਨਾਂ ਅਗਲੇਰੀ ਕਾਉਂਸਲਿੰਗ ਲਈ ਮੇਰੇ ਵੱਲ ਇਸ਼ਾਰਾ ਕੀਤਾ। ਕੁੜੀ ਦੀ ਮਾਨਸਿਕ ਸਥਿਤੀ ਨੂੰ ਭਾਂਪਦਿਆਂ ਅਤੇ ਕੇਸ ਦੀ ਗੁੰਝਲ ਤੇ ਸਰਸਰੀ ਜਿਹੀ ਨਿਗਾਹ ਮਾਰਦਿਆਂ ਮੈਂ ਉਸ ਨਾਲ ਗੱਲਬਾਤ ਸ਼ੁਰੂ ਕੀਤੀ।

ਕੁੜੀ ਨੂੰ ਉਸ ਮੁਤਾਬਕ ਸੁਖਾਲਾ ਮਾਹੌਲ ਦੇਣ ਦੀ ਕੋਸ਼ਿਸ਼ ਕਰਦਿਆਂ ਮੈਂ ਉਸਦੇ ਪਰਿਵਾਰ, ਨਿਜੀ ਜੀਵਨ ਅਤੇ ਬਚਪਨ ਦੀ ਪੜ੍ਹਾਈ ਲਿਖਾਈ ਨਾਲ ਸੰਬੰਧਿਤ ਗੱਲਬਾਤ ਤੋਰੀ। ਹੁਣ ਉਹ ਮੇਰੇ ਨਾਲ ਪੂਰੀ ਤਰ੍ਹਾਂ ਖੁੱਲ ਚੁੱਕੀ ਸੀ। ਉਸਨੇ ਇੱਕਦਮ ਮੇਰੇ ਅੱਗੇ ਸਵਾਲ ਸੁੱਟ ਧਰਿਆ

ਸਰ, ਮੈਨੂੰ ਤਲਬ ਲੱਗੀ ਹੈ। ਕੀ ਸਿਗਰਟ ਮਿਲ ਸਕਦੀ ਹੈ?

ਮੇਰੇ ਲਈ ਇਹ ਬੰਬ ਵੱਜਣ ਵਾਲਾ ਸਵਾਲ ਸੀ। ਮੈਂ ਸੰਭਲਦਿਆਂ ਹੋਇਆਂ ਬਿਨਾਂ ਕੋਈ ਹੈਰਾਨੀ ਭਰਿਆ ਪ੍ਰਤੀਕਰਮ ਦਿੱਤਿਆਂ ਸਹਿਜਤਾ ਨਾਲ ਉਸਨੂੰ ਆਖਿਆ 'ਜੇ ਤੂੰ ਮੇਰੇ ਸਵਾਲਾਂ ਦਾ ਸਹੀ ਸਹੀ ਉੱਤਰ ਦੇਵੇਂਗੀ ਤਾਂ ਕੋਸ਼ਿਸ਼ ਕਰਕੇ ਤੇਰੇ ਲਈ ਇੰਤਜ਼ਾਮ ਕਰ ਸਕਦੇ ਹਾਂ'

ਹੁਣ ਉਹ ਸਹਿਜ ਹੋ ਗਈ ਸੀ ਅਤੇ ਮੇਰੇ ਵੱਲ ਆਸ ਭਰੀਆਂ ਨਿਗਾਹਾਂ ਨਾਲ ਤੱਕਣ ਲੱਗ ਪਈ ਸੀ। ਮੈਂ ਉਸ ਨੂੰ ਪਾਣੀ ਪਿਆ ਕੇ ਚਾਹ ਲਈ ਵੀ ਆਖ ਦਿੱਤਾ ਸੀ। ਤੈਨੂੰ ਸਿਗਰਟ ਨੋਸ਼ੀ ਦੀ ਆਦਤ ਕਦੋਂ ਤੋਂ ਹੈ? ਮੇਰਾ ਸਵਾਲ ਸੀ।

"ਕੋਈ ਸਾਲ ਕੁ ਖੰਡ ਤੋਂ" ਉਸ ਉੱਤਰ ਦਿੱਤਾ।

ਸ਼ਰਾਬ ਵੀ ਪੀ ਲੈਂਦੀ ਏਂ ? ਮੈਂ ਅਗਲਾ ਸਵਾਲ ਦਾਗਿਆ।

ਹਾਂਜੀ, ਹਰ ਤਰ੍ਹਾਂ ਦੀ। ਉਹ ਬਿਨਾਂ ਸੋਚਿਆਂ ਜਵਾਬ ਦੇਈ ਜਾ ਰਹੀ ਸੀ।

ਕਈ ਤਰ੍ਹਾਂ ਦੇ ਨਸ਼ੇ ਕਰ ਲੈਂਦੀ ਹਾਂ।

ਚਿੱਟੇ ਦਾ ਵੀ ਸੇਵਨ ਕੀਤਾ ਕਦੇ?

ਹਾਂ ਜੀ, ਕਦੇ-ਕਦੇ ।

ਉਸਦੇ ਜਵਾਬ ਵਿੱਚ ਅੱਲੜ ਉਮਰ ਵਾਲਾ ਸ਼ਰਾਰਤੀਪਣ ਅਤੇ ਬਚਪਨ ਵਾਲੀ ਮਾਸੂਮੀਅਤ ਵੀ ਸੀ। ਫਿਰ ਉਸ ਦੱਸਿਆ ਕਿ ਚਿੱਟੇ ਦਾ ਸੇਵਨ ਕਿਵੇਂ ਕਰੀਦੈ ।

ਮੈਂ ਉਸਦੀਆਂ ਗੱਲਾਂ ਇੱਕ ਟਕ ਲਾ ਕੇ ਸੁਣ ਰਿਹਾ ਸੀ। ਅਤੇ ਇਹ ਜਾਨਣਾ ਚਾਹੁੰਦਾ ਸੀ ਕਿ ਬੱਚੇ ਕਿਵੇਂ ਇਸ ਅੱਲੜ੍ਹ ਉਮਰੇ ਅਜਿਹੀਆਂ ਅਲਾਮਤਾਂ ਦਾ ਸ਼ਿਕਾਰ ਹੋ ਜਾਂਦੇ ਨੇ।

ਉਹ ਬੋਲੀ ਜਾ ਰਹੀ ਸੀ ਤੇ ਮੈਂ ਵਿੱਚੋਂ ਹੀ ਟੋਕ ਕੇ ਆਖਿਆ ਕਿ ਮੈਂ ਵੀ ਚਿੱਟਾ ਲੈਣਾ ਚਾਹੁੰਦਾ ਹਾਂ। ਕੀ ਉਸ ਕੋਲੋਂ ਮਿਲ ਸਕਦਾ ਹੈ?

'ਛੱਡੋ ਸਰ, ਤੁਸੀਂ ਕੀ ਕਰਨਾ? ਕਿਉਂ ? ਮੈਂ ਕਿਹਾ

"ਪਛਤਾਵੇ ਤੋਂ ਬਿਨਾਂ ਤੁਹਾਡੇ ਪੱਲੇ ਕੁਝ ਨਹੀਂ ਪੈਣਾ"

ਉਸ ਦਾ ਉੱਤਰ ਸੀ।

ਮੈਂ ਕਿਹਾ ਕਿ ਤੈਨੂੰ 18 ਵਰ੍ਹਿਆਂ ਦੀ ਨੂੰ ਕੋਈ ਪਛਤਾਵਾ ਨਹੀਂ ਤਾਂ ਮੈਨੂੰ ਇਸ ਉਮਰੇ ਕਿਵੇਂ ਹੋ ਸਕਦਾ?

ਨਹੀਂ ਸਰ, ਇਹ ਨਸ਼ਾ ਲਾਉਣਾ ਬੜਾ ਸੌਖਾ ਪਰ ਛੱਡਣਾ ਬੜਾ ਹੀ ਔਖਾ।

ਮੈਨੂੰ ਉਸਦੇ ਜਵਾਬ ਵਿੱਚੋਂ ਇੱਕ ਆਸ ਦੀ ਕਿਰਨ ਵਿਖਾਈ ਦਿੱਤੀ। ਮੈਂ ਆਖਿਆ ਕਿ ਕੁਝ ਵੀ ਨਾ ਮੁਮਕਿਨ ਨਹੀਂ, ਜੇ ਦ੍ਰਿੜ ਇਰਾਦਾ ਅਤੇ ਚਾਹਤ ਹੋਵੇ।

ਸਰ, ਇਹ ਤਾਂ ਹੈ।

ਹੁਣ ਮੈਨੂੰ ਉਸਦੇ ਸੁਧਰਨ ਦੀ ਆਸ ਬੱਝ ਚੁੱਕੀ ਸੀ। ਮੈਂ ਇੱਕ ਵਾਰ ਫਿਰ ਆਪਣੀ ਤਸੱਲੀ ਲਈ ਪੁੱਛਿਆ ਕਿ ਚਿੱਟਾ ਖਾ ਕੇ ਕਿਵੇਂ ਦਾ ਮਹਿਸੂਸ ਹੁੰਦੈ?

ਕਹਿੰਦੀ ਇੰਨੀ ਕੁ ਮਸਤੀ ਚੜਦੀ ਹੈ ਕਿ ਭਾਵੇਂ ਬੰਦਾ ਮਾਰ ਦੋ, ਕੋਈ ਪਰਵਾਹ ਨਹੀਂ। ਨਸ਼ੇ ਦੇ ਉਤਰਨ ਤੋਂ ਬਾਅਦ ਹੀ ਪਤਾ ਚੱਲਦੈ ਕਿ ਕੁਝ ਮਾੜਾ ਕਰ ਬੈਠੇ ਹਾਂ। ਮੈਂ ਮਨ ਹੀ ਮਨ ਸੋਚਿਆ ਕਿ ਚੰਗੇ ਅਤੇ ਮਾੜੇ ਵਿੱਚ ਪਰਖ ਕਰਨ ਦੀ ਸਮਝ ਤਾਂ ਹੈ। ਜੇ ਅਸੀਂ ਸਮਾਜ ਅਤੇ ਪਰਿਵਾਰ ਰਲ ਕੇ ਸਮਾਂ ਕੱਢੀਏ ਤਾਂ ਇਸ ਦੀ ਜ਼ਿੰਦਗੀ ਸੁਧਰ ਸਕਦੀ ਹੈ। ਮੈਂ ਗੱਲ ਬਦਲਦਿਆਂ ਉਸਦੇ ਹੱਥ ਵਿੱਚ ਮਹਿੰਗਾ ਆਈਫੋਨ ਵੇਖਦਿਆਂ ਪੁੱਛਿਆ ਕਿ ਇੰਨਾ ਕੀਮਤੀ ਫੋਨ ਤੇਰੇ ਕੋਲ ਕਿਵੇਂ?

ਸਰ, ਇਹ ਤਾਂ ਕੁਝ ਵੀ ਨਹੀਂ,

ਇਸ ਨਾਲੋਂ ਦੁੱਗਣੇ ਪੈਸੇ ਤਾਂ ਮੇਰੇ ਪਰਸ ਚ ਹੁੰਦੇ ਨੇ।

ਮੈਂ ਕਮਾਈ ਦਾ ਜਰੀਆ ਪੁੱਛਿਆ ਤਾਂ ਜਵਾਬ ਸੁਣ ਕੇ ਮੇਰੇ ਰੌਂਗਟੇ ਖੜੇ ਹੋ ਗਏ। ਉਸਨੇ ਇਹ ਵੀ ਦੱਸਿਆ ਕਿ ਇੱਕ ਵੱਡੇ ਸ਼ਹਿਰ ਦੀ ਬਦਨਾਮ ਔਰਤ ਉਸ ਨੂੰ ਇਸ ਧੰਦੇ ਵਿੱਚ ਲੈ ਕੇ ਆਈ ਸੀ।

ਇੰਨੀ ਗੱਲਬਾਤ ਤੋਂ ਇਹ ਤਾਂ ਸਿੱਧ ਹੋ ਚੁੱਕਾ ਸੀ ਕਿ ਉਹ ਸੁਧਰਨਾ ਚਾਹੁੰਦੀ ਸੀ, ਪਰ ਹਾਲਾਤ ਹੱਥੋਂ ਮਜਬੂਰ ਸੀ। ਮੈਂ ਉਸ ਤੋਂ ਵਾਅਦਾ ਲਿਆ ਤੇ ਉਸ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਹਰ ਤਰ੍ਹਾਂ ਦੇ ਸਹਿਯੋਗ ਦੀ ਪੇਸ਼ਕਸ਼ ਕੀਤੀ। ਮੈਨੂੰ ਕੌਂਸਲਿੰਗ ਕਰਦਿਆਂ ਉਸ ਵਿੱਚੋਂ ਇੱਕ ਆਸ ਦੀ ਕਿਰਨ ਵਿਖਾਈ ਦਿੱਤੀ ਸੀ। ਉਸਦੇ ਪਰਿਵਾਰ ਨੂੰ ਵੀ ਘਰ ਦਾ ਮਾਹੌਲ ਸਹੀ ਕਰਨ ਲਈ ਪ੍ਰੇਰਿਆ ਤੇ ਉਸ ਨੂੰ ਘਰੋਂ ਦੁਬਾਰਾ ਨਾ ਭੱਜਣ ਦੀ ਨਸੀਹਤ ਵੀ ਦਿੱਤੀ। ਮੇਰੇ ਇੱਕ ਸਹਿਕਰਮੀ ਡਾਕਟਰ ਸਾਥੀ ਨੇ ਉਸ ਨੂੰ ਨਸ਼ੇ ਛੱਡਣ ਲਈ ਦਵਾਈ ਵੀ ਦਿੱਤੀ। ਨਾਬਾਲਗ ਬੱਚਿਆਂ ਨੂੰ ਗਲਤ ਸੰਗਤ ਵਿੱਚ ਧੱਕਣ ਦੇ ਕਸੂਰਵਾਰ ਅਨਸਰਾਂ ਨੂੰ ਨਕੇਲ ਪਾਉਣ ਲਈ ਪੁਲਿਸ ਨਾਲ ਰਾਬਤਾ ਕੀਤਾ ਗਿਆ।

ਇਸ ਵਾਕਿਆਤ ਤੋਂ ਬਾਅਦ ਕਈ ਵਾਰ ਉਸ ਲੜਕੀ ਦੇ ਨਾਲ ਸੰਪਰਕ ਕੀਤਾ ਤਾਂ ਹੁਣ ਉਸ ਦੀ ਜ਼ਿੰਦਗੀ ਵਿੱਚ ਕਾਫੀ ਸੁਧਾਰ ਆ ਰਿਹਾ ਸੀ। ਦ੍ਰਿੜ ਇਰਾਦਾ,ਲਗਨ ਅਤੇ ਪਰਿਵਾਰ ਦੇ ਸਹਿਯੋਗ ਨਾਲ ਜ਼ਿੰਦਗੀ ਨਵੀਆਂ ਪੁਲਾਂਘਾਂ ਪੁੱਟਣ ਲਈ ਆਪਣੀ ਮੰਜ਼ਿਲ ਏ ਮਕਸੂਦ ਵੱਲ ਵਧ ਰਹੀ ਸੀ॥

* * * * * * * *

# ਜਗਦੀਸ਼ ਰਾਣਾ ਹੋਏ ਤੀਜੇ ਯਾਦਗਾਰੀ ਰਾਜਿੰਦਰ ਪਰਦੇਸੀ ਪੁਰਸਕਾਰ ਨਾਲ਼ ਸਨਮਾਨਿਤ

## ✪ ਰਿਸਦੇ ਪੈਂਡੇ ਜ਼ਖ਼ਮੀ ਪੈੜਾਂ ਅਤੇ ਸਿੱਖੀ ਸਿਦਕ ਪੁਸਤਕਾਂ ਲੋਕ ਅਰਪਣ



ਜਲੰਧਰ (ਤੇਜਿੰਦਰ ਮਨਚੰਦਾ)-ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਰਜਿ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ ਦੇ ਸਹਿਯੋਗ ਨਾਲ਼ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਸ਼ਾਨਦਾਰ ਸਾਹਿਤਕ ਪ੍ਰੋਗਰਾਮ ਕਰ ਕੇ ਮੰਚ ਦੇ ਸੰਸਥਾਪਕ ਪ੍ਰਧਾਨ ਉਸਤਾਦ ਸ਼ਾਇਰ ਰਾਜਿੰਦਰ ਪਰਦੇਸੀ ਦੀ ਯਾਦ ਵਿੱਚ ਤੀਜਾ ਰਾਜਿੰਦਰ ਪਰਦੇਸੀ ਯਾਦਗਾਰੀ ਪੁਰਸਕਾਰ (ਸਨਮਾਨ ਪੱਤਰ, ਇਕਵੰਜਾਂ ਸੌ ਰੁਪਏ, ਕਿਤਾਬਾਂ ਅਤੇ ਲੋਈ) ਦੇ ਕੇ ਪੰਜਾਬ ਦੇ ਨਾਮਵਰ ਗੀਤਕਾਰ ਤੇ ਉੱਘੇ ਲੋਕ ਸ਼ਾਇਰ ਜਗਦੀਸ਼ ਰਾਣਾ ਨੂੰ ਦਿੱਤਾ ਗਿਆ। ਪ੍ਰੋਗਰਾਮ ਦੀ ਪਹਿਲੇ ਭਾਗ ਦੀ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਮੁੱਖ ਸਕੱਤਰ ਪ੍ਰੋ.ਸੰਧੂ ਵਰਿਆਣਵੀ, ਮੀਤ ਪ੍ਰਧਾਨ ਤੇ ਨੈਸ਼ਨਲ ਬੁੱਕ ਟਰੱਸਟ ਦੇ ਸਾਬਕਾ ਨਿਰਦੇਸ਼ਕ ਡਾ.ਬਲਦੇਵ ਬੱਦਨ, ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ, ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਅਤੇ ਜਗਦੀਸ਼ ਰਾਣਾ ਵਿਰਾਜਮਾਨ ਹੋਏ। ਮੰਚ ਸੰਚਾਲਨ ਲੈਕ.ਬਲਬੀਰ ਰਾਏਕੋਟੀ ਨੇ ਕੀਤਾ।

ਪ੍ਰੋ.ਸੰਧੂ ਵਰਿਆਣਵੀ ਅਤੇ ਡਾ.ਕੰਵਲ ਭੱਲਾ ਨੇ ਰਾਜਿੰਦਰ ਪਰਦੇਸੀ ਬਾਰੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਉਹ ਕਦੇ ਵੀ ਡੋਲਦੇ ਨਹੀਂ ਸਨ ਸਗੋਂ ਹਮੇਸ਼ਾਂ ਚੜ੍ਹਦੀਕਲਾ ਵਿੱਚ ਰਹਿਣ ਵਾਲੇ ਇਨਸਾਨ ਸਨ ਤੇ ਉਸਤਾਦ ਸ਼ਾਇਰ ਸਨ। ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਨੇ ਜਗਦੀਸ਼ ਰਾਣਾ ਬਾਰੇ ਬੋਲਦਿਆਂ ਕਿਹਾ ਕਿ ਰਾਣਾ ਤੇ ਰਾਜਿੰਦਰ ਪਰਦੇਸੀ ਦੀ ਲੰਬੀ ਸਾਂਝ ਰਹੀ ਹੈ ਤੇ ਰਾਣਾ ਪਰਦੇਸੀ ਦੀ ਸੋਚ ਨੂੰ ਅੱਗੇ ਵਧਾ ਰਿਹਾ ਹੈ।

ਇਸ ਦੌਰਾਨ ਮੰਚ ਵਲੋਂ ਉਸਤਾਦ ਸ਼ਾਇਰ ਹਰਬੰਸ ਸਿੰਘ ਅਕਸ ਦੀ ਪੁਸਤਕ ਰਿਸਦੇ ਪੈਂਡੇ ਜ਼ਖ਼ਮੀ ਪੈੜਾਂ ਅਤੇ ਗੁਰਚਰਨ ਸਿੰਘ ਚਰਨ (ਦਿੱਲੀ) ਦੀ ਪੁਸਤਕ ਸਿੱਖੀ ਸਿਦਕ ਲੋਕ ਅਰਪਣ ਕੀਤੀਆਂ ਗਈਆਂ। ਦੋਵਾਂ ਪੁਸਤਕਾਂ ਬਾਰੇ ਡਾ. ਬਲਦੇਵ ਬੱਦਨ ਨੇ ਵਿਚਾਰ ਸਾਂਝੇ ਕੀਤੇ। ਮੰਚ ਵਲੋਂ ਹਰਬੰਸ ਸਿੰਘ ਅਕਸ ਅਤੇ ਗੁਰਚਰਨ ਸਿੰਘ ਚਰਨ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਦੂਜੇ ਭਾਗ ਵਿੱਚ ਹਾਜ਼ਿਰ ਕਵੀਆਂ ਦਾ ਕਵੀ ਦਰਬਾਰ ਹੋਇਆ ਜਿਸ ਦਾ ਮੰਚ ਸੰਚਾਲਨ ਮੰਚ ਦੇ ਮੁੱਖ ਸਕੱਤਰ ਜਗਦੀਸ਼ ਰਾਣਾ ਨੇ ਕੀਤਾ।

ਕਵੀ ਦਰਬਾਰ ਵਿੱਚ ਪ੍ਰੋ.ਅਕਵੀਰ ਕੌਰ, ਸਵਿੰਦਰ ਸੰਧੂ, ਬਲਬੀਰ ਕੌਰ ਰਾਏਕੋਟੀ, ਸੰਤ ਸੰਧੂ, ਅਮਰੀਕ ਡੋਗਰਾ, ਸਰਵਜੀਤ ਸਿੰਘ ਸੰਧੂ, ਜਸਵੰਤ ਧਾਪ, ਜਗਤਾਰ ਗਿੱਲ, ਵੀਰਪਾਲ ਕੌਰ ਮੋਹਲ, ਦਵੀ ਸਿੱਧੂ, ਜਰਨੈਲ ਸਾਖੀ, ਪ੍ਰੋ.ਬਲਦੇਵ ਬੱਲੀ, ਬਲਵੰਤ ਚਰਾਗ, ਮਨਿੰਦਰ ਸ਼ੌਂਕ, ਗੁਰਦੀਪ ਭਾਟੀਆ, ਗੁਰਦੀਪ ਔਲਖ, ਤਲਵਿੰਦਰ ਸ਼ੇਰਗਿੱਲ, ਕੀਮਤੀ ਕੈਸਰ, ਹਰਦਿਆਲ ਹੁਸ਼ਿਆਰਪੁਰੀ, ਸੁਰਜੀਤ ਸਾਜਨ, ਲੈਕ.ਰੁਪਿੰਦਰ ਕੌਰ ਸਹੋਤਾ, ਆਸ਼ੀ ਈਸਪੁਰੀ, ਜਸਪਾਲ ਜ਼ੀਰਵੀ, ਸਾਹਿਬਾਂ ਜੀਟਨ ਕੌਰ, ਰੂਪ ਲਾਲ ਰੂਪ, ਸੁਦੇਸ਼ ਕਲਿਆਣ, ਦਲਜੀਤ ਮਹਿਮੀ, ਸੁਰਿੰਦਰ ਕੌਰ ਬਾੜਾ, ਮਦਨ ਬੋਲੀਨਾ, ਸੀਰਤ ਸਿਖਿਆਰਥੀ, ਨਵਜੋਤ ਕੌਰ ਸੈਣੀ, ਇੰਦਰਪਾਲ ਨਕੋਦਰ ਆਦਿ ਕਵੀਆਂ ਨੇ ਆਪਣੀਆਂ ਬੇਹਤਰੀਨ ਰਚਨਾਵਾਂ ਨਾਲ਼ ਪ੍ਰੋਗਰਾਮ ਨੂੰ ਚਾਰ ਚੰਨ ਲਾਏ।


ਇਸ ਮੌਕੇ ਮੇਹਰ ਮਲਿਕ, ਹਰਜੀਤ ਸੰਧੂ, ਪ੍ਰਿੰਸੀਪਲ ਇੰਦਰਜੀਤ ਵਾਸੂ, ਰਿਤੂ ਕਲਸੀ, ਗੀਤਾ ਵਰਮਾ, ਸ਼ੋਭਾ ਘਈ, ਹਰੀਸ਼ ਭੰਡਾਰੀ, ਪੁਸ਼ਪਿੰਦਰ ਕੌਰ, ਜਸਪਾਲ ਲਾਂਬੜੀ, ਨਛੱਤਰ ਭੋਗਲ, ਕਰਨਲ ਜਗਬੀਰ ਸਿੰਘ ਸੰਧੂ ਆਦਿ ਵਿਸ਼ੇਸ਼ ਤੌਰ ਤੇ ਹਾਜ਼ਿਰ ਰਹੇ।




# ਅਮਰੀਕਾ ਵਿਚ ਆਪਣੀ ਦੋਸਤ ਕੁੜੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਲਾਇਆ ਜਾਵੇਗਾ ਫਾਹੇ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਅਦਾਲਤ ਵੱਲੋਂ ਆਖਰੀ ਪਲਾਂ ਵਿਚ ਰਹਿਮ ਦੀ ਦਰਖਾਸਤ ਰੱਦ ਕਰ ਦੇਣ ਉਪਰੰਤ ਜਾਰਜੀਆ ਦੇ ਇਕ ਵਿਅਕਤੀ ਨੂੰ ਮੌਤ ਦੀ ਸਜ਼ਾ ਦੇਣ ਲਈ ਤਿਆਰੀ ਕਰ ਲਈ ਗਈ ਹੈ। 59 ਸਾਲਾ ਵਿਲੀ ਜੇਮਜ ਪਾਈ ਨੂੰ 1996 ਦੀਆਂ ਗਰਮੀਆਂ ਦੌਰਾਨ ਆਪਣੀ ਸਾਬਕਾ ਮਿੱਤਰ ਕੁੜੀ ਅਲੀਸੀਆ ਲਿਨ ਯਰਬਰੌਘ ਨੂੰ ਅਗਵਾ ਕਰਨ, ਜਬਰਜਨਾਹ ਕਰਨ ਤੇ ਉਸ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਅਟਾਰਨੀ ਜਨਰਲ ਤੇ ਸਟੇਟ ਦਫਤਰ ਅਨੁਸਾਰ ਉਸ ਨੂੰ ਬਿਨਾਂ ਦਰਦ ਪ੍ਰਣਾਲੀ ਦੀ ਵਰਤੋਂ ਦੁਆਰਾ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਉਸ ਨੂੰ ਕਿਸੇ ਵੀ ਸਮੇ ਫਾਹੇ ਲਾਇਆ ਜਾ ਸਕਦਾ ਹੈ।

# ਸਿਹਤ ਤੇ ਸੁੰਦਰਤਾ



## ਮੁਸੀਬਤ ਦਾ ਕਾਰਨ ਬਣ ਰਿਹੈ ਵਧਦਾ ਭਾਰ, ਇਸ ਲਈ ਖਾਓ ਫਾਈਬਰ ਭਰਪੂਰ ਫੂਡਜ਼

ਵਧਦੇ ਕੰਮ ਦੇ ਬੋਝ ਤੇ ਲਗਾਤਾਰ ਬਦਲਦੀ ਜੀਵਨ ਸ਼ੈਲੀ ਕਾਰਨ ਅਸੀਂ ਬਹੁਤ ਪ੍ਰਭਾਵਿਤ ਹੁੰਦੇ ਹਾਂ। ਅੱਜਕੱਲ੍ਹ ਲੋਕ ਆਪਣਾ ਜ਼ਿਆਦਾਤਰ ਸਮਾਂ ਦਫ਼ਤਰ ਜਾਂ ਕੰਮ ਵਾਲੀ ਥਾਂ 'ਤੇ ਬਿਤਾਉਂਦੇ ਹਨ। ਅਜਿਹੇ 'ਚ ਦਿਨ ਭਰ ਬੈਠੇ ਰਹਿਣ ਕਾਰਨ ਲੋਕ ਅਕਸਰ ਵਧਦੇ ਭਾਰ ਮਤਲਬ ਮੋਟਾਪੇ ਦਾ ਸ਼ਿਕਾਰ ਹੋ ਜਾਂਦੇ ਹਨ। ਮੋਟਾਪਾ ਇੱਕ ਗੰਭੀਰ ਸਮੱਸਿਆ ਹੈ ਜੋ ਅਜੋਕੇ ਸਮੇਂ ਵਿੱਚ ਇੱਕ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਅਜਿਹੇ 'ਚ ਜ਼ਰੂਰੀ ਹੈ ਕਿ ਸਮੇਂ 'ਤੇ ਇਸ 'ਤੇ ਕਾਬੂ ਪਾਇਆ ਜਾਵੇ, ਤਾਂ ਜੋ ਭਵਿੱਖ 'ਚ ਕਿਸੇ ਵੀ ਤਰ੍ਹਾਂ ਦੀ ਗੰਭੀਰ ਸਿਹਤ ਸਮੱਸਿਆ ਤੋਂ ਬਚਿਆ ਜਾ ਸਕੇ।

ਆਪਣਾ ਭਾਰ ਘੱਟ ਕਰਨ ਲਈ ਲੋਕ ਅਕਸਰ ਜਿਮ ਤੇ ਡਾਈਟਿੰਗ ਦਾ ਸਹਾਰਾ ਲੈਂਦੇ ਹਨ। ਹਾਲਾਂਕਿ, ਆਪਣੀ ਜੀਵਨ ਸ਼ੈਲੀ ਤੇ ਖਾਣ-ਪੀਣ ਦੀਆਂ ਆਦਤਾਂ ਵਿੱਚ ਸਹੀ ਬਦਲਾਅ ਕਰਕੇ ਤੁਸੀਂ ਆਪਣੇ ਵਧੇ ਹੋਏ ਭਾਰ ਨੂੰ ਕੰਟਰੋਲ ਵਿੱਚ ਰੱਖ ਸਕਦੇ ਹੋ। ਫਾਈਬਰ ਇੱਕ ਕਿਸਮ ਦਾ ਕਾਰਬੋਹਾਈਡਰੇਟ ਹੈ ਜੋ ਭਾਰ ਘਟਾਉਣ ਵਿੱਚ ਬਹੁਤ ਮਦਦਗਾਰ ਹੁੰਦਾ ਹੈ। ਘੁਲਣਸ਼ੀਲ ਤੇ ਅਘੁਲਣਸ਼ੀਲ ਦੋਵੇਂ ਫਾਈਬਰ ਭਾਰ ਘਟਾਉਣ ਵਿੱਚ ਤੁਹਾਡੀ ਮਦਦ ਕਰਦੇ ਹਨ। ਅਜਿਹੇ 'ਚ ਤੁਸੀਂ ਇਨ੍ਹਾਂ ਫਾਈਬਰ ਨਾਲ ਭਰਪੂਰ ਭੋਜਨ ਨੂੰ ਆਪਣੀ ਡਾਈਟ ਵਿਚ ਸ਼ਾਮਲ ਕਰ ਸਕਦੇ ਹੋ।

ਗਾਜਰ ਵਿਟਾਮਿਨ ਏ, ਸੀ ਤੇ ਕੇ, ਮੈਗਨੀਸ਼ੀਅਮ, ਪੋਟਾਸ਼ੀਅਮ ਤੇ ਬਹੁਤ ਸਾਰੇ ਖ਼ੁਰਾਕੀ ਫਾਈਬਰ ਨਾਲ ਭਰਪੂਰ ਹੁੰਦੇ ਹਨ। ਤੁਸੀਂ ਇਸ ਨੂੰ ਸਲਾਦ, ਸਬਜ਼ੀ, ਉਪਮਾ ਤੇ ਪੋਹਾ ਆਦਿ ਵਿੱਚ ਸ਼ਾਮਲ ਕਰਕੇ ਆਪਣੀ ਖ਼ੁਰਾਕ ਦਾ ਹਿੱਸਾ ਬਣਾ ਸਕਦੇ ਹੋ। ਕੱਚੀ ਗਾਜਰ ਸਰੀਰ ਵਿੱਚ ਫਾਈਬਰ ਵਧਾਉਣ ਦਾ ਇੱਕ ਵਧੀਆ ਤਰੀਕਾ ਹੈ। ਅਲਸੀ ਕੱਦੂ ਤੇ ਸੂਰਜਮੁਖੀ ਦੇ ਬੀਜ ਸਿਹਤਮੰਦ ਚਰਬੀ ਤੇ ਖੁਰਾਕੀ ਫਾਈਬਰ ਨਾਲ ਭਰਪੂਰ ਹੁੰਦੇ ਹਨ। ਇਹ ਫਾਈਬਰ ਨਿਕਾਸ ਨੂੰ ਸੌਖਾ ਬਣਾਉਂਦਾ ਹੈ ਤੇ ਲੰਬੇ ਸਮੇਂ ਤੱਕ ਪੇਟ ਭਰਿਆ ਰੱਖਦਾ ਹੈ ਇਸ ਤਰ੍ਹਾਂ ਤੁਹਾਨੂੰ ਜ਼ਿਆਦਾ ਖਾਣ ਤੋਂ ਰੋਕਦਾ ਹੈ। ਦਾਲਾਂ ਫਾਈਬਰ, ਪ੍ਰੋਟੀਨ ਤੇ ਮੈਗਨੀਜ਼, ਪੋਟਾਸ਼ੀਅਮ ਤੇ ਆਇਰਨ ਵਰਗੇ ਖਣਿਜਾਂ ਦਾ ਵਧੀਆ ਸਰੋਤ ਹਨ। ਅਜਿਹੀ ਸਥਿਤੀ ਵਿੱਚ, ਤੁਸੀਂ ਇਸ ਨੂੰ ਭਾਰ ਘਟਾਉਣ ਲਈ ਆਪਣੀ ਖੁਰਾਕ ਵਿੱਚ ਸ਼ਾਮਲ ਕਰ ਸਕਦੇ ਹੋ। ਤੁਸੀਂ ਇਸ ਨੂੰ ਦਾਲ ਜਾਂ ਦਾਲ ਸੂਪ, ਰਸਮ ਤੇ ਸਾਂਬਰ ਆਦਿ ਦੇ ਰੂਪ ਵਿਚ ਖਾ ਸਕਦੇ ਹੋ।

ਤੁਸੀਂ ਆਪਣੀ ਖੁਰਾਕ ਵਿੱਚ ਪੱਤਾਗੋਭੀ, ਫੁਲਗੋਭੀ ਤੇ ਬਰੋਕਲੀ ਵਰਗੀਆਂ ਹਰੀਆਂ ਸਬਜ਼ੀਆਂ ਨੂੰ ਸ਼ਾਮਲ ਕਰਕੇ ਆਪਣੇ ਫਾਈਬਰ ਦੀ ਮਾਤਰਾ ਵਧਾ ਸਕਦੇ ਹੋ। ਇਨ੍ਹਾਂ ਦੀ ਮਦਦ ਨਾਲ, ਤੁਹਾਡਾ ਪੇਟ ਲੰਬੇ ਸਮੇਂ ਤੱਕ ਭਰਿਆ ਰਹੇਗਾ ਜਿਸ ਨਾਲ ਤੁਸੀਂ ਆਪਣੇ ਭਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਕਰ ਸਕਦੇ ਹੋ। ਅੰਜੀਰ ਸੁਆਦ ਵਿੱਚ ਥੋੜੇ ਮਿੱਠੇ ਹੁੰਦੇ ਹਨ ਤੇ ਇਸ ਦੀ ਬਣਤਰ ਦਾਣੇਦਾਰ ਵਰਗੀ ਹੁੰਦੀ ਹੈ। ਅੰਜੀਰ ਫਾਈਬਰ ਤੇ ਵਿਟਾਮਿਨ ਏ, ਕੇ, ਪ੍ਰੋਟੀਨ ਤੇ ਫੋਲੇਟ ਵਰਗੇ ਹੋਰ ਪੌਸ਼ਟਿਕ ਤੱਤ ਨਾਲ ਭਰਪੂਰ ਹੁੰਦੇ ਹਨ ਜੋ ਇਸਨੂੰ ਭਾਰ ਘਟਾਉਣ ਲਈ ਪ੍ਰਭਾਵਸ਼ਾਲੀ ਬਣਾਉਂਦੇ ਹਨ।



ਪੂਰੇ ਅਨਾਜ ਖੁਰਾਕੀ ਫਾਈਬਰ ਦਾ ਇੱਕ ਵਧੀਆ ਸਰੋਤ ਹਨ। ਅਜਿਹੀ ਸਥਿਤੀ ਵਿੱਚ, ਭਾਰ ਘਟਾਉਣ ਲਈ, ਤੁਸੀਂ ਆਪਣੀ ਖੁਰਾਕ ਵਿੱਚ ਕੁਝ ਸਬੁਤ ਅਨਾਜ ਜਿਵੇਂ ਬਾਜਰਾ, ਜੌਂ, ਜਵਾਰ ਆਦਿ ਸ਼ਾਮਲ ਕਰ ਸਕਦੇ ਹੋ।

## ਲੀਵਰ ਅਤੇ ਕਿਡਨੀ ਲਈ ਤੇਜ਼ ਪੱਤਾ ਖਾਣਾ ਲਾਭਦਾਇਕ

ਭਾਰਤੀ ਰਸੋਈ ਦੇ ਵਿੱਚ ਪਾਏ ਜਾਣ ਵਾਲੇ ਤੇਜ਼ ਪੱਤਾ ਜਿਸ ਦੀ ਵਰਤੋਂ ਆਯੁਰਵੇਦ ਦੇ ਵਿੱਚ ਵੀ ਕੀਤੀ ਜਾਂਦੀ ਹੈ। ਇਸ ਦੇ ਗੁਣਾਂ ਕਰਕੇ ਇਹ ਕਿਸੇ ਦਵਾਈ ਤੋਂ ਘੱਟ ਨਹੀਂ ਹੈ। ਇਸ ਲਈ ਬਹੁਤ ਸਾਰੇ ਵਿਅੰਜਨਾਂ ਦੇ ਸੁਆਦ ਨੂੰ ਦੁਗਣਾ ਕਰਨ ਦੇ ਲਈ ਤੇਜ਼ ਪੱਤੇ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਕਰਕੇ ਇਹ ਨਾ ਸਿਰਫ ਪਕਵਾਨ ਜਾਂ ਭੋਜਨ ਦਾ ਸਵਾਦ ਨੂੰ ਵਧਾਉਂਦਾ ਹੈ ਬਲਕਿ ਇਹ ਸਰੀਰ ਲਈ ਬਹੁਤ ਫਾਇਦੇਮੰਦ ਵੀ ਹੈ। ਇਸ ਦੇ ਪੱਤੇ ਕੁਝ ਹੱਦ ਤੱਕ ਯੂਕੇਲਿਪਟਸ ਦੇ ਪੱਤਿਆਂ ਵਰਗੇ ਦਿਖਾਈ ਦਿੰਦੇ ਹਨ। ਸਬਜ਼ੀ ਜਾਂ ਪੁਲਾਓ 'ਚ 2 ਤੋਂ 3 ਤੇਜ਼ ਪੱਤੇ ਪਾਉਣ ਤੋਂ ਬਾਅਦ ਅਸੀਂ ਸੋਚਦੇ ਹਾਂ ਕਿ ਇਹ ਮਸਾਲਾ ਦਾ ਹੀ ਇਕ ਹਿੱਸਾ ਹੈ ਅਤੇ ਬਸ, ਪਰ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਪੇਟ, ਚਮੜੀ, ਲੀਵਰ ਅਤੇ ਕਿਡਨੀ ਲਈ ਬਹੁਤ ਫਾਇਦੇਮੰਦ ਹੈ। ਤੇਜ਼ ਪੱਤੇ ਵਿੱਚ ਟੈਨਿਨ, ਫਲੇਵੋਨਸ, ਫਲੇਵੋਨੋਇਡਜ਼, ਐਲਕਾਲਾਇਡਜ਼, ਯੂਜੇਨੋਲ, ਲਿਨਲੂਲ ਅਤੇ ਐਂਥੋਸਾਇਨਿਨ ਹੁੰਦੇ ਹਨ। ਜੋ ਸਰੀਰ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਡਾਇਬਿਟੀਜ਼ ਤੋਂ ਪੀੜਤ ਲੋਕਾਂ ਲਈ ਤੇਜ਼ ਪੱਤੇ ਖਾਣਾ ਬਹੁਤ ਫਾਇਦੇਮੰਦ ਹੁੰਦਾ ਹੈ। ਨੈਸ਼ਨਲ ਸੈਂਟਰ ਫਾਰ ਬਾਇਓਟੈਕਨਾਲੋਜੀ ਦੇ ਅਨੁਸਾਰ, ਤੇਜ਼ ਪੱਤੇ ਖਾਣ ਨਾਲ ਇਨਸੁਲਿਨ ਦੇ ਪੱਧਰ ਵਿੱਚ ਸੁਧਾਰ ਹੋ ਸਕਦਾ ਹੈ। ਇਸ ਨਾਲ ਵਿਅਕਤੀ ਦੇ ਖ਼ੂਨ ਵਿਚ ਸ਼ੂਗਰ ਲੈਵਲ ਕੰਟਰੋਲ ਵਿਚ ਰਹਿੰਦਾ ਹੈ। ਇਕ ਰਿਸਰਚ ਮੁਤਾਬਕ ਜੇਕਰ ਟਾਈਪ-2 ਡਾਇਬਟੀਜ਼ ਦੇ ਮਰੀਜ਼ 30 ਦਿਨਾਂ ਤੱਕ ਤੇਜ਼ ਪੱਤੇ ਖਾਂਦੇ ਹਨ ਤਾਂ ਉਨ੍ਹਾਂ ਦੇ ਸੀਰਮ ਗਲੂਕੋਜ਼ 'ਚ 21 ਤੋਂ 26 ਫੀਸਦੀ ਦੀ ਕਮੀ ਦੇਖੀ ਜਾ ਸਕਦੀ ਹੈ। ਇਹ ਕੋਲੈਸਟ੍ਰੋਲ ਦੇ ਪੱਧਰ ਨੂੰ ਵੀ ਸੁਧਾਰਦਾ ਹੈ। ਤੇਜ਼ ਪੱਤੇ ਖਾਣ ਨਾਲ ਖੰਘ, ਫਲੂ, ਬ੍ਰੌਨਕਾਈਟਸ, ਦਮਾ ਅਤੇ ਫਲੂ ਵਰਗੀਆਂ ਸਾਹ ਦੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਇਸ ਦੇ ਵਿੱਚ ਜਲਨ ਵਿਰੋਧੀ ਗੁਣ ਪਾਏ ਜਾਂਦੇ ਹਨ। ਇਹ ਸੋਜ ਨੂੰ ਘੱਟ ਕਰਨ ਵਿੱਚ ਵੀ ਬਹੁਤ ਮਦਦਗਾਰ ਹੈ। ਇਸ ਵਿੱਚ ਈਥਾਨੌਲ ਐਬਸਟਰੈਕਟ ਅਤੇ ਮਿਸ਼ਰਣ ਵੀ ਪਾਏ ਜਾਂਦੇ ਹਨ। ਤੇਜ਼ ਪੱਤੇ ਖਾਣ ਨਾਲ ਸਾਹ ਦੀਆਂ ਬਿਮਾਰੀਆਂ, ਸੋਜ ਅਤੇ ਹੋਰ ਕਈ ਬਿਮਾਰੀਆਂ ਤੋਂ ਬਚਣ ਵਿੱਚ ਮਦਦ ਮਿਲਦੀ ਹੈ। ਤੇਜ਼ ਪੱਤਾ ਫਾਈਬਰ ਨਾਲ ਭਰਪੂਰ ਹੁੰਦੇ ਹਨ ਜੋ ਫੰਗਲ ਇਨਫੈਕਸ਼ਨ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਇਮਿਊਨਿਟੀ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਇਹ ਪੇਟ ਨਾਲ ਜੁੜੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਂਦਾ ਹੈ।

## * ਚੂੰਢਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



***ਐਸ.ਡੀ.ਐਮ. ਦਫ਼ਤਰ ਦਾ ਮੁਲਾਜ਼ਮ ਵੀਹ ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਾ ਵਿਜੀਲੈਂਸ ਵਲੋਂ ਕਾਬੂ- ਇਕ ਖ਼ਬਰ**

-ਛੂਟਤੀ ਨਹੀਂ ਹੈ ਕਾਫਿਰ, ਮੂੰਹ ਕੋ ਲਗੀ ਹੂਈ।




***ਅਨਿਲ ਵਿਜ ਨੂੰ ਨਾਇਬ ਸਿੰਘ ਸੈਣੀ ਮੰਤਰੀ ਮੰਡਲ 'ਚ ਥਾਂ ਨਹੀਂ ਮਿਲੀ- ਇਕ ਖ਼ਬਰ**

-ਨ੍ਹਾਤੀ ਧੋਤੀ ਰਹਿ ਗਈ, ਉੱਤੇ ਮੱਖੀ ਬਹਿ ਗਈ।

***ਦਿੱਲੀ ਫਿਰ ਦੁਨੀਆਂ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਬਣੀ- ਇਕ ਰਿਪੋਰਟ**

-ਤਾਂ ਕੀ ਹੋਇਆ, ਚਾਰੇ ਪਾਸੇ ਦਿੱਲੀ ਦਿੱਲੀ ਤਾਂ ਹੁੰਦੀ ਐ ਨਾ।



***ਬੇਹੱਦ ਖ਼ਾਸ ਹੋਵੇਗਾ ਇਸ ਵਾਰ ਧਰਮ ਪ੍ਰਚਾਰ ਕਮੇਟੀ ਦਾ ਬਜਟ- ਧਾਮੀ**

-ਖ਼ਾਸ ਖ਼ਾਸ ਬੰਦਿਆਂ ਨੂੰ ਮੋਟੇ ਮੋਟੇ ਗੱਫੇ ਦੇ ਕੇ ਬਜਟ ਨੂੰ ਖ਼ਾਸ ਬਣਾਇਆ ਜਾਵੇਗਾ।



***ਪ੍ਰਦੀਪ ਕਲੇਰ ਨੇ ਅਦਾਲਤ 'ਚ ਬਿਆਨ ਦਿਤਾ ਕਿ ਸੌਦਾ ਸਾਧ ਅਤੇ ਹਨੀਪ੍ਰੀਤ ਨੇ ਪ੍ਰੋਗਰਾਮ ਬਣਾ ਕੇ ਬੇਅਦਬੀ ਕਰਵਾਈ- ਇਕ ਖ਼ਬਰ**

-ਲੋਕ ਤਾਂ ਸ਼ੁਰੂ ਤੋਂ ਕਹਿੰਦੇ ਆ ਰਹੇ ਸੀ ਪਰ ਸਰਕਾਰਾਂ ਕਿੱਥੇ ਸੁਣਦੀਆਂ ਲੋਕਾਂ ਦੀ।



***ਕਿਸਾਨੀ ਮੰਗਾਂ ਮੰਨਵਾਏ ਬਿਨਾਂ ਤੇ ਬੰਦੀ ਸਿੰਘਾਂ ਦੀ ਰਿਹਾਈ ਬਿਨਾਂ ਭਾਜਪਾ ਨਾਲ ਗੱਠਜੋੜ ਨਹੀਂ ਕਰਾਂਗੇ- ਢੀਂਡਸਾ**

-ਢੀਂਡਸਾ ਸਾਹਿਬ ਯਾਦ ਕਰੋ ਜਦੋਂ ਵੱਡਾ ਪਾਰਟੀ ਦੀ ਸਲਾਹ ਬਿਗ਼ੈਰ ਹੀ ਬਿਨਾਂ ਸ਼ਰਤ ਹੀ ਭਾਜਪਾ ਨਾਲ ਗੱਠਜੋੜ ਕਰ ਆਇਆ ਸੀ।

***ਸੁਪਰੀਮ ਕੋਰਟ ਦੇ ਹੁਕਮਾਂ 'ਤੇ ਐਸ. ਬੀ. ਆਈ. ਨੇ ਚੋਣ ਬਾਂਡਾਂ ਦੇ ਪੂਰੇ ਵੇਰਵੇ ਚੋਣ ਕਮਿਸ਼ਨ ਨੂੰ ਸੌਂਪੇ- ਇਕ ਖ਼ਬਰ**

-ਸੌ ਗੰਢਾ ਵੀ ਖਾਧਾ, ਸੌ ਛਿੱਤਰ ਵੀ ਖਾਧਾ ਤੇ ਸੌ ਰੁਪਇਆ ਜ਼ੁਰਮਾਨਾ ਵੀ ਦਿਤਾ।

***ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਚੋਣ ਖ਼ਰਚ 'ਤੇ ਰਹੇਗੀ ਚੋਣ ਕਮਿਸ਼ਨ ਦੀ ਬਾਜ਼ ਅੱਖ- ਇਕ ਖ਼ਬਰ**

-ਪਰ ਇਹ ਬਾਜ਼ ਟੀਰੀ ਅੱਖ ਨਾਲ ਦੇਖੇਗਾ।



***ਦੋ ਘੰਟੇ ਦੀ ਪੁਛਗਿੱਛ ਬਾਅਦ ਈ.ਡੀ. ਨੇ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ- ਇਕ ਖ਼ਬਰ**

-ਗ਼ਲੀਆਂ ਹੋ ਜਾਣ ਸੁੰਞੀਆਂ, ਵਿਚ ਮਿਰਜ਼ਾ ਯਾਰ ਫਿਰੇ।

***ਚੋਣਾਵੀ ਬਾਂਡਾਂ ਅਤੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਕਾਰਨ ਲੋਕਾਂ ਦੇ ਅਸਲ ਮੁੱਦੇ ਵਿਸਰ ਗਏ- ਇਕ ਖ਼ਬਰ**

-ਪਿਆਰਿਓ, ਅਸਲ ਮੁੱਦੇ ਯਾਦ ਹੀ ਕਦੋਂ ਸਨ ਸਰਕਾਰਾਂ ਨੂੰ?



***ਢੀਂਡਸਾ ਪਿਉ ਪੁੱਤ ਨੂੰ ਸੰਯੁਕਤ ਅਕਾਲੀ ਦਲ ਦੀ ਮੁਢਲੀ ਮੈਂਬਰਸ਼ਿੱਪ ਤੋਂ ਕੀਤਾ ਖ਼ਾਰਜ- ਮੋਹਕਮ ਸਿੰਘ, ਮਨਜੀਤ ਸਿੰਘ ਭੋਮਾ**

-ਡੇਕ ਦਾ ਗੁਮਾਨ ਕਰਦੀ. ਸਾਨੂੰ ਤੋਤਿਆਂ ਨੂੰ ਬਾਗ਼ ਬਥੇਰੇ।

***ਅਕਾਲੀ- ਭਾਜਪਾ ਗੱਠਜੋੜ ਲਈ ਗੱਲਬਾਤ ਜਾਰੀ, ਅਜੇ ਸਮਾਂ ਲੱਗੇਗਾ- ਭਾਜਪਾ ਬੁਲਾਰਾ**

-ਉਡਦੀ ਧੂੜ ਦਿਸੇ, ਬੋਤਾ ਯਾਰ ਦਾ ਨਜ਼ਰ ਨਾ ਆਵੇ।

***ਪਾਕਿ ਦਾ ਅਫ਼ਗਾਨਿਸਤਾਨ 'ਤੇ ਹਵਾਈ ਹਮਲਾ: ਅਮਰੀਕਾ ਨੇ ਪਾਕਿਸਤਾਨ ਨੂੰ ਸੰਜਮ ਵਰਤਣ ਦੀ ਕੀਤੀ ਅਪੀਲ- ਇਕ ਖ਼ਬਰ**

-ਚੰਦਰਾ ਸ਼ੌਕੀਨ ਹੋ ਗਿਆ, ਤੇੜ ਲਾ ਕੇ ਖੱਦਰ ਦਾ ਸਾਫ਼ਾ।

***ਖੁਸ਼ਹਾਲੀ 'ਚ ਭਾਰਤ ਦਾ 143 ਦੇਸ਼ਾਂ ਵਿਚੋਂ 126 ਵਾਂ ਨੰਬਰ- ਇਕ ਖ਼ਬਰ**

-80 ਕਰੋੜ ਲੋਕ ਜੇ ਸਰਕਾਰੀ ਰੋਟੀਆਂ ਖਾਂਦੇ ਖਾਂਦੇ ਖੁਸ਼ਹਾਲ ਨਹੀਂ ਹੋਏ ਤਾਂ ਸਰਕਾਰ ਦਾ ਕੀ ਕਸੂਰ ਬਈ?



***ਸਿਧਾਂਤਕ ਤੇ ਆਦਰਸ਼ਕ ਸਿੱਖ ਸਿਆਸਤ ਸੁਖਬੀਰ ਬਾਦਲ ਦੇ ਖ਼ੂਨ ਵਿਚ ਹੀ ਨਹੀਂ- ਦਲ ਖ਼ਾਲਸਾ**

-ਹੁਣ ਤੂੰ ਕਿਧਰ ਗਿਆ, ਜੇਠ ਬੋਲੀਆਂ ਮਾਰੇ।

* * * * * * * * *

# ਬੀਬੀ ਜਗੀਰ ਕੌਰ ਦਾ ਇੰਗਲੈਂਡ ਪੁੱਜਣ ਤੇ ਭਰਵਾਂ ਸਵਾਗਤ

***ਬੀਬੀ ਜਗੀਰ ਕੌਰ ਨੇ ਦੱਸਿਆ ਕਿ ਕੁਝ ਸ਼ਰਤਾਂ ਦੇ ਆਧਾਰ ਤੇ ਭਾਜਪਾ ਨਾਲ ਗਠਜੋੜ ਹੋ ਸਕਦਾ ਸੀ**
***ਲੋਕ ਸਭਾ ਚੋਣਾਂ ਚ ਵਧੀਆ ਸੋਚ ਵਾਲੇ ਅਤੇ ਪੰਜਾਬ ਦਾ ਭਲਾ ਚਾਹੁਣ ਵਾਲੇ ਉਮੀਦਵਾਰਾਂ ਨੂੰ ਜਿਤਾਉਣ ਦੀ ਕੀਤੀ ਅਪੀਲ**
***ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਹਮੇਸ਼ਾ ਹੀ ਪੰਜਾਬ ਦਾ ਭਲਾ ਅਤੇ ਪੰਜਾਬ ਚ ਅਮਨ ਸ਼ਾਂਤੀ ਚਾਹੁੰਦੇ ਹਨ -ਬੀਬੀ ਜਗੀਰ ਕੌਰ**

ਲੈਸਟਰ-25 ਮਾਰਚ-(ਸੁਖਜਿੰਦਰ ਸਿੰਘ ਢੱਡੇ)-ਭਾਰਤ ਚ ਲੋਕ ਸਭਾ ਚੋਣਾਂ ਦਾ ਬਿਗਲ ਵੱਜਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬੀਬੀ ਜਗੀਰ ਕੌਰ ਇੱਕ ਹਫ਼ਤੇ ਦੀ ਫੇਰੀ ਤੇ ਅੱਜ ਇੰਗਲੈਂਡ ਪੁੱਜੇ। ਬੀਬੀ ਜਗੀਰ ਕੌਰ ਦਾ ਇੰਗਲੈਂਡ ਪੁੱਜਣ ਤੇ ਵਿਕਰਮ ਸਿੰਘ ਰੰਧਾਵਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਤੇ ਵਿਸ਼ੇਸ਼ ਗੱਲਬਾਤ ਕਰਦਿਆਂ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਯੂ. ਕੇ ਦੀ ਇਹ ਇਕ ਹਫਤੇ ਦੀ ਨਿੱਜੀ ਫੇਰੀ ਹੈ। ਭਾਰਤ ਚ ਆ ਰਹੀਆਂ 2024 ਦੀਆਂ ਲੋਕ ਸਭਾ ਚੋਣਾਂ ਸਬੰਧੀ ਉਨ੍ਹਾਂ ਅਕਾਲੀ ਭਾਜਪਾ ਗਠਜੋੜ ਸਬੰਧੀ ਲਗਾਈਆਂ ਜਾ ਰਹੀਆਂ ਕਿਆਸ ਅਰਾਈਆ ਤੇ ਵਿਰਾਮ ਚਿੰਨ੍ਹ ਲਗਾਉਂਦਿਆਂ ਕਿਹਾ ਕਿ ਕੁਝ ਸ਼ਰਤਾਂ ਦੇ ਆਧਾਰ ਤੇ ਭਾਜਪਾ ਨਾਲ ਗਠਜੋੜ ਹੋ ਸਕਦਾ ਸੀ। ਵਿਦੇਸ਼ਾਂ ਵਿਚ ਵੱਸਦੇ ਪ੍ਰਵਾਸੀ ਪੰਜਾਬੀਆਂ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦਾ ਹਮੇਸ਼ਾ ਹੀ ਪੰਜਾਬ ਪ੍ਰਤੀ ਦਰਦ ਰਿਹਾ ਹੈ, ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਪੰਜਾਬ ਚ ਹਮੇਸ਼ਾ ਹੀ ਸੁੱਖ ਸ਼ਾਂਤੀ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਪੰਜਾਬੀਆਂ ਨੂੰ ਵਧੀਆ ਅਕਸ ਵਾਲੇ ਅਤੇ ਪੰਜਾਬ ਦਾ ਭਲਾ ਚਾਹੁਣ ਵਾਲੇ



ਉਮੀਦਵਾਰਾਂ ਨੂੰ ਜਿਤਾ ਕੇ ਲੋਕ ਸਭਾ ਚ ਭੇਜਣਾ ਚਾਹੀਦਾ ਹੈ। ਮੌਜੂਦਾ ਪੰਜਾਬ ਸਰਕਾਰ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਾਡੀ ਪੰਜਾਬੀਆਂ ਦੀ ਇਹ ਬਦਕਿਸਮਤੀ ਰਹੀ ਹੈ ਕਿ ਕਿਸੇ ਵੇਲੇ ਅਸੀਂ ਗੁਮਰਾਹਕੁਨ ਪ੍ਰਚਾਰ ਚ ਆ ਕੇ ਗਲਤ ਆਦਮੀਆਂ ਨੂੰ ਚੁਣ ਬੈਠਦੇ ਹਾਂ ਜਿਸ ਦਾ ਖਮਿਆਜ਼ਾ ਪੰਜਾਬ ਦੇ ਲੋਕ ਇਸ ਵੇਲੇ ਭੁਗਤ ਰਹੇ ਹਨ। ਉਨ੍ਹਾਂ ਇੰਗਲੈਂਡ ਚ ਵੱਸ ਰਹੇ ਪੰਜਾਬੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਹੁਤ ਹੀ ਖੁਸ਼ੀ ਹੋ ਰਹੀ ਹੈ ਕਿ ਵਿਦੇਸ਼ਾਂ ਵਿਚ ਵੀ ਪੰਜਾਬੀਆਂ ਨੇ ਸਿੱਖੀ ਨੂੰ ਕਾਇਮ ਰਖਦਿਆਂ ਵੱਡੀਆਂ ਮੱਲਾਂ ਮਾਰੀਆਂ ਹਨ। ਬੀਬੀ ਜਗੀਰ ਕੌਰ ਦਾ ਸੁਆਗਤ ਕਰਨ ਵਾਲਿਆਂ ਚ ਵਿਕਰਮ ਸਿੰਘ ਰੰਧਾਵਾ ਦੇ ਨਾਲ ਇਸ ਮੌਕੇ ਤੇ ਜਸਬੀਰ ਸਿੰਘ ਸੰਧੂ, ਅਵਤਾਰ ਸਿੰਘ, ਬਲਜਿੰਦਰ ਸਿੰਘ ਚਾਹਲ,ਜਸ਼ਨਪ੍ਰੀਤ ਸਿੰਘ, ਸਹਿਜਦੀਪ ਸਿੰਘ, ਮਨਪ੍ਰੀਤ ਸਿੰਘ, ਸਮੇਤ ਹੋਰ ਬਹੁਤ ਸਾਰੇ ਆਗੂ ਹਾਜ਼ਿਰ ਸਨ।

## ਬਰਤਾਨੀਆਂ ਦੀ ਸ਼ੈਡੋ ਸਿਹਤ ਮੰਤਰੀ ਪ੍ਰੀਤ ਕੌਰ ਗਿੱਲ ਦੀ ਰਾਜ ਸਭਾ ਮੈਂਬਰ ਰਾਘਵ ਚੱਡਾ ਨਾਲ ਮੁਲਾਕਾਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸੰਸਦ ਵਿੱਚ ਬਰਤਾਨੀਆਂ ਦੀ ਪਹਿਲੀ ਮਹਿਲਾ ਸਿੱਖ ਸਾਂਸਦ ਅਤੇ ਸ਼ੈਡੋ ਸਿਹਤ ਮੰਤਰੀ ਪ੍ਰੀਤ ਕੌਰ ਗਿੱਲ ਦੀ ਰਾਜ ਸਭਾ ਮੈਂਬਰ ਰਾਘਵ ਚੱਡਾ ਨਾਲ ਮੁਲਾਕਾਤ ਹੋਈ। ਗੱਲ ਕਰਦਿਆਂ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਇਹ ਕੋਈ ਇੱਕ ਛੋਟੀ ਜਿਹੀ ਮਿਲਣੀ ਸੀ, ਜਿਸ ਵਿੱਚ ਉਹਨਾਂ ਪੰਜਾਬ ਤੋਂ ਨਾਮਜ਼ਦ ਭਾਰਤ ਦੇ ਰਾਜ ਸਭਾ ਮੈਂਬਰ ਨੂੰ ਸਿਹਤ ਮਾਮਲਿਆਂ ਬਾਰੇ ਮਿਲ ਕੇ ਕੰਮ ਕਰਨ ਲਈ ਕਿਹਾ, ਜਿਸ ਦਾ ਉਹਨਾਂ (ਰਾਘਵ ਚੱਡਾ) ਨੇ ਹਾਂ ਪੱਖੀ ਹੁੰਗਾਰਾ ਦਿੱਤਾ ਹੈ। ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਬਤੌਰ ਸ਼ੈਡੋ ਮੰਤਰੀ ਉਹਨਾਂ ਦਾ ਫਰਜ਼ ਹੈ ਕਿ ਉਹ ਦੂਸਰੇ ਦੇਸ਼ਾਂ ਦੇ ਨੇਤਾਵਾਂ ਨਾਲ ਸਿਹਤ ਮਾਮਲਿਆਂ ਬਾਰੇ ਗੱਲ ਕਰੇ ਅਤੇ ਮਿਲ ਕੇ ਕੰਮ ਕਰੇ।




**ਬਰਤਾਨੀਆਂ ਦੀ ਸੰਸਦ ਵਿੱਚ ਐਮ ਪੀ ਪ੍ਰੀਤ ਕੌਰ ਗਿੱਲ ਅਤੇ ਰਾਜ ਸਭਾ ਮੈਂਬਰ ਰਾਘਵ ਚੱਡਾ**

# PRAYERS FOR PRINCESS KATE



Kate , the princess of wales, said she is in the early stages of preventative chemotherapy for cancer, that found following abdominal surgery in January. In a video a statement, from the future queen of England said that at the time of her surgery, doctors did not believe her condition was cancerous. Test done afterwards however found that cancer had been present. She had bravely recorded a message herself (it must have been so hard) , eloquently telling the world that she is under going cancer treatment, Princess Kate has gone a long way forward ending all speculation. She didnt disclose what type of cancer she has there was a argument that perhaps she should have, because now that will be a topic of speculation. But hopefully decency will prevail and she will be given some time to get on with her treatment. Dignity is always, the right move. Princess Kate gave a masterclass despite her health condition, she is navigating right now and trying to protect her children at the same time. It's a shame on those who have been peddling conspiracy theories and lies about her for weeks. Princess Kate integrity and dignity really shows how she is in a different leauge from those who have been so cruel about her for weeks while our princess Kate is battling a serious health issue, my prayers ARDAAS and thought are with her family and wishing her a full recovery



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From: LAMBARDAR DHARMVEER SINGH CLAIRE COVENTRY**

11 ਸਫ਼ੇ ਦੀ ਬਾਕੀ

ਈ.ਡੀ ਨੇ ਦਾਅਵਾ ਕੀਤਾ ਇਹ ਫ਼ੰਡ ਚਾਰ 'ਅੰਗਦੀਆ' ਰੂਟਾਂ ਰਾਹੀਂ ਗੋਆ ਵਿਚ ਟਰਾਂਸਫ਼ਰ ਕੀਤੇ ਗਏ ਸਨ। 'ਏ.ਐਸ.ਜੀ. ਨੇ ਕਿਹਾ ਕਿ ਅਪਰਾਧ ਦੀ ਆਮਦਨ ਵਿਚ ਨਾ ਸਿਰਫ਼ 100 ਕਰੋੜ ਰੁਪਏ ਦੀ ਰਿਸ਼ਵਤ ਲਈ ਗਈ, ਬਲਕਿ ਰਿਸ਼ਵਤ ਦੇਣ ਵਾਲਿਆਂ ਵਲੋਂ ਕਮਾਇਆ ਗਿਆ ਮੁਨਾਫ਼ਾ ਵੀ ਸ਼ਾਮਿਲ ਹੈ ਜੋ ਕਿ 600 ਕਰੋੜ ਰੁਪਏ ਤੋਂ ਜ਼ਿਆਦਾ ਕੇਜਰੀਵਾਲ ਹੋਰਨਾਂ ਮੰਤਰੀਆਂ ਤੇ ਪਾਰਟੀ ਨੇਤਾਵਾਂ ਨਾਲ ਸ਼ਰਾਬ ਘੁਟਾਲਾ ਮਾਮਲੇ ਵਿਚ ਮੁੱਖ ਸਾਜਿਸ਼ਕਾਰ ਸੀ। ਕੇਜਰੀਵਾਲ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਈ.ਡੀ. ਦੇ ਕੋਲ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਕੋਈ ਠੋਸ ਆਧਾਰ ਨਹੀਂ ਹੈ। ਬਲਕਿ ਸਿਰਫ਼ ਕੁਝ ਲੋਕਾਂ ਦੇ ਬਿਆਨ ਦੇ ਆਧਾਰ 'ਤੇ ਹੀ ਗ੍ਰਿਫ਼ਤਾਰੀ ਕੀਤੀ ਗਈ ਹੈ।

### ਕੇਜਰੀਵਾਲ ਤੇ ਆਪ ਦੀ ਇਮਾਨਦਾਰੀ ਠੁਸ ਪਟਾਕਾ

ਦਿਲਚਸਪ ਗੱਲ ਇਹ ਹੈ ਕਿ ਜਦੋਂ ਪੰਜਾਬ ਵਿਚ ਸੂਬੇ ਦੀ ਭਗਵੰਤ ਮਾਨ ਸਰਕਾਰ ਦੇ ਇਸ਼ਾਰੇ 'ਤੇ ਵਿਜੀਲੈਂਸ ਬਿਊਰੋ ਕਿਸੇ ਵਿਰੋਧੀ ਧਿਰ ਦੇ ਆਗੂ ਦੇ ਖ਼ਿਲਾਫ਼ ਕਾਰਵਾਈ ਕਰਦਾ ਸੀ ਤਾਂ ਇਸ ਨੂੰ ਕੇਜਰੀਵਾਲ ਵਲੋਂ ਇਹ ਕਹਿ ਕੇ ਸਰਾਹਿਆ ਜਾਂਦਾ ਸੀ ਕਿ ਸੂਬੇ ਅੰਦਰ ਮਾਨ ਸਰਕਾਰ ਭ੍ਰਿਸ਼ਟਾਚਾਰ ਖ਼ਿਲਾਫ਼ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ 'ਤੇ ਚੱਲ ਰਹੀ ਹੈ ਤੇ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ ਪਰ ਜਦੋਂ ਗੱਲ ਆਪਣੇ 'ਤੇ ਆਉਂਦੀ ਹੈ ਤਾਂ ਇਸ ਨੂੰ ਸਿਆਸੀ ਬਦਲਾਖੋਰੀ ਕਹਿ ਕੇ ਖ਼ੁਦ ਨੂੰ ਬਚਾਉਣ ਅਤੇ ਪਾਕਿ-ਸਾਫ ਸਾਬਤ ਕਰਨ ਦੀ ਕੋਸ਼ਿਸ਼ ਕਰਨਾ ਉਨ੍ਹਾਂ ਦੇ ਭ੍ਰਿਸ਼ਟਾਚਾਰ ਸੰਬੰਧੀ ਦੋਗਲੇਪਨ ਨੂੰ ਹੀ ਦਰਸਾਉਂਦਾ ਹੈ।

ਇਸ ਮਾਮਲੇ ਵਿਚ ਵਿਰੋਧੀ ਪਾਰਟੀਆਂ ਦੇ ਆਗੂਆਂ ਖਾਸ ਕਰਕੇ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ, ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ, ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਵੀ ਕੇਜਰੀਵਾਲ ਦੀ ਇਮਾਨਦਾਰੀ 'ਤੇ ਸਵਾਲ ਹੀ ਨਹੀਂ ਚੁੱਕੇ ਜਾਂਦੇ ਰਹੇ, ਸਗੋਂ ਉਨ੍ਹਾਂ ਵਲੋਂ ਈ.ਡੀ. ਦੇ ਸਵਾਲਾਂ ਦੇ ਜਵਾਬ ਦੇਣ ਤੋਂ ਟਾਲਾ ਵੱਟਣ ਦੀ ਆਲੋਚਨਾ ਵੀ ਕੀਤੀ ਜਾ ਰਹੀ ਹੈ। ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਇਸ ਗ੍ਰਿਫ਼ਤਾਰੀ ਤੋਂ ਬਾਅਦ ਪਾਰਟੀ ਦੇ ਅਕਸ 'ਤੇ ਇਸ ਦਾ ਕਾਫੀ ਮਾੜਾ ਅਸਰ ਪਿਆ ਹੈ ਅਤੇ ਪਾਰਟੀ ਵਰਕਰਾਂ ਦੀ ਵੀ ਕਾਫੀ ਕਿਰਕਿਰੀ ਹੋਈ ਹੈ।

ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਮਾਜਿਕ ਕਾਰਕੁਨ ਅੰਨਾ ਹਜ਼ਾਰੇ ਨੇ ਕਿਹਾ ਹੈ ਕਿ 'ਆਪ' ਮੁਖੀ ਦੀ ਗ੍ਰਿਫ਼ਤਾਰੀ ਉਸ ਦੇ ਆਪਣੇ ਕਰਮਾਂ ਦਾ ਫਲ ਹੈ। ਅੰਨਾ ਹਜ਼ਾਰੇ ਨੇ ਕਿਹਾ ਕਿ ਮੈਂ ਬਹੁਤ ਪ੍ਰੇਸ਼ਾਨ ਹਾਂ ਕਿ ਕੇਜਰੀਵਾਲ, ਜੋ ਮੇਰੇ ਨਾਲ ਕੰਮ ਕਰਦਾ ਸੀ, ਸ਼ਰਾਬ ਖ਼ਿਲਾਫ਼ ਆਵਾਜ਼ ਉਠਾਉਂਦਾ ਸੀ, ਹੁਣ ਸ਼ਰਾਬ ਦੀਆਂ ਨੀਤੀਆਂ ਬਣਾ ਰਿਹਾ ਹੈ।

ਭਾਜਪਾ ਨੇ ਕਿਹਾ ਸੀ ਕਿ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਜੇਲ੍ਹ ਤੋਂ ਸਰਕਾਰ ਚਲਾਉਣਗੇ। ਭਾਜਪਾ ਨੇ ਕਿਹਾ ਕਿ ਇਹ ਜਨਤਾ, ਕਾਨੂੰਨ ਅਤੇ ਲੋਕਤੰਤਰ ਦਾ ਅਪਮਾਨ ਹੈ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਪੁੱਛਿਆ ਕਿ ਕੀ ਕੇਜਰੀਵਾਲ ਖ਼ੁਦ ਨੂੰ ਕਾਨੂੰਨ ਤੋਂ ਉੱਪਰ ਮੰਨਦੇ ਹਨ, ਜਦੋਂਕਿ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ 'ਆਪ' ਨੇਤਾਵਾਂ 'ਤੇ ਇਸ ਮੁੱਦੇ ਸੰਬੰਧੀ ਝੂਠ ਫੈਲਾਉਣ ਦਾ ਦੋਸ਼ ਲਗਾਇਆ ਅਤੇ ਜ਼ੋਰ ਦਿੱਤਾ ਕਿ ਭ੍ਰਿਸ਼ਟਾਚਾਰ 'ਚ ਸ਼ਾਮਿਲ ਲੋਕ ਜੇਲ੍ਹ ਜਾਣਗੇ।

# ਪੰਥਕ ਜਥੇਬੰਦੀਆਂ ਖੁਸ਼

## ✪ ਕੇਜਰੀਵਾਲ ਦੀ ਗ੍ਰਿਫ਼ਤਾਰੀ ਕਾਰਨ ਪੰਥਕ ਜਥੇਬੰਦੀਆਂ ਖੁਸ਼

ਦਲ ਖ਼ਾਲਸਾ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਈ. ਡੀ. ਵਲੋਂ ਗ੍ਰਿਫ਼ਤਾਰੀ 'ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਦੇਸ਼ ਦੀ ਸਿਆਸੀ ਪ੍ਰਣਾਲੀ ਨੂੰ ਭ੍ਰਿਸ਼ਟਾਚਾਰ ਦੀਆਂ ਡੂੰਘੀਆਂ ਜੜ੍ਹਾਂ ਤੋਂ ਮੁਕਤ ਕਰਨ ਲਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨਾਲ ਸਿਆਸਤਦਾਨ ਬਣੇ ਅਰਵਿੰਦ ਕੇਜਰੀਵਾਲ ਖੁਦ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਹੀ ਜੇਲ੍ਹ ਵਿਚ ਬੰਦ ਹੋ ਗਏ ਹਨ। ਸਿੱਖ ਆਗੂਆਂ ਨੇ ਡਿਬਰੂਗੜ੍ਹ ਦੇ ਨਜ਼ਰਬੰਦਾਂ ਨੂੰ ਐੱਨ. ਐੱਸ. ਏ. ਤਹਿਤ ਗਲਤ ਤਰੀਕੇ ਨਾਲ ਨਜ਼ਰਬੰਦ ਕਰਨ ਅਤੇ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਿਚ ਅੜਿੱਕਾ ਪੈਦਾ ਕਰਨ ਦੀ ਆਪ ਸਰਕਾਰ ਦੀ ਨਿਖੇਧੀ ਕੀਤੀ।

ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਦਿੱਲੀ ਦੇ ਬਹੁ-ਚਰਚਿਤ ਸ਼ਰਾਬ ਘੁਟਾਲਾ ਮਾਮਲੇ ਵਿਚ ਈ. ਡੀ. ਵਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਕੀਤੀ ਗਈ ਗ੍ਰਿਫ਼ਤਾਰੀ ਨੂੰ ਕੁਦਰਤ ਦੇ ਇਨਸਾਫ ਦੇ ਰੂਪ ਵਿਚ ਦੇਖਦਿਆਂ ਕਿਹਾ ਹੈ ਕਿ ਸਰਬੱਤ ਖਾਲਸਾ ਵਲੋਂ ਥਾਪੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਨਾਲ ਕੇਜਰੀਵਾਲ ਨੇ ਸਾਜਿਸ਼ ਅਤੇ ਨਫ਼ਰਤ ਤਹਿਤ ਰੱਜ ਕੇ ਬੇਇਨਸਾਫ਼ੀ ਕੀਤੀ ਹੈ, ਜਿਸ ਦੇ ਸਿੱਟੇ ਵਜੋਂ ਇਹ ਅੱਜ ਵੀ ਜੇਲ੍ਹ ਸਲਾਖਾਂ ਪਿੱਛੇ ਹਨ। ਹਵਾਰਾ ਕਮੇਟੀ ਦੇ ਆਗੂ ਪ੍ਰੋ. ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ ਪਟਿਆਲਾ ਨੇ ਕਿਹਾ ਕਿ ਹਵਾਰਾ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਸਲਾਹ ਦਿੱਤੀ ਕਿ ਉਹ ਰੱਬ ਤੋਂ ਡਰਨ ਤੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਦੀ ਇਕ ਸਾਲ ਵਧਾਈ ਗਈ ਐੱਨ. ਐੱਸ. ਏ. ਤੁਰੰਤ ਰੱਦ ਕਰਕੇ ਉਨ੍ਹਾਂ ਨੂੰ ਪੰਜਾਬ ਲਿਆਉਣ।

**ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਖੌਤੀ ਨਜੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ।**

# ਭਾਰਤ ਬਣ ਰਿਹਾ ਹੈ ਅਮਰੀਕਾ ਦਾ ਸਭ ਤੋਂ ਵੱਡਾ ਮਿਲਟਰੀ ਟਰੇਨਿੰਗ ਪਾਰਟਨਰ

**✪ ਦੋਵੇਂ ਦੇਸ਼ ਚੀਨ ਨੂੰ ਰੋਕਣ ਦੀ ਵਿਉਂਤਬੰਦੀ ਕਰਨ ਲੱਗੇ ✪ 18 ਮਾਰਚ ਨੂੰ ਸ਼ੁਰੂ ਹੋਇਆ ਅਭਿਆਸ ਭਾਰਤ ਦੇ ਪੂਰਬੀ ਸਮੁੰਦਰੀ ਤੱਟ ਤੋਂ 31 ਮਾਰਚ ਤੱਕ ਜਾਰੀ ਰਹੇਗਾ**

ਵਾਸ਼ਿੰਗਟਨ-ਭਾਰਤ ਹਾਲ ਹੀ ਵਿੱਚ ਅਮਰੀਕਾ ਦਾ ਸਭ ਤੋਂ ਵੱਡਾ ਫੌਜੀ ਸਿਖਲਾਈ ਭਾਈਵਾਲ ਬਣ ਕੇ ਉਭਰਿਆ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਦੋਵੇਂ ਚੀਨ ਦੇ ਵਿਸਥਾਰਵਾਦੀ ਰਵੱਈਏ ਨੂੰ ਠੱਲ੍ਹ ਪਾਉਣਾ ਚਾਹੁੰਦੇ ਹਨ। ਪਿਛਲੇ ਪੰਦਰਵਾੜੇ ਦੌਰਾਨ, ਅਮਰੀਕਾ ਨੇ ਭਾਰਤ, ਥਾਈਲੈਂਡ, ਦੱਖਣੀ ਕੋਰੀਆ ਅਤੇ ਜਾਪਾਨ ਸਮੇਤ ਚਾਰ ਅਜਿਹੇ ਪ੍ਰਮੁੱਖ ਬਹੁ-ਪੱਖੀ ਅਭਿਆਸਾਂ ਵਿੱਚ ਹਿੱਸਾ ਲਿਆ ਸੀ। ਯੂਐਸ ਫੋਰਸਿਜ਼ ਪੈਸੀਫਿਕ ਦੇ ਕਮਾਂਡਰ ਜਨਰਲ ਚਾਰਲਸ ਫਲਿਨ ਦਾ ਕਹਿਣਾ ਹੈ ਕਿ ਹਿੰਦ-ਪ੍ਰਸ਼ਾਂਤ ਸਾਗਰ ਵਿੱਚ ਅਮਰੀਕਾ ਦੇ ਸਹਿਯੋਗੀ ਅਤੇ ਭਾਈਵਾਲ ਵਧੇਰੇ ਬਹੁਪੱਖੀ ਅਤੇ ਬਹੁਰਾਸ਼ਟਰੀ ਅਭਿਆਸਾਂ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ।

ਯੂਰੇਸ਼ੀਅਨ ਟਾਈਮਜ਼ ਦੀ ਰਿਪੋਰਟ ਅਨੁਸਾਰ, ਭਾਰਤ ਅਤੇ ਅਮਰੀਕਾ ਵਿਚਾਲੇ ਟਾਈਗਰ-ਟ੍ਰਾਇੰਫ-24 ਨਾਮਕ ਦੁਵੱਲੀ ਤਿਕੋਣੀ ਸੇਵਾ ਮਾਨਵੀ ਸਹਾਇਤਾ ਅਤੇ ਆਫ਼ਤ ਰਾਹਤ (HADR) ਅਭਿਆਸ 18 ਮਾਰਚ ਨੂੰ ਸ਼ੁਰੂ ਹੋਇਆ ਸੀ ਅਤੇ ਭਾਰਤ ਦੇ ਪੂਰਬੀ ਸਮੁੰਦਰੀ ਤੱਟ ਤੋਂ 31 ਮਾਰਚ ਤੱਕ ਜਾਰੀ ਰਹੇਗਾ। ਇਸ ਅਭਿਆਸ ਵਿੱਚ ਹੈਲੀਕਾਪਟਰ ਅਤੇ ਲੈਂਡਿੰਗ ਕਰਾਫਟ ਦੇ ਨਾਲ ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼, ਭਾਰਤੀ ਫੌਜ ਦੇ ਕਰਮਚਾਰੀ, ਵਾਹਨ, ਭਾਰਤੀ ਹਵਾਈ ਫੌਜੀ ਜਹਾਜ਼ ਅਤੇ ਹੈਲੀਕਾਪਟਰ, ਰੈਪਿਡ ਐਕਸ਼ਨ ਮੈਡੀਕਲ ਟੀਮਾਂ ਸ਼ਾਮਲ ਹਨ। ਯੂਐਸ ਦੀ ਨੁਮਾਇੰਦਗੀ ਯੂਐਸ ਨੇਵੀ ਦੇ ਜੰਗੀ ਬੇੜੇ ਅਤੇ ਯੂਐਸ ਮਰੀਨ ਕੋਰ ਅਤੇ ਯੂਐਸ ਆਰਮੀ ਦੇ ਫੌਜੀ ਕਰ ਰਹੇ ਹਨ।



ਅਮਰੀਕਾ ਨੇ ਇਸੇ ਤਰ੍ਹਾਂ ਥਾਈਲੈਂਡ ਦੁਆਰਾ ਅਯੋਜਿਤ ਬਹੁਪੱਖੀ ਅਭਿਆਸ ਕੋਬਰਾ ਗੋਲਡ 2024 ਵਿੱਚ ਹਿੱਸਾ ਲਿਆਸੀ, ਜੋ 27 ਫਰਵਰੀ ਨੂੰ ਸ਼ੁਰੂ ਹੋਇਆ ਅਤੇ 8 ਮਾਰਚ ਨੂੰ ਸਮਾਪਤ ਹੋਇਆ ਸੀ। 17 ਮਾਰਚ ਨੂੰ, ਅਮਰੀਕਾ ਅਤੇ ਜਾਪਾਨ ਨੇ ਦੁਵੱਲਾ ਸਾਲਾਨਾ ਅਭਿਆਸ "ਆਇਰਨ ਫਿਸਟ 24" ਨੂੰ ਸਮਾਪਤ ਕੀਤਾ ਸੀ। ਇਹ ਅਭਿਆਸ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਸੀ, ਕਿਉਂਕਿ ਇਹ ਅਭਿਆਸ 2023 ਤੱਕ ਕੈਲੀਫੋਰਨੀਆ ਵਿੱਚ ਹੋ ਰਿਹਾ ਸੀ।

ਇਸ ਸਾਲ ਇਹ ਓਕਿਨੋਏਰਾਬੂਵ ਅਤੇ ਓਕੀਨਾਵਾ ਦੇ ਦੱਖਣ-ਪੱਛਮੀ ਟਾਪੂਆਂ ਦੇ ਆਲੇ-ਦੁਆਲੇ ਜਾਪਾਨ ਵਿੱਚ ਅਭਿਆਸ ਹੋਇਆ। ਇਹ ਉਹ ਇਲਾਕਾ ਹੈ ਜਿੱਥੇ ਸੇਨਕਾਕੂ ਟਾਪੂਆਂ 'ਤੇ ਚੀਨੀ ਦਾਅਵਿਆਂ ਕਾਰਨ ਟੋਕੀਓ ਦੇ ਲਈ ਬਹੁਤ ਚਿੰਤਾ ਦਾ ਵਿਸ਼ਾ ਮੰਨਿਆ ਜਾਂਦਾ ਹੈ। ਚੀਨੀ ਫੌਜ ਨੇ ਇਸ ਖੇਤਰ ਦੇ ਨੇੜੇ ਅੰਤਰਰਾਸ਼ਟਰੀ ਪਾਣੀਆਂ ਵਿੱਚ ਆਪਣੇ ਜਹਾਜ਼ ਤਾਇਨਾਤ ਕੀਤੇ ਹੋਏ ਹਨ।

### ਭਾਰਤ ਬਣ ਰਿਹਾ ਏ ਅਮਰੀਕਾ ਦਾ ਸਭ ਤੋਂ ਵੱਡਾ ਭਾਈਵਾਲ

ਭਾਰਤ ਹੁਣ ਰੂਸ -ਚੀਨ ਨਾਲੋਂ ਅਮਰੀਕਾ ਨਾਲ ਵਧੇਰੇ ਅਭਿਆਸ ਅਤੇ ਅਮਲੇ ਦਾ ਆਦਾਨ-ਪ੍ਰਦਾਨ ਕਰ ਰਿਹਾ ਹੈ। ਅਮਰੀਕਾ ਅਤੇ ਭਾਰਤੀ ਵਿਸ਼ੇਸ਼ ਬਲਾਂ ਨੇ 2010 ਤੋਂ ਹੁਣ ਤੱਕ 14 ਸੰਯੁਕਤ ਅਭਿਆਸ ਕੀਤੇ ਹਨ। ਇਸ ਤੋਂ ਇਲਾਵਾ, ਅਮਰੀਕਾ ਦੇ ਵਿਸ਼ੇਸ਼ ਬਲਾਂ ਦੇ ਸੈਂਕੜੇ ਸੈਨਿਕਾਂ ਨੇ ਭਾਰਤ ਦੇ ਕਾਊਂਟਰ-ਇਨਸਰਜੈਂਸੀ ਜੰਗਲ ਵਾਰਫੇਅਰ ਸਕੂਲ ਵਿੱਚ ਹਿੱਸਾ ਲਿਆ ਸੀ।

ਇਸ ਪਲਟੂਨ ਪੱਧਰੀ ਅਭਿਆਸ ਦਾ ਸਭ ਤੋਂ ਤਾਜ਼ਾ ਸੰਸਕਰਣ ਨਵੰਬਰ 2023 ਵਿੱਚ ਉੱਤਰ-ਪੂਰਬੀ ਭਾਰਤ ਵਿੱਚ ਕਰਵਾਇਆ ਗਿਆ ਸੀ। ਦੋਵਾਂ ਦੇਸ਼ਾਂ ਦੀਆਂ ਹਵਾਈ ਫੌਜਾਂ ਨੂੰ ਸ਼ਾਮਲ ਕਰਨ ਵਾਲਾ "ਕਾਪ ਇੰਡੀਆ" ਪਿਛਲੇ ਅਪ੍ਰੈਲ ਵਿੱਚ ਆਯੋਜਿਤ ਕੀਤਾ ਗਿਆ ਸੀ ਅਤੇ ਕਿਹਾ ਜਾਂਦਾ ਹੈ ਕਿ ਇਹ 2004 ਵਿੱਚ ਸ਼ੁਰੂ ਹੋਣ ਤੋਂ ਬਾਅਦ ਇਹ ਸਭ ਤੋਂ ਵੱਡਾ ਦੁਹਰਾਓ ਕਿਹਾ ਜਾਂਦਾ ਹੈ। ਇਸ ਵਿੱਚ ਅਮਰੀਕੀ ਹਵਾਈ ਸੈਨਾ ਦੇ ਬੀ-1ਬੀ ਬੰਬਾਰ ਅਤੇ ਐਫ-15 ਲੜਾਕੂ ਜਹਾਜ਼ਾਂ ਦੀ ਸ਼ਮੂਲੀਅਤ ਹੈ।

ਅਮਰੀਕਾ-ਭਾਰਤ ਦੁਵੱਲੇ ਅਭਿਆਸਾਂ ਵਿੱਚ "ਤਰਕਸ਼" ਸੰਯੁਕਤ ਜ਼ਮੀਨੀ ਬਲ-ਅੱਤਵਾਦ ਵਿਰੋਧੀ ਅਭਿਆਸ ਸ਼ਾਮਲ ਹੈ, ਜਿਸ ਵਿੱਚ ਅਮਰੀਕਾ ਦੇ ਵਿਸ਼ੇਸ਼ ਬਲ ਅਤੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਗਾਰਡ ਦੇ ਜਵਾਨ ਸ਼ਾਮਲ ਹਨ। ਇਹ ਅਭਿਆਸ ਇੱਕ ਸਾਂਝੇ ਵਿਰੋਧੀ ਲਈ ਇੱਕ "ਰਣਨੀਤਕ ਸੰਕੇਤ" ਵਜੋਂ ਵੀ ਕੰਮ ਕਰਦੇ ਹਨ ਕਿ ਲੋੜ ਪੈਣ 'ਤੇ ਸਥਿਤੀ ਨਾਲ ਨਜਿੱਠਣ ਲਈ ਸਹਿਯੋਗੀ ਇਕ ਦੂਜੇ ਦੀ ਮਦਦ ਕਰਨ। ਇੰਡੋ-ਪੈਸੀਫਿਕ ਵਿੱਚ ਭਾਰਤ ਤੇ ਅਮਰੀਕਾ ਦਾ ਸਾਂਝਾ ਵਿਰੋਧੀ ਚੀਨ ਹੈ।

# ਗੁਰਦੁਆਰਾ ਡੇਰਾ ਸੰਤ ਗੜ੍ਹ ਹਰਖੋਵਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ, ਹੋਲੇ ਮਹੱਲੇ ਦੀਆਂ ਭਾਰੀ ਰੌਣਕਾਂ

## ਇਸ ਮੌਕੇ ਨਗਰ ਕੀਰਤਨ ਸਜਾਏ ਗਏ, ਭਾਰੀ ਦੀਵਾਨਾਂ ਵਿੱਚ ਦੇਸ਼ ਵਿਦੇਸ਼ ਚੋਂ ਵੱਡੀ ਗਿਣਤੀ ਵਿੱਚ ਸੰਗਤਾਂ ਪੁੱਜੀਆਂ









ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ, ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਦੀ ਅਗਵਾਈ ਵਿੱਚ ਦੀਵਾਨ ਹਾਲ ਵਿੱਚ ਦੀਵਾਨ ਸਜਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਗਿਆ । ਉਪਰੰਤ ਦੀਵਾਨ ਹਾਲ ਵਿੱਚ ਪੰਥਕ ਵਿਦਵਾਨਾਂ ਤੋਂ ਇਲਾਵਾ ਸੰਤ ਮਹਾਂਪੁਰਖਾਂ ਨੇ ਹੋਲੇ ਮਹੱਲੇ ਦੇ ਪਵਿੱਤਰ ਇਤਿਹਾਸ ਤੇ ਭਰਪੂਰ ਰੋਸ਼ਨੀ ਪਾਉਂਦਿਆਂ ਸਮੂਹ ਸੰਗਤਾਂ ਅਤੇ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਨੂੰ, ਹੋਲੇ ਮਹੱਲੇ ਦਿਵਸ ਦੀ ਵਧਾਈ ਦਿੱਤੀ । ਆਏ ਵਿਦਵਾਨਾਂ ਤੇ ਪੰਥਕ ਸਖਸ਼ੀਅਤਾਂ ਅਤੇ ਮਹਾਂਪੁਰਖਾਂ ਨੂੰ ਸਿਰੋਪਾਓ ਦੇ ਕੇ ਸੰਤ ਭਗਵਾਨ ਸਿੰਘ ਜੀ ਨੇ ਸਨਮਾਨਿਤ ਕੀਤਾ । ਹੋਲੇ ਮਹੱਲੇ ਦੇ ਦਿਹਾੜੇ ਦੇ ਸਬੰਧ ਵਿੱਚ ਪੰਜ ਦਿਨ ਲਗਾਤਾਰ 26 ਮਾਰਚ ਤੱਕ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ । ਸਟੇਜਾਂ ਦੇ ਸ਼ਿੰਗਾਰ ਪੰਥਕ ਵਿਦਵਾਨ ਗਿਆਨੀ ਭਗਵਾਨ ਸਿੰਘ ਜੌਹਲ ਨੇ ਵੀ ਹਾਜ਼ਰੀ ਲਗਵਾਈ । ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਨੇ ਸੰਗਤਾਂ ਦੇ ਭਾਰੀ ਇਕੱਠ ਵਿੱਚ ਹੋਲੇ ਮਹੱਲੇ ਦੀ ਵਧਾਈ ਦਿੰਦਿਆਂ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਹੋਲਾ ਮਹੱਲਾ ਤਿਉਹਾਰ ਮਨਾਉਂਦਿਆਂ ਸਾਨੂੰ ਕਲਗੀਧਰ ਜੀ ਦੇ ਉਪਦੇਸ਼ਾਂ ਨੂੰ ਕਦੇ ਵੀ ਭੁਲਣਾ ਨਹੀਂ ਚਾਹੀਦਾ । ਆਪਣੇ ਆਦਰਸ਼ਾਂ ਨੂੰ ਸਦਾ ਕਾਇਮ ਰੱਖਣਾ ਚਾਹੀਦਾ ਹੈ। -ਰਣਧੀਰ ਸਿੰਘ ਸੰਭਲ

## ਐਮਐਲਏ ਸਮਰਾਲਾ ਜਗਤਾਰ ਸਿੰਘ ਦਿਆਲਪੁਰਾ ਨੇ ਕੀਤਾ ਜਰਖੜ ਖੇਡ ਸਟੇਡੀਅਮ ਅਤੇ ਜੰਨਤ ਏ ਜਰਖੜ ਦਾ ਵਿਸ਼ੇਸ਼ ਦੌਰਾ






ਲੁਧਿਆਣਾ ਨਕੋਦਰ ਮਹਿਤਪੁਰ- (ਹਰਜਿੰਦਰ ਪਾਲ ਛਾਬੜਾ) - ਸਮਰਾਲਾ ਹਲਕਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਬੀਤੇ ਦਿਨੀ ਜਰਖੜ ਖੇਡ ਸਟੇਡੀਅਮ ਦਾ ਵਿਸ਼ੇਸ਼ ਦੌਰਾ ਕੀਤਾ । ਉਹਨਾਂ ਨੇ ਜਰਖੜ ਖੇਡ ਸਟੇਡੀਅਮ ਵਿਖੇ ਲੱਗੀ ਐਸਟਰੋਟਰਫ, ਹੋਸਟਲ ਅਤੇ ਹੋਰ ਖੇਡ ਮੈਦਾਨਾਂ ਦਾ ਮੁਆਇਨਾ ਕੀਤਾ। ਉਹਨਾਂ ਆਖਿਆ ਕਿ ਜਰਖੜ ਖੇਡ ਸਟੇਡੀਅਮ ਵਾਕਿਆ ਹੀ ਪੇਂਡੂ ਖੇਡਾਂ ਦਾ ਇੱਕ ਮੱਕਾ ਹੈ । ਉਨਾ ਆਖਿਆ ਹਲਕਾ ਸਮਰਾਲਾ ਦੇ ਵਿੱਚ ਵੱਡੇ ਪੱਧਰ ਤੇ ਖੇਡ ਸਟੇਡੀਅਮਾ ਦੀ ਸਥਾਪਨਾ ਕੀਤੀ ਜਾਵੇਗੀ।

ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਅਤੇ ਹੋਰ ਪ੍ਰਬੰਧਕਾਂ ਵੱਲੋਂ ਉਹਨਾਂ ਨੂੰ ਵਿਸ਼ੇਸ਼ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਜਗਤਾਰ ਸਿੰਘ ਦਿਆਲਪੁਰਾ ਵਿਧਾਇਕ ਸਮਰਾਲਾ ਜੰਨਤ ਏ ਜਰਖੜ ਨੂੰ ਵੀ ਵੇਖਣ ਲਈ ਉਚੇਚੇ ਤੌਰ ਤੇ ਗਏ, ਇਸ ਮੌਕੇ ਉਹਨਾਂ ਨਾਲ ਬਹੁਤ ਹੀ ਰਾਜਨੀਤਿਕ ਅਤੇ ਸਮਾਜਿਕ ਗੱਲਾਂ ਹੋਈਆਂ, ਬਾਈ ਜਗਤਾਰ ਸਿੰਘ ਦਿਆਲਪੁਰਾ ਜੰਨਤ ਏ ਜਰਖੜ ਨੂੰ ਵੇਖ ਕੇ ਬਾਗੋ ਬਾਗ ਹੋਏ ਉਹਨਾਂ ਆਖਿਆ ਕਿ ਜਨਤ ਏ ਜਰਖੜ ਪੰਜਾਬ ਦਾ ਇੱਕ ਵਿਲੱਖਣ ਅਜੂਬਾ ਬਣੇਗਾ । ਦੁਨੀਆ ਭਰ ਦੇ ਸ਼ੈਲਾਨੀ ਜੰਨਤ ਏ ਜਰਖੜ ਨੂੰ ਵੇਖਣ ਆਇਆ ਕਰਨਗੇ । ਇਸ ਮੌਕੇ ਗੁਰ ਸਤਿੰਦਰ ਸਿੰਘ ਪ੍ਰਗਟ ਕੋਚ, ਸ਼ਿੰਗਾਰਾ ਸਿੰਘ ਜਰਖੜ, ਅਮਰੀਕ ਸਿੰਘ ਜਰਖੜ, ਸੁਰਿੰਦਰ ਸਿੰਘ ਜਰਖੜ, ਰਜਿੰਦਰ ਸਿੰਘ ਜਰਖੜ, ਕੋਚ ਗੁਰਤੇਜ ਸਿੰਘ, ਸਾਹਿਬ ਜੀਤ ਸਿੰਘ ਸਾਬੀ ਜਰਖੜ, ਤਜਿੰਦਰ ਸਿੰਘ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## 115 ਅਰਬ ਡਾਲਰ ਦੀ ਸੰਪਤੀ ਨਾਲ ਅੰਬਾਨੀ ਏਸ਼ੀਆ ਦੇ ਸਭ ਤੋਂ ਅਮੀਰ





ਸਾਲ 2024 ਲਈ ਹੁਰੁਨ ਗਲੋਬਲ ਰਿਚ ਲਿਸਟ ਜਾਰੀ ਕੀਤੀ ਗਈ। ਇਸ ਵਿੱਚ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਨੇ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਵਜੋਂ ਆਪਣਾ ਸਥਾਨ ਬਰਕਰਾਰ ਰੱਖਿਆ, ਜਦੋਂ ਕਿ ਅਡਾਨੀ ਸਮੂਹ ਦੇ ਸੰਸਥਾਪਕ ਗੌਤਮ ਅਡਾਨੀ ਨੇ ਦੌਲਤ ਵਿੱਚ ਵਿਆਪਕ ਵਾਧਾ ਕੀਤਾ। ਇਸ ਨਾਲ ਉਹ ਕੌਮਾਂਤਰੀ ਰੈਂਕਿੰਗ ਵਿੱਚ 15ਵੇਂ ਸਥਾਨ ਤੇ ਪਹੁੰਚ ਗਏ। 115 ਅਰਬ ਡਾਲਰ ਦੀ ਸੰਪਤੀ ਦੇ ਨਾਲ 66 ਸਾਲਾ ਮੁਕੇਸ਼ ਅੰਬਾਨੀ ਨੇ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਵਜੋਂ ਆਪਣਾ ਰੁਤਬਾ ਬਰਕਰਾਰ ਰੱਖਿਆ। ਆਪਣੀ ਦੌਲਤ ਵਿੱਚ 40 ਪ੍ਰਤੀਸ਼ਤ ਵਾਧੇ ਦੇ ਬਾਵਜੂਦ ਅੰਬਾਨੀ ਇੱਕ ਸਥਾਨ ਖਿਸਕ ਕੇ ਵਿਸ਼ਵ ਪੱਧਰ ਤੇ 10ਵੇਂ ਸਥਾਨ ਤੇ ਪਹੁੰਚ ਗਏ ਹਨ। 61 ਸਾਲਾ ਗੌਤਮ ਅਡਾਨੀ 86 ਅਰਬ ਡਾਲਰ ਦੀ ਸੰਪਤੀ ਦੇ ਨਾਲ ਵਿਸ਼ਵ ਰੈਂਕਿੰਗ ਵਿੱਚ 15ਵੇਂ ਸਥਾਨ ਤੇ ਪਹੁੰਚ ਗਏ। ਨਵੀਂ ਸੂਚੀ ਵਿੱਚ ਕੁੱਲ 167 ਨਵੇਂ ਅਰਬਪਤੀਆਂ ਸ਼ਾਮਲ ਹੋਏ ਹਨ, ਜਿਸ ਨਾਲ ਵਿਸ਼ਵਵਿਆਪੀ ਸੰਖਿਆ 3,279 ਵਿਅਕਤੀਆਂ ਤੱਕ ਪਹੁੰਚ ਗਈ ਹੈ। ਟੈਸਲਾ ਮੁਖੀ ਐਲਨ ਮਸਕ 231 ਅਰਬ ਡਾਲਰ ਨਾਲ ਚਾਰ ਸਾਲਾਂ ਵਿੱਚ ਤੀਜੀ ਵਾਰ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਵਜੋਂ ਆਪਣਾ ਖਿਤਾਬ ਦੁਬਾਰਾ ਪ੍ਰਾਪਤ ਕੀਤਾ। ਐਮਾਜ਼ਾਨ ਦੇ ਜੈਫ ਬੇਜੋਸ ਦੂਜੇ ਸਥਾਨ ਤੇ ਪਹੁੰਚ ਗਏ ਹਨ, ਜਿਨ੍ਹਾਂ ਦੀ ਸੰਪਤੀ 185 ਅਰਬ ਡਾਲਰ ਹੈ। ਪਿਛਲੇ ਸਾਲ ਪਹਿਲੇ ਨੰਬਰ ਤੇ ਰਹੇ ਬਰਨਾਰਡ ਅਰਨੌਲਟ ਦੀ ਦੌਲਤ ਘਟ ਕੇ 175 ਅਰਬ ਡਾਲਰ ਰਹਿ ਗਈ ਹੈ। ਭਾਰਤ ਨੇ ਆਪਣੀ ਅਰਬਪਤੀਆਂ ਦੀ ਆਬਾਦੀ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। 271 ਅਰਬਪਤੀਆਂ ਦੇ ਨਾਲ ਵਿਸ਼ਵ ਪੱਧਰ ਤੇ ਤੀਜੇ ਸਥਾਨ ਤੇ ਹੈ। ਮੁੰਬਈ ਨੇ ਪੇਈਚਿੰਗ ਨੂੰ ਪਛਾੜ ਕੇ ਪਹਿਲੀ ਵਾਰ ਏਸ਼ੀਆ ਦੀ ਅਰਬਪਤੀਆਂ ਦੀ ਰਾਜਧਾਨੀ ਬਣ ਕੇ ਦੁਨੀਆ ਦੇ ਸਿਖਰਲੇ ਤਿੰਨਾਂ ਵਿੱਚ ਥਾਂ ਬਣਾਈ।

# ਜਿਉਂ ਤੂੰ ਰਾਖੇ ਤਿਉਂ ਰਹਾਂ

ਲੇਖਿਕਾ
ਬਲਵਿੰਦਰ ਕੌਰ ਚਾਹਲ (ਸਾਊਥਾਲ)



ਡਾਢ੍ਹਾ ਬਲੀ ਹੈ ਪਰ ਅਸੀਂ ਚਤੁਰਤਾ ਵਿੱਚ ਭਿੱਜੇ ਕਿਥੇ ਉਹਦੀ ਰਜ਼ਾ ਵਿੱਚ ਰਹਿੰਦੇ ਹਾਂ, ਭਾਵੇਂ ਘਾੜੇ ਨੇ ਨਿੱਕਾ ਜਿਹਾ ਪੁਰਜ਼ਾ ਹਰ ਪ੍ਰਾਣੀ ਦੇ ਮਗਜ਼ ਵਿੱਚ ਫਿੱਟ ਕੀਤਾ ਹੈ ਪਰ ਹਰ ਇਕ ਵਿੱਚ ਇਕੋ ਜਿਹਾ ਨਹੀਂ, ਸੰਸਾਰ 'ਤੇ ਕੋਈ ਭੀ ਜੀਵ ਦਰਵੇਸ਼, ਦੈਂਤ ਨਹੀਂ ਪਰਖਿਆ ਜਾ ਸਕਦਾ ਜਿੰਨੀ ਦੇਰ ਉਹਦਾ ਕਿਰਦਾਰ ਸਾਹਮਣੇ ਨਾ ਆਵੇ, ਅਸੀਂ ਹਉਮੈ ਦੀ ਅਗਨੀ ਵਿੱਚ ਤਾਂ ਸਾਰੇ ਹੀ ਸੜ ਰਹੇ ਹਾਂ, ਵਿਅਕਤੀਗਤ ਨਾਲੋਂ ਵੱਧ ਤਾਂ ਅਦਾਰੇ ਨੇ ਜੋ ਕੁਰਾਹੇ ਤੋਰਦੇ ਨੇ ਖਾਸ ਕਰਕੇ ਧਰਮਾਂ ਦੇ, ਇਕ ਵਾਰਤਾ ਲਿਖਾਂ, ਪਿੰਡ ਵਿੱਚ ਪੰਡਤ ਵਿਚਾਰਾ ਸੀ ਤਾਂ ਬ੍ਰਾਹਮਣ ਹੀ, ਦਿਨ ਤਿਹਾਰਾਂ ਦੇ ਬੁੱਤੇ ਸਾਰ ਦਿੰਦਾ ਸੀ, ਕੁਝ ਮੋਹਤਬਰ ਕਹਿੰਦੇ ਕਿ ਹੁਣ ਕਿਸੇ ਸ਼ਹਿਰੀ ਪੰਡਤ ਤੋਂ ਕਥਾ ਕਰਾਈ ਜਾਵੇ ਤਾਂ ਪੇਂਡੂ ਸਹਿਮਤ ਕਹਿੰਦੇ ਚਲੋ ਪੰਡਤ ਨੂੰ ਬੁਲਾ ਕੇ ਦੇਖੀਏ, ਬੁਲਾ ਲਿਆ ਬੈਠ ਗਏ ਸਭ ਇਕੱਠ ਕਰਕੇ, ਸ਼ਹਿਰੀ ਪੰਡਤ ਆਪਣੀ ਵਿਦਵਤਾ ਤੇ ਸਭਿਅਤਾ ਅਨੁਸਾਰ ਬੋਲਿਆ ਕਿ ਪਿੰਡ ਦੇ ਪੰਡਤ ਨੂੰ ਪਹਿਲੇ ਆਪ ਕੁਝ ਉਚਰੋ, ਕਹਿਣ ਦੀ ਦੇਰ ਸੀ ਪੇਂਡੂ ਕਹਿੰਦਾ ਉਚਰੋ, ਮੁਚਰੋ, ਭੁਚਰੋ ਤੇ ਢੁਚਰੋ, ਲੱਗ ਪਏ ਪੇਂਡੂ ਤਾਂ ਤਾੜੀਆਂ ਮਾਰਨ ਸਾਡਾ ਪੰਡਤ ਜਿੱਤ ਗਿਆ ਇਕ ਦੀਆਂ ਚਾਰ ਸੁਣਾਈਆਂ, ਸ਼ਹਿਰੀਆ ਕਹਿੰਦਾ ਜੀ ਆਪ ਇਨ ਸੇ ਕਥਾ ਸੁਣੋ ਮੈਂ ਚੁਲਤਾ ਹੂੰ, ਧੰਨੇਵਾਦ, ਪੇਂਡੂ ਫੇਰ ਲੱਗ ਪਏ ਤਾੜੀਆਂ, ਦੇਖਿਆ ਹਾਰ ਕੇ ਭੱਜ ਗਿਆ ਭੱਜਾ ਤਾਂ ਨਾ, ਆਹ ਹਾਲ ਸਾਡਾ ਅੱਜ ਹੈ, ਬੱਸ ਜੋ ਸੋਸ਼ਲ ਮੀਡੀਆ ਤੇ ਡੇਰੇਦਾਰਾਂ ਦਾ ਡਾਲਡਾ ਇਤਿਹਾਸ ਪੋਥੀਆਂ ਪਤਾ ਨਹੀਂ ਕਿਵੇਂ ਲਿਖੀਆਂ ਗਈਆਂ ਪੜ੍ਹਾ ਕੇ ਭੇਜੀ ਜਾਂਦੇ ਨੇ ਆਹ ਕਥਾਵਾਚਕ, ਆਹ ਪ੍ਰਚਾਰਕ, ਜੇਕਰ ਕੋਈ ਵਿਰੁੱਧ ਬੋਲੇ ਜੀ ਇਹ ਇਤਿਹਾਸ ਵਗਾੜ ਤਾ, ਉਠੋ ਇਹਨੂੰ ਭੰਡਨ ਲਈ।

ਬਦਲਾਅ ਕੁਦਰਤੀ ਤੇ ਮਨੁੱਖੀ ਪਰ ਹਨ ਸਭ ਧਰਮਾਂ, ਵਰਗਾਂ ਤੇ ਸੰਸਾਰ 'ਤੇ, ਸਾਡੇ ਸਮੇਂ ਸੰਗਰਾਂਦ ਹੁੰਦੀ ਸੀ, ਸ਼ਹਿਰਾਂ ਵਿੱਚ ਭਾਵੇਂ ਗੁਰਪੁਰਬ ਹੋਣ ਪਿੰਡਾਂ ਵਿੱਚ ਤਾਂ ਹਰ ਥਾਂ ਗੁਰਦੁਆਰੇ ਹੀ ਨਹੀਂ ਸਨ, ਚਲੋ ਵਿਦੇਸ਼ੀ ਆ ਕੇ ਪੌਡਾਂ ਨੇ ਸ਼ਹਿਬਰ ਲਾ ਤੀ ਧਰਮ ਪ੍ਰਵਲ ਹੋ ਗਿਆ, ਫੇਰ ਕਹਿੰਦੇ ਸੰਗਰਾਂਦ ਨਹੀਂ ਮਨਾਉਣੀ ਮੱਸਿਆ, ਪੁੰਨਿਆ, ਸਾਡੀਆਂ ਨਹੀਂ ਫੇਰ ਮੰਨਣ ਲੱਗ ਗਈਆਂ, ਖਿੱਚੋਤਾਣ ਜਰੂਰ ਸੀ, ਹੁਣ ਤਾਂ ਕੋਈ ਇਕ ਸੁਰਤਾ ਨਹੀਂ ਕੋਈ ਮਰਿਯਾਦਾ ਨਹੀਂ ਖੁੱਲ੍ਹੀ ਛੁੱਟੀ ਹੈ, ਡੇਰੇਦਾਰਾਂ ਦਾ ਸਿੱਕਾ ਸਿੱਖ ਆਪਸ ਵਿੱਚ ਪਾਟੋਧਾੜ, ਲੜਾਈ ਝਗੜੇ, ਹੁਣ ਦਸਮ ਗ੍ਰੰਥ ਭੀ ਪ੍ਰਵਾਨ (ਪਹਿਲਾਂ) ਗੁਰੂ ਘਰਾਂ ਵਿੱਚ ਨਉਂ ਤੱਕ ਨਹੀਂ ਸੀ ਕੱਚੀ ਬਾਣੀ ਨੀ ਪੜ੍ਹਨੀ ਸੰਤਾਂ ਨੇ ਡੇਰਿਆਂ ਵਿੱਚ ਹੀ ਪੜ੍ਹਨੀ, ਹੁਣ ਕਿਸੇ ਨੂੰ ਕੱਚੀ ਪੱਕੀ ਵਿੱਚ ਅੰਤਰ ਨੀ ਪਤਾ, ਮੇਰੀ ਬੇਚੈਨੀ ਇਹ ਹੈ ਕਿ ਮੈਂ ਪੁਰਾਤਨ ਨੂੰ ਘੋਖਦੀ ਹਾਂ ਤੇ ਤੋਲਦੀ ਮਿਣਦੀ ਹਾਂ ਤੇ ਸਮਾਜ ਦੇ ਸਾਹਮਣੇ ਰੱਖਦੀ ਹਾਂ, ਤਾਂ ਵੈਰ ਭੀ ਖਰੀਦਦੀ ਹਾਂ ਪਰ ਕੋਈ ਨਹੀਂ ਪ੍ਰਮਾਤਮਾਂ ਨੇ ਬਲ ਬਖ਼ਸ਼ਿਆ ਹੈ ਤੇ ਡਰਪੋਕ ਨਹੀਂ, ਮੈਂ ਤਾਂ ਹੋਕਾ ਦੇਣੀ ਹੀ ਹੈ ਕਿ ਧਰਮ ਸਮਾਜ ਤੇ ਭਾਈਚਾਰਾ ਸਿਰਜਦਾ ਹੈ, ਭਾਈ ਉਸਾਰੂ ਸੋਚ ਨਾਲ ਸੁਚੱਜਾ ਸਿਰਜੋ ਕੌਮੀ ਇਤਿਹਾਸ ਰਚੋ ਯੁੱਗ ਦੇ ਹਾਣੀ ਬਣੋ, ਪ੍ਰਮਾਣਤਾ ਵੱਧ ਕਿੰਤੂ ਪ੍ਰੰਤੂ ਘੱਟ ਸ਼ਾਇਦ ਮੇਰੀ ਬੁੱਧ ਪੂਰਨ ਨਹੀਂ, ਮੈਂ ਸੋਸ਼ਲ ਮੀਡੀ-ਆ ਤੇ ਚੈਨਲਾਂ ਦੀ ਧਾਰਨੀ ਨਹੀਂ, ਪੜ੍ਹਨਾ, ਲਭਣਾ, ਵਿਚਾਰ ਵਟਾਂਦਰੇ ਪੜ੍ਹੇ ਲਿਖੇ ਭਾਵੇਂ ਜਵਾਨ ਹੋਣ ਉਨ੍ਹਾਂ ਤੋਂ ਭੀ ਪ੍ਰਭਾਵਤ ਹੁੰਦੀ ਹਾਂ ਮੈਂ ਹੈਰਾਨ ਹੋਈ ਸੁਣਕੇ ਕਿ ਬੰਦਾ ਦਰਜਨ ਕੁ ਆਈ.ਡੀ. ਬਣਾ ਕੇ ਹੱਕ ਵਿੱਚ ਤੇ ਵਿਰੋਧ ਪਾਈ ਜਾਂਦਾ ਹੈ ਕੋਈ ਰੋਕ ਨਹੀਂ ਪੰਜਾਬ ਵਿੱਚ ਧਰਨੇ ਕੀ ਕਿਸਾਨ ਕੀ ਹੋਰ ਹੁਣ ਅੰਮ੍ਰਿਤਪਾਲ ਵਾਲੇ ਸਾਕੇ ਵਿੱਚ ਦੇਖੋ ਅੰਮ੍ਰਿਤਸਰ ਜਿਥੇ ਗੁਰੂ ਦਰਸ਼ਨਾਂ ਲਈ ਦੂਰੋਂ ਦੂਰੋਂ ਸ਼ਰਧਾਲੂ ਤਾਂ ਇਸ਼ਟ ਨਾਲ ਆਉਣ ਇਹ ਅੱਗੋਂ ਉਥੇ ਸਾਹਮਣੇ ਝੂਠ ਤੂਫਾਨ ਦੀਆਂ ਤਕਰੀਰਾਂ ਕਰਦੇ ਨੇ ਆਹ ਭੁੱਖ ਹੜਤਾਲਾਂ ਤੇ ਚੱਕ ਦਿਆਂਗੇ ਧੌਣ 'ਤੇ ਗੋਡੇ, ਅੱਗ ਦੇ ਗੋਲੇ ਵਾਂਗੂ ਜਬਾੜੇ ਮਾਰ ਮਾਰ ਹੋਰ ਸਾਲ ਵਧਾ ਲਿਆ **ਈਦ ਬਖਸ਼ਾਉਣ ਗਏ ਰੋਜ਼ੇ ਗਲ ਪੁਆ ਲੇ,** ਇਹ ਪ੍ਰਮਾਤਮਾਂ ਦੀ ਕਰੋਪੀ ਲੋਕਾਂ ਦੀ ਕਰਨੀ।

ਸ਼੍ਰੋਮਣੀ ਕਮੇਟੀ ਕਿਵੇਂ ਧਨ ਬਰਬਾਦ ਕਰਦੀ ਹੈ ਗਰੀਬਾਂ ਲਈ ਵਰਤੇ ਸਹਾਈ ਹੋਵੇ ਐਰਾ-ਗੈਰਾ ਕੁਝ ਕਰਕੇ ਸਜ਼ਾ ਖਾ ਜਾਵੇ ਤਾਂ ਕੀ ਤੁਸੀਂ ਹਰ ਇਕ ਦੇ ਕੇਸ ਲੜੋਗੇ? ਤੁਹਾਡਾ ਕਰਮ ਧਰਮ ਦੀ ਰਾਖੀ ਹੈ ਨਾ ਕਿ ਦੋਸ਼ੀਆਂ ਤੇ ਕੇਸ ਲੜਨ ਦੀ, ਸੁਣੋ ਸ਼੍ਰੋਮਣੀ ਕਮੇਟੀ ਦਾ ਕਰਮਚਾਰੀ ਬੋਲੇ ਨਾਨਕ ਦੀ ਜੋਤ ਕੀ ਤੁਹਾਨੂੰ ਇਹ ਧਾਰਮਿਕ ਗਿਆਨ ਨਹੀਂ ਕਿ ਜੋਤ ਵਾਲੀ ਪ੍ਰਥਾ ਸਾਧ-ਦੇਣ ਹੈ, ਹੋਰ ਸੁਣੋ ਤੁਹਾਡਾ ਗ੍ਰੰਥੀ ਇਕ ਲੋਕ-ਚੈਨਲ 'ਤੇ ਉਹ ਭੀ ਅੱਖਾਂ ਹੀ ਚੜ੍ਹਾ ਲਊ ਜਦੋਂ ਦਿਖਾਊ ਕਿ ਮੈਂ ਤਾਂ ਸ਼ਰਧਾ ਵਿੱਚ ਡੁੱਬਾ ਹਾਂ, ਲਈ ਬੈਠਾ ਗ੍ਰੰਥ ਨਉਂ ਨਹੀਂ ਲਿਖਦੀ (ਗ੍ਰੰਥੀ ਕਹਿੰਦਾ ਜਦੋਂ ਗੁਰੂ ਹਰਿ ਗੋਬਿੰਦ ਸਾਹਬ ਦੀ ਪਗੜੀ ਦੀ ਰਸਮ ਹੋਈ ਸੀ ਤਾਂ ਦੋ ਪੱਗਾਂ ਲਿਆਂਦੀਆਂ ਬਾਬਾ ਬੁੱਢਾ ਜੀ ਨੂੰ ਫੜਾਤੀਆਂ ਤਾਂ ਪ੍ਰਿਥੀ ਚੰਦ ਹੋਰਾਂ ਨੇ ਖੋਹ ਲਈਆਂ) ਲਿਖਾਂ ਕਿ ਦੋ ਪੱਗਾਂ ਇਕ ਵਰਾਸਤ ਕਰਕੇ ਕਿ ਪਿਤਾ ਦਾ ਸਾਇਆ ਉਠ ਗਿਆ, ਦੂਜੀ ਗੋਦੀ ਲਈ ਗ੍ਰੰਥੀ ਕਹਿੰਦਾ ਜੋ ਬੋਲ ਕਬੋਲ ਉਥੇ ਹੋਏ ਉਹ ਅੰਕਤ ਨਹੀਂ, ਯੋਗ ਨਹੀਂ ਹਾਲੇ ਅਸੀਂ ਮੇਰੇ ਵਰਗਿਆਂ ਨੂੰ ਵੰਗਾਰ ਕੇ ਇਤਿਹਾਸ ਅਣਜਾਣ ਗਰਦਾਨਦੇ ਨੇ ਗੁਰੂ ਜੀ (ਗੁਰੂ ਹਰਿ ਗੋਬਿੰਦ) ਅਵਸਥਾ ਗਿਆਰਾਂ ਸਾਲ ਹੀ ਸੀ, ਇਹ ਜੋਤਾਂ ਪ੍ਰਚਾਰੀ ਜਾਂਦੇ ਨੇ ਯਾਨੀ ਪ੍ਰਮਾਤਮਾਂ ਦੀ ਕਰਨੀ ਨਹੀਂ ਮੰਨਦੇ, ਸਿੱਖ-ਮੱਤ ਬੜੀ ਸੂਖਮ, ਸ਼ੁੱਧ ਅਤੇ ਸੁਥਰੀ ਦਾ ਅਦੇਸ਼ ਸੀ ਪਰ ਪਸਰੀ ਕਬੁੱਧ ਪਈ ਹੈ, ਇਹ ਕਲਯੁੱਗ ਦੇ ਪ੍ਰਸੰਗ ਹਨ, ਜਨਮ ਜੇਕਰ ਪੰਜਾਬ ਨੂੰ ਮੰਨੀਏ ਸਿੱਖ ਧਰਮ ਨੂੰ ਤਾਂ ਅੱਜ ਤੋਂ ਵੱਧ ਅਧੋਗਤੀਆਂ ਉਥੇ ਤੇ ਸਿੱਖਾਂ ਵਿੱਚ ਹਨ, ਚਲੋ ਹਨ ਤਾਂ ਸਭ ਧਰਮਾਂ ਵਿੱਚ ਹੀ ਪਰ ਅਸੀਂ ਉੱਤਮ ਦੇ ਧਾਰਨੀ ਸੀ, ਕਹਿੰਦੇ ਹੁੰਦੇ ਸਨ ਡੰਡੇ ਬਿਨਾਂ ਟੱਬਰ ਉਂਘਲਿਆ ਫਿਰਦਾ ਹੈ, ਸਾਡਾ ਡੰਡਾ ਹੀ ਵਿੰਗਾ ਹੈ, ਸ਼੍ਰੋਮਣੀ ਅਕਾਲੀ ਦਲ ਨੂੰ ਸ਼੍ਰੋਮਣੀ ਕਮੇਟੀ 'ਤੇ ਬਾਦਲਾਂ ਦਾ ਕਬਜ਼ਾ ਸੱਚ ਨਹੀਂ ਉਥੇ ਤਾਂ ਬਹੁਗਿਣਤੀ ਅੱਜ ਦੂਜਿਆਂ ਦੀ ਹੈ, ਅਕਾਲੀ ਦਲ ਤਾਂ ਜਿਮੇ ਕੋਈ ਲਾਟਰੀ ਕੱਢਣ ਵਾਲਾ ਆ ਕੇ ਟਿਕਟ ਕੱਢ ਦੇਵੇ ਵਾਲੀ ਗੱਲ ਹੈ, ਠੂਣਾਂ ਉਨ੍ਹਾਂ ਸਿਰ ਭੰਨਦੇ ਨੇ, ਮੱਕੜ, ਬੀਬੀ ਜਗੀਰ ਕੌਰ ਕਿਸੇ ਦੀ ਮੰਨਣ ਵਾਲੇ ਹਨ, ਜਿਹੜੀ ਕਹਿੰਦੀ ਸੁਖਬੀਰ ਨੂੰ ਵਾਪਸ ਲੈ ਲਈਏ ਅਕਾਲੀ ਦਲ ਵਿੱਚ ਅੰਦਾਜ਼ਾ ਲਾਵੋ ਇਹ ਸੁਭਾਅ ਚਰਿੱਤਰ ਮੰਨੂੰ ਜਾਂ ਮਨਾਊ, ਬਾਦਲ ਸਾਹਬ ਭੀ ਸੁੱਘੜਤਾ ਨਾਲ ਰਾਜ ਕਰਦੇ ਸਨ ਡੰਡੇ ਨਾਲ ਨਹੀਂ ਹੁਣ ਹਾਲ ਦੇਖ ਲਵੋ ਸਰਕਾਰ ਦਾ ਕਿਵੇਂ ਪੰਜਾਬ ਨੂੰ ਤਬਾਹ ਕਰਨ ਦੇ ਰੰਗ ਢੰਗ ਨੇ।

**ਭੱਖਦੇ ਮੁੱਦੇ:-** ਮੂਸੇਵਾਲਾ ਪ੍ਰਵਾਰ ਨਾਲ ਖਹਿਬਾਜ਼ੀ ਮੰਨਣ ਵਾਲੀ ਕਹਾਣੀ ਹੈ ਕਿ ਦੋ ਦਿਨਾਂ ਵਿੱਚ ਹੀ ਕੇਂਦਰ ਦਾ ਵਿਭਾਗ ਤੇ ਪੰਜਾਬ ਦਾ ਸਿਹਤ ਮਹਿਕਮਾ ਪੱਤਰ ਜਾਰੀ ਕਰੇ ਝਬਦੇ ਸਿਹਤ ਮੰਤਰਾਲਾ ਬਲਕੌਰ ਸਿੰਘ ਸਿੱਧੂ ਤੋਂ ਜਾਣਕਾਰੀ ਤਲਬੀ ਕਰੇ ਫੇਰ ਫੌਰਨ ਤੋਂ ਪਹਿਲਾਂ ਮੰਤਰੀ ਬਲਵੀਰ ਸਿੰਘ ਬਿਆਨ ਦੇਵੇ ਕੇਂਦਰ ਹੈ ਜੀ ਅਸੀਂ ਨਹੀਂ ਕਿਵੇਂ ਮੂਰਖ ਬਣਾ ਰਹੇ ਨੇ, ਕੇਂਦਰ ਨੂੰ ਹੋਰ ਕੰਮਾਂ ਲਈ ਤਾਂ ਸਮਾਂ ਹੀ ਨਹੀਂ ਪਰ ਇਹਦੇ ਲਈ ਐਮਰਜੈਂਸੀ ਸਭ ਕਾਰਸ਼ਤਾਨੀ ਸੀ। ਉਨ੍ਹਾਂ ਦੇ ਸਿਆਸਤ ਕਾਂਗਰਸ ਤੇ ਬੋਲਦਾ ਭੀ ਲੋੜੋਂ ਵੱਧ ਹੈ ਤਾਂ ਵੈਰ ਹੈ। ਇਨ੍ਹਾਂ ਲੋਕਾਂ ਦਾ ਤੰਗ ਟੁੱਟ ਗਿਆ, **ਇਥੇ ਹੀ ਦੇਖ ਲਵੋ ਚੈਨਲਾਂ 'ਤੇ ਜੀ ਅਕਾਲੀ ਦਲ ਭਾਜਪਾ ਨਾਲ ਭਾਈਵਾਲੀ ਕਰੇ ਜਾਂ ਨਾ ਦੱਸੋ ਭਲੇ ਲੋਕੋ ਤੁਸੀਂ ਉਥੋਂ ਦੇ ਵਸਨੀਕ ਨਹੀਂ, ਅਕਾਲੀ ਦਲ ਮੈਂਬਰ ਨਹੀਂ ਤੁਹਾਡੀ ਉਹ ਪਾਰਟੀ ਨਹੀਂ ਤੁਸੀਂ ਨਾਨੇ ਲੱਗਦੇ ਹੋ ਸਲਾਹਕਾਰ ਬਨਣ ਦੇ,** ਨਾਲੇ ਆਖਣਗੇ ਜੀ ਗੱਲਬਾਤ ਰਾਹੀਂ ਮਸਲੇ ਹੱਲ ਹੁੰਦੇ ਹਨ, ਪਰ ਅਕਾਲੀ ਦਲ ਨਹੀਂ ਪਤੀ ਪਤਨੀ ਨੂੰ ਹਰਾਊ ਫੇਰ ਅਕਾਲੀ ਦਲ ਬਚੂ, ਤੁਸੀਂ ਕਦੀ ਭਾਜਪਾ ਨੂੰ ਸਲਾਹ ਦਿੱਤੀ ਹੈ ਕਿ ਅਮਿਤਸ਼ਾਹ ਹਟਾਉ ਜਾਂ ਕੋਈ ਹੋਰ, ਕਦੀ ਕਾਂਗਰਸ ਵਿੱਚ ਦਖਲ ਅੰਦਾਜ਼ੀ, ਨਾ **ਬੱਸ ਪੰਜਾਬ, ਅਕਾਲੀ ਮਕਾਉ।**

**ਹੁਣ ਨਵਾਂ ਸੰਕਟ:- ਕੇਜਰੀਵਾਲ ਕਜ਼ੀਆ,** ਤਕੀਏ ਪਰ ਨੂੰ ਤੇ ਪੈ ਜਾਵੇ ਘਰ ਨੂੰ, ਉਹ ਸਭ ਨੂੰ ਅੰਦਰ ਹੀ ਕਰਾਉਂਦਾ ਸੀ ਪੰਜਾਬ ਵਿੱਚ ਬਾਹਰ ਨਹੀਂ ਰਹਿਣ ਦੇਣੇ ਅੰਤ ਫੱਸ ਗਿਆ, ਦੇਖੋ ਉੱਠ ਕਿਸ ਕਰਵਟ ਬੈਠੂ, ਮਾਨ ਦਾ ਕੀ ਬਣੂ, ਉਧਰੇ ਕਿਸਾਨ ਤਾਂ ਯੂਨੀਅਨਾਂ ਦੇ ਲਾਕੜੇ ਨੇ ਕਾਂਗਰਸ ਟਰੇਡ ਯੂਨੀਅਨਾਂ ਦੀ ਜਮਾਤ ਹੈ, ਉਨ੍ਹਾਂ ਦਾ ਡੰਕਾ ਹੀ ਬਜਾ ਰਹੇ ਨੇ, ਸੋਚਣ ਵਾਲੀ ਗੱਲ ਕਿ ਖੇਤੀ ਪਾਣੀ ਵਗੈਰ ਹੋਜੂ ਪਰ ਕਿਸਾਨ ਹਰਿਆਣੇ ਨਾਲ ਪਾਣੀ ਦੀ ਨਹਿਰ ਦੀ ਗੱਲ ਨੀ ਕਰਦੇ, ਚਲੋ ਰਾਜਧਾਨੀ ਦੀ ਨਾ ਕਰਨ, ਕਿਉਂਕਿ ਹਰਿਆਣੇ ਦੇ ਕਿਸਾਨ ਨਾਲ ਰੱਖਣੇ ਹਨ, ਬੱਸ ਜੀ ਅਕਾਲੀ ਵੱਧ ਅਧਿਕਾਰਾਂ ਦੀ ਗੱਲ ਪਹਿਲਾਂ ਭੀ ਕਰਦੇ ਸਨ ਹੁਣ ਫੇਰ ਡੁਗ ਡੁਗੀ ਬਜਾਉਣੇ ਇਹ ਨੀ ਕਹਿੰਦੇ ਕਿ ਸੰਤ ਭਿੰਡਰਾਂਵਾਲੇ ਭੀ ਵੱਧ ਅਧਿਕਾਰਾਂ ਦੀ ਗੱਲ ਕਰਦੇ ਸੀ ਲੈ ਲਏ ਸਨ ਹੁਣ ਤੁਹਾਨੂੰ 40 ਸਾਲ ਹੋ ਗਏ ਲੈ ਲਏ ਹੁਣ 40 ਸਾਲਾ ਜਲੂਸ ਕੱਢਣਾ ਹੈ ਕੀ ਦੱਸਣਗੇ ਕਿ ਅਸੀਂ ਕੀ ਹਾਸਲ ਕੀਤਾ, ਬੱਸ ਉਹੀ ਬੰਦੇ, ਉਹੀ ਭਾਸ਼ਨ, ਉਹੀ ਇਕ ਦੋ ਦਿੱਲੀ ਵਾਲੇ ਖੜ੍ਹੇ ਕਰ ਦਿੰਦੇ ਨੀ ਜੀ ਇਨ੍ਹਾਂ ਦੇ ਘਰ ਸਾੜੇ ਸਨ, ਪੁੱਛੋ ਕਿ ਘਰ ਬਾਦਲ ਨੇ ਸਾੜੇ ਸਨ ਉਹਨੇ ਤਾਂ ਕੁਆਰਟਰ ਬਣਾ ਕੇ ਦਿੱਤੇ ਪੰਜਾਬ ਆਇਆਂ ਨੂੰ ਪਰ ਇਹ ਉਹਦੇ ਵਿਰੋਧੀ, ਹੁਣ ਤਾਂ ਵਿਦੇਸ਼ਾਂ ਵਿੱਚ ਤੁਹਾਨੂੰ ਭੀ ਗੁਰੂ ਘਰਾਂ ਵਿੱਚ ਰਾਜ ਕਰਦਿਆਂ ਨੂੰ 40 ਸਾਲ ਹੋ ਗਏ, ਅਮਨ-ਪਸੰਦੀਆਂ ਦਾ ਚੈਨ ਖੋਹ ਲਿਆ ਬੰਦੇ ਮਰਵਾ ਲਏ ਹਾਂ ਹੁਣ ਪ੍ਰਬੰਧਕਾਂ ਨੂੰ ਪੈਸੇ ਖਰਚਣ ਨੂੰ ਮੌਕਾ ਜੀ ਖਾਲਿਸਤਾਨ ਲਈ ਹੰਭਲਾ ਬਣਾ ਦਿਉ ਧੰਨਵਾਦੀ ਹੋਵਾਂਗੇ ਨਹੀਂ ਤਾਂ ਢੋਹਲੇ ਢੱਲ ਜਾਣੇ ਨੇ ਦਸਵੰਧ ਸਿਰ ਸੱਚਾ ਮਾਲਕ ਹੀ ਕਲਾ ਵਰਤਾਵੇ ਸੁੱਖ-ਸ਼ਾਂਤੀ ਰੱਖੇ ਸਰਬੱਤ ਦਾ ਭਲਾ ਕਰੇ।

## ਸਿੱਖ ਮਿਊਜ਼ੀਅਮ ਬਣਾਉਣ ਦੀ ਸ਼ਲਾਘਾ ਕਰਦੀ ਹੋਈ ਵਧਾਈ ਦਿੰਦੀ ਹਾਂ

ਪੁਰੇਵਾਲ ਸਾਹਬ ਜੀ, ਪਹਿਲਾਂ ਤਾਂ ਆਪ ਜੀ ਅਤੇ ਸਾਥੀਆਂ ਨੂੰ ਸ਼ਲਾਘਾ ਕਰਦੀ ਹੋਈ ਵਧਾਈ ਦਿੰਦੀ ਹਾਂ ਗੁਰੂ-ਘਰ ਦੇ ਨਾਲ (ਵਿੱਚ ਨਹੀਂ) ਜੋ ਮਿਊਜ਼ੀਅਮ ਦਾ ਉਪਰਾਲਾ ਕੀਤਾ ਹੈ, ਧਾਰਮਿਕ ਹੀ ਨਹੀਂ ਵਿਰਸੇ ਪੱਖੋਂ ਉੱਦਮ ਪ੍ਰਸ਼ੰਸਾ ਦੇ ਪਾਤਰ ਬਣਾ ਗਿਆ, ਧਾਰਮਿਕ ਅਦਾਰੇ ਅਣਗਿਣਤ, ਪ੍ਰਚਾਰਕ ਭੀ ਬਹੁਗਿਣਤੀ ਪਰ ਧਰਮ ਦਾ ਮਨਾਂ 'ਤੇ ਅਸਰ? ਚਲੋ ਆਮ ਮਨੁੱਖ ਵਿੱਚ ਤਾਂ ਹੋਵੇਗਾ ਨਾ ਭੀ ਹੋਵੇ ਤਾਂ ਮੁਆਫ ਕੀਤਾ ਜਾ ਸਕਦਾ ਹੈ, ਪਰ ਜਦੋਂ ਧਰਮ ਦੇ ਰਾਖੇ ਪ੍ਰਚਾਰਕ ਇਸ ਤੋਂ ਮੁਕਤ ਹੋਣ ਤਾਂ ਮਨ ਨੂੰ ਕਸ਼ਟ ਹੀ ਨਹੀਂ ਹੈਰਾਨੀ ਭੀ ਹੁੰਦੀ ਹੈ ਕਿ ਇਹ ਲੋਕਾਂ ਨੂੰ ਸਿੱਖਿਆ ਦੇ ਰਹੇ ਹਨ, ਲੰਮਾਂ ਨਾ ਕਰਾਂ ਮੈਨੂੰ ਜਾਣਕਾਰੀ ਮਿਲੀ ਕਿ ਨਿਊਜ਼ੀਲੈਂਡ ਵਿੱਚ ਸੁਣਿਆ ਤਾਂ ਇਸ ਘਟਨਾ ਬਾਰੇ ਸੀ ਦੋ ਕੁ ਸਾਲ ਦੀ ਗੱਲ ਹੈ, ਹੁਣ ਮੈਨੂੰ ਕੇਸ ਬਾਰੇ ਜਾਣਕਾਰੀ ਦਿੱਤੀ ਗਈ ਤਾਂ ਸੁੰਨ ਕਰ ਦੇਣ ਵਾਲੀ ਕਿ ਕੋਈ ਟਰੱਕ ਡਰਾਈਵਰ ਭਾਰਤ ਤੋਂ ਆ ਕੇ ਔਕਲੈਂਡ ਵੱਸ ਕੇ ਘਰੋਂ ਸਿੱਖ ਧਰਮ ਦਾ ਪਸਾਰਾ ਕਰਕੇ ਬਾਬਾ ਜੀ ਬਣ ਗਿਆ, ਚੇਲੇ ਇੰਨੇ ਵੱਧ ਗਏ ਕਿ ਦੋ ਗੁਰੂ ਘਰ ਖੋਲ੍ਹੇ ਅੰਤ ਈਰਖਾ ਜਾਂ ਕੋਈ ਹਿੱਤ ਨੇ ਉਥੋਂ ਦੇ ਇਕ ਰੇਡੀਉ ਸੰਚਾਲਕ ਨੂੰ ਇਸ ਕਰਕੇ ਕਤਲ ਕਰਵਾਉਣ ਦੀ ਵਿਉਂਤ ਘੜੀ ਕਿ ਉਹ ਵਿਚਾਰਾਂ ਦਾ ਵਿਰੋਧੀ ਸੀ, ਅੰਤ ਉਸ 'ਤੇ ਹਮਲਾ ਕਰਵਾਇਆ ਗਿਆ, ਕਈ ਵਿਅਕਤੀ ਇਸ ਕਰਮਕਾਂਡ ਵਿੱਚ ਪਰਪੱਕ ਕੀਤੇ ਪਰ ਹਰਨੇਕ ਸਿੰਘ (ਨੇਕੀ) ਰੇਡੀਉ 'ਤੇ ਕੁਝ ਅੱਡਰੇ ਵਿਚਾਰਾਂ ਕਰਕੇ ਚਰਚਾ ਵਿੱਚ ਸੀ

ਬਾਕੀ ਹਿਸਾ ਸਫਾ 44 ਤੇ ਪੜ੍ਹੋ

# ਕਹਾਣੀ -ਛੁੱਟੜ



ਜੱਸੀ ਇਕ ਸੋਹਣਾ ਸੁਨੱਖਾ ਨੌਜਵਾਨ ਸੀ। ਉਸਦੀ ਹੁਣੇ ਹੀ ਵਿਸ਼ਵ ਵਿਦਿਆਲੇ ਵਿਚ ਨੌਕਰੀ ਲੱਗੀ ਸੀ । ਦਿਲ ਕੀਤਾ ਕੇ ਉਸਨੂੰ ਮਿਲ ਕੇ ਆਵਾਂ । ਕਮਰੇ ਵਿਚ ਉਸਦੇ ਕੋਲ ਇਕ ਲੜਕੀ ਬੈਠੀ ਸੀ । ਕੁਰਸੀ ਤੇ ਹਾਲੇ ਬੈਠ ਹੀ ਰਿਹਾ ਸੀ ਕਿ ਜੱਸੀ ਕਹਿੰਦਾ ਇਹ ਸ਼ਮੀਰੋ ਹੈ। ਆਪਣੇ ਇੱਥੇ ਹੀ ਪੜ੍ਹ ਰਹੀ ਹੈ। ਜੱਸੀ ਨੇ ਸੇਵਾਦ-ਾਰ ਨੂੰ ਕਿਹਾ ਕਿ ਸਰ
ਵਾਸਤੇ ਵੀ ਚਾਹ ਦਾ ਕੱਪ ਤੇ ਪਕੌੜੇ ਲੈ ਆ। ਥੋੜੀ ਦੇਰ ਬਾਅਦ ਸੇਵਾਦਾਰ ਕੱਲੀ ਚਾਹ ਲੈ ਆਇਆ ਤੇ ਕਹਿੰਦਾ

-ਜੀ ਪਕੌੜੇ ਮੁੱਕ ਗਏ, ਲੰਚ ਟਾਇਮ ਹੋ ਗਿਆ ਜੀ ।

ਨਿੱਕੀਆਂ ਗੱਲਾਂ। ਤੋਂ ਬਾਅਦ ਲੱਗਾ ਕਿ ਮੈਂ ਉਹਨਾਂ ਦਾ ਟਾਇਮ ਖਰਾਬ ਕਰ ਰਿਹਾਂ ਸੋ ਉੱਥੋਂ ਕੰਮ ਦਾ ਬਹਾਨਾ ਲਾ ਕੇ ਉੱਠ ਆਇਆ ।

ਮੇਰਾ ਇਕ ਦੋਸਤ ਕਿਸੇ ਵੱਡੀ ਕੰਪਨੀ ਦਾ ਖੇਤਰੀ ਅਫਸਰ ਸੀ , ਇਕ ਦਿਨ ਉਹ ਮੈਨੂੰ ਆਪਣੇ ਜ਼ਿਲੇ ਵਿਚ ਕਾਰਖਾਨੇ ਦਾ ਮੁਆਇਨਾ ਕਰਨ ਨਾਲ ਲੈ ਗਿਆ । ਵੱਡੇ ਅਫਸਰ ਨੂੰ ਵੇਖ ਸੇਵਾਦਾਰ ਸਾਨੂੰ ਸਿੱਧਾ ਮੈਨੇਜਰ ਕੋਲ ਲੈ ਗਿਆ । ਮੈਨੂ ਵੇਖ ਕੇ ਮੈਨੇਜਰ ਸਾਹਿਬਾ ਖੁਸ਼ ਹੋ ਗਈ। ਇਹ ਤਾਂ ਸ਼ਮੀਰੋ ਹੀ ਸੀ । ਉਹਨਾਂ ਦੋਨਾਂ ਨੇ ਕਾਫੀ ਦਫਤਰੀ ਗੱਲਾਂ ਕੀਤੀਆਂ । ਇੰਨੇ ਚਿਰ ਵਿਚ ਚਾਹ ਤੇ ਸਮੋਸੇ ਆ ਗਏ । ਮੈਡਮ ਨੇ ਸੇਵਾਦਾਰ ਨੂੰ ਕਿਹਾ,

-ਤੈਨੂੰ ਤਾਂ ਪਨੀਰ ਦੇ ਪਕੌੜੇ ਕਿਹਾ ਸੀ।

-ਜੀ ਮੈਡਮ ਪਰ ਪਨੀਰ ਮੁੱਕ ਗਿਆ ਸੀ ਸੋ ਸਮੋਸੇ ਲੈ ਆਇਆ ਹਾਂ।

ਕੁਝ ਦੇਰ ਬਾਅਦ ਅਸੀਂ ਵਾਪਸ ਆ ਗਏ।

ਨਾਲ ਦੇ ਸ਼ਹਿਰ ਦੇ ਇਕ ਕਾਲਜ ਵਿਚ ਮੇਰਾ ਲੈਕਚਰ ਰੱਖਿਆ ਹੋਇਆ ਸੀ । ਉੱਥੇ ਹੋਰ ਵੀ ਲੋਕ ਆਏ ਹੋਏ ਸਨ । ਮੇਰੇ ਸਾਹਮਣੇ ਇਕ ਜੋੜਾ ਬੈਠਾ ਸੀ । ਪਹਿਲਾਂ ਤਾਂ ਮੈਂ ਧਿਆਨ ਨਾ ਦਿੱਤਾ, ਥੋੜੀ ਦੇਰ ਬਾਅਦ ਯਾਦ ਆਇਆ ਕੇ ਇਹ ਤਾਂ ਸ਼ਮੀਰੋ ਹੈ। ਸ਼ਾਇਦ ਨਾਲ ਘਰਵਾਲਾ ਹੋਵੇਗਾ । ਉਸਨੇ ਮੈਨੂੰ ਅੱਖੋਂ ਪਰੋਖੇ ਕਰ ਦਿੱਤਾ । ਮੈਂ ਵੀ ਚੁੱਪ ਰਹਿਣ ਚ ਭਲਾਈ ਸਮਝੀ ॥ ਥੋੜੀ ਦੇਰ ਚ ਚਾਹ ਸਮੋਸੇ ਤੇ ਮਠਿਆਈ ਆ ਗਈ । ਪ੍ਰਿਸੀਪਲ ਨੇ ਦੱਸਿਆ ਕੇ ਸਾਡੇ ਇੱਥੇ ਪਨੀਰ ਦੇ ਪਕੌੜੇ ਬਣਦੇ ਹਨ, ਪਰ ਅੱਜ ਬੁੱਧਵਾਰ ਹਲਵਾਈ ਛੁੱਟੀ ਕਰਦਾ ਹੈ। ਸ਼ਮੀਰੋ ਦਾ ਹਾਸਾ ਨਿਕਲਣੋਂ ਮਸੀਂ ਬਚਿਆ, ਉਹ ਹਾਸਾ ਜੀਰ ਗਈ, ਪਰ ਮੇਰੀਆਂ ਨਜ਼ਰਾਂ ਤੋ ਬਚ ਨਾ ਸਕੀ । ਮੈਂ ਵੀ ਮੂੰਹ ਫੇਰ ਲਿਆ, ਜਿਵੇਂ ਮੈਨੂੰ ਵੀ ਕੁਝ ਯਾਦ ਨਾ ਆਇਆ ਹੋਵੇ।

ਕੁਝ ਦੋਸਤਾਂ ਦੇ ਸੱਦੇ ਤੇ ਆਸਟਰੇਲੀਆ ਆਇਆ ਸੀ। ਇੱਥੇ ਸਾਡੇ ਪੁਰਾਣੇ ਵਿਦਿਆਰਥੀਆਂ ਦੀ ਜੱਥੇਬੰਦੀ ਨੇ ਸਮਾਗਮ ਰੱਖਿਆ ਸੀ । ਸੰਗੀਤ ਚੱਲ ਰਿਹਾ ਸੀ ਤੇ ਲੋਕ ਖਾ ਪੀ ਰਹੇ ਸਨ । ਮੈਂ ਸੰਗਦਾ ਇਕ ਟੇਬਲ ਤੇ ਬੈਠਾ ਠੰਡਾ ਪੀ ਰਿਹਾ ਸੀ । ਡਾਂਸ ਕਰਨਾ ਮੇਰੇ ਵੱਸ ਦਾ ਰੋਗ ਨਹੀਂ ਸੀ । ਅਚਾਨਕ ਇਕ ਔਰਤ ਪਲੇਟ ਵਿਚ ਖਾਣ ਦਾ ਸਮਾਨ ਲੈਕੇ ਮੇਰੇ ਕੋਲ ਆਈ ਤੇ ਗੁੱਡ ਇਵਨਿੰਗ ਕਿਹਾ। ਮੈਂ ਜਵਾਬ ਦੇਕੇ ਜਦ ਦੇਖਿਆ ਤਾਂ ਉਹ ਔਰਤ ਸ਼ਮੀਰੋ ਸੀ ।

ਉਹ ਮੇਰੇ ਕੋਲ ਹੀ ਬਹਿ ਗਈ । ਉਸਨੇ ਦੱਸਿਆ ਕਿ ਪਹਿਲੋਂ ਜੱਸੀ ਨੇ ਵਿਆਹ ਤੋਂ ਨਾਂਹ ਕਰਤੀ, ਕਿਉਂਕਿ ਉਸਦੇ ਘਰਦੇ ਬਰਾਦਰੀ ਤੋਂ ਬਾਹਰ ਵਿਆਹ ਨੂੰ ਨਹੀਂ ਮੰਨੇ। ਫੇਰ ਉਸਨੇ ਕੰਪਨੀ ਚ ਨੌਕਰੀ ਕਰ ਲਈ। ਉੱਥੇ ਉਹ ਬੋਰ ਹੋ ਗਈ । ਉਸਤੋਂ ਬਾਅਦ ਇਕ ਕਾਲਜ ਚ ਲੱਗ ਗਈ । ਇੱਥੇ ਰੂਪੀ ਮਿਲ ਗਿਆ। ਕਈ ਸਾਲ ਉਸ ਨਾਲ ਕੱਟੇ। ਪਰ ਮੇਰੇ ਅੰਦਰ ਆਸਟਰੇਲੀਆ ਦਾ ਭੂਤ ਸਵਾਰ ਹੋ ਗਿਆ ਤੇ ਮੈਂ ਉਸਨੂੰ ਛੱਡ ਕਿਸੇ ਤਰੀਕੇ ਇੱਥੇ ਪਹੁੰਚ ਗਈ ।

-ਮਤਲਬ ਪਨੀਰ ਦਾ ਪਕੌੜਾ ਤੈਨੂੰ ਵੀ ਨਹੀਂ ਮਿਲਿਆ ?

-ਹਾਂ ਕਹਿ ਸਕਦੇ ਹਾਂ ।

-ਚੱਲ ਕੋਈ ਨੀ ਇੱਥੇ ਕੋਸ਼ਿਸ਼ ਕਰ ਲਾ ।

-ਹਾਂ ਮਿਲ ਤਾਂ ਜਾਊ ਕੋਈ ਪਰ ਹੁਣ ਮਿਲੂ ਕੋਈ ਛੁੱਟੜ ਹੀ । ਪਨੀਰ ਦੇ ਪਕੌੜੇ ਤਾਂ ਉਮਰ ਨਾਲ ਹੀ ਮਿਲਦੇ ਆ।

-ਜਨਮੇਜਾ ਸਿੰਘ ਜੌਹਲ
ਕਿਤਾਬ ਸ਼ਮੀਰੋ ਵਿੱਚੋਂ



## ਹਾਸਾ ਕਲੀਨਿਕ

**ਅਧਿਆਪਕ,** ਚਾਦਰ 'ਤੇ ਚਾਹ ਕਿਸ ਨੇ ਡੋਲ੍ਹੀ, ਇਸ ਦਾ ਆਪਣੀ ਮਾਤ ਭਾਸ਼ਾ ਵਿੱਚ ਅਨੁਵਾਦ ਕਰੋ।

ਵਿੱਦਿਆਰਥੀ, ਮਾਤ-ਭਾਸ਼ਾ ਭਾਵ ਮੰਮੀ ਦੀ ਭਾਸ਼ਾ ਵਿੱਚ ?

ਅਧਿਆਪਕ, ਹਾਂ।

ਵਿੱਦਿਆਰਥੀ, "ਓ ਕੰਬਖਤ, ਕਰ ਦਿੱਤਾ ਨਾ ਧੋਤੀ ਚਾਦਰ ਦਾ ਸਤਿਆਨਾਸ, ਪੈ ਗਈ ਤੇਰੇ ਕਲੇਜੇ ਵਿੱਚ ਠੰਢ ? ਹੁਣ ਆਉਣ ਦੇ ਤੇਰੇ ਪਿਉ ਨੂੰ, ਉਹੋ ਧੋਵੇਗਾ ਚਾਦਰ।

*---*---*

**ਪਤੀ-ਪਤਨੀ** ਚਾਹ ਪੀਂਦੇ ਹੋਏ ਅਖਬਾਰ ਪੜ੍ਹ ਰਹੇ ਸਨ। ਪਤਨੀ ਨੂੰ ਇਕ ਚਟਪਟੀ ਖਬਰ ਦਿਸੀ ਤਾਂ ਉਸ ਨੇ ਪਤੀ ਨੂੰ ਕਿਹਾ, ਖਬਰ ਛਪੀ ਹੈ ਕਿ ਇਕ 80 ਸਾਲ ਦੇ ਬੁੱਢੇ ਨੇ ਵਿਆਹ ਕਰ ਲਿਆ।

ਪਤੀ ਠੰਡਾ ਸਾਹ ਭਰਦੇ ਹੋਏ ਬੋਲਿਆ, ਵਿਚਾਰੇ ਨੇ ਲਗਪਗ ਪੂਰੀ ਜ਼ਿੰਦਗੀ ਸਮਝਦਾਰੀ ਵਿਖਾਈ, ਪਰ ਬੁਢਾਪੇ ਵਿੱਚ ਬੇਵਕੂਫੀ ਕਰ ਹੀ ਬੈਠਾ।

*---*---*

**ਦੁਕਾਨ** 'ਤੇ ਆਇਆ ਗਾਹਕ ਕਦੇ ਕੋਈ ਚੀਜ਼ ਚੁੱਕਦਾ, ਉਸ ਨੂੰ ਦੇਖਦਾ, ਫਿਰ ਰੱਖ ਕੇ ਦੂਜੀ ਚੀਜ਼ ਚੁੱਕ ਲੈਂਦਾ। ਕੁਝ ਪੁੱਛਗਿਛ ਵੀ ਕੀਤੀ ਉਸ ਨੇ, ਪਰ ਖਰੀਦਿਆ ਕੁਝ ਨਹੀਂ। ਕਾਫੀ ਦੇਰ ਤੱਕ ਉਸ ਨੇ ਅਜਿਹਾ ਹੀ ਕੀਤਾ ਤਾਂ ਖਿੱਝ ਕੇ ਦੁਕਾਨਦਾਰ ਨੇ ਪੁੱਛਿਆ, ਸ੍ਰੀ ਮਾਨ ਜੀ! ਆਖਰ ਤੁਹਾਨੂੰ ਚਾਹੀਦਾ ਕੀ ਹੈ ?

ਮੌਕਾ। ਗਾਹਕ ਦਾ ਸਿੱਧਾ ਜਿਹਾ ਜਵਾਬ ਸੀ।

*---*---*

**43 ਸਫ਼ੇ ਦੀ ਬਾਕੀ**

ਪਰ ਮੁਕਾ ਦੇਣ ਵਾਲੇ ਬੜੇ ਵਾਰ ਕਰਕੇ ਉਹਦੇ ਘਰ ਦੇ ਬਾਹਰ ਕਾਰ ਵਿੱਚ ਆਪਣਾ ਧਾਰਮਿਕ ਅਕੀਦਾ ਬਾਬਾ ਗੁਰਿੰਦਰਪਾਲ ਬਰਾੜ ਦਾ ਮਨਸ਼ਾ ਸੰਪੂਰਨ ਕਰਕੇ ਚਲੇ ਗਏ ਪਰ ਹਰਨੇਕ ਸਿੰਘ (ਰੱਖੇ ਸਾਈਂ ਮਾਰ ਨਾ ਸਕੇ ਕੋ) ਗੰਭੀਰ ਵਾਰਾਂ ਤੋਂ ਭੀ ਬੱਚ ਕੇ ਕਈ ਸਰਜਰੀਆਂ ਨੇ ਬਚਾ ਕਰ ਤਾਂ ਸ਼ਾਇਦ ਉਹ ਭੀ ਕੋਈ ਗੁਰੂ ਘਰ ਦਾ ਮੋਢੀ ਹੋਵੇ ਤਾਂ ਭੀ ਮੁਕਾਬਲੇ ਦਾ ਅੰਦੇਸਾ ਖੈਰ ਦੋ ਸਾਲ ਤਕਰੀਬਨ ਕੇਸ ਚੱਲਣ ਪਿੱਛੋਂ ਇਰਾਦਾ ਕਤਲ ਵਿੱਚ ਆਦਿ ਸਜ਼ਾਵਾਂ ਹੋ ਗਈਆਂ, ਬਾਬਾ ਗੁਰਿੰਦਰਪਾਲ ਭੀ ਸਲਾਖਾਂ ਪਿੱਛੇ ਕੁਝ ਹੋਰ ਨੌਜਵਾਨ ਭੀ ਦੋ ਕੁ ਬਰੀ ਭੀ ਹੋ ਗਏ, ਮੈਂ ਜਾਣਕਾਰੀ ਦੀਆਂ ਖ਼ਬਰਾਂ ਨਾਲ ਭੇਜਦੀ ਹਾਂ (ਤਾਂ ਜੋ ਤੁਸੀਂ ਤਸਦੀਕ ਕਰ ਸਕੋ), ਮੇਰਾ ਵਿਸ਼ਾ ਹੈ ਕਿ ਕੀ ਧਰਮ ਸਾਡੇ ਅੰਤਰ ਤੱਕ ਆਪਣਾ ਅਮਲ ਵੜਨ ਵਿੱਚ ਇਹ ਪ੍ਰਚਾਰਕ ਸਹਾਈ ਹਨ ਜਾਂ ਇਹ ਅਧੋਗਤੀ ਦੇ ਮੂਲ ਹਨ, ਭਾਵੇਂ ਇਹ ਕੋਈ ਪਹਿਲਾ ਕੇਸ ਨਹੀਂ ਕਈ ਧਾਰਮਿਕ ਵਿਖਾਵੇ ਵਾਲੇ ਗੁਰਸਿੱਖ, ਅੰਮ੍ਰਿਤਧਾਰੀ ਕੁਕਰਮਾਂ ਵਿੱਚ ਫਸੇ, ਅਸੀਂ ਗੁਰੂ ਘਰਾਂ ਵਿੱਚ ਕੀ ਇਹ ਮਦਰਸੇ ਚਲਾ ਰਹੇ ਹਾਂ ? ਹਰਦੀਪ ਸਿੰਘ ਨਿੱਝਰ ਦਾ ਕਤਲ ਗੁਰਦੁਆਰੇ ਬਾਹਰ ਪਤਾ ਨਹੀਂ ਕੌਣ ਜ਼ਿੰਮੇਵਾਰ, ਪਰ ਕੀ ਵਿਚਾਰਾਂ ਦਾ ਵੱਖਰੇਵਾਂ ਜਾਨਲੇਵਾ ਹੋਵੇ ? ਕੀ ਇਹ ਵਪਾਰ ਲਈ ਕਿ ਸਾਡੀ ਸੰਗਤ 'ਤੇ ਅਸਰ ਪੈ ਕੇ ਘੱਟ ਨਾ ਜਾਵੇ ਜਾਂ ਸਾਡੀ ਦਾਦਾ ਗਿਰੀ 'ਤੇ ਫਰਕ ਪਊ ਤਾਂ ਵਿਰੋਧੀ ਨੂੰ ਜਾਨੋ ਮਾਰੋ ਇਹ ਧਰਮ ਸਿੱਖਿਆ 'ਤੇ ਅਮਲ ਹੈ, ਪ੍ਰਚਾਰਕ ਤਾਂ ਆਪ ਸੱਖਣਾ, ਕੀ ਇਹ ਸਿੱਧ ਨਹੀਂ ਹੁੰਦਾ ਕਿ ਪ੍ਰਚਾਰਕ ਧਰਮ ਧੁਰੇ ਵਾਲੇ ਨਹੀਂ ਸਗੋਂ ਕਿੱਤੇ ਲਈ ਹਨ, ਸੌਖਾ ਤੇ ਲਾਹੇਬੰਦ ਫੇਰ ਅਸੀਂ ਆਖਦੇ ਹਾਂ ਜੀ ਲੋਕੀ ਦੂਜੇ ਧਰਮਾਂ ਵੱਲ ਪ੍ਰੇਰਿਤ ਕਿਉਂ, ਬਾਬਿਆਂ ਦੇ ਤਾਂ ਮਨ ਹੀ ਨਹੀਂ ਹਨ ਪ੍ਰਮਾਤਮਾਂ ਦੇ ਸਿਧਾਂਤ ਵੱਲ ਕੁਝ ਵਰ੍ਹੇ ਹੋਏ ਲੁਧਿਆਣੇ ਨੇੜੇ ਰਣਜੀਤ ਸਿੰਘ ਢਡੱਰੀਆਂ ਵਾਲੇ ਦੇ ਕਾਫਲੇ 'ਤੇ ਹੱਲਾ ਕਰਕੇ ਇਕ ਵਿਅਕਤੀ ਨੂੰ ਕਤਲ ਕੀਤਾ, ਢਡੱਰੀਆਂ ਵਾਲਾ ਬੱਚ ਗਿਆ ਸੀ ਇਸ ਦਾ ਕੇਸ ਪਤਾ ਨਹੀਂ ਕਿਥੇ ਨਿਬੜਿਆ ਪਰ ਉਂਗਲ ਟਕਸਾਲ 'ਤੇ ਸੀ, ਕਿਉਂਕਿ ਉਹ ਭੀ ਵਿਰੋਧੀ ਪ੍ਰਚਾਰ ਕਰਨ ਲੱਗ ਪਿਆ ਸੀ, ਭਾਈ ਧਰਮ-ਵਿਰੋਧੀ ਹੋਵੇ ਤਾਂ ਅਕਾਲ ਤਖ਼ਤ 'ਤੇ ਸ਼ਿਕਾਇਤ ਕਰੋ ਉਹ ਧੁਰਾ ਹੈ, ਸੁਪਰੀਮ ਕੋਰਟ ਹੈ, ਭਾਵੇਂ ਜਥੇਦਾਰ ਤਾਂ ਹੁਕਮ ਕਰਨ ਦੀ ਥਾਂ ਅਪੀਲ ਕਰੀ ਜਾਂਦਾ ਹੈ ਜੀ ਹੋਲੇ ਮਹੱਲੇ 'ਤੇ ਹੁੱਲੜਬਾਜੀ ਨਾ ਕਰਿਉ, ਤਖ਼ਤ ਤਾਂ ਹਦਾਇਤਾਂ, ਹੁਕਮ ਤੇ ਨਸੀਹਤਾਂ ਕਰੇ ਆਸ ਹੈ ਤੁਸੀਂ ਭੀ ਗੁਰੂ-ਘਰ ਦੇ ਪ੍ਰਬੰਧਕ ਭੀ ਹੋ ਤੇ ਜਰੂਰ ਪ੍ਰਚਾਰਕਾਂ ਨੂੰ ਮਰਿਯਾਦਾ ਨਾਲ ਬੱਝਣ ਦੀ ਨੀਤੀ ਰੱਖੋ ਧਰਮ, ਸੰਗਤ ਤੇ ਭਾਈਚਾਰਾ ਕੌਮ ਇਨ੍ਹਾਂ ਕੋਝੀਆਂ ਲੀਹਾਂ ਤੋਂ ਹਟੇ।

**ਵਿਸ਼ੇਸ਼ ਪੰਨਾ**

ਰੇੜਕਾ ਕਲੰਡਰ ਦਾ ਲਮਕਦਾ ਫਿਰਦਾ ਹੈ, ਸਿੱਟਾ ਨਾ ਨਿਕਲਿਆ ਤੇ ਨਾ ਹੀ ਨਿਕਲਣਾ ਹੈ, ਹਾਂ ਇਕ ਹੋਰ ਮੁੱਦਾ ਜਰੂਰ ਭੱਖ ਪਿਆ, ਰੀਸੋ ਰੀਸੀ, ਪਹਿਲਾਂ ਭੀ ਤਾਂ ਲੋਕੀ ਲੋੜਾਂ ਪੂਰੀਆਂ ਕਰਦੇ ਸੀ, ਤਰੀਕਾਂ, ਟਾਈਮ ਪਰ ਇਕ ਕੈਥੋਲਿਕ ਪਾਰਟੀ ਨੇ ਠਾਣਾ ਲਿਆ ਕਿ ਈਸਟਰ ਦੀ ਤਰੀਕ ਮਿੱਥੀ ਨਹੀਂ ਤੇ ਬਦਲੀ ਜਾਂਦੀ ਹੈ, ਫੇਰ ਦੂਜੇ ਨੇ ਯਾਨ ਗਰਗੋਰੀਅਨ ਤੇ ਯੂਲੀਅਨ ਪਾਦਰੀ ਆਪਣੀ ਤਵਾਰੀਖ ਤਾਂ ਬਣਾ ਗਏ ਪਰ ਈਸਟਰ ਤਾਂ ਉਸੇ ਤਰ੍ਹਾਂ ਹਰ ਸਾਲ ਅੱਡਰੇ ਦਿਨਾਂ ਵਿੱਚ ਆਉਂਦਾ ਹੈ, ਇਹੀ ਹਾਲ ਸਾਡਾ ਹੈ, ਭਾਵੇਂ ਸਾਰੇ ਧਰਮ ਆਪਣਾ ਨਵਾਂ ਸਾਲ ਕਲੰਡਰ ਹੋਂਦ ਵਿੱਚ ਲਈ ਬੈਠੇ ਹਨ, ਹਾਂ ਆਪਣੇ ਦੇਵਤੇ ਪੂਜਣ ਲਈ ਪਾਦਰੀ, ਮੁੱਲਾਂ ਭੀ ਚੰਦ-ਸੂਰਜ ਹੀ ਮੰਨਦੇ ਨੇ, ਅਸੀਂ ਭੀ ਪੰਡਤਾਂ ਨੇ ਆਪਣੇ ਪ੍ਰਭਤਾ ਦਿਹਾੜੇ ਪਰ ਪੱਤਰੀ ਖੋਲ੍ਹੋ ਆਦਿ, ਅਸੀਂ ਭੀ ਪੈੜਾਂ ਦਬਦੇ ਮਗਰੇ ਹੀ ਇਹ ਕਲੰਡਰ ਕੇਵਲ ਹੋਂਦ ਲਈ ਸਹਾਈ ਹਨ ਵਰਤੋਂ ਤਾਂ ਅੱਜ ਸੰਸਾਰ 'ਤੇ ਕੇਵਲ 2000 ਸਾਲ ਹੀ ਚੱਲਦਾ ਹੈ ਤੇ ਚੱਲਣਾ ਹੈ, ਸਾਡਾ ਇਹ ਵਿਸ਼ਾ ਗੁਰੂ ਪੁਰਬਾਂ ਲਈ ਹੈ ਕਿ ਤਰੀਕ ਮਿੱਥੋ, ਭਾਈ ਜੇ ਤਰੀਕ ਮਿੱਥ ਲਈ ਤੇ ਉਹ ਹਫ਼ਤੇ ਦੇ ਵਿੱਚ ਹੈ ਤਾਂ ਭੀ ਅਖੰਡ-ਪਾਠ ਸ਼ੁੱਕਰ, ਸ਼ਨਿੱਚਰ ਤੇ ਐਤਵਾਰ ਹੀ ਹੋਣੇ ਨੇ, ਹੁਣ ਭੀ ਦੋ ਦਿਨ ਹੀ ਮਨੌਤ ਹੁੰਦੀ ਹੈ, ਦੱਸੋ ਫਰਕ ਕੀ ? ਇਹ ਹੁਣ ਸਾਡੀ ਮਾਨਸਿਕ-ਤਾ ਨੂੰ ਟਿਕਾਅ ਨਹੀਂ ਤਾਂ ਹਰ ਦਿਨ ਝਮੇਲਿਆਂ ਨੇ ਘੇਰ ਲਿਆ, ਮੈਨੂੰ ਤਾਂ ਇਕੱਤਰਤਾ ਵਿੱਚੋਂ ਕੋਈ ਅਨੋਖੇ ਤੇ ਬੜੇ ਮਹਾਨ ਬੁੱਧੀਮਾਨ ਪਹੁੰਚਣਗੇ ਲੱਭਾ ਤਾਂ ਕੋਈ ਨਹੀਂ ਤੇ ਬੱਸ ਇਕ ਹੋਰ ਸਟਾਲ, ਰੇੜੀਆਂ ਤੇ ਸ਼੍ਰੋਮਣੀ ਕਮੇਟੀ ਨੂੰ ਗਧੀ-ਗੇੜ ਆਪ ਆਪਣਾਂ ਸੌਦਾ ਅੱਡ ਭਾਵੇਂ ਕਿ ਵਿਕੇ ਜਾਂ ਨਾ ਪਰ ਦਸਵੰਧ ਤਾਂ ਬੰਨੇ ਲੱਗੂ ਹੋਰ ਨਹੀਂ ਫੇਰਾ ਤੋਰਾ ਚਲੋ ਮੇਲ-ਮਿਲਾਪ ਉੱਤਮ ਸੀ ਇਹਦਾ ਧੰਨਵਾਦ ਉਪਰਾਲਾ ਬੀਬੀਆਂ ਨੂੰ ਕੀ ਮਹਾਨਤਾ ਮਿਲ ਗਈ ਵੱਡੀ ਗਿਣਤੀ ਸੀ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

# 26 ਮਾਰਚ ਹੋਲੇ ਮਹੱਲੇ ਦੇ ਮਹਾਨ ਸਲਾਨਾ ਗੁਰਮਤ ਸਮਾਗਮ 'ਤੇ ਵਿਸ਼ੇਸ਼

# ਗੁਰਦੁਆਰਾ ਅਜੀਤਗੜ੍ਹ ਸਾਹਿਬ ਛਾਉਣੀ ਨਿਹੰਗ ਸਿੰਘਾਂ ਸ੍ਰੀ ਅਨੰਦਪੁਰ ਸਾਹਿਬ

– ਲੇਖਕ –
ਰਣਧੀਰ ਸਿੰਘ ਸੰਬਲ
ਯੂ ਕੇ
ਫੋਨ : 07417443300




ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂ-ਸੱਤਾ ਸੰਪੰਨ ਸੁਤੰਤਰ ਸੋਚ ਵਿਚਾਰ, ਵਿਹਾਰ ਲਈ ਖ਼ਾਲਸਾ ਫੌਜ ਦੀ ਸਥਾਪਨਾ ਕਰਕੇ ਨਵੇਂ ਨਰੋਏ ਸਮਾਜ ਦੀ ਸਿਰਜਨਾ ਲਈ ਇਕ ਅਦੁੱਤੀ ਨਿਵੇਕਲੀ ਰੂਹਾਨੀਅਤ ਵਿਚਾਰਧਾਰਾ ਦਿੱਤੀ। ਕਲਗੀਧਰ ਦਸਮੇਸ਼ ਪਿਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਗੁਰਸਿੱਖਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ ਚੇਤ ਸੁਦੀ ਏਕਮ ਸੰਮਤ 1757 ਈਸਵੀ ਨੂੰ ਪਾਵਨ ਮੁਕੱਦਸ ਅਸਥਾਨ ਹੋਲਗੜ੍ਹ ਸਾਹਿਬ ਵਿਖੇ ਪਹਿਲੀ ਵਾਰ ਹੋਲਾ-ਮਹੱਲਾ ਮਨਾਉਣ ਦੀ ਪ੍ਰਥਾ ਅਰੰਭ ਕੀਤੀ। ਭਾਰਤੀ ਜੰਡਾ ਵਿੱਚ ਜਬਰ-ਜੁਲਮ ਦੇ ਖਿਲਾਫ ਲੜਨ-ਮਰਨ ਦੀ ਸ਼ਕਤੀ ਭਰਨ ਲਈ ਦੱਸਵੇਂ ਪਾਤਸ਼ਾਹ ਜੀ ਵੱਲੋਂ ਚੁੱਕਿਆ ਗਿਆ ਇਹ ਇਤਿਹਾਸਕ ਇਨਕਲਾਬੀ ਕਦਮ ਸੀ। ਇਹ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਜੀ ਤੋਂ ਇਲਾਵਾ ਤਖ਼ਤ ਸਾਂ-ਹਬਾਨ, ਪਵਿੱਤਰ ਇਤਿਹਾਸਕ ਗੁਰਧਾਮਾਂ ਅਤੇ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਜੀ ਵਿਖੇ ਸੰਸਾਰ ਭਰ ਵਿੱਚ ਸਿੱਖ ਸੰਗਤਾਂ ਅਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਖ਼ਾਲਸਾ ਗੁਰੂ ਕੀਆਂ ਲਾਡਲੀਆਂ ਨਿਹੰਗ ਸਿੰਘ ਫੌਜਾਂ ਵੱਲੋਂ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾਂਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਤੋਂ ਲਗਪਗ ਚਾਰ ਫਰਲਾਂਗ ਦੀ ਵਿੱਥ 'ਤੇ ਪਵਿੱਤਰ ਇਤਿਹਾਸਕ ਗੁਰਦੁਆਰਾ ਸ੍ਰੀ ਅਜੀਤਗੜ੍ਹ ਸਾਹਿਬ ਛਾਉਣੀ ਨਿਹੰਗ ਸਿੰਘਾਂ ਸੁਸ਼ੋਭਿਤ ਹੈ। ਇਸ ਪਾਵਨ ਮੁਕੱਦਸ ਅਸਥਾਨ ਨੂੰ ਦੱਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਹੈ। ਗੁਰਦੁਆਰਾ ਸ੍ਰੀ ਅਜੀਤਗੜ੍ਹ ਸਾਹਿਬ ਦੀ ਆਲੀਸ਼ਾਨ ਸੁੰਦਰ ਇਮਾਰਤ ਆਪਣੇ ਆਪ ਵਿੱਚ ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਨੂੰ ਸਮੋਈ ਬੈਠੀ ਹੈ। ਨੌਵੇਂ ਪਾਤਸ਼ਾਹ ਜੀ ਨੇ ਇਸ ਅਸਥਾਨ 'ਤੇ ਜਲ ਦੀ ਘਾਟ ਨੂੰ ਮੁੱਖ ਰੱਖਦਿਆਂ ਇਕ ਖੂਹ ਲੱਗਵਾਇਆ ਸੀ, ਜੋ ਕਿ ਪਿਛਲੇ ਸਮੇਂ ਵਿੱਚ ਪੂਰਿਆ ਗਿਆ ਸੀ। ਇਸੇ ਅਸਥਾਨ 'ਤੇ ਕਲਗੀਧਰ ਜੀ ਆਪਣੇ ਚਾਰੇ ਹੀ ਸਾਹਿਬਜ਼ਾਦਿਆਂ ਨੂੰ ਸ਼ਸਤਰ ਵਿੱਦਿਆ ਦਾ ਅਭਿਆਸ ਕਰਾਉਂਦੇ ਰਹੇ। ਇਤਿਹਾਸਕ ਸਰੋਤਾਂ ਅਤੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੇ ਮੁਖੀ ਅਤੇ ਗੁਰਦੁਆਰਾ ਸ੍ਰੀ ਅਜੀਤਗੜ੍ਹ ਸਾਹਿਬ ਛਾਉਣੀ ਨਿਹੰਗ ਸਿੰਘਾਂ ਦੇ ਮੁੱਖ ਸੰਚਾਲਕ ਜਿੰਦਾ ਸ਼ਹੀਦ ਸਿੰਘ ਸਾਹਿਬ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਦੇ ਦੱਸਣ ਮੁਤਾਬਿਕ ਇਸ ਪਾਵਨ ਅਸਥਾਨ 'ਤੇ ਦਸ਼ਮੇਸ਼ ਪਿਤਾ ਜੀ ਨੇ ਜੇਜੋਂ ਦੇ ਬ੍ਰਾਹਮਣ ਹਰੀ ਦੇਵ (ਦੇਵ ਦਾਸ) ਦੀ ਦੁੱਖਾਂ ਭਰੀ ਫਰਿਆਦ ਸੁਣ ਕੇ ਉਸ ਦੀ ਘਰਵਾਲੀ ਨੂੰ ਜਾਬਰ ਖਾਂ ਪਠਾਣ ਤੋਂ ਛਡਾਉਣ ਅਤੇ ਜਾਬਰ ਖਾਂ ਨੂੰ ਜਿਊਂਦਾ ਫੜ ਕੇ ਲਿਆਉਣ ਲਈ 100 ਯੋਧੇ ਅਸਵਾਰ ਸਿੰਘਾਂ ਨੂੰ ਚੱਬੇਵਾਲ ਦੇ ਨਜ਼ਦੀਕ ਪਿੰਡ ਬੱਸੀ ਕਲਾਂ 15 ਹਾੜ ਸੰਮਤ 1760 ਬਿ: ਮੁਤਾਬਿਕ 6 ਮਾਰਚ ਸੰਨ 1703 ਈ: ਦਿਨ ਸੋਮਵਾਰ ਨੂੰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦੀ ਕਮਾਨ ਹੇਠ ਬ੍ਰਾਹਮਣ ਦੀ ਰੱਖਵਾਲੀ ਲਈ ਭੇਜਿਆ ਸੀ। ਕਲਗੀਧਰ ਜੀ ਦਾ ਹੁਕਮ ਮੰਨਕੇ ਬਾਬਾ ਅਜੀਤ ਸਿੰਘ ਜੀ ਨੇ ਬਸੀ ਕਲਾਂ ਪਹੁੰਚ ਕੇ ਜਾਬਰ ਖਾਂ ਦੇ ਮਹਿਲਾਂ ਉਪਰ ਆਪਣੀ ਫੌਜ ਨਾਲ ਹਮਲਾ ਬੋਲ ਕੇ ਬ੍ਰਾਹਮਣ ਦੀ ਘਰਵਾਲੀ ਨੂੰ ਛੁਡਾ ਕੇ ਜਾਬਰ ਖਾਂ ਦੀਆਂ ਮੁਸ਼ਕਾਂ ਬੰਨ ਕੇ ਦੱਸਵੇਂ ਪਾਤਸ਼ਾਹ ਜੀ ਦੇ ਅੱਗੇ ਪੇਸ਼ ਕੀਤਾ ਅਤੇ ਬ੍ਰਾਹਮਣ ਦੀ ਘਰਵਾਲੀ ਨੂੰ ਦੇਵ ਦਾਸ ਦੇ ਹਵਾਲੇ ਕਰਕੇ ਸਿੰਘਾਂ ਨੇ ਉਨ੍ਹਾਂ ਦੋਨਾਂ ਨੂੰ ਜੇਜੋਂ ਪਿੰਡ ਪਹੁੰਚਾਇਆ। ਪਠਾਣ ਨੂੰ ਦੱਸਵੇਂ ਪਾਤਸ਼ਾਹ ਜੀ ਨੇ ਸਿੰਘਾਂ ਰਾਹੀਂ ਧਰਤੀ ਵਿੱਚ ਗੱਡ ਕੇ ਤੀਰਾਂ ਨਾਲ ਉਸ ਨੂੰ ਪਾਰ ਬੁਲਾਇਆ-

ਤੁਰਕ ਪਠਾਣ ਅਰਧ ਗਡਵਾਇਓ ॥
ਤੀਰਨ ਸੰਗ ਤਾਂ ਕੋ ਮਰਵਾਇਓ ॥
(ਭਾਈ ਸੰਤੋਖ ਸਿੰਘ)

ਹਮਲੇ ਵਿੱਚ ਜਿਹੜੇ ਦੋ ਸਿੰਘ ਸ਼ਹੀਦ ਹੋ ਗਏ ਸਨ, ਉਨ੍ਹਾਂ ਸਿੰਘਾਂ ਦਾ ਸਸਕਾਰ ਬਾਬਾ ਅਜੀਤ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਪਾਵਨ ਇਤਿਹਾਸਕ ਅਸਥਾਨ ਗੁਰਦੁਆਰਾ ਹਰੀਆਂ ਬੇਲਾਂ ਪਾਤਸ਼ਾਹੀ ਸੱਤਵੀਂ ਤੋਂ ਇਕ ਫਰਲਾਂਗ ਦੀ ਵਿੱਥ 'ਤੇ ਗੁਰਦੁਆਰਾ ਸ਼ਹੀਦਾਂ ਸਿੰਘਾਂ (ਬੋਹਣ) ਵਿਖੇ ਕੀਤਾ ਗਿਆ। ਦੋ ਸਿੰਘਾਂ ਦਾ ਸਸਕਾਰ ਮਾਹਿਲ ਪੁਰ ਦੇ ਨਜ਼ਦੀਕ 7 ਮਾਰਚ, 1703 ਈ: ਦਿਨ ਮੰਗਲਵਾਰ ਨੂੰ ਗੁਰਦੁਆਰਾ ਸ਼ਹੀਦਾਂ ਲੱਧੇਵਾਲ ਕੀਤਾ। ਜਿਥੇ ਬਾਬਾ ਅਜੀਤ ਸਿੰਘ ਜੀ ਨੇ ਗੁਰ-ਦੁਆਰਾ ਹਰੀਆਂ ਬੇਲਾਂ ਦੇ ਨਜ਼ਦੀਕ ਬੈਠ ਕੇ ਬਿਸਰਾਮ ਕੀਤਾ, ਉਸ ਪਾਵਨ ਮੁਕੱਦਸ ਜਗ੍ਹਾ 'ਤੇ ਬੜ੍ਹਾ ਸਾਹਿਬ ਉਪਰ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਵੱਲੋਂ 1960 ਈਸਵੀ ਤੋਂ ਨੀਲਾ ਨਿਸ਼ਾਨ ਸਾਹਿਬ ਸੁਸ਼ੋਭਿਤ ਹੈ।

ਇਤਿਹਾਸਕ ਅਸਥਾਨ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਨਜ਼ਦੀਕ ਗੁਰ-ਦੁਆਰਾ ਸ੍ਰੀ ਅਜੀਤਗੜ੍ਹ ਸਾਹਿਬ, ਜਿਥੇ ਕਿ ਅੱਜ ਤੋਂ 75 ਸਾਲ ਪਹਿਲਾਂ ਸੱਚਖੰਡ ਵਾਸੀ ਸਿੰਘ ਸਾਹਿਬ ਜਥੇਦਾਰ ਬਾਬਾ ਹਰਭਜਨ ਸਿੰਘ ਜੀ ਨੇ ਸਿੱਖ ਪੰਥ ਵਿੱਚ ਅਹਿਮ ਅਤੇ ਵਿਲੱਖਣ ਸਥਾਨ ਦਾ ਪ੍ਰਤੀਕ ਹੱਕ ਅਤੇ ਸੱਚ ਦੀ ਖ਼ਾਤਰ ਜੂਝਣ ਵਾਲਾ ਇਤਿਹਾਸਕ ਦਿਹਾੜਾ ਹੋਲਾ-ਮਹੱਲਾ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਵੱਲੋਂ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਨਾਲ ਮਿਲ ਕੇ ਪੂਰਨ ਸ਼ਰਧਾ ਤੇ ਸਤਿਕਾਰ ਸਹਿਤ ਮਨਾਉਣ ਦੀ ਪੁਰਾਤਨ ਰਵਾਇਤ ਅਨੁਸਾਰ ਪ੍ਰਥਾ ਅਰੰਭ ਕੀਤੀ। ਬਾਬਾ ਜੀ ਦੇ 3 ਅਪ੍ਰੈਲ 1967 ਈ: ਨੂੰ ਸੱਚਖੰਡ ਪਿਆਨਾ ਕਰ ਜਾਣ ਉਪਰੰਤ ਸੰਨ 1968 ਤੋਂ ਜਥੇਬੰਦੀ ਦੇ ਮੌਜੂਦਾ ਜਥੇਦਾਰ ਜਿੰਦਾ ਸ਼ਹੀਦ ਸਿੰਘ ਸਾਹਿਬ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਦੀ ਅਗਵਾਈ ਵਿੱਚ ਅਤੇ ਬੀਬੀ ਯਸ਼ਪਾਲ ਕੌਰ ਜੀ ਦੀ ਦੇਖ-ਰੇਖ, ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ ਹਰ ਸਾਲ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾਂਦਾ ਹੈ। ਇਸ ਪਾਵਨ ਅਸਥਾਨ 'ਤੇ ਹੋਲੇ ਮਹੱਲੇ ਦੀ ਰੌਣਕ ਦੇਖਣ ਯੋਗ ਹੁੰਦੀ ਹੈ। ਗੁਰਦੁਆਰਾ ਅਜੀਤ ਗੜ੍ਹ ਦੀ ਪਾਵਨ ਧਰਤੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਾਸਤੇ ਵਿਸ਼ੇਸ਼ ਖਿੱਚ ਰੱਖਦੀ ਹੈ। ਲੱਖਾਂ ਸਿੱਖ ਸੰਗਤਾਂ ਹੋਲੇ ਮਹੱਲੇ ਦੇ ਸ਼ੁੱਭ ਅਵਸਰ 'ਤੇ ਇਸ ਪਾਵਨ ਅਸਥਾਨ ਨੂੰ ਪ੍ਰਣਾਮ ਕਰਨ ਪੁਜਦੀਆਂ ਹਨ। ਹੋਲੇ ਮਹੱਲੇ ਦੇ ਸਬੰਧ ਵਿੱਚ ਪੂਰਾ ਇਕ ਹਫ਼ਤਾ ਦਿਨ ਰਾਤ ਨਿਰੰਤਰ ਦੀਵਾਨ ਸੱਜਦੇ ਹਨ। ਇਨ੍ਹਾਂ ਦੀਵਾਨਾਂ ਵਿੱਚ ਕੀਰਤਨ ਦਰਬਾਰ, ਢਾਡੀ ਦਰਬਾਰ, ਕਵੀ ਦਰਬਾਰ, ਕਥਾ ਦਰਬਾਰ ਸਜਾਏ ਜਾਂਦੇ ਹਨ। ਅੰਮ੍ਰਿਤ-ਮਈ ਕੀਰਤਨ, ਗੁਰ ਇਤਿਹਾਸ ਅਤੇ ਬੀਰ ਰਸ ਢਾਡੀ ਵਾਰਾਂ ਤੇ ਪੰਥਕ ਵਿਦਵਾਨਾਂ ਦੇ ਰੂਹਾਨੀ ਵਿਖਿਆਨ ਸਰਵਣ ਕਰਨ ਲਈ ਲੱਖਾਂ ਸੰਗਤਾਂ ਗੁਰੂ ਘਰ ਦੇ ਵਿਸ਼ਾਲ ਦੀਵਾਨ ਹਾਲ ਵਿੱਚ ਪੁੱਜ ਕੇ ਆਪਣਾ ਜਨਮ ਸਫ਼ਲਾ ਕਰਦੀਆਂ ਹਨ। ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਦੀ ਸੁਚੱਜੀ ਅਗਵਾਈ ਵਿੱਚ 22 ਤੋਂ 27 ਮਾਰਚ ਤੱਕ ਹਰ ਸਾਲ ਦੀ ਤਰ੍ਹਾਂ ਹੋਲਾ ਮਹੱਲਾ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਸਹਿਤ ਗੁਰਦੁਆਰਾ ਅਜੀਤਗੜ੍ਹ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਗੁਰੂ ਕਾ ਲੰਗਰ ਦਿਨ ਰਾਤ ਅਤੇ ਚਾਹ ਬਰੈਡ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਜਾ ਰਿਹਾ ਹੈ। ਸਿੰਘ ਸਾਹਿਬ ਬਾਬਾ ਨਿਹਾਲ ਸਿੰਘ ਜੀ, ਜਥੇਦਾਰ ਬਾਬਾ ਬਲਵੀਰ ਸਿੰਘ ਜੀ, ਜਥੇਦਾਰ ਬਾਬਾ ਅਵਤਾਰ ਸਿੰਘ ਜੀ ਅਤੇ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਬੜੀ ਆਨ ਸ਼ਾਨ ਤੇ ਚੜ੍ਹਦੀ ਕਲਾ ਵਿੱਚ 26 ਮਾਰਚ ਨੂੰ ਬੜੀ ਸੱਜ ਧੱਜ ਨਾਲ ਮਹੱਲਾ ਸਜਾਇਆ ਜਾਵੇਗਾ।




**ਇਸ ਪਾਵਨ ਅਸਥਾਨ ਤੇ ਮਿਸਲ ਸ਼ਹੀਦਾਂ ਤਰਨਾਦਲ ਹਰੀਆਂ ਬੇਲਾਂ ਦੇ ਜਥੇਦਾਰ ਬਾਬਾ ਨਿਹਾਲ ਸਿੰਘਜੀ ਹਰੀਆਂ ਬੇਲਾਂ ਵਾਲਿਆਂਦੀ ਅਗਵਾਈ ਵਿੱਚ ਹਰ ਸਾਲ ਮਾਰਚ 1957 ਤੋਂ ਹੋਲਾ ਮਹੱਲਾ ਬੜੀ ਧੂਮ ਧਾਮ ਤੇ ਸ਼ਰਧਾ ਸਹਿਤ ਮਨਾਇਆ ਜਾਂਦਾ ਹੈ**



ਸਮੂਹ ਨਿਹੰਗ ਸਿੰਘ ਜਥੇਬੰਦੀਆਂ ਦੇ ਨਿਹੰਗ ਸਿੰਘਨਾਲ ਸਿੰਘ ਸਾਹਿਬ ਜਿੰਦਾ ਸ਼ਹੀਦ, ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂਦੇ ਜਥੇਦਾਰ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲੇ ਹੋਲੇ ਮਹੱਲੇ ਦੇ ਭਾਰੀ ਇਕੱਠ ਵਿੱਚ ਸ਼ੁਸ਼ੋਭਿਤ ਹਨ।

# ਪ੍ਰਵਾਸੀ ਪੰਜਾਬੀਆਂ ਦੇ ਜੀਵਨ ‘ਤੇ ਝਾਤ ਪਾਉਂਦੀ ਕਾਮੇਡੀ ਤੇ ਰੁਮਾਂਸ ਨਾਲ ਮਨੋਰੰਜਨ ਭਰਪੂਰ ਹੋਵੇਗੀ ਫ਼ਿਲਮ ‘ਪ੍ਰਹੁਣਾ 2’

ਜਿੰਦ ਜਵੰਦਾ
9463828000

ਪੰਜਾਬੀ ਫਿਲਮ ‘ਪ੍ਰਹੁਣਾ 2’ ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ-ਨਾਲ ਇੱਕ ਗੰਭੀਰ ਮੁੱਦੇ ‘ਤੇ ਵਿਅੰਗ ਕਰਦੀ ਹੋਈ ਵਿਦੇਸ਼ਾਂ ਵੱਲ ਭੱਜ ਰਹੇ ਨੌਜਵਾਨਾਂ ਨੂੰ ਵੱਡਾ ਸੁਨੇਹਾ ਵੀ ਦੇਵੇਗੀ। ਆਪਣੇ ਨਾਂ ‘ਤੇ ਬੇਸ਼ੱਕ ਇਹ ਫਿਲਮ ਵਿਆਹਾਂ ਵਾਲੀ ਜਾਪਦੀ ਹੈ ਪਰ ਜਦੋਂ ਤੁਸੀਂ ਇਸਦਾ ਟ੍ਰੇਲਰ ਦੇਖੋਗੇ ਤਾਂ ਸਾਫ ਹੋਵੇਗਾ ਕਿ ਇਹ ਫ਼ਿਲਮ ਬਿਲਕੁਲ ਇੱਕ ਨਵੇਂ ਅਤੇ ਹਾਸੋਹੀਣੇ ਮੁੱਦੇ ‘ਤੇ ਬਣੀ ਖੂਬਸੂਰਤ ਪੰਜਾਬੀ ਫ਼ਿਲਮ ਹੈ ਜੋ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਦਾ ਦਮ ਰੱਖਦੀ ਹੈ। ਰਣਜੀਤ ਬਾਵਾ, ਅਦਿੱਤੀ ਸ਼ਰਮਾ ਤੇ ਗੁਰਪ੍ਰੀਤ ਘੁੱਗੀ ਦੀ ਮੁੱਖ ਭੂਮਿਕਾ ਵਾਲੀ ਇਸ ਫ਼ਿਲਮ ਨੂੰ ਸ਼ਿਤਜ ਚੌਧਰੀ ਨੇ ਡਾਇਰੈਕਟ ਕੀਤਾ ਹੈ। ਧੀਰਜ ਰਤਨ ਦੀ ਲਿਖੀ ਇਸ ਫਿਲਮ ਵਿੱਚ ਅਜੇ ਹੁੱਡਾ, ਓਸ਼ਿਨ ਬਰਾੜ, ਫਤਿਹ ਟਿੱਬੀ, ਬਦਰ ਖਾਨ ਸਮੇਤ ਕਈ ਹੋਰ ਵੀ ਚਰਚਿਤ ਚਿਹਰੇ ਨਜ਼ਰ ਆਉਣਗੇ। 29 ਮਾਰਚ ਨੂੰ ਰਿਲੀਜ਼ ਹੋ ਰਹੀ ਇਹ ਫਿਲਮ ਲ਼ੰਡਨ ਦੀਆਂ ਵੱਖ-ਵੱਖ ਖੂਬਸੂਰਤ ਲੋਕੇਸ਼ਨਾਂ ‘ਤੇ ਫਿਲਮਾਈ ਗਈ ਹੈ ਇਹ ਫਿਲਮ ਇੱਕ ਅਜਿਹੇ ਨੌਜਵਾਨ ਦੀ ਕਹਾਣੀ ਹੈ ਜੋ ਪੰਜਾਬ ਵਿੱਚ ਵਧੀਆ ਜ਼ਿੰਦਗੀ ਜਿਉਂ ਰਿਹਾ ਹੈ। ਉਸਦੀ ਮੰਗੇਤਰ ਸੋਹਣੇ ਭਵਿੱਖ ਦੀ ਤਲਾਸ਼ ਵਿੱਚ ਵਿਦੇਸ਼ ਜਾਂਦੀ



ਹੈ। ਵਿਦੇਸ਼ ਜਾਣ ਤੋਂ ਬਾਅਦ ਉਸਦਾ ਵਤੀਰਾ ਅਚਾਨਕ ਬਦਲ ਜਾਂਦਾ ਹੈ। ਅੱਧ-ਵਿਚਕਾਰ ਲਟਕੇ ਫਿਲਮ ਦੇ ਨਾਇਕ ਕੋਲ ਹੁਣ ਵਿਦੇਸ਼ ਵਿੱਚ ਵੱਸਣ ਲਈ ਕਿਸੇ ਪੱਕੀ ਕੁੜੀ ਨਾਲ ਵਿਆਹ ਕਰਵਾਉਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ। ਉਹ ਕਿਵੇਂ ਇਕ ਵਿਦੇਸ਼ੀ ਕੁੜੀ ਲੱਭਦਾ ਹੈ, ਯੂ ਕੇ ਪੱਕੇ ਹੋਣ ਲਈ ਉਸਨੂੰ ਕੀ ਕੀ ਪਾਪੜ ਵੇਲਣੇ ਪੈਂਦੇ ਹਨ। ਕੱਚੇ ਤੌਰ ਤੇ ਰਹਿ ਰਹੇ ਲੋਕਾਂ ਨਾਲ ਉੱਥੇ ਕਿਹੋ ਜਿਹਾ ਵਤੀਰਾ ਕੀਤਾ ਜਾਂਦਾ ਹੈ। ਲਇਹ ਸਭ ਕੁਝ ਇਸ ਫਿਲਮ ਦਾ ਅਹਿਮ ਹਿੱਸਾ ਹੈ। ਇਹ ਫਿਲਮ ਮਜ਼ਾਕ ਮਜ਼ਾਕ ਵਿੱਚ ਵਿਦੇਸ਼ਾਂ ਵਿੱਚ ਵੱਸਦੇ ਨੌਜਵਾਨਾਂ, ਵਿਆਹ ਦਾ ਲਾਰਾ ਲਾ ਕੇ ਜਾਂ ਵਿਆਹ ਕਰਵਾਕੇ ਆਈਆਂ ਕੁੜੀਆਂ ਅਤੇ ਉਹਨਾਂ ਦੇ ਅਚਾਨਕ ਬਦਲਣ ਦੀ ਕਹਾਣੀ ਨੂੰ ਵੀ ਖੂਬਸੂਰਤ ਤਰੀਕੇ ਨਾਲ ਪਰਦੇ ਤੇ ਪੇਸ਼ ਕੀਤਾ ਗਿਆ ਹੈ। ਇਸ ਗੱਲ ਦਾ ਝਲਕਾਰਾ ਫ਼ਿਲਮ ਦੇ ਟ੍ਰੇਲਰ ਤੋਂ ਵੀ ਮਿਲਦਾ ਹੈ। ਫ਼ਿਲਮ ਨਿਰਮਾਤਾ ਮਨੀ ਧਾਲੀਵਾਲ, ਮੋਹਿਤ ਬਨਵੈਤ, ਇੰਦਰ ਨਾਗਰਾ ਅਤੇ ਸੁਰਿੰਦਰ ਸੋਹਨਪਾਲ ਵੱਲੋਂ “ਦਾਰਾ ਫਿਲਮ”, “ਬਨਵੈਤ ਫਿਲਮਸ” ਅਤੇ ਹਿਊਮਨ ਮੋਸ਼ਨ ਪਿਕਚਰ” ਦੇ ਬੈਨਰ ਹੇਠ ਬਣਾਈ ਗਈ ਇਸ ਫ਼ਿਲਮ ਬਾਰੇ ਗੱਲਬਾਤ ਕਰਦਿਆਂ ਫਿਲਮ ਦੇ ਨਾਇਕ ਰਣਜੀਤ ਬਾਵਾ ਨੇ ਦੱਸਿਆ ਕਿ ਇਸ ਫਿਲਮ ਵਿੱਚ ਉਹ ਭਿੰਦਰ ਨਾਂ ਦੇ ਪੰਜਾਬ ਦੇ ਇੱਕ ਮੱਧ ਵਰਗੀ ਨੌਜਵਾਨ ਦੀ ਭੂਮਿਕਾ ਨਿਭਾਈ ਹੈ। ਉਹ ਹਰਜੋਤ ਨਾਂ ਦੀ ਇੱਕ ਕੁੜੀ ਨੂੰ ਪਿਆਰ ਕਰਦਾ ਹੈ। ਪਰਿਵਾਰ ਦੀ ਸਹਿਮਤੀ ਨਾਲ ਦੋਵਾਂ ਦਾ ਵਿਆਹ ਹੋਣਾ ਵੀ ਨਿਸਚਤ ਹੋ ਜਾਂਦਾ ਹੈ। ਵਿਆਹ ਤੋਂ ਕੁਝ ਦਿਨ ਪਹਿਲਾਂ ਹਰਜੋਤ ਦਾ ਯੂ ਕੇ ਦਾ ਵੀਜ਼ਾ ਆ ਜਾਂਦਾ ਹੈ। ਹਰਜੋਤ ਲਈ ਯੂ ਕੇ ਗਏ ਭਿੰਦਰ ਨਾਲ ਉੱਥੇ ਕੀ ਕੁਝ ਵਾਪਰਦਾ ਹੈ ਇਹ ਪਹਿਲੂ ਬੇਹੱਦ ਦਿਲਚਸਪ ਹਨ। ਬਾਵੇ ਮੁਤਾਬਕ ਇਹ ਫਿਲਮ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਦੀ ਬਾਤ ਪਾਵੇਗਾ। ਇਸ ਫਿਲਮ ਵਿੱਚ ਦਰਸ਼ਕ ਉਸਨੂੰ ਇੱਕ ਵੱਖਰੇ ਅੰਦਾਜ਼ ਵਿੱਚ ਦੇਖਣਗੇ।

ਸੰਗੀਤ ਹਰ ਫਿਲਮ ਦੀ ਖੂਬਸੂਰਤੀ ਵਿੱਚ ਵਾਧਾ ਕਰਦਾ ਹੈ। ਇਸ ਫਿਲਮ ਦਾ ਸੰਗੀਤ ਵੀ ਕੁਝ ਇਸ ਤਰ੍ਹਾਂ ਦਾ ਹੀ ਹੈ। ਫਿਲਮ ਦਾ ਸੰਗੀਤ ਦੇਸੀ ਕਰਿਓ,ਜੱਗੀ ਸਿੰਘ ਅਤੇ ਡਾਊਡ ਬੀਟਸ ਨੇ ਤਿਆਰ ਕੀਤਾ ਹੈ। ਫਿਲਮ ਦੇ ਗੀਤ ਡੀ ਹਾਰਪ, ਜੱਗੀ ਸਿੰਘ ਅਤੇ ਪ੍ਰਗਟ ਕੋਟਗੁਰੂ ਨੇ ਲਿਖੇ ਹਨ। ਇਹਨਾਂ ਗੀਤਾਂ ਨੂੰ ਆਵਾਜ਼ ਰਣਜੀਤ ਬਾਵਾ, ਅਜੇ ਹੁੱਡਾ, ਕਮਲ ਖਾਨ ਅਤੇ ਡੀ ਹਾਰਪ ਨੇ ਦਿੱਤੀ ਹੈ। 29 ਮਾਰਚ ਨੂੰ ਦੁਨੀਆ ਭਰ ਵਿੱਚ ਰਿਲੀਜ ਹੋਣ ਜਾ ਰਹੀ ਹੈ ਇਹ ਫ਼ਿਲਮ ਸਿਨੇਮਾਘਰਾਂ ਵਿੱਚ ਮੁੜ ਰੌਣਕਾਂ ਲੈ ਕੇ ਆਵੇਗੀ।

## “ਸਾਵਧਾਨ ਇੰਡੀਆ” “ਕ੍ਰਾਈਮ ਪੈਟਰੋਲ” ਵਾਲੀ ਅਭਿਨੇਤਰੀ ਆਈ ਪੰਜਾਬੀ ਫ਼ਿਲਮਾਂ ਵੱਲ, ਕਹਿੰਦੀ ਇਥੇ ਹੀ ਸਟਾਰ ਬਣਨਾ ਮਨੂ ਸਿੰਘ

“ਕ੍ਰਾਈਮ ਪੈਟਰੋਲ” ਤੇ “ਸਾਵਧਾਨ ਇੰਡੀਆ” ਤੋਂ ਇਲਾਵਾ ਅਨੇਕਾਂ ਟੀਵੀ ਸੀਰੀਅਲ



ਕਰਨ ਵਾਲੀ ਚੁਲਬੁਲੀ ਤੇ ਨਟਖਟ ਲੱਗਣ ਵਾਲੀ, ਫਿੱਟਨੈੱਸ ਬਰਕਰਾਰ ਰੱਖਦੀ ਹੋਈ ਜਿਸਮਾਨੀ ਖੂਬਸੂਰਤੀ ਨਾਲ ਮੋਹ ਲੈਣ ਵਾਲੀ ਮਨੂ ਸਿੰਘ ਹੁਣ ਪੰਜਾਬੀ ਫ਼ਿਲਮਾਂ ਦੀ ਸਟਾਰ ਬਣੇਗੀ। “ਚੰਨੋ” ਵਿੱਚ ਮਨੂ ਸਿੰਘ ਦਾ ਕੰਮ ਬੋਲਦਾ ਸੀ। ਮਨੂ ਸਿੰਘ ਦਾ ਹਸਮੁੱਖ ਚਿਹਰਾ, ਕਾਤਿਲ ਅੱਖੀਆਂ ਤੇ ਦਮਦਾਰ ਐਕਟਿੰਗ ਓਸ ਦੀ ਕਾਮਯਾਬੀ ਦਾ ਰਾਜ਼ ਰਹੀ ਹੈ। ਅੱਜ ਓਹ ਪੰਜਾਬੀ ਫ਼ਿਲਮ ਨਗਰੀ ਵਿੱਚ ਆ ਕਿ ਭਾਬੀ, ਨਣਦ, ਜਵਾਨ ਮਾਂ ਤੇ ਸਹ ਨਾਇਕਾ ਦੇ ਕਿਰਦਾਰ ਵਿੱਚ ਫਿੱਟ ਲੱਗੇਗੀ ਮੌਕਾ ਦੇਣ ਦੀ ਲੋੜ ਹੈ। ਪੰਜਾਬੀ ਫਿਲਮ “ਫੈਮਿਲੀ 420” ਵਿੱਚ ਵੀ ਓਸ ਨੇ ਕੰਮ ਕੀਤਾ ਤੇ ਫਿਰ ਰਾਸਟਰੀ ਪੱਧਰ ਤੇ ਬਹੁਤ ਸਾਰੇ ਟੀਵੀ ਸੀਰੀਅਲ ਕੀਤੇ। ਇਹਨਾਂ ਵਿੱਚ “ਸਾਵਧਾਨ ਇੰਡੀਆ” ਵੀ ਸ਼ਾਮਿਲ ਹੈ। ਹੋਰ ਵੀ ਸੀਰੀਅਲ ਕਰਨ ਵਾਲੀ ਮਨੂ ਸਿੰਘ ਦੇ ਸੰਬੰਧ ਵਿੱਚ ਅਦਾਕਾਰ ਹਰ ਬੀ ਸੰਘਾ ਨੇ ਕਿਹਾ ਹੈ ਕਿ ਮਨੂ ਹਰ ਭੂਮਿਕਾ ਵਿੱਚ ਜਾਨ ਪਾਉਣ ਵਾਲੀ ਐਕਟ੍ਰੈਸ ਹੈ। ਮਨੂ ਨੇ “ਜੋਕਰ” ਨਾਮ ਦੀ ਹਿੰਦੀ ਫਿਲਮ ਵੀ ਕੀਤੀ ਤੇ ਅੱਜ 40 ਪਲੱਸ ਹੋ ਕਿ ਵੀ ਓਸ ਨੇ ਆਪਣੀ ਜਿਸਮਾਨੀ ਦਿੱਖ ਖੂਬਸੂਰਤ ਰੱਖੀ ਹੋਈ ਹੈ। ਆ ਰਹੇ ਦਿਨਾਂ ਦੌਰਾਨ ਮਨੂ ਸਿੰਘ ਬਹੁਤ ਸਾਰੀਆਂ ਪੰਜਾਬੀ ਫ਼ਿਲਮਜ਼ ਕਰਦੀ ਨਜ਼ਰ ਆਏਗੀ। ਮਨੂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭ ਕਾਮਨਾਵਾਂ ਤੇ ਆਸ ਹੈ ਕਿ ਰੂਪੀ, ਭੰਗੂ ਦੀ ਕਤਾਰ ਵਿੱਚ ਸਤਵੰਤ ਕੌਰ ਦੀ ਤਰਾਂ ਮਨੂ ਸਿੰਘ ਦਾ ਨਾਮ ਵੀ ਚੰਦ ਮਹੀਨਿਆਂ ਵਿੱਚ ਪਾਲੀਵੁੱਡ ਲਈ ਆਪਣਾ ਆਪਣਾ ਨਾਮ ਹੋਏਗਾ। ਮਨੂ ਸਿੰਘ ਦਾ ਕਹਿਣਾ ਹੈ 2024 ਓਸ ਦੀ ਕਾਮਯਾਬੀ ਦਾ ਸਾਲ ਹੋਏਗਾ। “ਹੰਕਾਰ” “ਵੱਡਾ ਕਲਾਕਾਰ” ਵਾਰਿਸ “ਫ਼ਿਲਮਾਂ ਕਰ ਚੁੱਕੀ ਮਨੂ ਸਿੰਘ ਦਾ ਕਹਿਣਾ ਹੈ ਕਿ ਇੱਕ ਵਾਰ ਇੰਡਸਟਰੀ ਤੁਹਾਡੇ ਤੇ ਮਿਹਰਬਾਨ ਹੋ ਜਾਏ ਫਿਰ ਕੋਈ ਗੱਲ ਨਹੀਂ ਵਰਨਾ ਜਿੰਨਾ ਮਰਜ਼ੀ ਟੈਲੇਂਟ ਹੋਏ ਨਹੀਂ ਮੌਕਾ ਤਾਂ ਨਹੀਂ ਵਾਲੀ ਗੱਲ। ਖੈਰ ਮਨੂ ਨੂੰ ਉਮੀਦ ਹੈ ਕਿ ਓਸ ਦੇ ਚੰਗੇ ਸੁਭਾਅ, ਪ੍ਰਤਿਭਾ ਤੇ ਪ੍ਰੋਫਾਈਲ ਕਾਰਨ ਪੰਜਾਬੀ ਫ਼ਿਲਮਾਂ ਵਾਲੇ ਓਸ ਨੂੰ ਉਤਸ਼ਾਹਿਤ ਕਰਨਗੇ !

-ਅੰਮ੍ਰਿਤ ਪਵਾਰ

## ਸਿੱਖੀ ਸਰੂਪ, ਸਰਦਾਰੀ ਕਾਇਮ “ਮਾਝਾ ਵਾਈਬ” ਵਾਲਾ ਹੁਣ ਬਣਿਆ ਸੁਰੀਲਾ “ਬਾਜ਼” ਮਾਰੇ ਸੰਗੀਤ ਗਗਨ ਵਿੱਚ ਉਡਾਰੀਆਂ ਆਲਮ ਢਿੱਲੋਂ

ਸਰਦਾਰੀ ਨਾਲ ਪਿਆਰ ਏ ਗੁਰਾਂ ਦੀ ਬਖਸ਼ੀ ਸਿੱਖੀ ਨੂੰ ਕਾਇਮ ਰੱਖ ਕਿ ਆਲਮ ਢਿੱਲੋਂ



ਗਾਇਕੀ ਖੇਤਰ ਵਿੱਚ ਨਵੇਂ ਦਿਸਹੱਦੇ ਬਣਾ ਦਿਖਾ ਦੇਵੇਗਾ ਕਿ ਆਵਾਜ਼ ਤੇ ਅੰਦਾਜ਼ ਚਾਹੀਦਾ ਆਪਣੀ ਸਰਦਾਰੀ ਦਿੱਖ ਨਾਲ ਵੀ ਗੁਰੂ ਦਾ ਇਹ ਸਿੱਖ ਸਰਦਾਰ ਹਰ ਤਰਾਂ ਦੇ ਮਨੋਰੰਜਕ ਪਰਿਵਾਰਕ ਗੀਤ ਗਾ ਸਕਦਾ ਹੈ ਆਲਮ ਢਿੱਲੋਂ ਦਾ ਟਰੈਕ “ਮਾਝਾ ਵਾਈਬ” ਚਰਚਾ ਵਿੱਚ ਹੈ ਤੇ ਹੁਣ ਆਲਮ ਜਿਹੜਾ ਗਾਣਾ ਲਿਆ ਰਿਹਾ ਓਹ ਤੇ ਗ਼ਜ਼ਬ ਹੀ ਹੋਏਗਾ “ਬਾਜ਼” ਨਾਮਕ ਇਹ ਟਰੈਕ ਹਰ ਨੌਜਵਾਨ ਦੀ ਪਹਿਲੀ ਪਸੰਦ ਬਣੇ ਆਲਮ ਨੇ ਪੂਰੀ ਕੋਸ਼ਿਸ਼ ਕੀਤੀ ਹੈ ਆਲਮ ਨੂੰ ਆਪਣੇ ਰਿਸ਼ਤੇਦਾਰ ਭਰਾ ਗਾਇਕ ਤੇ ਸੰਗੀਤਕਾਰ ਪ੍ਰੇਮ ਢਿੱਲੋਂ ਦਾ ਪ੍ਰੇਰਕ ਸਰੋਤ ਏ ਤੇ ਅਭਿਨੇਤਾ ਪਿਤਾ ਪ੍ਰਭ ਢਿੱਲੋਂ ਦੀ ਸਲਾਹ ਓਸ ਦਾ ਕਲਾਕਾਰੀ ਭਵਿੱਖ ਸੁਨਹਿਰੀ ਬਣਾ ਦੇਵੇਗੀ। ਆਲਮ ਢਿੱਲੋਂ ਦਾ “ਮਾਝਾ ਵਾਈਬ” ਕਮਾਲ ਦਾ ਗਾਣਾ ਹੈ ਤੇ ਆਰ . ਜੇ ਮਿਊਜ਼ਿਕ ਦੇ ਸੰਗੀਤ ਨੇ ਆਲਮ ਢਿੱਲੋਂ ਦੀ ਆਵਾਜ਼ ਨੂੰ ਸੁਰੀਲਾ ਆਲਮ ਬਣਾ ਪੇਸ਼ ਕੀਤਾ ਹੈ। ਕਹਿੰਦੇ ਨੇ ਕਿ ਸਟੂਡੀਓ ਵਿੱਚ ਰਿਕਾਰਡਿੰਗ ਦੌਰਾਨ ਜਿਸ ਨੇ ਆਲਮ ਢਿੱਲੋਂ ਦਾ ਗਾਣਾ “ਬਾਜ਼” ਰਿਕਾਰਡ ਹੁੰਦੇ ਦੇਖਿਆ ਤੇ ਸੁਣਿਆ ਨੇ ਕਿਹਾ ਕਿ ਦਿਲੋਂ ਗਾ ਰਿਹਾ ਏ ਤੇ ਗਾਣੇ ਵਿੱਚ ਲੀਨ ਹੋਣ ਦਾ ਮਤਲਬ ਗਾਣਾ ਚੋਟੀ ਦਾ ਬਣੇ। ਬਿਆਸ ਲਾਗੇ ਦੋਲੋਨੰਗਲ ਪਿੰਡ ਦੇ ਆਲਮ ਢਿੱਲੋਂ ਨੇ ਸਰਦਾਰੀ ਕਾਇਮ ਰੱਖ, ਸਿੱਖੀ ਸਰੂਪ ਨਾਲ ਨਾਲ ਲੈਣ ਨਾਲ ਗਾਇਕੀ ਖ਼ੇਤਰ ਵਿੱਚ ਆ ਕਿ ਦੱਸ ਦੇਣਾ ਹੈ ਕਿ ਆਲਮ ਵੀ ਸਟਾਰ ਆਲਮ ਢਿੱਲੋਂ ਬਣੇਗਾ। ਆਲਮ ਢਿੱਲੋਂ ਨੂੰ ਪਾਲੀਵੁੱਡ ਹੀਰੋ ਗੁਰਦੀਪ ਸੰਧੂ ਦਾ ਅਸ਼ੀਰਵਾਦ ਹਾਸਿਲ ਹੈ। ਆਵਾਜ਼ ਐ, ਅੰਦਾਜ਼ ਏ, ਸਹਿਯੋਗ ਏ ਤਾਂ ਫਿਰ ਆਲਮ ਢਿੱਲੋਂ ਨਿਰਸੰਦੇਹ ਸਮੇਂ ਦਾ ਨਾਮਵਰ ਗਾਇਕ ਬਣ ਵਿਚਰਨ ਵਾਲਾ ਹੈ। “ਮਾਝਾ ਵਾਈਬ” ਤੋਂ ਬਾਅਦ “ਬਾਜ਼” ਨਾਲ ਇਹ ਆਲਮ ਸੁਰੀਲਾ ਬਾਜ਼ ਬਣ ਗਾਇਕੀ ਗਗਨ ਵਿੱਚ ਉਡਾਰੀ ਮਾਰੇਗਾ।

-ਅੰਮ੍ਰਿਤ ਪਵਾਰ

# ਕਾਵਿ-ਕਿਆਰੀ

## ਗ਼ਜ਼ਲ

ਵੱਢ ਕੇ ਰੁੱਖ ਤੂੰ ਕੀਤਾ ਖਾਲੀ ਥਾਂ,
ਹੁਣ ਧੁੱਪ ਤੋਂ ਬਚਣ ਲਈ ਭਾਲੇਂ ਛਾਂ।

ਚਾਰੇ ਪਾਸੇ ਕੋਈ ਰੁੱਖ ਨਹੀਂ,
ਬੈਠਣ ਕਿੱਥੇ ਚਿੜੀਆਂ, ਘੁੱਗੀਆਂ, ਕਾਂ?

ਜਦ ਤੱਕ ਉਹਨਾਂ ਨੂੰ ਮਾਇਆ ਨਾ ਮਿਲੇ,
ਬਾਬੂ ਕੰਮ ਲਈ ਨਹੀਂ ਕਰਦੇ ਹਾਂ।

ਮੇਰੇ ਜਿਹਾ ਮਿਲ ਉਸ ਨੂੰ ਹੋਰ ਗਿਆ,
ਉਹ ਕਿਉਂ ਚੇਤੇ ਰੱਖਦਾ ਮੇਰਾ ਨਾਂ?

ਰੱਬ ਇਕ ਹੈ, ਉਹ ਵੱਸਦਾ ਹੈ ਸਭ ਵਿੱਚ,
ਲੋਕਾਂ ਉਸ ਦੇ ਰੱਖੇ ਬਥੇਰੇ ਨਾਂ।

ਕਾਮੇ ਦੀ ਹਾਲਤ ਬਹੁਤੇ ਮਾੜੀ,
ਤਾਂ ਹੀ ਉਸ ਦੀ ਖਾਤਰ ਲਿਖਦੇ ਹਾਂ।



ਮਹਿੰਦਰ ਸਿੰਘ ਮਾਨ

## ਸ਼ਰੀਕ ਨਾ ਹੋਵੇ




ਪਰਮਿੰਦਰ ਸਿੰਘ ਸਿੱਧੂ

ਰੂਹ ਦਾ ਰਿਸ਼ਤਾ ਦੂਰ ਹੋਵੇ, ਵਿਛੜਨ ਲਈ ਮਜਬੂਰ ਹੋਵੇ
ਕਦੇ ਕਿਸੇ ਕਲੰਡਰ ਉਤੇ, ਐਸੀ ਕੋਈ ਤਰੀਕ ਨਾ ਹੋਵੇ !
ਆਪਸੀ ਪਰਵਾਹ ਰਹੇ ਨਾ, ਭਰਾਵਾਂ 'ਚ ਸਲਾਹ ਰਹੇ ਨਾ
ਦਰਾਰ ਜੋ ਪਾਵੇ ਐਸੀ ਕੋਈ, ਹੱਥਾਂ ਉੱਤੇ ਲੀਕ ਨਾ ਹੋਵੇ !
ਅੱਥਰੂ ਅੱਖਾਂ ਦੇ ਸੁੱਕੇ ਸਾਰੇ, ਚਾਅ ਮਿਲਣ ਦੇ ਮੁੱਕੇ ਸਾਰੇ
ਰੱਬ ਜੀ ਹਾਣ ਦੇ ਹਾਣੀ ਦੀ, ਐਨੀ ਲੰਮੀ ਉਡੀਕ ਨਾ ਹੋਵੇ !
ਐਵੇਂ ਇੰਝ ਡੋਲ੍ਹੀ ਦਾ ਨਹੀਂ, ਹਰ ਅੱਗੇ ਦੁੱਖ ਫੋਲ੍ਹੀ ਦਾ ਨਹੀਂ
ਕੋਣ ਜੱਗ ਤੇ ਜੰਮਿਆ ਜੀਹਨੂੰ, ਕੋਈ ਤਕਲੀਫ਼ ਨਾ ਹੋਵੇ !
ਭਾਈਚਾਰਾ ਦਾਅ ਤੇ ਲਾਵੇ ਜੋ, ਵੈਰ-ਵਿਰੋਧ ਵਧਾਵੇ ਜੋ
ਗੁਰੂਘਰ, ਗਿਰਜਾ ਕੋਈ, ਐਸਾ ਮੰਦਰ ਮਸੀਤ ਨਾ ਹੋਵੇ !
ਬੇ-ਵਜਾ ਮਨ ਮਾਰਨਾ ਪੈਜੇ, ਜਿੱਤ ਕੇ ਜੇ ਵੀ ਹਾਰਨਾ ਪੈਜੇ
ਬੇ-ਵਜਾ ਮਨ ਮਾਰਨਾ ਪੈਜੇ, ਜਿੱਤ ਕੇ ਜੇ ਵੀ ਹਾਰਨਾ ਪੈਜੇ
ਕੰਨ੍ਹ, ਅੱਖਾਂ ਖੁੱਲ੍ਹੇ, ਮੂੰਹ ਬੰਦ, ਐਨਾ ਵੀ ਸ਼ਰੀਫ਼ ਨਾ ਹੋਵੇ !
ਬਿਨ-ਬੁਲਾਏ ਹਰ ਥਾ ਤਾਈ, ਲਾੜ੍ਹੇ ਦੀ ਬਣ ਜਾਈਏ ਨਾ
ਕੀ ਜਾਣਾ ਉਸ ਮਹਿਫ਼ਲ, ਜਿੱਥੇ ਯਾਰ ਉਡੀਕ ਨਾ ਹੋਵੇ !
ਚਾਚੇ ਤਾਏ ਦੇ ਪੁੱਤ ਭਰਾ ਹੁੰਦੇ, ਇਕ ਦੂਜੇ ਦੀ ਬਾਂਹ ਹੁੰਦੇ
ਪਰਮਿੰਦਰ ਪਾਪੀ ਵਰਗਾ, ਕਾਸ਼ ਕੋਈ ਸ਼ਰੀਕ ਨਾ ਹੋਵੇ

ਕਾਵਿ-ਵਿਅੰਗ

## ਹੱਥ ਨਾ ਅੱਪੜੇ ਥੂਹ ਕੌੜੀ !



ਤਰਲੋਚਨ ਸਿੰਘ 'ਦੁਪਾਲ ਪੁਰ'
78146-92724

ਹੱਥ ਨਾ ਅੱਪੜੇ ਥੂਹ ਕੌੜੀ!
ਗੱਠ-ਜੋੜ ਲਈ ਜੋਰ ਤਾਂ ਬੜਾ ਲਾਇਆ
'ਪਤੀ' ਸਾਬਕਾ ਅੜ ਗਿਆ ਅੜੀ ਉੱਤੇ।
ਮੰਨੀਂ ਗਈ ਨਾ ਕੋਈ ਮੰਗ 'ਤੱਕੜੀ' ਦੀ
ਚੁੱਪ ਕਰ ਗਈ ਕਮਲ ਦੀ ਤੜੀ ਉੱਤੇ।
'ਢਕੀ ਰਿੱਝੀ' ਸੀ ਬਾਹਰ ਨਾ ਭਾਫ ਕੱਢੀ
ਪਾਲਸ਼ 'ਕੋਰ ਕਮੇਟੀ' ਦੀ ਚੜ੍ਹੀ ਉੱਤੇ।
ਗੁੱਸੇ ਵਿੱਚ ਪੰਜਾਬ ਪਿਆ ਘੂਰਦਾ ਐ
ਰਿਪੋਰਟ 'ਝੂੰਦਾ ਕਮੇਟੀ' ਦੀ ਖੜ੍ਹੀ ਉੱਤੇ।
ਇਨ੍ਹਾਂ ਉੱਪਰ 'ਅਖਾਣ' ਜੋ ਢੁੱਕਦਾ ਐ
ਵਾਰਾਂ ਭਾਈ ਗੁਰਦਾਸ ਵਿੱਚ ਸਜਦਾ ਏ।
ਹੱਥ ਗਿੱਦੜ ਦਾ 'ਦਾਖਾਂ' ਤੱਕ ਅੱਪੜੇ ਨਾ
'ਥੂਹ ਕੌੜੀ' ਕਹਿ ਘੁਰਨੇ ਵੱਲ੍ਹ ਭੱਜਦਾ ਏ!

## ਦੇਸ਼ ਦਾ ਲੋਕਤੰਤਰ



ਸਾਡੇ ਦੇਸ਼ ਦਾ ਲੋਕਤੰਤਰ ਸਭ ਤੋਂ ਵੱਡਾ
ਹਰ ਕੋਈ ਕਰਦਾ ਇਸ 'ਤੇ ਅਭਿਮਾਨ ਹੈ
ਪਰ ਕੋਈ ਸਰਕਾਰ ਤੋਂ
ਸਵਾਲ ਪੁੱਛ ਨਹੀਂ ਸਕਦਾ
ਸਰਕਾਰ ਦੇ ਅੱਗੇ ਆਵਾਜ਼ ਚੁੱਕ ਨਹੀਂ ਸਕਦਾ
ਸਰਕਾਰ 'ਤੇ ਖੁੱਲ੍ਹ ਕੇ ਲਿਖ ਨਹੀਂ ਸਕਦਾ
ਸਰਕਾਰ ਤੋਂ ਖੁੱਲ੍ਹ ਕੇ ਮੰਗ ਨਹੀਂ ਸਕਦਾ।
ਇਹ ਸਾਡੇ ਦੇਸ਼ ਦੇ ਲੋਕਤੰਤਰ ਦਾ ਹਾਲ ਹੈ।

ਸਾਡੇ ਦੇਸ਼ ਦਾ ਅੰਨ੍ਹਦਾਤਾ
ਅੱਜ ਹੋ ਗਿਆ ਪਰੇਸ਼ਾਨ ਹੈ
ਵਾਰ-ਵਾਰ ਸੜਕਾਂ 'ਤੇ ਉਤਰਨ
ਲਈ ਹੋ ਗਿਆ ਲਾਚਾਰ ਹੈ
ਰਾਜਧਾਨੀ ਤੱਕ ਕੋਈ ਜਾ ਨਹੀਂ ਸਕਦਾ
ਕਿਲ੍ਹਾਬੰਦੀ ਇੰਨੀ ਕਰਤੀ
ਹਰ ਰਸਤੇ 'ਤੇ ਲਗਾਈ
ਕੰਡਿਆਂ ਦੀ ਵਾੜ ਹੈ
ਹਰ ਮਨੁੱਖੀ ਅਧਿਕਾਰਾਂ ਨੂੰ
ਕੁਚਲ ਕੇ ਚਲਣਾ
ਸਾਰੀਆਂ ਸਰਕਾਰਾਂ ਦਾ
ਬਣ ਗਿਆ ਕਿਰਦਾਰ ਹੈ
ਇਹ ਸਾਡੇ ਲੋਕਤੰਤਰ ਦਾ ਹਾਲ ਹੈ।

ਮੰਨਿਆ ਜਾਂਦਾ ਲੋਕਤੰਤਰ ਦੇ
ਚਾਰ ਥੰਮ੍ਹ ਨੇ ਹੁੰਦੇ
ਪਰ ਤਿੰਨ ਥੰਮ੍ਹ ਤਾਂ ਗਿਰ ਚੁੱਕੇ ਨੇ
ਤਿੰਨ ਥੰਮ੍ਹ ਤਾਂ ਵਿਕ ਚੁੱਕੇ ਨੇ
ਬਸ ਨਿਆਂਲਿਆ ਦਾ ਥੰਮ੍ਹ
ਹੈ ਬਚਿਆ ਜਿਸ ਉੱਤੇ
ਸਭ ਨੂੰ ਮਾਣ ਹੈ
ਇਹ ਸਾਡੇ ਲੋਕਤੰਤਰ ਦਾ ਹਾਲ ਹੈ।

ਸਾਡੇ ਦੇਸ਼ ਦਾ ਲੋਕਤੰਤਰ
ਬਣ ਗਿਆ ਕੁਰਸੀ ਪਾਉਣ
ਦਾ ਵਿਉਪਾਰ ਹੈ
ਹਰ ਕਿਸੀ ਨੂੰ ਜਿੱਤਣ ਬਾਜੋ
ਪਾਰਟੀ ਛੱਡਣ ਦਾ ਪੂਰਾ ਅਧਿਕਾਰ ਹੈ-
ਆਪਣੀ ਕੁਰਸੀ ਪਾਉਣ ਦੀ ਖਾਤਿਰ
ਹਰ ਸਿਆਸੀ ਬੰਦਾ ਵਿੱਕਣ ਨੂੰ ਤਿਆਰ ਹੈ।
ਇਹ ਸਾਡੇ ਲੋਕਤੰਤਰ ਦਾ ਹਾਲ ਹੈ।

ਡੇਜ਼ੀ ਵਾਲੀਆ

* * * * * * *

(ਕਿਸਾਨ ਮੇਲੇ 'ਤੇ)

## ਮੇਲੇ ਆਵੀਂ ਤੂੰ ਕਿਸਾਨਾ

ਨਵਾਂ ਚਾਹੁੰਦਾ ਜੇ ਗਿਆਨ, ਦੇਣਾ ਪਵੇਗਾ ਧਿਆਨ,
ਪੈਣਾ ਕੁੱਝ ਨਹੀਂ ਪੱਲੇ ਜੇ ਤੂੰ ਰਿਹਾ ਬੇਧਿਆਨਾ।
ਮਿਲੂ ਨਵੀਂ ਜਾਣਕਾਰੀ ਮੇਲੇ ਆਵੀਂ ਤੂੰ ਕਿਸਾਨਾ।
ਆਧੁਨਿਕ ਢੰਗ ਤੇ ਤਰੀਕੇ, ਸਹੀ ਸੋਚ ਤੇ ਸਲੀਕੇ
ਯੂਨੀਵਰਸਿਟੀ ਦੇ ਵੱਲੋਂ ਜਾਂਦੇ ਮੇਲੇ ਲਈ ਉਲੀਕੇ,
ਬਣ ਸਮੇਂ ਦਾ ਤੂੰ ਹਾਣੀ ਮੰਗ ਕਰਦਾ ਜ਼ਮਾਨਾ।
ਮਿਲੂ ਨਵੀਂ.................................।

ਕਿਵੇਂ ਵਧੇ ਪੈਦਾਵਾਰ,ਦੱਸਦੇ ਨੇ ਖੇਤੀ ਮਾਹਰ,
ਰਹਿਣ ਫ਼ਸਲਾਂ ਨਿਰੋਗ ਦੱਸੇ ਜਾਂਦੇ ਉਪਚਾਰ,
ਦੇਣੇ ਕੀਮਤੀ ਸੁਝਾਅ ਮੇਲੇ ਆਏ ਮਹਿਮਾਨਾਂ।
ਮਿਲੂ ਨਵੀਂ.................................।

ਗੱਲ ਸਮਝ ਲੈ ਤੂੰ ਛੇਤੀ, ਹੁਣ ਅਕਲਾਂ ਦੀ ਖੇਤੀ,
ਮੇਲੇ ਆਏ ਤੋਂ ਬਗ਼ੈਰ ਕਿੰਝ ਹੋਵੇਂਗਾ ਤੂੰ ਭੇਤੀ,
ਭੇਤੀ ਹੋਏ ਬਿੰਨਾ ਕਦੇ ਆਵੇ ਹੱਥ ਨਾ ਖ਼ਜਾਨਾ।
ਮਿਲੂ ਨਵੀਂ.................................।

ਹੁੰਦੀ ਮੇਲੇ ਦੀ ਇਹ ਰੀਤ,ਨਾਲੇ ਗੱਲਾਂ ਨਾਲੇ ਗੀਤ,
ਖੇਤੀ ਵਿਸ਼ਿਆਂ ਦੇ ਉੱਤੇ ਕੀਤੀ ਜਾਂਦੀ ਬਾਤ ਚੀਤ,
ਸਿੱਧਾ ਆ ਜਾਵੀਂ 'ਚੋਹਲਾ' ਜਿੱਥੇ ਲੱਗਾ ਸ਼ਮਿਆਨਾ।
ਮਿਲੂ ਨਵੀਂ ਜਾਣਕਾਰੀ ਮੇਲੇ ਆਵੀਂ ਤੂੰ ਕਿਸਾਨਾ।

ਰਮੇਸ਼ ਬੱਗਾ ਚੋਹਲਾ

## ਹੂਕ

ਜਦ ਹੂਕ ਨਿਕਲ ਜਾਏ ਜ਼ਿੰਦਗੀ ਦੀ,
ਤਦ ਹੂਕ ਹੂਕ ਪੱਬ ਧਰਦੀ ਹੈ,
ਰਹਿੰਦੇ ਸਾਹਾਂ ਨੂੰ ਜੀਵਣ ਲਈ,
ਪਲ ਪਲ ਤਰਲੇ ਕਰਦੀ ਹੈ।

ਕਦੀ ਹੂਕਾਂ ਦਿੱਤੀਆਂ ਹੋਰਾਂ ਨੂੰ,
'ਤੇ ਖ਼ੁਦ ਵੀ ਹੂਕਾਂ ਛਕੀਆਂ ਸਨ,
ਅੰਤ ਕੌੜੀਆਂ ਮਿੱਠੀਆਂ ਯਾਦਾਂ ਦੀ,
ਕੰਧ ਜਿਹੀ ਆ ਖੜ੍ਹਦੀ ਹੈ।

ਕਦੀ ਅੱਲੇ ਜ਼ਖ਼ਮਾਂ ਦੇ ਉੱਤੇ,
ਹੂਕਾਂ ਦੇ ਫੈਹੇ ਮਰਹਮ ਬਣੇਂ,
ਕਦੀ ਜ਼ਖ਼ਮਾਂ ਤੋਂ ਨਾਸੂਰਾਂ ਤੱਕ,
ਨਾ ਮਿਲਿਆ ਕੋਈ ਵੀ ਦਰਦੀ ਹੈ।

ਕਈ ਵਲਵਲੇ ਪਣਪੇ ਦਿਨ ਰਾਤੀ,
ਕਈ ਪਣਪਦਿਆਂ ਹੀ ਹੂਕੇ ਗਏ,
ਕਦੀ ਵਿਲਕਦੇ ਵਲਵਲਿਆਂ ਦੇ ਉੱਤੇ,
ਹਾਲੇ ਵੀ ਟੇਕਾਂ ਧਰਦੀ ਹੈ।

ਕਈ ਬੁਝਦੇ ਹੋਏ ਅੰਗਿਆਰਾਂ ਨੂੰ,
ਹੂਕਾਂ ਹੀ ਹੂਕਾਂ ਦਿੰਦੀਆਂ ਨੇ,
ਪਰ ਅੰਤ ਬੇਚਾਰੀ ਰਾਖ਼ ਜਿਹੀ,
ਜ਼ਰਾ ਵੀ ਹੂਕ ਨਾ ਜਰਦੀ ਹੈ।

ਸਰਾਪੀ ਹੂਕਾਂ ਦੇ ਵਾਰਾਂ ਨਾਲ਼,
ਕਦੀ ਲੋਹਾ ਲੈਣਾ ਪੈਂਦਾ ਹੈ,
ਪਰ ਕਦੀ ਨਿਮਾਣੀ ਜਿੰਦ ਕੋਈ,
ਝਿੜਕਾਂ ਨਾਲ਼ ਵੀ ਮਰਦੀ ਹੈ।

ਬੱਸ ਖਿੰਡ ਜਾਵੇ 'ਤੇ ਪੁੰਡ ਜਾਵੇ,
ਹੂਕ ਦਾ ਕੋਈ ਵਜੂਦ ਨਹੀਂ,
ਪਰ ਟਿਕਾਣੇ ਲੱਗੀ ਹੂਕ ਕਦੀ,
ਅੰਮ੍ਰਿਤ ਬਣ ਕੇ ਵੀ ਵਰ੍ਹਦੀ ਹੈ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

# ਜੁੱਤੀ ਹਾਸ ਵਿਅੰਗ



– ਲੇਖਕ –
ਭਗਵਾਨ ਸਿੰਘ ਤੱਗੜ





ਜੁੱਤੀ ਦੇ ਨਾਂ ਤੋਂ ਸਵਰਗੀ ਨੰਦ ਲਾਲ ਨੂਰਪੁਰੀ ਜੀ ਦਾ ਲਿਖਿਆ ਹੋਇਆ ਅਤੇ ਗਾਇਕਾ ਸੁਰਿੰਦਰ ਕੌਰ ਦਾ ਗਾਇਆ ਹੋਇਆ ਇਕ ਗੀਤ ਯਾਦ ਆ ਗਿਆ, ਗੀਤ ਦੇ ਬੋਲ ਹਨ।

ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ਤੁਰਨਾ ਪਿਆ,
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ, ਉਨ੍ਹੀਂ ਰਾਹੀਂ ਮੈਨੂੰ ਮੁੜਣਾ ਪਿਆ।

ਵੈਸੇ ਸਵਰਗੀ ਰਾਜ ਕਪੂਰ ਜੀ ਦੀ ਫਿਲਮ 420 ਦਾ ਇਕ ਹੋਰ ਵੀ ਗੀਤ ਸੀ ਗੀਤ ਦੇ ਬੋਲ ਹਨ,

ਮੇਰਾ ਜੂਤਾ ਹੈ ਜਪਾਨੀ, ਯੇ ਪਤਲੂਨ ਇੰਗਲਿਸ਼ਤਾਨੀ,
ਸਰ ਪੇ ਲਾਲ ਟੋਪੀ ਰੂਸੀ, ਫਿਰ ਭੀ ਦਿਲ ਹੈ ਹਿੰਦੁਸਤਾਨੀ ।

ਜੁੱਤੀਆਂ ਪੈਣ ਲੱਗ ਜਾਣ ਤਾਂ ਰੂਸੀ ਟੋਪੀ ਨਾਲ ਸਿਰ ਨਹੀਂ ਬਚ ਸਕਦਾ ਫੇਰ ਤਾਂ ਭੱਜਣਾ ਪੈਂਦਾ ਹੈ।ਜੁੱਤੀਆਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ ਜਿਵੇਂ ਟਰੇਨਰ, ਤਿੱਲੇ ਵਾਲੀ ਜੁੱਤੀ, ਸੈਂਡਲ,ਉੱਚੀ ਅੱਡੀ ਵਾਲੀ ਜੁੱਤੀ, ਕੋਹਲਾਪੁਰੀ ਜੁੱਤੀ, ਬਿਨਾਂ ਤਸਮੇਂ ਅਤੇ ਤਸਮੇਂ ਵਾਲੇ ਜਾਂ ਫੇਰ ਬੱਕਲ ਲੱਗੇ ਹੋਏ ਬੂਟ ਇਹ ਸਭ ਜੁੱਤੀਆਂ ਰਬੜ,ਰੈਕਸਨ ਪਲਾਸਟਿਕ ਅਤੇ ਚਮੜੇ ਦੀਆਂ ਬਣੀਆਂ ਹੁੰਦੀਆ ਹਨ। ਵੈਸੇ ਚਮੜੇ ਦੀ ਜੁੱਤੀ ਹੁੰਦੀ ਬੜੀ ਮਜਬੂਤ ਹੈ ਪਾਉਣ ਚ' ਤਾਂ ਵਧਿਆ ਹੁੰਦੀ ਹੀ ਹੈ, ਪਰ ਜੇ ਕਿਸੇ ਦੇ ਵੱਜ ਜਾਵੇ ਤਾਂ, ਉਹ ਤਾਂ ਪਾਣੀ ਮੰਗਣ ਜੋਗਾ ਨਹੀਂ ਰਹਿੰਦਾ । ਖ਼ੈਰ ਆਪਾਂ ਜੁੱਤੀਆਂ ਦੀਆਂ ਕਿਸਮਾਂ ਦਾ ਪਤਾ ਕਰਕੇ ਦੁਕਾਨ ਥੋਹੜੀ ਖੋਲ੍ਹਣੀ ਐਂ, ਆਉ ਆਪਾਂ ਜੁੱਤੀ ਦੀ ਗੱਲ ਕਰੀਏ ਜੁੱਤੀ ਦੇ ਜ਼ੋਰ ਤੇ ਬਹੁਤ ਸਾਰੇ ਕੰਮ ਕਰਾਏ ਜਾ ਸਕਦੇ ਹਨ । ਜੁੱਤੀ ਨਾਲ ਦੋ ਤਰ੍ਹਾਂ ਦੀ ਸੇਵਾ ਹੁੰਦੀ ਹੈ ਗੁਰਦਵਾਰੇ ਜਾਕੇ ਲੋਕ, ਲੋਕਾਂ ਦੇ ਜੋੜੇ ਝਾੜਕੇ ਸੇਵਾ ਕਰਦੇ ਹਨ, ਅਤੇ ਜੇ ਕਿਸੇ ਨੇ ਕੋਈ ਗਲਤੀ ਕੀਤੀ ਹੋਵੇ ਤਾਂ ਉਸਨੂੰ ਸੀਰੀ ਅਕਾਲਤਖ਼ਤ ਸਾਹਿਬ ਤੇ ਸੱਦਕੇ ਤਨਖਾਹੀਆ ਕਰਾਰ ਕਰਕੇ ਸਜ਼ਾ ਵਜੋਂ ਜੋੜਿਆਂ ਦੀ ਸੇਵਾ ਦਿੱਤੀ ਜਾਂਦੀ ਹੈ।ਸ਼ੇਰੇ ਪੰਜਾਬ ਮਾਹਾਂਰਾਜਾ

ਰਣਜੀਤ ਸਿਘ ਨੂੰ ਵੀ ਲਾਹੌਰ ਦੀ ਇਕ ਵੇਸਵਾ ਮੋਰਾਂ ਨਾਲ ਵਿਆਹ ਕਰਵਾਉਣ ਦੇ ਬਦਲੇ ਉਸ ਵਕਤ ਦੇ ਜੱਥੇਦਾਰ ਅਕਾਲੀ ਫੂਲਾ ਸਿਘ ਜੀ ਨੇ ਮਾਹਾਰਾਜੇ ਨੂੰ ਸੀਰੀ ਅਕਾਲਤਖ਼ਤ ਸਾਹਿਬ ਤੇ ਸੱਦਕੇ ਤਨਖਾਈਆ ਕਰਾਰ ਕਰਕੇ ਪੰਜਾਹ ਕੋੜਿਆਂ ਦੀ ਸਜ਼ਾ ਸੁਣਾਈ ਸੀ, ਪਰ ਜਦੋਂ ਮਾਹਾਰਾਜਾ ਸਜ਼ਾ ਭੁਗਤਨ ਨੂੰ ਤਿਆਰ ਹੋਇਆ ਤਾਂ ਜੱਥੇਦਾਰ ਅਕਾਲੀ ਫੂਲਾ ਸਿਘ ਜੀ ਨੇ ਸਾਧ ਸੰਗਤ ਦੀ ਸਹਿਮਤੀ ਨਾਲ ਅੱਗੇ ਤੋਂ ਗਲਤੀ ਨਾ ਕਰਨ ਦਾ ਵਾਅਦਾ ਲੈਕੇ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਸੀ। ਕਈ ਵਾਰੀ ਗੁਰਦਵਾਰੇ ਤੋਂ ਜੁੱਤੀ ਚੋਰੀ ਕਰਦਾ ਬੰਦਾ ਪਕੜਿਆ ਜਾਵੇ ਤਾਂ ਫੇਰ ਉਹ ਤਾਂ ਕਰੇ ਆਪਦੀ ਮਾਂ ਨੂੰ ਯਾਦ, ਸੇਵਾਦਾਰ ਜੁੱਤੀਆਂ ਦੀ ਸੇਵਾ ਕਰਨ ਲੱਗੇ ਚੋਰੀ ਕਰਨ ਵਾਲੇ ਦਾ ਅੱਗਾ ਪਿੱਛਾ ਨਹੀਂ ਦੇਖਦੇ ਫੇਰ ਤਾਂ ਪੈਂਦੀ ਜਿੱਥੇ ਪੈਂਦੀ ਹੈ ਜੁੱਤੀ । ਇਹ ਸੇਵਾ ਭਾਵ ਦਾ ਕੰਮ ਸਦੀਆਂ ਤੋਂ ਚੱਲਿਆ ਆ ਰਿਹਾ ਹੈ, ਤਰੇਤਾ ਯੁਗ ਵਿਚ ਜਦੋਂ ਸੀਰੀ ਰਾਮ ਚੰਦਰ ਜੀ ਬਨਵਾਸ ਨੂੰ ਚਲੇ ਗਏ ਸਨ ਤਾਂ ਛੋਟੇ ਵੀਰ ਭਰਤ ਨੇ ਉਨ੍ਹਾਂ ਦੀਆਂ ਖੜਾਵਾਂ ਰਾਜਗੱਦੀ ਤੇ ਰੱਖਕੇ ਸੇਵਕ ਦੇ ਰੂਪ ਵਿਚ ਰਾਜ-ਕਾਜ ਚਲਾਇਆ ਸੀ । ਜੁੱਤੀ ਕਈ ਕੰਮ ਕਰਦੀ ਹੈ ਚਲਦੀ ਵੀ ਹੈ ਤੇ ਚਲਾਈ ਵੀ ਜਾਂਦੀ ਹੈ ਤੇ ਨਵੀਂ ਬਣੀ ਕੋਠੀ ਦੇ ਮੂਹਰੇ ਵੀ ਲੋਕ ਨਜ਼ਰ ਤੋਂ ਬਚਣ ਵਾਸਤੇ ਜੁੱਤੀ ਲਟਕਾ ਦਿੰਦੇ ਹਨ। ਇਕ ਪੁਰਾਣੀ ਕਹਾਵਤ ਜਿਹੜੀ ਜੁੱਤੀ ਨਾਲ ਹੀ ਜੁੜੀ ਹੋਈ ਹੈ ਉਹ ਇਹ ਹੈ ਕਿ ਲੋਕਾਂ ਨੂੰ ਕਹਿੰਦੇ ਸੁਣੀਦਾ ਹੈ ਦੋ ਸਾਲ ਹੋ ਗਏ ਦਫਤਰਾਂ ਦੇ ਚੱਕਰ ਲਗਾ ਲਗਾ ਕੇ ਜੁੱਤੀਆਂ ਵੀ ਘਸ ਗਈਆਂ, ਪਰ ਨੌਕਰੀ ਹਾਲੇ ਤੱਕ ਨਹੀਂ ਮਿਲੀ। ਜੁੱਤੀ ਹੁਣ ਪੈਰਾਂ ਵਿਚ ਪਾਉਣ ਵਾਲੀ ਨਹੀਂ ਰਹੀ, ਸਿਰ ਦਾ ਤਾਜ ਬਣ ਗਈ ਹੈ। ਨਹੀਂ ਯਕੀਨ ਆਉਂਦਾ ਤਾਂ ਲਉ ਸੁਣੋ ਟਰੇਨ ਦਾ ਸਫਰ ਕਰਦਿਆਂ ਯਾਤਰੀ ਸਾਰਾ ਸਮਾਨ ਭਾਵੇਂ ਸੀਟ ਦੇ ਹੇਠ ਰੱਖ ਦੇਣ ਪਰ ਸੋਣ ਲੱਗੇ ਚੋਰੀ ਹੋਣ ਦੇ ਡਰ ਤੋਂ ਜੁੱਤੀ ਆਪਣੇ ਸਿਰ ਹੇਠ ਰੱਖਕੇ ਸੌਂਦੇ ਹਨ । ਜੁੱਤੀਆਂ ਪੈਸੇ ਬਣਾਉਣ ਦੇ ਵੀ ਕੰਮ ਆਉਂਦੀਆਂ ਹਨ। ਹੁਣ ਤੁਸੀਂ ਕਹੋਂਗੇ ਕਿ ਉਹ ਕਿਵੇਂ ਲਉ ਮੈਂ ਦੱਸਦਾ ਹਾਂ ਵਿਆਹ ਦੇ ਮੌਕੇ ਸਾਲੀਆਂ ਨਵੇਂ ਬਣੇ ਜੀਜੇ ਦੀ ਜੁੱਤੀ ਲਕੋਕੇ ਜੀਜੇ ਦੀ ਜੇਹਬ ਖਾਲੀ ਕਰਾਉਣ ਵਿਚ ਸਫਲ ਹੁੰਦੀਆਂ ਹਨ, ਇਹ ਵੱਖਰੀ ਗੱਲ ਹੈ ਕਿ ਕਈ ਵਾਰੀ ਭੁਲੇਖੇ ਵਿਚ ਜੀਜੇ ਦੀ ਜੁੱਤੀ ਸਮਝ ਕੇ ਮੇਰੇ ਵਰਗੇ ਗਰੀਬ ਦੀਆਂ ਜੁੱਤੀਆਂ ਚੁੱਕੀਆਂ ਜਾਂਦੀਆਂ ਹਨ ਫੇਰ ਤਾਂ ਨੰਗੇ ਪੈਰੀਂ ਘਰ ਆਉਣਾ ਪੈਂਦਾ ਹੈ । ਇਕ ਵਾਰੀ ਮੇਰੇ ਨਾਲ ਵੀ ਇਸੇ ਤਰ੍ਹਾਂ ਹੋਇਆ ਸੀ ਇਕ ਵਿਆਹ ਵਿਚ ਜੀਜੇ ਦੀ ਜੁੱਤੀ ਸਮਝਕੇ ਕੁੜੀਆਂ ਮੇਰੀ ਜੁੱਤੀ ਚੁੱਕ ਕੇ ਲੈ ਗਈਆਂ ਤੇ ਮੈਂ ਜੁੱਤੀ ਲੱਭਦਾ ਫਿਰਾਂ ਮੈਂ ਸੋਚ ਰਿਹਾ ਸੀ ਮੈਂ ਨੰਗੇ ਪੈਰੀ ਘਰ ਕਿਵੇਂ ਜਾਵਾਂਗਾ।

ਮੇਰਾ ਮਿੱਤਰ ਕਵੀ ਲਾਲਾ ਲਪੇਟਕਰ ਬੇਤੁਕੀ ਕਹਿਣ ਲੱਗਿਆ," ਸਰਦਾਰ ਦਲਿੰਦਰ ਸਿੰਘ ਜੀ ਤੁਹਾਡੀ ਜੁੱਤੀ ਜੀਜੇ ਦੀ ਜੁੱਤੀ ਦੇ ਭੁਲੇਖੇ ਕੁੜੀਆਂ ਚੁੱਕਕੇ ਲੈ ਗਈਆਂ ਹਨ।"

ਜਦੋਂ ਕੁੜੀਆਂ ਪੈਸੇ ਮੰਗਣ ਲੱਗੀਆਂ ਤਾਂ ਮੈਂ ਕਿਹਾ, " ਪਹਿਲੀ ਗੱਲ ਤਾਂ ਇਹ ਹੈ ਤੁਸੀਂ ਜੀਜੇ ਦੀ ਜੁੱਤੀ ਸਮਝ ਕੇ ਜੁੱਤੀ ਚੁੱਕ ਲਈ ਹੈ, ਦਰਅਸਲ ਇਹ ਮੇਰੀ ਜੁੱਤੀ ਹੈ।"

ਮੈਨੂੰ ਉਹ ਕਹਿਣ ਲੱਗੀਆ , " ਤਾਂ ਫੇਰ ਤੁਸੀਂ ਪੈਸੇ ਕੱਢੋ।"

ਮੈਂ ਕਿਹਾ, " ਰੱਖੋ ਮੇਰੀ ਪੁਰਾਣੀ ਜੁੱਤੀ ਜਿੰਨੇ ਤੁਹਾਨੂੰ ਪੈਸੇ ਦੇਣੇ ਹਨ ਉਨੇ ਦੀ ਮੈਂ ਨਵੀਂ ਖਰੀਦ ਲਵਾਂਗਾ।"

ਕਹਿਣ ਲੱਗੀਆਂ, " ਅੰਕਲ ਬੜੇ ਕੰਜੂਸ ਹੋਂ ਲਉ ਆਪਦੀ ਜੁੱਤੀ ਘਰ ਨੰਗੇ ਪੈਰੀਂ ਕਾਹਨੂੰ ਜਾਣਾ ਹੈ।"

ਲਉ ਕੱਲ ਦੀ ਗੱਲ ਸੁਣ ਲਉ ਸਾਡੀ ਧਰਮਪਤਨੀ ਬਜਾਰੋਂ ਆਈ ਤਾਂ ਹੱਥ ਵਿਚ ਪਕੜੇ ਹੋਏ ਬਕਸੇ ਨੂੰ ਵੇਖ ਕੇ ਮੈਂ ਕਿਹਾ "ਚੁਗਲ ਕੌਰੇ ਆਹ ਬਕਸੇ ਵਿਚ ਕੀ ਹੈ, ਲਗਦਾ ਹੈ ਅੱਜ ਕੋਈ ਖਾਣ ਵਾਲੀ ਚੀਜ ਲਿਆਈ ਹੈਂ।" ਕਹਿਣ ਲਗੀ, "ਤੁਸੀਂ ਬਿਲਕੁਲ ਠੀਕ ਕਿਹਾ ਹੈ, ਬਕਸੇ ਵਿਚ ਜੁੱਤੀਆਂ ਹਨ ਖਾਣੀਐਂ ।"

ਮੈਂ ਕਿਹਾ ਭਾਗਵਾਨੇ, " ਮੈਂ ਅੱਜ ਕੁਝ ਨਹੀਂ ਖਾਣਾ ਮੇਰਾ ਅੱਜ ਵਰਤ ਰੱਖਿਆ ਹੋਇਆ ਹੈ।"

ਇਕ ਦਿਨ ਮੇਰੀ ਧਰਮਪਤਨੀ ਮੈਨੂੰ ਕਹਿਣ ਲੱਗੀ ਸਰਦਾਰ ਦਲਿੱਦਰ ਸਿੰਘ ਜੀ," ਜਿੰਨੇ ਬੰਦਿਆਂ ਨੇ ਲੀਡਰਾਂ ਤੇ ਜੁੱਤੀਆ ਵਗਾਹ ਕੇ ਮਾਰੀਆਂ ਹਨ, ਸਾਰੇ ਹੀ ਮਸ਼ਹੂਰ ਹੋ ਗਏ ਕਈ ਤਾਂ ਲੀਡਰ ਵੀ ਬਣ ਗਏ, ਇਰਾਕ ਵਿਚ ਬੁਸ਼ ਤੇ ਪੱਤਰਕਾਰ ਮੁਤਜਰ ਅਲ ਜੈਦੀ ਨੇ ਜੁੱਤੀ ਮਾਰੀ ਸੀ,ਲੰਦਨ ਵਿਚ ਮੁਸ਼ੱਰਫ਼ ਤੇ ਜੁੱਤੀ ਪਈ ਸੀ, ਪਾਕਿਸਤਾਨ ਵਿਚ ਜ਼ਰਦਾਰੀ ਤੇ ਵੀ ਇਕ ਵਾਰੀ ਜੁੱਤੀ ਵਗ੍ਹਾਈ ਗਈ ਸੀ, ਸਵਰਗੀ ਪੱਤਰਕਾਰ ਜਰਨੈਲ ਸਿੰਘ ਜੀ ਨੇ ਸਾਬਕਾ ਗ੍ਰਹਿ ਮੰਤਰੀ ਚਿਦਾਬੰਰਮ ਤੇ ਜੁਤੀ ਮਾਰੀ ਸੀ ਜੁੱਤੀ ਭਾਵੇਂ ਕਿਸੇ ਦੀ ਵੀ ਨਿਸ਼ਾਨੇ ਤੇ ਨਹੀਂ ਸੀ ਲੱਗੀ, ਪਰ ਜੁੱਤੀ ਮਾਰਨ ਵਾਲੇ ਮਸ਼ਹੂਰ ਜਰੂਰ ਹੋ ਗਏ ਸਨ, ਸਵਰਗੀ ਜਰਨੈਲ ਸਿੰਘ ਜੀ ਤਾਂ ਆਪ ਪਾਰਟੀ ਦੇ ਵਿਧਾਇਕ ਵੀ ਬਣ ਗਏ ਸਨ । ਵੈਸੇ ਜੁੱਤੀਆਂ ਭਾਵੇਂ ਜਿੰਨੀਆਂ ਮਰਜੀ ਮਾਰੀ ਜਾਵੋ ਦੇਸ਼ ਦਾ ਸੰਵਰਨਾ ਕੁਝ ਵੀ ਨਹੀਂ ਅਖੇ ਪੰਚਾਂ ਦਾ ਕਿਹਾ ਸਿਰ ਮੱਥੇ ਤੇ

ਪਰਨਾਲਾ ਉਥੇ ਦਾ ਉਥੇ, ਮੈਂ ਤਾਂ ਕਹਿਨੀ ਹੈਂ ਤੁਸੀਂ ਵੀ ਕਿਸੇ ਲੀਡਰ ਤੇ ਜੁੱਤੀ ਵਗਾਹ ਕੇ ਮਾਰੋ ਜੇ ਲੀਡਰ ਬਣ ਗਏ ਤਾਂ ਘਰ ਦੀ ਗਰੀਬੀ ਤਾਂ ਦੂਰ ਹੋ ਜਾਵੇਗੀ ।"

ਮੈਂ ਕਿਹਾ ਚੁਗਲ ਕੋਰੇ, " ਜੁੱਤੀ ਮਾਰਨ ਵਾਸਤੇ ਹਿੰਮਤ ਚਾਹੀਦੀ ਹੈ, ਜੇ ਮੈਂ ਭਲਾ ਕਿਸੇ ਦੇ ਜੁੱਤੀ ਮਾਰ ਵੀ ਦਿੱਤੀ ਤੇ ਫੇਰ ਆ ਗਿਆ ਪੁਲਿਸ ਦੇ ਹੱਥ ਮੇਰੀ ਤਾਂ ਉਹ ਉਤਲੀ ਉਤਲੀ ਚਮੜੀ ਦੇਣਗੇ ਉਧੇੜ ਫੇਰ ਤਾਂ ਟਕੋਰ ਕਰਨ ਜੋਗਾ ਵੀ ਨਹੀਂ ਰਹਿਣਾ ਗਰੀਬੀ ਤਾਂ ਕੀ ਦੂਰ ਹੋਵੇਗੀ ਫੇਰ ਕਰਦੀ ਰਹੀਂ ਪੈਸੇ ਇੱਕਠੇ ਮੇਰੀ ਜਮਾਨਤ ਕਰਾਉਣ ਵਾਸਤੇ ।ਹਾਂ ਇਕ ਗੱਲ ਹੋ ਸਕਦੀ ਹੈ ਜੇ ਜੁੱਤੀਆਂ ਬਣਾਉਣ ਵਾਲੀਆਂ ਕੰਪਨੀਆਂ ਜਿਵੇਂ ਨਾਇਕ, ਬਾਟਾ, ਐਡੀਡੈਸ, ਰੀਬੋਕ, ਆਦਿ

ਮੈਨੂੰ ਸਪੌਂਸਰ ਕਰਨ ਤਾਂ ਮੈਂ ਜੁੱਤੀਆਂ ਵਗਾਹ ਕੇ ਮਾਰਨ ਦੀ ਟਰੇਨਿਗ ਦੇਣ ਦਾ ਸਕੂਲ ਜ਼ਰੂਰ ਖੋਹਲ ਸਕਦਾ ਹਾਂ, ਤਾਂਕਿ ਜੁੱਤੀਆਂ ਨਿਸ਼ਾਨੇ ਤੇ ਵੱਜਣ, ਨਾਲੇ ਕੰਪਨੀਆਂ ਦੀ ਮਸ਼ਹੂਰੀ ਵਾਧੂ ਦੀ ਹੋਵੇਗੀ ਚੁਗਲ ਕੌਰੇ ਦੇਖ ਫੇਰ ਕਿੰਨੇ ਬੰਦਿਆਂ ਨੂੰ ਰੋਜ਼ਗਾਰ ਮਿਲ ਸਕਦਾ ਹੈ ਨਾਲੇ ਇਕ ਵਾਰੀ ਕਿਸੇ ਲੀਡਰ ਦੇ ਸਿਰ ਚ' ਜੁੱਤੀ ਵੱਜੀ ਹੋਵੇ ਤਾਂ ਇਕ ਵਾਰੀ ਤਾਂ ਬੌਂਦਲ ਕੇ ਡਿੱਗ ਪਵੇਗਾ, ਅਤੇ ਹੋਸ਼ ਆਉਣ ਤੋਂ ਬਾਅਦ ਕੰਮ ਭਾਵੇਂ ਕਰੇ ਨਾ ਕਰੇ ਇਕ ਵਾਰੀ ਤਾਂ ਦੇਸ਼ ਦੀ ਭਲਾਈ ਦਾ ਕੰਮ ਕਰਨ ਵਾਸਤੇ ਜ਼ਰੂਰ ਸੋਚੇਗਾ।"

ਕਹਿਣ ਲੱਗੀ, "ਰਹਿਣ ਦਿਉ ਜੀ ਸ਼ੇਖ ਚਿੱਲੀ ਵਾਲੀਆਂ ਗੱਲਾਂ ਕਰਨ ਨੂੰ ਤੁਸੀਂ ਉਨ੍ਹਾਂ ਕੰਪਨੀਆਂ ਵਾਲਿਆਂ ਦੇ ਮਾਸੀ ਦੇ ਪੁੱਤ ਲਗਦੇ ਹੋਂ ਜਿਹੜੇ ਤੁਹਾਨੂੰ ਸਕੂਲ ਖੋਲ੍ਹਣ ਵਾਸਤੇ ਪੈਸੇ ਦੇ ਦੇਣਗੇ। ਅਫਸਰਾਂ ਨੂੰ ਲੀਡਰਾਂ ਦੀਆਂ ਜੁੱਤੀਆਂ ਸਾਫ ਕਰਦੇ ਹੋਏ ਤੇ ਬੂਟਾਂ ਦੇ ਤਸਮੇਂ ਬਨ੍ਹਦੇ ਹੋਏ ਟੈਲੀਵਿਜ਼ਨ ਤੇ ਬਥੇਰੀ ਵਾਰੀ ਦੇਖੀਦਾ ਹੈ, ਤੁਹਾਨੂੰ ਕੀ ਹੋਇਐ ਤੁਸੀਂ ਕਿਉਂ ਨਹੀਂ ਕਿਸੇ ਲੀਡਰ ਦੀਆਂ ਜੁੱਤੀਆਂ ਸਾਫ਼ ਕਰਦੇ ।"

ਮੈਂ ਕਿਹਾ," ਇਹ ਤਾਂ ਚਾਪਲੂਸੀ ਹੋ ਗਈ ਮੈਥੋਂ ਨਹੀਂ ਲੀਡਰਾਂ ਦੀਆਂ ਜੁੱਤੀਆਂ ਚੱਟੀਆਂ ਜਾਂਦੀਆਂ ।"

ਕਹਿਣ ਲੱਗੀ, " ਅੱਜ-ਕੱਲ੍ਹ ਚਾਪਲੂਸੀ ਦਾ ਜਮਾਨਾ ਹੈ ਤਰੱਕੀ ਉਹੀ ਕਰ ਸਕਦਾ ਹੈ ਜਿਹੜਾ ਅਫਸਰਾਂ ਅਤੇ ਲੀਡਰਾਂ ਦੀਆਂ ਜੁੱਤੀਆਂ ਚੱਟਦਾ ਹੈ ਲੋਕ ਚਾਪਲੂਸੀ ਕਰ ਕਰ ਕਿਤੇ ਦੀ ਕਿਤੇ ਪਹੁੰਚ ਗਏ ਤੇ ਤੁਸੀਂ ਉੱਥੇ ਦੇ ਉੱਥੇ ਹੀ ਬੈਠੇ ਹੋਂ ਜਿੰਨੀ ਤੁਸੀਂ ਤਨਖਾਹ ਲਿਆਉਣੇ ਹੋਂ ਉਸ ਨਾਲ ਤਾਂ ਬੁੱਲ੍ਹ ਵੀ ਨਹੀਂ ਲਿੱਬੜਦੇ ਮਹੀਨੇ ਦੀ ਪੰਦਰਾਂ ਤਰੀਕ ਆਉਂਦੇ ਆਉਂਦੇ ਤਨਖਾਹ ਦਾ ਭੋਗ ਪੈ ਜਾਂਦਾ ਹੈ, ਰਾਸ਼ਨ ਵਾਲੇ ਲਾਲੇ ਦੀਆਂ ਕਦੋਂ ਤੱਕ ਮਿੰਨਤਾਂ ਕਰੀ ਜਾਵਾਂਗੇ।"

ਮੈਂ ਕਿਹਾ, " ਲੈ ਚੁਗਲ ਕੌਰੇ ਜੇ ਤੂੰ ਕਹਿਨੀ ਹੈਂ ਤਾਂ ਮੈਥੋਂ ਜੁਤੀਆਂ ਤਾਂ ਨਹੀਂ ਚੱਟੀਆਂ ਜਾਂਣੀਆਂ ਪਰ ਕਿਸੇ ਜਲਸੇ ਜਲੂਸ ਵਿਚ ਲੀਡਰ ਦੇ ਜੁੱਤੀ ਜ਼ਰੂਰ ਮਾਰ ਸਕਦਾ ਹਾਂ।"

ਕਹਿੰਦੀ, " ਜੁੱਤੀ ਵੀ ਬੰਦੇ ਹੀ ਮਾਰਦੇ ਹਨ ਕਰੋ ਹਿੰਮਤ ਲੀਡਰ ਦੇ ਜੁੱਤੀ ਮਾਰਕੇ ਮਸ਼ਹੂਰ ਤਾਂ ਤੁਸੀਂ ਹੋ ਹੀ ਜਾਉਂਗੇ, ਚਲੋ ਲੀਡਰੀ ਨਾ ਸਹੀ ਕੋਈ ਚੰਗੀ ਨੌਕਰੀ ਤਾਂ ਕਿਤੇ ਗਈ ਨਹੀਂ।"

ਮੈਂ ਕਿਹਾ, " ਚੁਗਲ ਕੌਰੇ ਤੂੰ ਠੀਕ ਕਹਿਨੀ ਹੈਂ ਜੁੱਤੀ ਬਿਨਾ ਅੱਜ-ਕੱਲ੍ਹ ਕੰਮ ਨਹੀਂ ਚਲਦਾ ਸਭ ਜੁੱਤੀ ਦੇ ਯਾਰ ਹਨ ਦਿੱਲੀ ਵਿਚ ਪੁਲਿਸ ਅੱਜਕਲ ਉਪਰੇਸ਼ਨ ਸ਼ਿਸ਼ਟਾਚਾਰ ਚਲਾ ਰਹੀ ਹੈ।"

ਕਹਿਣ ਲੱਗੀ , "ਜੀ ਉਹ ਕਿਹੜਾ ਅਚਾਰ ਹੁੰਦਾ ਹੈ।"


ਮੈਂ ਕਿਹਾ, " ਪੁਲਿਸ ਦੀਆਂ ਬੁੜ੍ਹੀਆਂ ਅਤੇ ਬੰਦੇ ਸਾਦੀ ਵਰਦੀ ਵਿਚ ਭੀੜ ਭਾੜ ਵਾਲੀਆਂ ਥਾਂਵਾਂ ਤੇ ਘੁੱਮਦੇ ਫਿਰਦੇ ਹਨ ਜਿਹੜਾ ਕਿਸੇ ਕੁੜੀ ਨੂੰ ਛੇੜਦਾ ਹੈ ਉਸਨੂੰ ਨੱਪ ਲੈਂਦੇ ਹਨ ਤੇ ਜੁੱਤੀ ਨਾਲ ਉਸਦੀ ਭੁਗਤ ਸਵਾਰਦੇ ਹਨ ਅੱਜ-ਕੱਲ੍ਹ ਅਖ਼ਬਾਰ ਖ਼ਬਰਾਂ ਨਾਲ ਭਰੇ ਹੁੰਦੇ ਹਨ ਕਿ ਕੁੜੀ ਨੂੰ ਛੇੜਦੇ ਹੋਏ ਮਜਨੂੰ ਪਕੜਿਆ ਗਿਆ ਤੇ ਉਸਦੇ ਜੁੱਤੀਆਂ ਪਈਆਂ।"

ਕਹਿਣ ਲੱਗੀ, " ਪੁਲਿਸ ਵਾਲੇ ਭਾਵੇਂ ਜਿੰਨਾ ਮਰਜੀ ਅਚਾਰ ਪਾ ਲੈਣ ਜਿੰਨਾ ਚਿਰ ਬੰਦਿਆਂ ਦੀ ਸੋਚ ਨਹੀਂ ਬਦਲਦੀ ਉਨਾ ਚਿਰ ਸੁਧਾਰ ਨਹੀਂ ਹੋ ਸਕਦਾ ਤੇ ਮੈਨੂੰ ਨਹੀਂ ਲਗਦਾ ਬੰਦਿਆਂ ਦੀ ਸੋਚ ਬਦਲੇਗੀ, ਕੁੜੀਆਂ ਨੂੰ ਹੀ ਬਹਾਦਰ ਬਣਨਾ ਪਵੇਗਾ ਕੁੜੀਆਂ ਨੂੰ ਆਪਦੀ ਸੁਰੱਖਿਆ ਆਪ ਕਰਨੀ ਪਵੇਗੀ ਜਿੰਨਾ ਚਿਰ ਕੁੜੀਆਂ ਕਰਾਟੇ ਆਦਿ ਦੀ ਸਿੱਖਿਆ ਲੈਕੇ ਛੇੜਖਾਨੀ ਕਰਨ ਵਾਲਿਆਂ ਦੀ ਜੁੱਤੀਆਂ ਨਾਲ ਸੇਵਾ ਨਹੀਂ ਕਰਦੀਆਂ ਉਨਾ ਚਿਰ ਇਹ ਛੇੜ ਛਾੜ ਦਾ ਸਿਲਸਿਲਾ ਇਵੇਂ ਹੀ ਚੱਲੀ ਜਾਣਾ ਹੈ।

*ਬਾਕੀ ਹਿਸਾ ਸਫਾ 49 'ਤੇ ਪੜ੍ਹੋ*

# ਫੁੱਲਾਂ ਵਰਗੀ ਜ਼ਿੰਦਗੀ ਇਹ ਹੱਸ ਕੇ ਅਸੀਂ ਗੁਜ਼ਾਰੀ ਸਖਤ ਮਿਹਨਤਾਂ ਸਦਕਾ ਮਿੱਤਰੋ ! ਇੱਥੋਂ ਤੱਕ ਖੇਡੀ ਪਾਰੀ...

ਸਟੇਟ ਐਵਾਰਡੀ
**ਮਾਸਟਰ ਸੰਜੀਵ ਧਰਮਾਣੀ**
9478561356



ਕਈ ਇਨਸਾਨ ਇਸ ਦੁਨੀਆਂ ਵਿੱਚ ਫਰਿਸ਼ਤਿਆਂ ਵਾਂਗ ਹੁੰਦੇ ਨੇ, ਜੋ ਆਪਣੀ ਜ਼ਿੰਮੇਵਾਰੀ ਤੋਂ ਇਲਾਵਾ ਆਪਣੇ ਸਮਾਜ ਅਤੇ ਆਪਣੇ ਦੇਸ਼ ਲਈ ਆਪਣੇ ਜੀਵਨ ਦਾ ਇੱਕ-ਇੱਕ ਪਲ ਪੂਰੀ ਤਨਦੇਹੀ ਨਾਲ ਲੇਖੇ ਲਾ ਦਿੰਦੇ ਹਨ ਅਤੇ ਆਪਣੇ ਇਸੇ ਕਰਮਵਾਦੀ, ਸਿੱਧੇ-ਸਾਦੇ ਤੇ ਮਿਹਨਤੀ ਸੁਭਾਅ ਸਦਕਾ ਉਹ ਸਮਾਜ ਦੇ ਹਰ ਕੋਨੇ ਵਿੱਚ ਰਹਿੰਦੇ ਲੋਕਾਂ ਦੇ ਦਿਲਾਂ ਵਿੱਚ ਵੱਸ ਜਾਂਦੇ ਹਨ ਅਤੇ ਸਭ ਦੇ ਸਤਿਕਾਰ ਦਾ ਪਾਤਰ ਵੀ ਬਣਦੇ ਹਨ। ਅਜਿਹੇ ਹੀ ਫਰਿਸ਼ਤੇ-ਰੂਪੀ ਤੇ ਸਖ਼ਤ ਮਿਹਨਤ ਕਰਨ ਵਾਲ਼ੇ ਬੁੱਧੀਜੀਵੀਆਂ ਤੇ ਮਹਾਂਪੁਰਸ਼ਾਂ ਸਦਕਾ ਹੀ ਦੁਨੀਆ ਵਿੱਚ ਇਨਸਾਨੀਅਤ, ਪਰਉਪਕਾਰ ਤੇ ਕਿੱਤੇ ਪ੍ਰਤੀ ਲਗਨਸ਼ੀਲਤਾ ਬਾਰੇ ਸਕਾਰਾਤਮਕ ਤੇ ਉਸਾਰੂ ਭਾਵ ਲੋਕ - ਮਨਾਂ ਵਿੱਚ ਪੈਦਾ ਹੁੰਦੇ ਹਨ। ਅਜਿਹੀ ਹੀ ਮਹਾਨ ਸ਼ਖਸ਼ੀਅਤ ਅਤੇ ਸਮਾਜ ਸੇਵੀ ਪਰਉਪਕਾਰੀ ਇਨਸਾਨ ਹਨ : ਸ੍ਰ. ਜਤਿੰਦਰ ਸਿੰਘ ਜੀ। ਸ੍ਰ. ਜਤਿੰਦਰ ਸਿੰਘ ਜੀ ਪਿਛਲੇ ਲਗਭਗ 16-17 ਸਾਲ ਤੋਂ ਧਾਰਮਿਕ, ਇਤਿਹਾਸਕ ਤੇ ਪਾਵਨ-ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ (ਜ਼ਿਲ੍ਹਾ ਰੂਪਨਗਰ ) ਦੇ ਖੇਤਰ ਵਿੱਚ ਜਾਣੇ-ਪਹਿਚਾਣੇ ਅਤੇ ਕਰਮਸ਼ੀਲ ਸ਼ਖਸ਼ੀਅਤ ਹਨ, ਜੋ ਕਿ ਉਪ-ਮੰਡਲ ਮੈਜਿਸਟਰੇਟ (ਐਸ.ਡੀ.ਐਮ.) ਤਹਿਸੀਲ ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੂਪਨਗਰ ਦੇ ਦਫਤਰ ਵਿਖੇ ਇੱਕ ਸਤੰਬਰ 2006 ਤੋਂ ਨਿਰੰਤਰ ਲਗਨਸ਼ੀਲਤਾ ਨਾਲ਼ ਆਪਣੀ ਸੇਵਾ ਬਤੌਰ ਜੂਨੀਅਰ ਅਸਿਸਟੈਂਟ ਨਿਭਾਅ ਰਹੇ ਹਨ। ਪਿੰਡ ਡੂਮੇਵਾਲ, ਜ਼ਿਲ੍ਹਾ ਰੂਪਨਗਰ ਦੇ ਜੰਮਪਲ ਪਿਤਾ ਸ੍ਰ. ਸਵਰਨਜੀਤ ਸਿੰਘ ਜੀ ਅਤੇ ਮਾਤਾ ਸ੍ਰੀਮਤੀ ਸੁਰਿੰਦਰ ਕੌਰ ਜੀ ਦੇ ਸਪੁੱਤਰ ਸ੍ਰ. ਜਤਿੰਦਰ ਸਿੰਘ ਬਚਪਨ ਤੋਂ ਹੀ ਆਪਣੀ ਪੜ੍ਹਾਈ ਤੇ ਕੰਮ ਪ੍ਰਤੀ ਲਗਨਸ਼ੀਲ ਤੇ ਮਿਹਨਤੀ ਰਹੇ। ਉਹਨਾਂ ਨੇ ਆਪਣੀ ਮੁੱਢਲੀ ਪੜ੍ਹਾਈ ਸੀਨੀਅਰ ਸੈਕੰਡਰੀ ਸਕੂਲ ਝੱਜ ਤੋਂ ਪ੍ਰਾਪਤ ਕੀਤੀ। ਆਪਣੀ ਸਰਕਾਰੀ ਨੌਕਰੀ ਨਗਰ ਕੌਂਸਲ ਨੰਗਲ ਡੈਮ, ਜ਼ਿਲ੍ਹਾ ਰੂਪਨਗਰ ਵਿਖੇ ਬਤੌਰ ਚੁੰਗੀ ਕਲਰਕ ਦੇ ਤੌਰ 'ਤੇ 1999 ਤੋਂ ਸ਼ੁਰੂ ਕੀਤੀ ਤੇ ਫਿਰ ਸਤੰਬਰ 2006 ਤੋਂ ਸ੍ਰੀ ਅਨੰਦਪੁਰ ਸਾਹਿਬ ਵਿੱਚ ਉਪ ਮੰਡਲ ਮੈਜਿਸਟਰੇਟ ਦੇ ਦਫਤਰ ਵਿਖੇ ਸੇਵਾ ਕਰਦੇ ਆ ਰਹੇ ਹਨ। ਆਪਣੇ ਨਾਮ ਮੁਤਾਬਿਕ ਸੱਚਮੁੱਚ ਹੀ ਉਹਨਾਂ ਨੇ ਆਪਣੀ ਦਿਨ - ਰਾਤ ਲਗਨਮਈ ਨਿਰੰਤਰ ਸਿਰਤੋੜ ਮਿਹਨਤ ਕਰਕੇ ਨਾ ਕੇਵਲ ਆਪਣੇ ਕਾਰਜ ਖੇਤਰ, ਬਲਕਿ ਇਲਾਕੇ ਦੇ ਸਮੁੱਚੇ ਇਲਾਕੇ ਵਿੱਚ ਨਾਮਣਾ ਵੀ ਖੱਟਿਆ ਹੈ ਤੇ ਆਪਣੀ



ਲਿਆਕਤ ਨਾਲ਼ ਤੇ ਮਿਹਨਤ ਕਰਕੇ ਸਭ ਦਾ ਦਿਲ ਜਿੱਤਿਆ ਹੈ। ਉਨ੍ਹਾਂ ਦੀ ਇਸੇ ਲਗਨ, ਕੰਮ ਤੇ ਸਮਾਜ ਪ੍ਰਤੀ ਸਮਰਪਣ ਨੂੰ ਦੇਖਦੇ ਹੋਏ ਉਹਨਾਂ ਨੂੰ ਤਹਿਸੀਲ ਪੱਧਰ 'ਤੇ ਅਣਗਿਣਤ ਵਾਰ ਸਨਮਾਨਿਤ ਵੀ ਕੀਤਾ ਜਾ ਚੁੱਕਾ ਅਤੇ ਜ਼ਿਲ੍ਹਾ ਪੱਧਰ 'ਤੇ ਵੀ ਡਿਪਟੀ ਕਮਿਸ਼ਨਰ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਆਪਣੇ ਕਰਮਵਾਦੀ ਸੁਭਾਅ ਦੇ ਨਾਲ਼ - ਨਾਲ਼ ਸ੍ਰ. ਜਤਿੰਦਰ ਸਿੰਘ ਜੀ ਬਹੁਤ ਮਿੱਠੇ, ਹਲੀਮੀ ਭਰੇ, ਠਰੰਮੇ ਵਾਲ਼ੇ ਤੇ ਸਹਿਣਸ਼ੀਲ ਸੁਭਾਅ ਦੇ ਮਾਲਕ ਹਨ। ਇਹ ਗੱਲ ਉਹਨਾਂ ਲਈ ਸੋਨੇ 'ਤੇ ਸੁਹਾਗੇ ਵਾਂਗ ਸ਼ੋਭਦੀ ਵੀ ਹੈ। ਆਪਣੇ ਜੀਵਨ ਤਜਰਬਿਆਂ ਅਨੁਸਾਰ ਅੱਜ ਦੇ ਨੌਜਵਾਨਾਂ ਨੂੰ ਉਹ ਇਹੋ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਕਰਮ ਹੀ ਪੂਜਾ ਹੈ ਤੇ ਸਾਨੂੰ ਮਿਹਨਤ ਕਰਨੀ ਚਾਹੀਦੀ ਹੈ। ਉਨ੍ਹਾਂ ਦੇ ਅਨੁਸਾਰ ਕਰਮ ਕਰਕੇ ਹੀ ਮੰਜ਼ਿਲ 'ਤੇ ਪਹੁੰਚਿਆ ਜਾ ਸਕਦਾ ਹੈ ਅਤੇ ਹਰ ਮੈਦਾਨ ਫਤਹਿ ਕੀਤਾ ਜਾ ਸਕਦਾ ਹੈ ਤੇ ਚੰਗੇ ਕਰਮ ਕਰਕੇ ਹੀ ਮਾਣ-ਇੱਜਤ ਵੀ ਪ੍ਰਾਪਤ ਹੁੰਦੀ ਹੈ। ਸ੍ਰ. ਜਤਿੰਦਰ ਸਿੰਘ ਜੀ ਅਕਸਰ ਆਖਦੇ ਹਨ ਕਿ ਜਦੋਂ ਤੱਕ ਸਾਡੇ ਮਨ ਅੰਦਰ ਮਿਹਨਤ ਕਰਨ ਦਾ ਜਜ਼ਬਾ ਅਤੇ ਲਗਨ ਪੈਦਾ ਨਹੀਂ ਹੁੰਦੀ, ਉਦੋਂ ਤੱਕ ਅਸੀਂ ਵੱਡੀਆਂ ਮੰਜਿਲਾਂ ਸਰ ਨਹੀਂ ਕਰ ਸਕਦੇ। ਸੱਚਮੁੱਚ ! ਅਜਿਹੇ ਫਰਿਸ਼ਤੇ-ਰੂਪੀ ਲਗਨਸ਼ੀਲ, ਮਿੱਠ- ਬੋਲੜੇ, ਸਹਿਣਸ਼ੀਲ ਤੇ ਪਿਆਰੇ ਇਨਸਾਨ ਲਈ ਹਰ ਕਿਸੇ ਦੇ ਦਿਲੋ-ਦਿਮਾਗ ਵਿੱਚ ਪਿਆਰ ਤੇ ਸਤਿਕਾਰ - ਭਾਵ ਅਤੇ ਖਾਸ ਜਗ੍ਹਾ ਹੈ। ਸ੍ਰ. ਜਤਿੰਦਰ ਸਿੰਘ ਜੀ ਜਿਹੇ ਪਰਉਪਕਾਰੀ ਤੇ ਤਨ ਮਨ ਧਨ ਨਾਲ਼ ਆਪਣੇ ਕੰਮ ਤੇ ਸਮਾਜ ਦੇ ਪ੍ਰਤੀ ਸਮਰਪਿਤ ਮਹਾਂਪੁਰਖ ਹੀ ਸਮਾਜ ਅਤੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਹਨ। ਪਰਮਾਤਮਾ ਉਹਨਾਂ ਨੂੰ ਤੇ ਉਹਨਾਂ ਦੇ ਪਿਆਰੇ ਜਿਹੇ ਪਰਿਵਾਰ ਨੂੰ ਜੀਵਨ ਦੀ ਹਰ ਖੁਸ਼ੀ ਅਤੇ ਤੰਦਰੁਸਤੀ ਦੇਵੇ ਅਤੇ ਉਹ ਇਸੇ ਤਰ੍ਹਾਂ ਸਮਾਜ ਅਤੇ ਦੇਸ਼ ਦੀ ਨਿਰੰਤਰ ਸੇਵਾ ਕਰਦੇ ਰਹਿਣ। ਉਹਨਾਂ ਲਈ ਇਹ ਕਹਿਣਾ ਬਣਦਾ ਹੈ,

"ਮਿਟਾ ਦੇ ਆਪਣੀ ਹਸਤੀ ਕੋ
ਗਰ ਕੁਛ ਮਰਤਬਾ ਚਾਹੀਏ
ਕਿ ਦਾਨਾ ਖਾਕ ਮੇ ਮਿਲ ਕਰ
ਗੁਲ-ਏ-ਗੁਲਜਾਰ ਹੋਤਾ ਹੈ।"

## ਮਿੰਨੀ ਕਹਾਣੀ-ਦੇਸ਼ ਪਹਿਲਾਂ ਆਪਾਂ ਪਿੱਛੋਂ

"ਮੈਥੋਂ ਨਹੀਂ ਹੁਣ ਦਿਹਾੜੀ-ਜੋਤਾ ਨਹੀਂ ਹੁੰਦਾ, ਸਰੀਰ ਹੀ ਸਾਥ ਨਹੀਂ ਦਿੰਦਾ।" ਸ਼ਾਮ ਵੇਲੇ ਬੰਤਾ ਘਰ ਦੇ ਅੰਦਰ ਵੜਦਿਆਂ ਹੀ ਬੋਲਿਆ। "ਪਰ ਜੀ ਘਰ ਦਾ ਗੁਜ਼ਾਰਾ ਕਿਵੇਂ ਹੋਵੇਗਾ ?" ਬੰਤੇ ਦੀ ਘਰਵਾਲੀ ਨੇ ਪੁੱਛਿਆ। "ਇਹਨੂੰ ਕਹਿ ਜੇ ਨੌਕਰੀ ਵਗੈਰਾ ਨਹੀਂ ਮਿਲਦੀ ਤਾਂ ਸ਼ਹਿਰ ਜਾ ਕੇ ਦਿਹਾੜੀ ਹੀ ਕਰ ਲਵੇ, ਸਾਰਾ ਦਿਨ ਟੀ.ਵੀ. ਅੱਗੇ ਹੀ ਬੈਠਾ ਰਹਿੰਦਾ ਹੈ, ਮੈਂ ਤਾਂ ਆਪਣੀ ਸਾਰੀ ਕਮਾਈ ਇਸ ਦੀ ਪੜ੍ਹਾਈ 'ਤੇ ਹੀ ਲਾ ਦਿੱਤੀ।" ਬੰਤੇ ਨੇ ਆਪਣੇ ਪੁੱਤਰ ਵੱਲ ਇਸ਼ਾਰਾ ਕਰ ਕੇ ਕਿਹਾ। "ਏਨਾ ਪੜ੍ਹਾ ਲਿਖਾ ਕੇ ਹੁਣ ਇਸ ਤੋਂ ਕੀ ਦਿਹਾੜੀਆਂ ਕਰਾਓਗੇ ?" ਬੰਤੇ ਦੀ ਘਰਵਾਲੀ ਨੇ ਨੱਕ ਚੜ੍ਹਾਉਂਦੇ ਹੋਏ ਪੁੱਛਿਆ। ਉਨ੍ਹਾਂ ਦਾ ਪੁੱਤਰ ਨਿੰਦਰ ਵੀ ਇਹ ਸਭ ਕੁਝ ਸੁਣ ਰਿਹਾ ਸੀ, ਜੋ ਦੋ ਸਾਲਾਂ ਤੋਂ ਡਿਗਰੀ ਕਰ ਕੇ ਵਿਹਲਾ ਹੀ ਸੀ।

"ਬਾਪੂ, ਮੈਂ ਏਨਾ ਪੜ੍ਹ ਲਿਖ ਕੇ ਹੁਣ ਦਿਹਾੜੀਆਂ ਕਰਾਂਗਾ ?" ਨਿੰਦਰ ਵੀ ਬੋਲਿਆ। "ਅਗਰ ਏਨਾ ਹੀ ਅਫ਼ਸਰ ਬਣਨ ਦਾ ਸ਼ੌਕ ਹੈ ਤਾਂ ਫ਼ੌਜ ਵਿੱਚ ਭਰਤੀ ਕਿਉਂ ਨਹੀਂ ਹੋ ਜਾਂਦਾ ? ਸੂਬੇਦਾਰ ਵਗੈਰਾ ਤਾਂ ਬਣ ਹੀ ਜਾਵੇਂਗਾ।" "ਨਾ ਨਿੰਦਰ ਦੇ ਬਾਪੂ ! ਮੈਂ ਨਹੀਂ ਭੇਜਣਾ ਫ਼ੌਜ ਵਿੱਚ ਮਰਨ ਲਈ, ਸੁੱਖ ਨਾਲ ਮੇਰਾ ਇੱਕੋ ਇੱਕ ਪੁੱਤ ਹੈ, ਬਾਰਡਰ 'ਤੇ ਤਾਂ ਰੋਜ਼ ਹੀ ਲੜਾਈ ਲੱਗੀ ਰਹਿੰਦੀ ਹੈ, ਰੋਜ਼ ਹੀ ਕੋਈ ਨਾ ਕੋਈ ਮਰਦਾ ਹੈ।" ਨਿੰਦਰ ਦੀ ਮਾਂ ਘਬਰਾ ਗਈ ਸੀ। "ਉਹ ਵੀ ਤਾਂ ਕਿਸੇ ਨਾ ਕਿਸੇ ਮਾਂ ਦੇ ਪੁੱਤ ਨੇ ਜਿਹੜੇ ਦੇਸ਼ ਦੀ ਰਾਖੀ ਲਈ ਬਾਰਡਰ 'ਤੇ ਲੜਦੇ ਨੇ।" ਨਿੰਦਰ ਦੇ ਬਾਪੂ ਨੇ ਜਵਾਬ ਦਿੱਤਾ। "ਮੈਨੂੰ ਨਹੀਂ ਪਤਾ, ਬਸ ਮੈਂ ਨਿੰਦਰ ਨੂੰ ਫ਼ੌਜ ਵਿੱਚ ਨਹੀਂ ਜਾਣ ਦੇਣਾ, ਭਾਵੇਂ ਕੁਝ ਵੀ ਹੋ ਜਾਵੇ।" ਨਿੰਦਰ ਦੀ ਮਾਂ ਨੇ ਆਖ਼ਰੀ ਫ਼ੈਸਲਾ ਸੁਣਾ ਦਿੱਤਾ ਸੀ। "ਨਿੰਦਰ ਦੀ ਮਾਂ ! ਜੇ ਹਰ ਮਾਂ ਆਪਣੇ ਪੁੱਤ ਨੂੰ ਫ਼ੌਜ ਵਿੱਚ ਭੇਜਣ ਤੋਂ ਮਨ੍ਹਾਂ ਕਰਨ ਲੱਗੀ ਤਾਂ ਦੇਸ਼ ਦਾ ਕੀ ਹੋਵੇਗਾ ? ਜੇ ਦੇਸ਼ ਹੈ ਤਾਂ ਆਪਾਂ ਹਾਂ।" "ਹਾਂ ਬਾਪੂ, ਦੇਸ਼ ਪਹਿਲਾਂ ਆਪਾਂ ਪਿੱਛੋਂ, ਹੁਣ ਮੈਂ ਜ਼ਰੂਰ ਹੀ ਫ਼ੌਜ ਵਿੱਚ ਭਰਤੀ ਹੋਵਾਂਗਾ। ਤੁਸੀਂ ਫ਼ਿਕਰ ਨਾ ਕਰੋ।" ਇਹ ਕਹਿ ਕੇ ਨਿੰਦਰ ਲੱਗ ਗਿਆ ਕਸਰਤ ਕਰਨ। ਪੁੱਤ ਦਾ ਜੋਸ਼ ਦੇਖ ਕੇ ਮਾਂ ਕੁਝ ਵੀ ਨਾ ਬੋਲ ਸਕੀ ਸੀ।- ਨਾਇਬ ਸਿੰਘ ਸੈਂਪਲੇ

48 ਸਫੇ ਦੀ ਬਾਕੀ

ਮੈਨੂੰ ਇਕ ਹੋਰ ਗੱਲ ਦੀ ਸਮਝ ਨਹੀਂ ਆਉਂਦੀ ਬਈ ਰਾਂਝਾ, ਮਹੀਵਾਲ ਫਰਹਾਦ ਅਤੇ ਰੋਮੀਉ ਇਨ੍ਹਾਂ ਚੋਂ ਕਿਸੇ ਨੂੰ ਕੁੱਟ ਨਹੀਂ ਪੈਂਦੀ, ਵਿਚਾਰੇ ਮਜਨੂੰ ਦੇ ਰੋਜ ਕੁੱਟ ਪੈਂਦੀ ਹੈ, ਮਜਨੂੰ ਨੂੰ ਤਾਂ ਜੀ ਮਰੇ ਨੂੰ ਵੀ ਵਰ੍ਹੇ ਬੀਤ ਗਏ ਵਿਚਾਰਾ ਲੈਲਾ ਲੈਲਾ ਕਰਦਾ ਮਰ ਗਿਆ ਕਿਤੇ ਫੇਰ ਤਾਂ ਨਹੀਂ ਜੀਂਦਾ ਹੋ ਗਿਆ।"

ਮੈਂ ਕਿਹਾ, " ਤੂੰ ਠੀਕ ਕਹਿਨੀ ਹੈਂ ਉਸਨੂੰ ਵਿਚਾਰੇ ਨੂੰ ਮਰੇ ਨੂੰ ਕਈ ਵਰ੍ਹੇ ਬੀਤ ਗਏ ਹਨ ਪਰ ਕੁਝ ਸੜਕ ਛਾਪ ਆਸ਼ਕਾਂ ਨਾਲ ਮਜਨੂੰ ਦਾ ਨਾਂ ਜੋੜਕੇ ਇਹ ਅਖ਼ਬਾਰਾਂ ਵਾਲੇ ਇਵੇਂ ਵਿਚਾਰੇ ਮਜਨੂੰ ਨੂੰ ਬਦਨਾਮ ਕਰ ਰਹੇ ਹਨ ਮਜਨੂੰ ਵਰਗੇ ਸੱਚੇ ਆਸ਼ਕਾਂ ਨੂੰ ਚਾਹੀਦਾ ਹੈ ਅਖ਼ਬਾਰਾਂ ਦੇ ਦਫਤਰਾਂ ਵਿਚ ਜਾਕੇ ਮਜਨੂੰ ਦੇ ਖਿਲਾਫ਼ ਲਿਖਣ ਵਾਲਿਆਂ ਨੂੰ ਜੁੱਤੀ ਨਾਲ ਸਮਝਾਉਂਣ।"

ਜੁੱਤੀ ਨੂੰ ਯਾਦ ਕਰਕੇ ਚੁਗਲ ਕੌਰ ਕਹਿਣ ਲੱਗੀ, " ਆਪਣਾ ਵਾਅਦਾ ਯਾਦ ਹੈ ਨਾ ।"

ਮੈਂ ਕਿਹਾ," ਕਿਹੜਾ ਵਾਅਦਾ ।"

ਕਹਿਣ ਲੱਗੀ," ਤੁਹਾਡੀ ਯਾਦਾਸ਼ਤ ਨੂੰ ਪਤਾ ਨਹੀਂ ਕੀ ਹੁੰਦਾ ਜਾਂਦਾ ਹੈ ਬੜੀ ਜਲਦੀ ਗੱਲ ਨੂੰ ਭੁੱਲ ਜਾਨੇ ਹੋਂ ਲੈ ਮੈਂ ਯਾਦ ਕਰਾਂਉਣੀ ਹਾਂ ਅੱਜ ਲੀਡਰ ਨੇ ਵੋਟਾਂ ਮੰਗਣ ਆਉਣੈ ਅੱਜ ਮੌਕਾ ਹੈ ਜੁੱਤੀ ਚਲਾਉਣ ਦਾ।"

ਮੈਂ ਕਿਹਾ," ਜੇ ਪਕੜਿਆ ਗਿਆ ਫੇਰ ਕੀ ਬਣੂੰ।"

ਕਹਿਣ ਲੱਗੀ, " ਜਿਹੋ ਜਿਹਾ ਨਾਂ ਹੈ ਉਹੋ ਜਿਹੇ ਤੁਸੀਂ ਹੋ, ਰਹੇ ਨਾ ਦਲਿੱਦਰ ਦੇ ਦਲਿੱਦਰ ਰਹਿਣ ਦਿਉ ਤੁਹਾਡੇ ਤੋਂ ਇਹ ਕੰਮ ਨਹੀ ਹੋਣਾ ਤੁਸੀਂ ਤਾਂ ਡਰਪੋਕ ਹੀ ਬੜੇ ਹੋਂ।"

ਧਰਮ ਪਤਨੀ ਵੱਲੋਂ ਚਿਤਾਵਨੀ ਮਿਲਣ ਤੋਂ ਬਾਅਦ ਮੈਨੂੰ ਵੀ ਜੋਸ਼ ਆ ਗਿਆ ਤੇ ਮੈਂ ਕਿਹਾ, " ਚੁਗਲ ਕੌਰੇ ਮੈਨੂੰ ਇੰਨਾ ਡਰਪੋਕ ਨਾ ਸਮਝ, ਲੈ ਮੈਂ ਵੀ ਅੱਜ ਤੈਨੂੰ ਲੀਡਰ ਦੇ ਜੁੱਤੀ ਮਾਰ ਕੇ ਦਖਾਉਂ।"

ਘਰਵਾਲੀ ਦੀ ਚਿਤਾਵਨੀ ਸਵਿਕਾਰ ਕਰਦੇ ਹੋਏ ਉੱਥੇ ਪਹੁੰਚ ਗਿਆ ਜਿੱਥੇ ਲੀਡਰ ਭਾਸ਼ਨ ਦੇ ਰਿਹਾ ਸੀ ਚੁਗਲ ਕੌਰ ਇਹ ਕਹਿਕੇ ਮੇਰੇ ਨਾਲ ਚੱਲ ਪਈ ਕਿ ਮੈਂ ਕਿਤੇ ਆਪਣਾ ਇਰਾਦਾ ਹੀ ਨਾਂ ਬਦਲ ਲਵਾਂ ਅਤੇ ਉਹ ਪਿੱਛੇ ਖੜੀ ਹੋਕੇ ਹੱਲਾ ਸ਼ੇਰੀ ਦਿੰਦੀ ਰਹੀ ਮੈਂ ਡਰ ਵੀ ਰਿਹਾ ਸੀ ਤੇ ਮੈਂ ਪਸੀਨੋ ਪਸੀਨੀ ਹੋਇਆ ਖੜਾ ਸੀ ,ਹਾਲੇ ਸੋਚ ਹੀ ਰਿਹਾ ਸੀ ਕਿ ਜੁੱਤੀ ਮਾਰਾਂ ਜਾਂ ਨਾ ਮਾਰਾਂ,

ਮੈਨੂੰ ਕਹਿਣ ਲੱਗੀ, " ਮੈਨੂੰ ਪਤਾ ਸੀ ਤੁਸੀਂ ਜੁੱਤੀ ਨਹੀਂ ਮਾਰ ਸਕਣੀ ਲਿਆਉ ਮੈਨੂੰ ਪਕੜਾਓ।"

ਤੇ ਉਸਨੇ ਮੇਰੇ ਹਥੋਂ ਜੁੱਤੀ ਖੋਹਕੇ ਜਿਉਂ ਹੀ ਲੀਡਰ ਦੇ ਮਾਰੀ ਜੁੱਤੀ ਠਾਹ ਕਰਕੇ ਲੀਡਰ ਦੇ ਸਿਰ ਚ' ਵੱਜੀ ਉਹ ਬੌਂਦਲ ਕੇ ਡਿੱਗ ਪਿਆ ਸਾਰੇ ਪਾਸੇ ਤੜਥੱਲੀ ਮੱਚ ਗਈ ਪੁਲਿਸ ਨੇ ਮੈਨੂੰ ਜੱਫਾ ਪਾ ਲਿਆ ਚੁਗਲ ਕੌਰ ਦਾ ਪਤਾ ਹੀ ਨਹੀਂ ਸੀ ਕਿੱਧਰ ਪਤਰਾ ਵਾਚ ਗਈ ਸੀ। ਮੈਂ ਪੁਲਿਸ ਨੂੰ ਲੱਖ ਕਿਹਾ ਕਿ ਮੈਂ ਜੁੱਤੀ ਨਹੀਂ ਮਾਰੀ।

ਕਹਿਣ ਲੱਗੇ, " ਜੇ ਤੂੰ ਜੁੱਤੀ ਨਹੀਂ ਮਾਰੀ ਤਾਂ ਦਿਖਾ ਤੇਰੀ ਦੂਜੀ ਜੁੱਤੀ ਕਿੱਥੇ ਹੈ।"


ਤੇ ਪੁਲਿਸ ਵਾਲਿਆਂ ਨੇ ਇਕ ਤਾਂ ਮੇਰੀਆਂ ਦੋਵੇਂ ਜੁੱਤੀਆਂ ਮਿਲਾ ਲਈਆਂ ਤੇ ਦੂਜੇ ਮਾਰ ਮਾਰ ਮੇਰੀ
ਉਤਲੀ ਉਤਲੀ ਚਮੜੀ ਉਧੇੜ ਦਿੱਤੀ।

ਪੁਲਿਸ ਸਟੇਸ਼ਨ ਤੇ ਮਿਲਣ ਆਈ ਚੁਗਲ ਕੌਰ ਨੂੰ ਮੈਂ ਕਿਹਾ, " ਤੈਨੂੰ ਕਿਹਾ ਸੀ ਨਾ ਪੁਲਿਸ ਨੇ ਪਕੜ ਲੈਣਾ ਹੈ, ਨਾਲੇ ਇਹ ਦੱਸ ਜੁੱਤੀ ਮਾਰ ਕੇ ਕਿੱਧਰ ਨੂੰ ਭੱਜ ਗਈ ਸੀ।"

ਕਹਿਣ ਲੱਗੀ," ਜੀ ਜੇ ਮੈਂ ਵੀ ਪਕੜੀ ਜਾਂਦੀ ਤਾਂ ਪੁਲਿਸ ਵਾਲਿਆਂ ਨੇ ਮੈਨੂੰ ਵੀ ਛਿੱਲ ਦੇਣਾ ਸੀ, ਕਮ- ਅਜ- ਕਮ ਮੈਂ ਤਾਂ ਕੁੱਟ ਤੋਂ ਬਚ ਗਈ ਨਾਲੇ ਦੋਨੋਂ ਪਕੜੇ ਜਾਂਦੇ ਤਾਂ ਤੁਹਾਡੀ ਜਮਾਨਤ ਕੌਣ ਕਰਾਉਂਦਾ ।"

ਮੈਂ ਕਿਹਾ, "ਜਮਾਨਤ ਦੀ ਗੱਲ ਤਾਂ ਇਕ ਪਾਸੇ ਮੈਨੂੰ ਤਾਂ ਪੁਲਿਸ ਵਾਲਿਆਂ ਨੇ ਤੁਰਨ ਜੋਗਾ ਨਹੀਂ ਛੱਡਿਆ ਮੇਰੀ ਤਾਂ ਨੌਕਰੀ ਦਾ ਵੀ ਭੋਗ ਪੈਂਦਾ ਲਗਦਾ ਹੈ, ਜਲਦੀ ਕੋਈ ਜਮਾਨਤ ਦਾ ਇੰਤਜ਼ਾਮ ਕਰ।"

ਘਰਵਾਲੀ ਵੱਲੋਂ ਲੀਡਰ ਦੇ ਜੁੱਤੀ ਮਾਰਨ ਦਾਂ ਇਹ ਨਤੀਜਾ ਨਿਕਲਿਆ ਅਸੀਂ ਜੇਹਲ ਚ ਬੈਠੇ ਨਾਲੇ ਤਾਂ ਪੁਲਿਸ ਦੀਆਂ ਰੋਜਾਨਾ ਜੁੱਤੀਆਂ ਖਾਨੇ ਹਾਂ, ਅਤੇ ਨਾਲੇ ਚੁਗਲ ਕੌਰ ਦੀ ਉਡੀਕ ਕਰਦੇ ਰਹਿਨੇ ਐਂ ਕਿ ਉਹ ਵਕੀਲ ਨੂੰ ਲੈਕੇ ਸਾਡੀ ਜਮਾਨਤ ਕਰਾਉਣ ਵਾਸਤੇ ਕਦੋਂ ਆਉਗੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

**Respectable Jatt Sikh family seek a suitable match for their canadian Born and British citizen son. He is 31 years old, 5'11" tall, education Bsc Mathematics and runs his own Business, Girl should be from UK Jatt Sikh family. Work Permit Holder considerable. Please contact UK Times between 8am to 8pm on Mobile: 07723 369240 or reply to ref. 881 (3025)**

**Respectable jat sikh family seeks suitable match for their 40 yr beautiful daughter who has never been married. She's 5'5" and has LLB, LLM from Panjab university, Chandigarh. Presently doing a professional law course in London. Looking for a professionally qualified and settled boy from a good family. For further details please reply to ref. 880 (3020)**

**UK born Jatt Sikh boy aged 28 years old, height 5ft 8' working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3024)**

**Respectable Ramgarhia Sikh family seeking a suitable match for their British born son, degree holder in computer science, working. 39 years old, 6' tall, wears a turban and vegetarian. Girl should be vegetarian, born in the UK and degree holder. For more information contact 07505 127926. for further details or reply to ref. 879 (3020)**

**Respectable Jat Sikh Family seeks a suitable match for their beautiful 44 year old daughter. She has a Masters Degree and is employed by a large organisation in a professional role, in the midland area. She is 5'6", sincere, caring. Ideal match should be british born, clean shaven and working in a graduate role. Please call 07931 577645 or email tsj@mail.com for further details or reply to ref. 874 (3018)**

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**

# ਅਮਰੀਕਾ ਵਿਚ ਅਗਵਾ ਦਾ ਨਾਟਕ ਕਰਨ ਵਾਲੀ ਔਰਤ ਨੂੰ ਨਹੀਂ ਜਾਣਾ ਪਵੇਗਾ ਜੇਲ

*** ਪ੍ਰਸ਼ਾਸਨਿਕ ਨਿਗਰਾਨੀ ਹੇਠ ਕਟਣਾ ਪਵੇਗਾ ਇਕ ਸਾਲ ਤੇ ਦੇਣਾ ਪਵੇਗਾ 17000 ਡਾਲਰ ਤੋਂ ਵਧ ਦਾ ਮੁਆਵਜਾ**

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਹੂਵਰ ਸ਼ਹਿਰ (ਅਲਾਬਾਮਾ) ਦੀ ਕਾਰਲੀ ਰਸਲ ਨਾਮੀ ਔਰਤ ਜਿਸ ਨੇ ਪਿਛਲੇ ਸਾਲ ਖੁਦ ਹੀ ਅਗਵਾ ਦਾ ਨਾਟਕ ਰਚਿਆ ਸੀ ਨੇ ਅਦਾਲਤ ਵਿਚ ਆਪਣਾ ਦੋਸ਼ ਮੰਨ ਲਿਆ ਤੇ ਮੁਆਫੀ ਮੰਗੀ। ਅਦਾਲਤ ਵਿਚ ਕਾਰਲੀ ਰਸਲ ਨੇ ਕਿਹਾ ਕਿ '' ਮੈ ਜਦੋਂ ਵੱਖ ਵੱਖ ਭਾਵਨਾਤਮਿਕ ਤੇ ਪ੍ਰੇਸ਼ਾਨੀ ਵਾਲੇ ਮੁੱਦਿਆਂ ਦਾ ਸਾਹਮਣਾ ਕਰ ਰਹੀ ਸੀ ਤਾਂ ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋਈ ਹੈ। ਮੈ ਬਹੁਤ ਨਾਕਾਰਾਤਮਿਕ ਦੌਰ ਵਿਚੋਂ ਲੰਘ ਰਹੀ ਸੀ। ਮੈ ਆਪਣੇ ਪਰਿਵਾਰ, ਆਪਣੇ ਚਰਚ ਪਰਿਵਾਰ, ਮਿੱਤਰਾਂ-ਦੋਸਤਾਂ, ਭਾਈਚਾਰੇ ਤੇ ਉਨਾਂ ਸਾਰਿਆਂ ਜੋ ਮੈਨੂੰ ਲੱਭਣ ਲਈ ਸਿੱਧੇ 'ਤੌਰ 'ਤੇ ਸ਼ਾਮਿਲ ਸਨ, ਨੂੰ ਦਿੱਤੇ ਦੁੱਖ ਤੇ ਸ਼ਰਮਿੰਦਗੀ ਲਈ ਜਿੰਮੇਵਾਰ ਹਾਂ ਤੇ ਇਸ ਲਈ ਮੁਆਫੀ ਮੰਗਦੀ ਹਾਂ।'' ਜੱਜ ਨੇ ਉਸ ਨੂੰ ਇਕ ਸਾਲ ਨਿਗਰਾਨੀ ਹੇਠ ਰਹਿਣ ਦੀ ਸਜ਼ਾ ਸੁਣਾਈ ਤੇ ਇਸ ਤੋਂ ਇਲਾਵਾ 100 ਘੰਟੇ ਸਮਾਜ ਸੇਵਾ ਕਰਨ ਤੇ ਸਿਟੀ ਆਫ ਹੂਵਰ, ਅਲਬਾਮਾ ਨੂੰ 17974 ਡਾਲਰ ਦੀ ਮੁਆਵਜੇ ਵਜੋਂ ਅਦਾਇਗੀ ਕਰਨ ਦਾ ਆਦੇਸ਼ ਦਿੱਤਾ। ਜੱਜ ਨੇ ਕਿਹਾ ਕਿ ਮਾਨਸਿਕ ਹਾਲਤ ਸਬੰਧੀ ਡਾਕਟਰੀ ਇਲਾਜ਼ ਉਸ ਦੇ ਪ੍ਰੋਬੇਸ਼ਨ ਸਮੇ ਦੀ ਸ਼ਰਤ ਹੈ ਤੇ ਇਸ ਨੂੰ ਜਾਰੀ ਰਖਣਾ ਪਵੇਗਾ। ਜੁਲਾਈ 2023 ਵਿਚ ਭੇਦਭਰੇ ਹਾਲਾਤ ਵਿਚ ਲਾਪਤਾ ਹੋਣ ਤੋਂ ਬਾਅਦ ਰਸਲ ਚਰਚਾ ਵਿਚ ਆਈ ਸੀ।



**ਹੂਵਰ ਮਿਊਂਸਪਲ ਕੋਰਟ ਵਿਚ ਪੇਸ਼ੀ ਸਮੇ ਦੀ ਕਾਰਲੀ ਰਸਲ ਦੀ ਇਕ ਪੁਰਾਣੀ ਤਸਵੀਰ**

ਉਸ ਦੇ ਲਾਪਤਾ ਹੋਣ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਨੇ ਉਸ ਦੀ ਕਾਰ ਤੇ ਕੁਝ ਨਿੱਜੀ ਸਮਾਨ ਬਰਾਮਦ ਕੀਤਾ ਸੀ ਪਰੰਤੂ ਉਹ ਨਹੀਂ ਮਿਲੀ ਸੀ। ਪੁਲਿਸ ਵੱਲੋਂ 49 ਘੰਟੇ ਉਸ ਦੀ ਭਾਲ ਕਰਨ ਉਪਰੰਤ ਉਹ ਖੁਦ ਹੀ ਘਰ ਪਰਤ ਆਈ ਸੀ ਜਿਸ ਉਪਰੰਤ ਉਸ ਨੇ ਕਿਹਾ ਕਿ ਉਹ ਕਿਸੇ ਤਰਾਂ ਅਗਵਾਕਾਰਾਂ ਦੇ ਚੁਗਲ ਵਿਚੋਂ ਬੱਚ ਨਿਕਲੀ ਹੈ। ਜਾਂਚ ਉਪਰੰਤ ਉਸ ਦੀ ਅਗਵਾ ਦੀ ਘਟਨਾ ਝੂਠੀ ਨਿਕਲੀ।

# ਕਾਰ 'ਚ ਹੋਇਆ ਰੇਪ...ਭਾਰਤੀ ਕ੍ਰਿਕਟਰ ਨਿਖਿਲ ਚੌਧਰੀ ਫਸਿਆ




ਨਵੀਂ ਦਿੱਲੀ : ਭਾਰਤੀ ਮੂਲ ਦੇ ਕ੍ਰਿਕਟਰ ਨਿਖਿਲ ਚੌਧਰੀ ਆਸਟ੍ਰੇਲੀਆ 'ਚ ਮੁਸੀਬਤ 'ਚ ਘਿਰਦੇ ਨਜ਼ਰ ਆ ਰਹੇ ਹਨ। ਬਿਗ ਬੈਸ਼ ਕ੍ਰਿਕਟਰ 'ਤੇ ਬਲਾਤਕਾਰ ਦਾ ਦੋਸ਼ ਲੱਗਾ ਹੈ। ਪੀੜਤ ਔਰਤ ਦੇ ਦੋਸਤਾਂ ਨੇ ਟਾਊਨਸਵਿਲੇ ਦੀ ਜ਼ਿਲ੍ਹਾ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੇ ਉਸ ਨੂੰ ਰੋਂਦੇ ਹੋਏ ਦੇਖਿਆ ਅਤੇ ਕਿਹਾ ਕਿ ਉਸ ਨਾਲ ਬਲਾਤਕਾਰ ਹੋਇਆ ਹੈ। 27 ਸਾਲਾ ਹੋਬਾਰਟ ਹਰੀਕੇਨਸ ਖਿਡਾਰੀ ਬਲਾਤਕਾਰ ਲਈ ਦੋਸ਼ੀ ਨਾ ਹੋਣ ਦੀ ਦਲੀਲ ਦੇਣ ਤੋਂ ਬਾਅਦ ਮੁਕੱਦਮੇ 'ਤੇ ਹੈ। ਉਸ 'ਤੇ ਮਈ 2021 ਵਿਚ ਟਾਊਨਸਵਿਲੇ ਨਾਈਟ ਕਲੱਬ ਸਟ੍ਰਿਪ 'ਤੇ ਨਾਈਟ ਆਊਟ ਦੌਰਾਨ ਔਰਤ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਗਿਆ ਸੀ।

## CHANGE OF NAME

**I, KAMALJEET KAUR CHAHAL DAUGHTER OF MR MALKIT SINGH WHOSE PERMANENT ADDRESS IN INDIA IS VPO SHAHWALA, TEHSIL ZIRA, FEROZEPUR, PUNJAB 142047 AND NOW LIVING AT 2280B COVENTRY ROAD, SHELDON, BIRMINGHAM B26 3JR HEREBY GIVE NOTICE OF MY INTENTION TO CHANGE MY NAME TO KAMALJEET KAUR (GIVEN NAME) SANDHU (SURNAME). (U/I)**

**I, MR LAKSHAY SON OF MR NARESH KUMAR WHOSE PERMANENT ADDRESS IN INDIA IS DR. AMBEDKAR NAGAR SUNAMI GATE, SANGRUR, PUNJAB AND NOW LIVING AT FLAT-3, 34 ST. PETER ROAD, HARBORNE, BIRMINGHAM B17 0AY HEREBY GIVE NOTICE OF MY INTENTION TO CHANGE MY NAME TO LAKSHAY (GIVEN NAME) KUMAR (SURNAME). (U)**

# MANAK SOLICITORS



## Aneeta Kaur Kang
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk


**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited




**Rajbir Singh Manak MA (Hons)** **Surinder Singh Manak LLB (Hons)**




Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਅਕਾਲੀ ਦਲ ਭਾਜਪਾ ਨਾਲ ਗਠਜੋੜ ਕਰਨ ਦੀ ਥਾਂ ਖੇਤਰਵਾਦ ਦੇ ਮੁਦੇ ਉਪਰ ਲੋਕ ਸਭਾ ਚੋਣਾਂ ਲੜੇ

**ਪ੍ਰੋ. ਪ੍ਰੀਤਮ ਸਿੰਘ**



2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦੀ ਇਕ ਖਾਸੀਅਤ ਨੂੰ ਡੂੰਘਾਈ ਨਾਲ ਸਮਝਣ ਦੀ ਲੋੜ ਹੈ। ਇਸ ਖਾਸੀਅਤ ਦੀ ਮਹੱਤਤਾ ਨੂੰ ਸਮਝਣ ਨਾਲ ਹੀ ਅਕਾਲੀ ਦਲ ਦੀ ਚੋਣ ਨੀਤੀ ਘੜਨ ਦੀ ਮਹੱਤਤਾ ਸਾਹਮਣੇ ਆਏਗੀ। ਅਕਾਲੀ ਦਲ ਪੰਜਾਬ ਦੀ ਇਕੋ-ਇਕ ਖੇਤਰੀ ਪਾਰਟੀ ਹੈ। ਬਾਕੀ ਸਭ ਪਾਰਟੀਆਂ ਜਿਵੇਂ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ, ਬਸਪਾ, ਸੀਪੀਆਈ ਤੇ ਸੀਪੀਐਮ ਜੋ ਪੰਜਾਬ ਵਿਚ ਵਿਚਰਦੀਆਂ ਹਨ, ਦੀ ਸਿਆਸਤ ਅਤੇ ਚੋਣ ਨੀਤੀ ਉਨ੍ਹਾਂ ਦੀ ਕੇਂਦਰੀ ਲੀਡਰਸ਼ਿਪ ਦੀ ਸੋਚ ਅਤੇ ਸਿਆਸਤ 'ਤੇ ਆਧਾਰਿਤ ਹੁੰਦੀ ਹੈ। ਇਨ੍ਹਾਂ ਪਾਰਟੀਆਂ ਦਾ ਕੇਂਦਰੀਕਰਨ ਇਕ ਤਰ੍ਹਾਂ ਦਾ ਨਹੀਂ ਹੈ। ਕਿਸੇ ਵਿਚ ਬਹੁਤਾ ਜ਼ਿਆਦਾ ਕੇਂਦਰੀਕਰਨ ਹੈ ਜਿਵੇਂ ਭਾਜਪਾ ਵਿਚ ਤੇ ਕਿਸੇ ਵਿਚ ਥੋੜ੍ਹਾ ਘੱਟ ਜਿਵੇਂ ਖੱਬੀਆਂ ਪਾਰਟੀਆਂ ਵਿਚ, ਖਾਸ ਤੌਰ 'ਤੇ ਉਦੋਂ ਤੋਂ ਜਦੋਂ ਤੋਂ ਖੱਬੀ ਸਿਆਸਤ ਭਾਰਤ ਵਿਚ ਕਮਜ਼ੋਰ ਹੋਈ ਹੈ ਪਰ ਇਸ ਫਰਕ ਦੇ ਬਾਵਜੂਦ ਇਨ੍ਹਾਂ ਪਾਰਟੀਆਂ ਵਿਚ ਕੇਂਦਰੀਕਰਨ ਭਾਰੂ ਹੋਣ ਕਰ ਕੇ ਇਨ੍ਹਾਂ ਦੀ ਪੰਜਾਬ ਆਧਾਰਿਤ ਲੀਡਰਸ਼ਿਪ ਆਜ਼ਾਦਾਨਾ ਫੈਸਲੇ ਨਹੀਂ ਕਰ ਸਕਦੀ। ਅਸੈਂਬਲੀ ਜਾਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਨ੍ਹਾਂ ਗੈਰ-ਅਕਾਲੀ ਪਾਰਟੀਆਂ ਦੀ ਕੇਂਦਰੀ ਲੀਡਰਸ਼ਿਪ ਆਪਣੀ ਪੰਜਾਬ ਵਿਚਲੀ ਲੀਡਰਸ਼ਿਪ ਨੂੰ ਚੋਣ ਗੱਠਜੋੜ ਲਈ ਕੁਝ ਆਜ਼ਾਦੀ ਜ਼ਰੂਰ ਦਿੰਦੀ ਹੈ ਪਰ ਉਸ ਗਿਣੀ ਮਿਣੀ ਆਜ਼ਾਦੀ ਦੀਆਂ ਹੱਦਾਂ ਇਨ੍ਹਾਂ ਪਾਰਟੀਆਂ ਦੀ ਕੇਂਦਰੀ ਲੀਡਰਸ਼ਿਪ ਹੀ ਤੈਅ ਕਰਦੀ ਹੈ।

1947 ਤੋਂ ਬਾਅਦ ਕਾਂਗਰਸ ਭਾਰਤ ਦੀ ਸਭ ਤੋਂ ਵੱਡੀ ਪਾਰਟੀ ਸੀ। 1947 ਤੋਂ ਪਹਿਲਾਂ ਇਸ ਪਾਰਟੀ ਦੀ ਸੋਚ ਤੇ ਵਿਚਾਰਧਾਰਾ ਤਾਂ ਕੇਂਦਰਵਾਦੀ ਸੀ ਪਰ ਜਥੇਬੰਦਕ ਢਾਂਚਾ ਇਸ ਸੋਚ 'ਤੇ ਆਧਾਰਿਤ ਸੀ ਕਿ ਭਾਰਤ ਦੇ ਵੱਖ-ਵੱਖ ਖੇਤਰਾਂ ਨੂੰ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਕਰਨ ਲਈ ਉਨ੍ਹਾਂ ਖੇਤਰਾਂ ਦੀ ਕਾਂਗਰਸ ਪਾਰਟੀ ਖੇਤਰੀ ਪੱਧਰ 'ਤੇ ਆਧਾਰਤ ਹੋਵੇ; ਜਿਵੇਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਜਾਂ ਬੰਗਾਲ ਪ੍ਰਦੇਸ਼ ਕਾਂਗਰਸ ਕਮੇਟੀ ਆਦਿ। ਇਸ ਜਥੇਬੰਦਕ ਢਾਂਚੇ ਵਿਚ ਪ੍ਰਦੇਸ਼ ਸ਼ਬਦ ਦਾ ਇਸਤੇਮਾਲ ਇਸ ਸਚਾਈ ਨੂੰ ਉਜਾਗਰ ਕਰਦਾ ਸੀ ਕਿ ਭਾਰਤ ਅਲੱਗ-ਅਲੱਗ ਪ੍ਰਦੇਸ਼ਾਂ ਦਾ ਸਮੂਹ ਸੀ। 1947 ਤੋਂ ਬਾਅਦ ਦੇਸ਼ ਦੀ ਵੰਡ ਨਾਲ ਹੋਈ ਆਜ਼ਾਦੀ ਨੇ ਇਸ ਪਾਰਟੀ ਦੀ ਲੀਡਰਸ਼ਿਪ ਨੂੰ ਕੇਂਦਰਵਾਦ ਵੱਲ ਧੱਕ ਦਿੱਤਾ ਅਤੇ ਇਸ ਦੀ ਸੋਚ ਅਨੇਕਤਾ ਵਿੱਚ ਏਕਤਾ ਵੱਲ ਮੁੜ ਗਈ। ਨਹਿਰੂ ਜੋ ਇਸ ਪਾਰਟੀ ਦੀ ਸੋਚ ਦਾ ਮੁੱਖ ਘਾੜਾ ਸੀ, ਕੇਂਦਰਵਾਦ ਵਿਚ ਜਨੂੰਨ ਤੱਕ ਵਿਸ਼ਵਾਸ ਕਰਨ ਵਾਲਾ ਸੀ ਕਿਉਂਕਿ ਉਸ ਦੀ ਸੋਚ ਮੁਤਾਬਕ ਭਾਰਤ ਨੂੰ ਇਕ ਕੌਮ ਵਿਚ ਪਰੋਣ ਲਈ ਕੇਂਦਰਵਾਦੀ ਵਿਚਾਰਧਾਰਾ ਤੇ ਕੇਂਦਰਵਾਦੀ ਸੰਸਥਾਵਾਂ ਨੂੰ ਹਥਿਆਰ ਵਜੋਂ ਵਰਤਣ ਦੀ ਲੋੜ ਸੀ। ਉਸ ਦੀ ਇਸ ਵਿਚਾਰਧਾਰਾ ਅਤੇ ਭਾਰਤ ਦੀ ਅਸਲੀ ਸਚਾਈ ਕਿ ਇਹ ਅਲੱਗ-ਅਲੱਗ ਪ੍ਰਦੇਸ਼ਾਂ ਦਾ ਸਮੂਹ ਸੀ, ਵਿਚ ਟਕਰਾਅ ਸੀ। ਇਸੇ ਟਕਰਾਅ ਕਾਰਨ ਭਾਸ਼ਾ ਆਧਾਰਿਤ ਸੂਬੇ ਬਣਾਉਣ ਦੀਆਂ ਜੋ ਲਹਿਰਾਂ ਚੱਲੀਆਂ, ਉਨ੍ਹਾਂ ਦੀ ਇਹ ਵਿਰੋਧੀ ਸੀ ਪਰ ਅਲੱਗ-ਅਲੱਗ ਖੇਤਰ ਜਿਵੇਂ ਗੁਜਰਾਤ ਤੇ ਆਂਧਰਾ ਪ੍ਰਦੇਸ਼ ਵਿਚ ਭਾਸ਼ਾ ਆਧਾਰ 'ਤੇ ਸੂਬੇ ਬਣਾਉਣ ਲਈ ਉੱਠੇ ਜਨਤਕ ਉਭਾਰ ਜੋ ਇਸ ਸਮਾਜਿਕ ਤੇ ਸਭਿਆਚਾਰਕ ਸੱਚ ਨੂੰ ਉਜਾਗਰ ਕਰਦੇ ਸਨ ਕਿ ਭਾਰਤ ਉਸ ਦੇ ਸੁਫ਼ਨਿਆਂ ਮੁਤਾਬਕ ਇਕ ਨਹੀਂ ਸੀ, ਨਹਿਰੂ ਨੂੰ ਇਸ ਸੱਚ ਅੱਗੇ ਝੁਕਣਾ ਪਿਆ। ਉਹ ਝੁਕ ਤਾਂ ਗਿਆ ਪਰ ਆਪਣੀ ਸੋਚ ਵਿਚ ਤਬਦੀਲੀ ਨਹੀਂ ਕੀਤੀ। ਉਸ ਦੀ ਇਸੇ ਕੇਂਦਰਵਾਦੀ ਨੀਤੀ ਕਰ ਕੇ ਉਹ 1964 ਵਿਚ ਆਪਣੀ ਮੌਤ ਤੱਕ ਪੰਜਾਬੀ ਭਾਸ਼ਾ 'ਤੇ ਆਧਾਰਿਤ ਸੂਬੇ ਦਾ ਵਿਰੋਧੀ ਰਿਹਾ ।

ਨਹਿਰੂ ਦੀ ਮੌਤ ਤੋਂ ਬਾਅਦ ਕਾਂਗਰਸ ਵਿਚ ਕਈ ਤਬਦੀਲੀਆਂ ਆਈਆਂ ਪਰ ਉਸ ਦੀ 'ਭਾਰਤੀ ਕੌਮ' ਵਾਲੀ ਵਿਚਾਰਧਾਰਾ ਇਸ ਪਾਰਟੀ ਦਾ ਸਿਧਾਂਤਕ ਨਿਰਦੇਸ਼ਕ ਰਿਹਾ। ਸ਼ਾਇਦ ਇਹ ਪਹਿਲੀ ਵਾਰ ਹੈ ਕਿ ਰਾਹੁਲ ਗਾਂਧੀ ਨੇ ਇਕ ਦੋ ਵਾਰ ਭਾਰਤ ਨੂੰ ਸੂਬਿਆਂ ਦਾ ਦੇਸ਼ ਕਹਿ ਕੇ ਉਸ ਵਿਚਾਰਧਾਰਾ ਤੋਂ ਥੋੜ੍ਹੀ ਦੂਰੀ ਦਿਖਾਈ ਹੈ ਪਰ ਮੁੱਢਲੇ ਤੌਰ 'ਤੇ ਕਾਂਗਰਸ ਹੁਣ ਵੀ ਕੇਂਦਰਵਾਦੀ ਸੋਚ ਦੀ ਧਾਰਨੀ ਹੈ।

ਭਾਰਤੀ ਜਨਤਾ ਪਾਰਟੀ ਵੀ 'ਭਾਰਤ ਇਕ ਕੌਮ' ਵਿਚਾਰਧਾਰਾ ਦੀ ਮੁਦਈ ਹੈ ਪਰ ਇਹ ਕੌਮ ਨੂੰ ਹਿੰਦੂ ਕੌਮ ਬਣਾਉਣ ਦੇ ਪ੍ਰਾਜੈਕਟ ਲਈ ਜਨੂੰਨ ਦੀ ਹੱਦ ਤਕ ਵਚਨਬੱਧ ਹੈ। ਅਜਿਹਾ ਪ੍ਰਾਜੈਕਟ ਬਹੁਤ ਸਮਾਜਿਕ ਤੇ ਸਭਿਆਚਾਰਕ ਨੁਕਸਾਨ ਕਰ ਸਕਦਾ ਹੈ ਪਰ ਕਾਮਯਾਬ ਨਹੀਂ ਹੋ ਸਕਦਾ ਕਿਉਂਕਿ ਭਾਰਤ ਬਹੁ-ਕੌਮਾਂ ਦਾ ਭੂਗੋਲਿਕ ਸਮੂਹ ਹੈ ।

ਆਮ ਆਦਮੀ ਪਾਰਟੀ ਦੀ ਕਾਂਗਰਸ ਜਾਂ ਭਾਜਪਾ ਵਾਂਗ ਕੋਈ ਖਾਸ ਵਿਚਾਰਧਾਰਾ ਨਹੀਂ ਹੈ ਪਰ ਸਿਰਫ਼ ਅਰਵਿੰਦ ਕੇਜਰੀਵਾਲ 'ਤੇ ਆਧਾਰਿਤ ਹੋਣ ਕਰ ਕੇ ਇਹ ਪਾਰਟੀ ਵੀ ਬਹੁਤ ਕੇਂਦਰਵਾਦੀ ਹੈ।

ਬਸਪਾ ਦੀ ਸੋਚ ਵਿਚ ਦੁਬਿਧਾ ਹੈ। ਇਕ ਪਾਸੇ ਮਹਾਨ ਚਿੰਤਕ ਅੰਬੇਡਕਰ ਦੇ ਵਿਚਾਰਾਂ 'ਤੇ ਆਧਾਰਿਤ ਇਹ ਪਾਰਟੀ ਬ੍ਰਾਹਮਣਵਾਦੀ ਹਿੰਦੂ ਵਿਚਾਰਧਾਰਾ ਦੀ ਵਿਰੋਧੀ ਹੈ ਅਤੇ ਕੇਂਦਰਵਾਦ ਤੋਂ ਦਲਿਤਾਂ ਲਈ ਪੈਦਾ ਹੋਣ ਵਾਲੇ ਖਤਰਿਆਂ ਤੋਂ ਡਰਦੀ ਹੈ; ਦੂਜੇ ਪਾਸੇ ਇਸ ਗੱਲ ਵਿਚ ਵੀ ਵਿਸ਼ਵਾਸ ਰੱਖਦੀ ਹੈ ਕਿ ਦਲਿਤਾਂ 'ਤੇ ਉਚੀਆਂ ਜਾਤਾਂ ਦੇ ਅਤਿਆਚਾਰ ਰੋਕਣ ਲਈ ਕੇਂਦਰੀ ਸੰਸਥਾਵਾਂ ਦੀ ਦਖਲ ਅੰਦਾਜ਼ੀ ਜ਼ਰੂਰੀ ਹੈ।

ਖੱਬੀਆਂ ਪਾਰਟੀਆਂ ਵਿਚੋਂ ਸੀਪੀਆਈ ਦਾ ਝੁਕਾ ਕੇਂਦਰਵਾਦੀ ਜ਼ਿਆਦਾ ਹੈ ਪਰ ਇਹ ਕੇਂਦਰਵਾਦੀ ਝੁਕਾ ਕਾਂਗਰਸ ਜਾਂ ਭਾਜਪਾ ਵਾਂਗ ਭਾਰਤ ਨੂੰ ਇਕ ਕੌਮ ਬਣਾਉਣ ਦੀ ਵਿਚਾਰਧਾਰਾ 'ਤੇ ਆਧਾਰਿਤ ਨਹੀਂ ਹੈ। ਸੀਪੀਆਈ ਦਾ ਕੇਂਦਰਵਾਦੀ ਝੁਕਾ ਸੋਵੀਅਤ ਯੂਨੀਅਨ ਦੇ ਭਾਰਤ ਨਾਲ ਸਬੰਧਾਂ ਨਾਲ ਜੁੜਿ ਹੋਇਆ ਹੈ। ਠੰਢੀ ਜੰਗ ਦੇ ਸਮੇਂ ਜਦੋਂ ਸੰਸਾਰ ਦੇ ਬਹੁਤੇ ਦੇਸ਼ ਜਾਂ ਤਾਂ ਸੋਵੀਅਤ ਯੂਨੀਅਨ ਤੇ ਜਾਂ ਫਿਰ ਅਮਰੀਕਾ ਨਾਲ ਜੁੜੇ ਹੋਏ ਸਨ, ਉਸ ਵਕਤ ਸੋਵੀਅਤ ਯੂਨੀਅਨ ਭਾਰਤੀ ਸਟੇਟ ਨੂੰ ਆਪਣੇ ਗੁਟ ਵਿਚ ਸਮਝਦਾ ਸੀ ਅਤੇ ਕਿਸੇ ਵੀ ਐਸੀ ਲਹਿਰ ਜਾਂ ਵਿਚਾਰਧਾਰਾ ਨੂੰ ਜੋ ਇਸ ਸਟੇਟ ਨੂੰ ਕਮਜ਼ੋਰ ਕਰ ਸਕਦੀ ਸੀ, ਉਸ ਦਾ ਵਿਰੋਧ ਕਰਦਾ ਸੀ। ਸੀਪੀਆਈ ਵਿਚਾਰਧਾਰਕ ਤੌਰ 'ਤੇ ਸੋਵੀਅਤ ਯੂਨੀਅਨ ਨਾਲ ਜੁੜੀ ਹੋਣ ਕਰ ਕੇ



ਭਾਰਤੀ ਸਟੇਟ ਨੂੰ ਮਜ਼ਬੂਤ ਕਰਨ ਅਤੇ ਰੱਖਣ ਲਈ ਕੇਂਦਰਵਾਦ ਦੀ ਮੁਦਈ ਸੀ। ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਉਸ ਵਿਚਾਰਧਾਰਾ ਦਾ ਪਾਰਟੀ 'ਤੇ ਅਜੇ ਵੀ ਅਸਰ ਹੈ ਕਿਉਂਕਿ ਜਦੋਂ ਲੀਡਰਸ਼ਿਪ ਅਤੇ ਵਰਕਰਾਂ ਨੇ ਦਹਾਕਿਆਂ ਬੱਧੀ ਇਕ ਸੋਚ 'ਤੇ ਜ਼ੋਰ ਸ਼ੋਰ ਨਾਲ ਪਹਿਰਾ ਦਿੱਤਾ ਹੋਵੇ, ਉਸ ਤੋਂ ਮੁਕਤ ਹੋਣਾ ਆਸਾਨ ਨਹੀਂ ਹੈ। ਪਰ ਇਹ ਹਿੰਦੂ ਰਾਸ਼ਟਰਵਾਦ ਦੇ ਖ਼ਤਰਿਆਂ ਤੋਂ ਜਾਣੂ ਹੈ।

ਸੀਪੀਐਮ ਬਹੁਤ ਦੇਰ ਤਕ ਰਾਜਾਂ ਦੇ ਅਧਿਕਾਰਾਂ ਦੀ ਮੁਦਈ ਰਹੀ ਹੈ ਅਤੇ ਕਦੇ-ਕਦੇ ਭਾਰਤ ਵਿਚ ਵਸਦੀਆਂ ਵੱਖ-ਵੱਖ ਕੌਮਾਂ ਬਾਰੇ ਇਸ ਦੀ ਸੋਚ ਅਗਾਂਹਵਧੂ ਸੀ ਪਰ 1980ਵਿਆਂ ਤੋਂ ਬਾਅਦ ਹਰਕਿਸ਼ਨ ਸਿੰਘ ਸੁਰਜੀਤ ਦੀ ਲੀਡਰਸ਼ਿਪ ਹੇਠ ਇਹ ਪਾਰਟੀ ਵੀ ਸੋਵੀਅਤ ਯੂਨੀਅਨ ਅਤੇ ਭਾਰਤੀ ਸਟੇਟ ਨਾਲ ਨੇੜਤਾ ਪਾ ਚੁੱਕੀ ਹੈ। ਸੀਪੀਐਮ ਵੀ ਹਿੰਦੂ ਰਾਸ਼ਟਰਵਾਦ ਦੇ ਖ਼ਤਰਿਆਂ ਬਾਰੇ ਚੇਤੰਨ ਹੈ ਪਰ ਜਥੇਬੰਦਕ ਤੌਰ 'ਤੇ ਇਹ ਵੀ ਕੇਂਦਰਵਾਦੀ ਪਾਰਟੀ ਹੈ।

ਇਸ ਪ੍ਰਸੰਗ ਵਿਚ ਸ਼੍ਰੋਮਣੀ ਅਕਾਲੀ ਦਲ ਪੰਜਾਬ ਆਧਾਰਿਤ ਇਕੋ-ਇਕ ਖੇਤਰੀ ਪਾਰਟੀ ਹੈ। ਜਦੋਂ ਮੈਂ ਆਪਣੀ ਕਿਤਾਬ 'ਫੈਡਰਲਿਜ਼ਮ, ਨੈਸ਼ਨਲਿਜ਼ਮ ਐਂਡ ਡਵੈਲਪਮੈਂਟ: ਇੰਡੀਆ ਐਂਡ ਦੀ ਪੰਜਾਬ ਇਕਾਨਮੀ' ਲਈ ਖੋਜ ਕਰ ਰਿਹਾ ਸੀ ਤਾਂ ਇਹ ਗੱਲ ਬਿਲਕੁਲ ਸਾਫ ਸਾਹਮਣੇ ਆਈ ਕਿ ਉਤਰੀ ਭਾਰਤ ਜੋ ਦੇਸ਼ ਦਾ ਹਿੰਦੀ ਭਾਸ਼ੀ ਖਿੱਤਾ ਸਮਝਿਆ ਜਾਂਦਾ ਹੈ, ਵਿਚ ਪੰਜਾਬ ਤੇ ਕਸ਼ਮੀਰ ਅਲੱਗ ਖਿੱਤੇ ਹਨ। ਇਨ੍ਹਾਂ ਦੋਹਾਂ ਵਿਚ ਵੀ ਖ਼ਾਸ ਫ਼ਰਕ ਹਨ ਜਿਨ੍ਹਾਂ ਨੂੰ ਸਮਝਣਾ ਇਨ੍ਹਾਂ ਦੋਹਾਂ ਪ੍ਰਾਂਤਾਂ ਦੀ ਸਿਆਸਤ ਦੀ ਖਾਸੀਅਤ ਨੂੰ ਸਮਝਣ ਲਈ ਜ਼ਰੂਰੀ ਹੈ। ਪੰਜਾਬ ਵਿਚ ਕੌਮੀ ਘੱਟਗਿਣਤੀ (ਸਿੱਖ) ਇਥੇ ਬਹੁਗਿਣਤੀ ਹੈ ਅਤੇ ਕਸ਼ਮੀਰ ਵਿਚ ਵੀ ਕੌਮੀ ਘੱਟਗਿਣਤੀ (ਮੁਸਲਮਾਨ) ਇਥੇ ਬਹੁਗਿਣਤੀ ਹੈ। ਇਹ ਦੋਨਾਂ ਦੀ ਸਾਂਝ ਹੈ ਜੋ ਇਸ ਨੂੰ ਉੱਤਰੀ ਭਾਰਤ ਦੇ ਦੂਜੇ ਰਾਜਾਂ ਨਾਲੋਂ ਨਿਖੇੜਦੀ ਹੈ ਪਰ ਇਨ੍ਹਾਂ ਦੋਹਾਂ ਵਿਚ ਮਹੱਤਵਪੂਰਨ ਫ਼ਰਕ ਵੀ ਹੈ ਕਿ ਮੁਸਲਮਾਨ ਭਾਵੇਂ ਭਾਰਤ ਵਿਚ ਘੱਟਗਿਣਤੀ ਵਿਚ ਹਨ ਪਰ ਸੰਸਾਰਕ ਤੌਰ 'ਤੇ ਇਸਲਾਮ ਦੁਨੀਆ ਦੇ ਵੱਡੇ ਧਰਮਾਂ 'ਚੋਂ ਇਕ ਹੈ ਅਤੇ ਦੂਜੇ ਨੰਬਰ 'ਤੇ ਹੈ (ਦੁਨੀਆ ਦੀ ਆਬਾਦੀ ਦਾ ਲਗਭਗ 25% ਜਿਥੇ ਇਸਾਈ ਧਰਮ ਪਹਿਲੇ ਨੰਬਰ 'ਤੇ ਹੈ, ਲਗਭਗ 31%)। ਇਸ ਲਈ ਪੰਜਾਬ ਦੀ ਸਹੀ ਖੇਤਰੀ ਪਾਰਟੀ ਉਹੀ ਹੋ ਸਕਦੀ ਹੈ ਜੋ ਇਕੋ ਸਮੇਂ ਪੰਜਾਬ ਦੇ ਆਰਥਿਕ ਹਿੱਤਾਂ ਤੇ ਕੁਦਰਤੀ ਸਰੋਤਾਂ ਦੀ ਰਾਖੀ ਕਰ ਸਕੇ ਅਤੇ ਸਿੱਖਾਂ ਦੇ ਸਭਿਆਚਾਰਕ, ਧਾਰਮਿਕ ਤੇ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਕਰ ਸਕੇ ਕਿਉਂਕਿ ਪੰਜਾਬ ਹੀ ਦੁਨੀਆ ਦਾ ਅਜਿਹਾ ਖਿੱਤਾ ਹੈ ਜਿਥੇ ਸਿੱਖ ਬਹੁਗਿਣਤੀ ਵਿਚ ਹਨ। ਪੰਜਾਬ ਦੀ ਖੇਤਰੀ ਪਾਰਟੀ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਇਹ ਭਾਰਤ ਦੇ ਦੂਜੇ ਪ੍ਰਾਂਤਾਂ ਵਿਚ ਅਤੇ ਦੁਨੀਆ ਦੇ ਦੂਜੇ ਦੇਸ਼ਾਂ ਵਿਚ ਵਸਦੇ ਸਿੱਖਾਂ ਤੇ ਪੰਜਾਬੀਆਂ ਦੇ ਧਾਰਮਿਕ ਤੇ ਸਭਿਆਚਾਰਕ ਅਧਿਕਾਰਾਂ ਦੀ ਰਾਖੀ ਕਰੇ ਪੰਜਾਬ ਦੀ ਸਹੀ ਖੇਤਰੀ ਰਾਜਨੀਤਕ ਪਾਰਟੀ ਉਹੀ ਹੋ ਸਕਦੀ ਹੈ ਜੋ ਸਿੱਖਾਂ ਦੇ ਨਾਲ-ਨਾਲ ਇਨ੍ਹਾਂ ਘੱਟਗਿਣਤੀਆਂ ਦਾ ਵਿਸ਼ਵਾਸ ਵੀ ਜਿੱਤ ਸਕੇ ਤੇ ਇਨ੍ਹਾਂ ਦੇ ਧਾਰਮਿਕ ਤੇ ਸਭਿਆਚਾਰਕ ਹੱਕਾਂ ਦੀ ਰਖਵਾਲੀ ਵੀ ਬਣੇ।

ਜਦੋਂ ਤੱਕ ਅਕਾਲੀ ਪਾਰਟੀ ਪੰਜਾਬ ਦੀਆਂ ਦੂਜੀਆਂ ਪਾਰਟੀਆਂ ਵਾਂਗ ਕਿਸੇ ਕੇਂਦਰੀ ਕੰਟਰੋਲ ਥੱਲੇ ਨਹੀਂ ਰਹੀ, ਉਦੋਂ ਤੱਕ ਇਸ ਨੇ ਸਭ ਮੁਸ਼ਕਲਾਂ ਦੇ ਬਾਵਜੂਦ ਪੰਜਾਬ ਦੇ ਖੇਤਰੀ ਹੱਕਾਂ ਲਈ ਸੰਘਰਸ਼ ਕੀਤਾ ਹੈ। ਪਿਛਲੇ ਸਾਲਾਂ ਵਿਚ ਇਸ ਦੀ ਗਿਰਾਵਟ ਦਾ ਮੁੱਖ ਕਾਰਨ ਇਹ ਸੀ ਕਿ ਇਹ ਭਾਜਪਾ ਨਾਲ ਸਾਂਝ ਪਾ ਕੇ ਆਪਣੀ ਖੇਤਰੀ ਪਾਰਟੀ ਦੀ ਆਜ਼ਾਦਾਨਾ ਪਛਾਣ ਕਮਜ਼ੋਰ ਕਰਨ ਲੱਗ ਗਈ ਸੀ। ਇੱਥੇ ਗਿਰਾਵਟ ਤੋਂ ਭਾਵ ਸਿਰਫ਼ ਚੋਣਾਂ ਵਿਚ ਪਹਿਲਾਂ ਨਾਲੋਂ ਘੱਟ ਵੋਟਾਂ ਲੈਣਾ ਤੇ ਘੱਟ ਸੀਟਾਂ ਜਿੱਤਣਾ ਨਹੀਂ; ਗਿਰਾਵਟ ਤੋਂ ਭਾਵ ਵਿਚਾਰਧਾਰਕ ਗਿਰਾਵਟ ਹੈ ਜਿੱਥੇ ਕੋਈ ਖੇਤਰੀ ਪਾਰਟੀ ਆਜ਼ਾਦਾਨਾ ਫੈਸਲੇ ਕਰਨੇ ਛੱਡ ਕੇ ਕੇਂਦਰੀ ਪਾਰਟੀ ਨਾਲ ਸਾਂਝ ਰੱਖਣ ਲਈ ਆਪਣੀ ਖਾਸੀਅਤ ਨੂੰ ਮਿਟਾਉਣਾ ਸ਼ੁਰੂ ਕਰ ਦੇਵੇ।

ਦੂਜਾ ਮੁੱਖ ਮੁੱਦਾ ਜਮਹੂਰੀਅਤ ਦਾ ਹੈ। ਘੱਟਗਿਣਤੀਆਂ ਦੇ ਅਧਿਕਾਰ ਸਿਰਫ਼ ਜਮਹੂਰੀਅਤ ਵਿਚ ਹੀ ਸੁਰੱਖਿਅਤ ਹਨ ਭਾਵੇਂ ਜਮਹੂਰੀ ਢਾਂਚੇ ਵਿਚ ਨੁਕਸ ਵੀ ਹੋਣ। ਜਦੋਂ ਮੈਂ ਅਕਾਲੀ ਪਾਰਟੀ 'ਤੇ ਪਰਚਾ ਲਿਖਣ ਲਈ ਖੋਜ ਕਰ ਰਿਹਾ ਸੀ ਤਾਂ ਇਕ ਗੱਲ ਬੜੀ ਦਿਲਚਸਪ ਤੇ ਮਹੱਤਤਾ ਵਾਲੀ ਸਾਹਮਣੇ ਆਈ ਸੀ ਕਿ ਐਮਰਜੈਂਸੀ ਵੇਲੇ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀ ਪਾਰਟੀ ਨੂੰ ਸਮਝੌਤੇ ਦੀ ਪੇਸ਼ਕਸ਼ ਕੀਤੀ ਸੀ ਕਿ ਜੇ ਉਹ ਐਮਰਜੈਂਸੀ ਖ਼ਿਲਾਫ਼ ਮੋਰਚਾ ਬੰਦ ਕਰ ਦੇਵੇ ਤਾਂ ਉਹ ਪਾਰਟੀ ਦਾ ਪੰਜਾਬ ਵਿਚ ਰਾਜ ਕਰਨ ਲਈ ਸਮਝੌਤਾ ਕਰ ਲਏਗੀ ਤਾਂ ਪਾਰਟੀ ਨੇ ਉਸ ਦੀ ਪੇਸ਼ਕਸ਼ ਇਸ ਕਰ ਕੇ ਰੱਦ ਕਰ ਦਿੱਤੀ ਸੀ ਕਿ ਸਾਡੇ ਗੁਰੂਆਂ ਨੇ ਸਾਨੂੰ ਜ਼ੁਲਮ ਦੇ ਖ਼ਿਲਾਫ਼ ਲੜਨ ਦੀ ਸਿੱਖਿਆ ਦਿੱਤੀ ਹੈ; ਅੰਦਰੂਨੀ ਤੌਰ 'ਤੇ ਇਹ ਵੀ ਸਮਝ ਲਿਆ ਸੀ ਕਿ ਘੱਟਗਿਣਤੀਆਂ ਲਈ ਜਮਹੂਰੀਅਤ ਬਹੁਤ ਜ਼ਰੂਰੀ ਹੈ।

2024 ਦੀਆਂ ਚੋਣਾਂ ਮੌਕੇ ਜੇ ਅਕਾਲੀ ਦਲ ਨੇ ਭਾਜਪਾ ਨਾਲ ਸੀਟਾਂ ਦਾ ਸਮਝੌਤਾ ਕਰ ਲਿਆ ਤਾਂ ਹੋ ਸਕਦਾ ਹੈ ਕਿ ਕੁਝ ਚੋਣ ਪ੍ਰਾਪਤੀ ਇਕੱਲੇ ਲੜਨ ਨਾਲੋਂ ਜ਼ਿਆਦਾ ਹੋ ਜਾਏ ਪਰ ਉਸ ਦਾ ਖੇਤਰੀ ਪਾਰਟੀ ਵਾਲਾ ਚਰਿੱਤਰ ਹੋਰ ਵੀ ਕਮਜ਼ੋਰ ਹੋ ਜਾਏਗਾ ਅਤੇ ਅਕਾਲੀ ਦਲ ਵਿਚਾਰਧਾਰਕ ਤੌਰ 'ਤੇ ਹੋਰ ਵੀ ਗਿਰਾਵਟ ਵੱਲ ਚਲਾ ਜਾਏਗਾ। ਜੇ ਇਸ ਸਮਝੌਤੇ ਕਰ ਕੇ ਚੋਣ ਪ੍ਰਾਪਤੀ ਵੀ ਨਾ ਹੋਈ ਤਾਂ ਸਭਿਆਚਾਰਕ ਗਿਰਾਵਟ ਦੇ ਨਾਲ-ਨਾਲ ਪਾਰਟੀ ਰਾਜਨੀਤਕ ਨਿਰਾਸ਼ਾ ਦਾ ਸ਼ਿਕਾਰ ਵੀ ਹੋਵੇਗੀ। ਜੇ ਪਾਰਟੀ ਆਪਣੇ ਬਲਬੂਤੇ ਚੋਣ ਲੜਦੀ ਹੈ ਤੇ ਚੋਣ ਪ੍ਰਾਪਤੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਸੰਭਾਵਨਾ ਹੈ ਤਾਂ ਪਾਰਟੀ ਵਿਚ ਨਵਾਂ ਉਤਸ਼ਾਹ ਆਏਗਾ। ਪੰਜਾਬ ਦੀ ਇਸ ਇਕੱਲੀ ਖੇਤਰੀ ਪਾਰਟੀ ਦੀ ਇਹ ਇਤਿਹਾਸਕ ਲੋੜ ਵੀ ਹੈ ਤੇ ਜ਼ਿੰਮੇਵਾਰੀ ਵੀ ਹੈ।

ਲੇਖਕ ਆਕਸਫੋਰਡ ਬਰੁਕਸ ਬਿਜ਼ਨਸ ਸਕੂਲ ਵਿਚ ਐਮੇਰਿਟਸ ਪ੍ਰੋਫੈਸਰ ਹਨ।

# 'ਲਵ ਐਂਡ ਵਾਰ' ਵਿਚ ਆਲੀਆ-ਰਣਬੀਰ ਕਪੂਰ ਇਕੱਠੇ




ਲੰਮੇ ਇੰਤਜ਼ਾਰ ਤੋਂ ਬਾਅਦ ਆਖ਼ਿਰਕਾਰ ਫ਼ਿਲਮ ਨਿਰਮਾਤਾ ਸੰਜੇ ਲੀਲਾ ਭੰਸਾਲੀ ਨੇ ਆਲੀਆ ਭੱਟ-ਰਣਬੀਰ ਕਪੂਰ ਨਾਲ ਫ਼ਿਲਮ 'ਲਵ ਐਂਡ ਵਾਰ' ਐਲਾਨ ਕਰ ਦਿੱਤੀ ਹੈ। ਇਹ ਫ਼ਿਲਮ ਅਗਲੇ ਸਾਲ ਕ੍ਰਿਸਮਸ ਮੌਕੇ ਥੀਏਟਰਾਂ ਵਿਚ ਰਿਲੀਜ਼ ਹੋਵੇਗੀ। ਫ਼ਿਲਮ ਵਿਚ ਵਿੱਕੀ ਕੌਸ਼ਲ ਵੀ ਅਹਿਮ ਭੂਮਿਕਾ ਵਿਚ ਨਜ਼ਰ ਆਉਣਗੇ। ਵਿੱਕੀ ਕੌਸ਼ਲ 'ਲਵ ਐਂਡ ਵਾਰ' ਨਾਲ ਪਹਿਲੀ ਵਾਰ ਸੰਜੇ ਲੀਲਾ ਭੰਸਾਲੀ ਦੇ ਨਾਲ ਕੰਮ ਕਰਨ ਜਾ ਰਹੇ ਹਨ। ਰਣਬੀਰ ਕਪੂਰ ਨੇ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਹੀ ਸੰਜੇ ਲੀਲਾ ਭੰਸਾਲੀ ਦੀ ਫ਼ਿਲਮ 'ਸਾਂਵਰੀਆਂ' (2007) ਤੋਂ ਕੀਤੀ ਸੀ। ਆਲੀਆ ਭੱਟ ਸੰਜੇ ਲੀਲਾ ਭੰਸਾਲੀ ਦੇ ਨਾਲ ਗੰਗੂਬਾਈ ਕਾਠਿਆਵਾੜੀ (2022) ਵਿਚ ਕੰਮ ਕਰ ਚੁੱਕੀ ਹੈ। ਇਸ ਫ਼ਿਲਮ ਲਈ ਉਨ੍ਹਾਂ ਨੂੰ ਬੈਸਟ ਅਦਾਕਾਰਾ ਦਾ ਨੈਸ਼ਨਲ ਪੁਰਸਕਾਰ ਵੀ ਮਿਲਿਆ ਸੀ।

'ਲਵ ਐਂਡ ਵਾਰ' ਨੂੰ ਇਸ ਸਾਲ ਦਾ ਸਭ ਤੋਂ ਵੱਡਾ ਐਲਾਨ ਮੰਨਿਆ ਜਾ ਰਿਹਾ ਹੈ। ਇਸ ਐਲਾਨ ਤੋਂ ਪਹਿਲਾਂ ਸੰਜੇ ਲੀਲਾ ਭੰਸਾਲੀ 'ਬੈਜੂ ਬਾਵਰਾ' ਨੂੰ ਲੈ ਕੇ ਵੀ ਲਗਾਤਾਰ ਚਰਚਾ ਵਿਚ ਰਹੇ ਹਨ ਪਰ ਫਿਰ ਅਚਾਨਕ ਖ਼ਬਰ ਆਈ ਹੈ ਕਿ ਸੰਜੇ ਲੀਲਾ ਭੰਸਾਲੀ ਦੀ ਇਹ ਫ਼ਿਲਮ ਠੰਢੇ ਬਸਤੇ ਵਿਚ ਜਾ ਚੁੱਕੀ ਹੈ। ਉਨ੍ਹਾਂ ਦੀ ਫ਼ਿਲਮ 'ਇੰਸ਼ਾਲੱਹਾ' ਨੂੰ ਲੈ ਕੇ ਵੀ ਭੰਸਾਲੀ ਚਰਚਾ ਵਿਚ ਰਹੇ ਹਨ।

ਇਸ ਵਾਰ ਉਨ੍ਹਾਂ ਨੇ ਸ਼ਾਹਰੁਖ ਨਾਲ ਵੀ ਗੱਲ ਕੀਤੀ ਸੀ, ਪਰ ਸ਼ਾਹਰੁਖ ਨੂੰ ਵੀ ਲੱਗਿਆ ਕਿ ਪਰਦੇ 'ਤੇ ਉਨ੍ਹਾਂ ਨੇ ਕਾਫ਼ੀ ਰੋਮਾਂਸ ਕਰ ਲਿਆ ਹੈ ਅਤੇ ਜਦੋਂ ਤੱਕ ਕੋਈ ਕਮਾਲ ਦਾ ਆਈਡੀਆ ਨਹੀਂ ਆਉਂਦਾ ਤਾਂ ਉਸ ਥਾਂ 'ਤੇ ਦੁਬਾਰਾ ਨਹੀਂ ਜਾਵਾਂਗਾ ਅਤੇ ਆਪਣੇ ਕਦਰਦਾਨਾਂ ਦੀ ਸੋਚ ਦੀ ਕਦਰ ਕਰਦੇ ਹੋਏ ਸ਼ਾਹਰੁਖ ਨੇ ਭੰਸਾਲੀ ਦੀ ਫ਼ਿਲਮ ਨੂੰ ਨਕਾਰ ਦਿੱਤਾ।

ਸੰਜੇ ਲੀਲਾ ਭੰਸਾਲੀ ਦੀ ਮਲਟੀ ਸਟਾਰ ਵਾਲੀ ਵੈੱਬ ਸੀਰੀਜ਼ 'ਹੀਰਾਮੰਡੀ' ਬਹੁਤ ਛੇਤੀ ਦਰਸ਼ਕਾਂ ਲਈ ਨੈੱਟ ਫਲਿਕਸ 'ਤੇ ਆ ਰਹੀ ਹੈ। ਫਿਲਹਾਲ ਇਸ ਫ਼ਿਲਮ ਦੇ ਪੋਸਟ ਪ੍ਰੋਡਕਸ਼ਨ 'ਤੇ ਕੰਮ ਹੋ ਰਿਹਾ ਹੈ।

'ਹੀਰਾਮੰਡੀ' ਵਿਚ ਰਿਚਾ ਚੱਢਾ, ਸੋਨਾਕਸ਼ੀ ਸਿਨਹਾ, ਮਨੀਸ਼ਾ ਕੋਇਰਾਲਾ, ਅਦਿਤੀ ਰਾਓ ਹੈਦਰੀ ਅਤੇ ਸੰਜੀਦਾ ਸ਼ੇਖ ਨਜ਼ਰ ਆਉਣਗੀਆਂ। ਇਸ ਵੈੱਬ ਸੀਰੀਜ਼ ਦੇ ਨਾਲ ਸੰਜੇ ਬਤੌਰ ਨਿਰਦੇਸ਼ਕ ਓ.ਟੀ.ਟੀ. 'ਤੇ ਆਪਣਾ ਡੈਬਿਊ ਕਰਨ ਜਾ ਰਹੇ ਹਨ।

'ਹੀਰਾਮੰਡੀ' ਦੀ ਸ਼ੂਟਿੰਗ ਦੌਰਾਨ ਹੀ ਖ਼ਬਰਾਂ ਆਉਣ ਲੱਗੀਆਂ ਸਨ ਕਿ ਨਿਰਦੇਸ਼ਕ ਸੰਜੇ ਲੀਲਾ ਭੰਸਾਲੀ ਇਕ ਮਲਟੀ ਸਟਾਰਰ ਪੈਨ ਇੰਡੀਆ ਫ਼ਿਲਮ ਦਾ ਨਿਰਮਾਣ ਕਰਨ ਜਾ ਰਹੇ ਹਨ। ਇਸ ਦਾ ਐਲਾਨ ਉਹ ਮਾਰਚ ਵਿਚ ਕਰ ਸਕਦੇ ਹਨ। ਇਸ ਨੂੰ ਵੱਡੇ ਪੱਧਰ 'ਤੇ ਬਣਾਇਆ ਜਾਵੇਗਾ। ਪਰ ਹੁਣ ਸੰਜੇ ਲੀਲਾ ਭੰਸਾਲੀ ਨੇ 'ਬੈਜੂ ਬਾਵਰਾ', 'ਇੰਸ਼ਲੱਹਾ' ਅਤੇ ਅਖੌਤੀ ਪੈਨ ਇੰਡੀਆ ਫ਼ਿਲਮ ਨੂੰ ਪਰੇ ਰੱਖਦੇ ਹੋਏ ਫ਼ਿਲਮ 'ਲਵ ਐਂਡ ਵਾਰ' ਦਾ ਐਲਾਨ ਕਰ ਦਿੱਤਾ ਹੈ।

ਸੰਜੇ ਲੀਲਾ ਭੰਸਾਲੀ ਨੇ ਵੱਡੇ ਪਰਦੇ ਲਈ 'ਹਮ ਦਿਲ ਦੇ ਚੁਕੇ ਸਨਮ', 'ਦੇਵਦਾਸ', 'ਬਲੈਕ', 'ਗੁਜ਼ਾਰਿਸ਼', 'ਗੋਲੀਓਂ ਕੀ ਰਾਸਲੀਲਾ : ਰਾਮ ਲੀਲਾ', 'ਬਾਜੀਰਾਓ ਮਸਤਾਨੀ', 'ਪਦਮਾਵਤ' ਅਤੇ 'ਗੰਗੂਬਾਈ ਕਾਠਿਆਵਾੜੀ' ਵਰਗੀਆਂ ਬੇਹੱਦ ਸ਼ਾਨਦਾਰ ਫ਼ਿਲਮਾਂ ਬਣਾਈਆਂ ਹਨ। ਸੰਜੇ ਨੇ ਆਪਣੇ ਹੁਨਰ ਦੀ ਬਦੌਲਤ ਦਰਸ਼ਕਾਂ ਵਿਚ ਆਪਣੀ ਖ਼ਾਸ ਥਾਂ ਬਣਾਈ ਹੈ। ਸਭ ਨੂੰ ਉਨ੍ਹਾਂ ਦੀਆਂ ਫ਼ਿਲਮਾਂ ਦਾ ਇੰਤਜ਼ਾਰ ਰਹਿੰਦਾ ਹੈ। ਹਰ ਕਿਸੇ ਨੂੰ ਇਸ ਗੱਲ ਦੀ ਜਿਗਿਆਸਾ ਰਹਿੰਦੀ ਹੈ ਕਿ ਆਖ਼ਿਰ ਇਸ ਵਾਰ ਉਹ ਆਪਣੀ ਫ਼ਿਲਮ ਵਿਚ ਕੀ ਨਵਾਂ ਦਿਖਾਉਣ ਵਾਲੇ ਹਨ।

ਮੰਨਿਆ ਜਾ ਰਿਹਾ ਹੈ ਕਿ 'ਲਵ ਐਂਡ ਵਾਰ' ਲਈ ਸੰਜੇ ਲੀਲਾ ਭੰਸਾਲੀ ਨੇ ਜੋ ਮਾਸਟਰ ਪਲਾਨ ਬਣਾਇਆ ਹੈ, ਉਹ ਟਿਕਟ ਖਿੜਕੀ 'ਤੇ ਸਾਰੇ ਰਿਕਾਰਡ ਤੋੜ ਸਕਦਾ ਹੈ।

## "ਰਾਣੋ "ਆਖੇ "ਸ਼ਿਮਲੇ ਘੁੰਮਣ ਜਾਣਾ ਹੈ" ਤੇ ਫ਼ਿਲਮ "ਰਾਣੋ" ਦਾ ਗਾਣਾ ਆਉਂਦੇ ਹੀ ਹੋਇਆ ਹਿੱਟ _ਅੰਮ੍ਰਿਤ ਪਵਾਰ

ਪੰਜਾਬੀ ਫ਼ਿਲਮ "ਰਾਣੋ " ਤੇਜ਼ੀ ਨਾਲ ਬਣ ਰਹੀ ਹੈ ਤੇ ਇਹ ਪੰਜਾਬੀ ਦੇ ਸਭ ਤੋਂ ਵੱਡੇ ਓਟੀਟੀ ਪਲੇਟਫਾਰਮ ਡੋਨ ਸਿਨੇਮਾ ਤੇ ਆਉਣੀ ਹੈ।ਇਸ ਫ਼ਿਲਮ ਦਾ ਪਹਿਲਾ ਗਾਣਾ "ਸ਼ਿਮਲੇ ਘੁੰਮਣ ਜਾਣਾ" ਰਲੀਜ਼ ਹੁੰਦੇ ਹੀ ਸੁਪਰ ਹੋ ਗਿਆ ਹੈ। ਕਾਰਨ ਗਾਣਾ ਮਿੱਠਾ ਤੇ ਪੇਂਡੂ ਸੱਚਾਈ ਹੈ।ਅਮਨ ਸਟ੍ਰਿੰਗਜ਼ ਦਾ ਸੰਗੀਤ ਮਿੱਠਾ ਹੈ।ਖੈਰ ਬਿੱਟੂ ਮਾਨ ਫ਼ਿਲਮਜ਼ ਵਲੋਂ ਆ ਰਹੀ ਇਹ ਫ਼ਿਲਮ ਗੁਰੀ ਹਰਜੀਤ ਸਿੰਘ ਤੇ ਮਹਿਕ ਸ਼ਰਮਾ ਫ਼ਿਲਮ ਦੇ ਮੁੱਖ ਕਲਾਕਾਰ ਹਨ।ਮਹਿਮੂਦ ਅਲੀ ਫ਼ਿਲਮ ਦੇ ਪੇਸ਼ਕਰਤਾ ਹਨ ਪੈਨ ਐਨ ਈਂਟਰਟੇਨਮੇਂਟ ਨੂੰ ਗਾਣਾ ਹਿਟ ਹੋਣ ਤੇ ਪਤਾ ਚਲਿਆ ਹੈ ਕਿ ਇਸ ਨਾਲ ਫ਼ਿਲਮ ਦੀ ਰੈਟਿੰਗ ਰਾਤੋ ਰਾਤ ਵਧ ਗਈ ਹੈ।"ਰਾਣੋ " ਨੂੰ ਬਿੱਟੂ ਮਾਨ ਨੇ ਨਿਰਦੇਸ਼ਨ ਦਿੱਤਾ ਹੈ ਤੇ ਓਹਨਾਂ ਕਿਹਾ ਕਿ ਫ਼ਿਲਮ ਵਿੱਚ ਚੋਟੀ ਦੇ ਕਲਾਕਾਰ ਵੀ ਹਨ ਤੇ ਟਿਕ ਟੋਕ ਸਟਾਰ ਗੁਰੀ ਹਰਜੀਤ ਸਿੰਘ ਨਾਲ ਪੰਜਾਬ ਦੀ ਸੁਪਰ ਮਾਡਲ ਮਹਿਕ ਸ਼ਰਮਾ ਨਾਇਕਾ ਹੈ।ਫ਼ਿਲਮ ਨੂੰ ਉੱਚ ਤਕਨੀਕ ਨਾਲ ਬਣਾਉਣ ਲਈ ਮਹਿਮੂਦ ਅਲੀ ਨੇ ਆਪਣਾ ਬਾਲੀਵੁੱਡ ਤਜ਼ਰਬਾ ਵਰਤਿਆ ਹੈ।ਉਮੀਦ ਐ ਇਹ ਪੰਜਾਬੀ ਦੀ ਮਿੱਠੀ ਤੇ ਕਾਮਯਾਬ ਸੰਗੀਤਕ ਪਰਿਵਾਰਕ ਫ਼ਿਲਮ ਹੋਏਗੀ।

_ਅੰਮ੍ਰਿਤ ਪਵਾਰ।

## ਅਮਰੀਕਾ ਦੇ ਧਾਰਮਿਕ ਆਜ਼ਾਦੀ ਬਾਰੇ ਕਮਿਸ਼ਨ ਨੇ ਸੀਏਏ ਨੋਟੀਫਿਕੇਸ਼ਨ 'ਤੇ ਚਿੰਤਾ ਪ੍ਰਗਟਾਈ

ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (ਯੂਐੱਸਸੀਆਈਆਰਐੱਫ) ਨੇ ਭਾਰਤ ਸਰਕਾਰ ਵੱਲੋਂ ਨਾਗਰਿਕਤਾ (ਸੋਧ) ਕਾਨੂੰਨ (ਸੀਏਏ) ਨੂੰ ਲਾਗੂ ਕਰਨ ਲਈ ਜਾਰੀ ਨੋਟੀਫਿਕੇਸ਼ਨ ਫ਼ਲਸਤੂੱਤੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਹੈ ਕਿ ਧਰਮ ਜਾਂ ਵਿਸ਼ਵਾਸ ਦੇ ਅਧਾਰ ਫ਼ਰਸਤੂੱਤੇ ਕਿਸੇ ਨੂੰ ਵੀ ਨਾਗਰਿਕਤਾ ਤੋਂ ਵਾਂਝਾ ਨਹੀਂ ਕਰਨਾ ਚਾਹੀਦਾ। ਸੀਏਏ ਨੂੰ ਲਾਗੂ ਕਰਨ ਦੇ ਨਿਯਮਾਂ ਨੂੰ ਇਸ ਮਹੀਨੇ ਦੇ ਸ਼ੁਰੂ ਵਿੱਚ ਸੂਚਿਤ ਕੀਤਾ ਗਿਆ ਸੀ, ਜਿਸ ਨਾਲ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗ਼ਾਨਿਸਤਾਨ ਤੋਂ ਦਸਤਾਵੇਜ਼ਾਂ ਬਗ਼ੈਰ ਆਏ ਗ਼ੈਰ ਮੁਸਲਮਾਨ ਪਰਵਾਸੀਆਂ ਨੂੰ ਨਾਗਰਿਕਤਾ ਦੇਣ ਦਾ ਰਾਹ ਪੱਧਰਾ ਹੋ ਗਿਆ।

## ਸ਼ਹਿਨਾਜ਼ ਗਿੱਲ ਮਧੂਬਾਲਾ ਦੀ ਦਿੱਖ ਨੂੰ ਪਰਦੇ 'ਤੇ ਮੁੜ ਜ਼ਿੰਦਾ ਕਰਨਾ ਚਾਹੁੰਦੀ ਏ



ਬੌਲੀਵੁੱਡ ਅਦਾਕਾਰਾ ਸ਼ਹਿਨਾਜ਼ ਗਿੱਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਉੱਘੀ ਅਦਾਕਾਰਾ ਮਧੂਬਾਲਾ ਦੀ ਦਿੱਖ ਨੂੰ ਪਰਦੇ 'ਤੇ ਦੁਬਾਰਾ ਜਿਊਂਦਾ ਕਰਨਾ ਚਾਹੁੰਦੀ ਹੈ। ਉਸ ਨੇ ਕਿਹਾ, 'ਮੈਨੂੰ ਪੁਰਾਣੇ ਸਮੇਂ ਦੀਆਂ ਅਦਾਕਾਰਾਵਾਂ ਪਸੰਦ ਹਨ ਕਿਉਂਕਿ ਉਨ੍ਹਾਂ ਦਾ ਸੁਹੱਪਣ ਕੁਦਰਤੀ ਸੀ। ਇਸ ਕਰ ਕੇ ਮਧੂਬਾਲਾ ਨੂੰ ਮੁੜ ਪਰਦੇ 'ਤੇ ਲੈ ਕੇ ਆਉਣਾ ਬਹੁਤ ਵਧੀਆ ਹੋਵੇਗਾ।'

ਦੂਜੇ ਪਾਸੇ ਅਸਲ ਜ਼ਿੰਦਗੀ ਵਿਚ ਫੈਸ਼ਨ ਦੇ ਮਾਮਲੇ ਵਿੱਚ ਸ਼ਹਿਨਾਜ਼ ਬਹੁਤ ਸਾਧਾਰਨ ਹੈ। ਉਸ ਨੇ ਕਿਹਾ, 'ਮੈਂ ਘਰ ਵਿੱਚ ਆਮ ਲੜਕੀਆਂ ਵਰਗੀ ਹੀ ਹਾਂ। ਤੁਸੀਂ ਆਮ ਤੌਰ 'ਤੇ ਮੈਨੂੰ ਸ਼ਾਰਟਸ ਅਤੇ ਮੇਰੇ ਭਰਾਵਾਂ ਦੀਆਂ ਟੀ-ਸ਼ਰਟਾਂ ਵਿੱਚ ਦੇਖੋਗੇ।' ਜਦੋਂ ਉਸ ਤੋਂ ਪੁੱਛਿਆ ਗਿਆ ਕਿ ਅਸਲ ਜ਼ਿੰਦਗੀ ਵਿੱਚ ਉਹ ਕੀ ਪਹਿਰਾਵਾ ਪਾਉਂਦੀ ਹੈ। ਉਸ ਨੇ ਕਿਹਾ, 'ਉਸ ਨੂੰ ਤਜਰਬੇ ਕਰਨ ਤੋਂ ਕੋਈ ਨਹੀਂ ਰੋਕਦਾ, ਮੈਂ ਇਹ ਕਿਵੇਂ ਬਿਆਨ ਕਰ ਸਕਦੀ ਹਾਂ। ਹਰ ਦਿਨ ਇੱਕ ਨਵਾਂ ਤਜਰਬਾ ਹੁੰਦਾ ਹੈ।

# ਗੁਰਦੁਆਰਾ ਸਾਹਿਬ ਸਿੰਘ ਸਭਾ ਬੋਰਗੋ ਹਰਮਾਦਾ ਤੇਰਾਚੀਨਾ (ਲਾਤੀਨਾ) ਵੱਲੋਂ ਸਤਿਗੁਰੂ

## ✪ ਰਵਿਦਾਸ ਮਹਾਰਾਜ ਜੀ ਦੇ 647ਵੇਂ ਆਗਮਨ ਪੁਰਬ ਨੂੰ ਸਮਰਪਿਤ ਸਜਾਇਆ ਵਿਸ਼ਾਲ ਨਗਰ ਕੀਰਤਨ





ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਮਹਾਨ ਕ੍ਰਾਂਤੀਕਾਰੀ,ਰਹਿਬਰਾਂ ਦੇ ਰਹਿਬਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਪੰਜਾਬੀਆਂ ਦੇ ਮਿੰਨੀ ਪੰਜਾਬ ਲਾਸੀਓ ਸੂਬੇ ਦੇ ਜ਼ਿਲ੍ਹਾ ਲਾਤੀਨਾ ਦੇ ਸ਼ਹਿਰ ਬੋਰਗੋ ਹਰਮਾਦਾ ਤੇਰਾਚੀਨਾ (ਲਾਤੀਨਾ) ਵਿਖੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਸੂਬੇ ਦੀਆਂ ਸਮੂਹ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀਆਂ,ਮੰਦਿਰ ਕਮੇਟੀਆਂ,ਗੁਰੂ ਰਵਿਦਾਸ ਸਭਾਵਾਂ ਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾਪੂਰਵਕ ਸਜਾਇਆ ਜਿਸ ਦੀ ਸ਼ੁਰੂਆਤ ਪੰਜ ਪਿਆਰਿਆਂ ਤੇ ਪੰਜ ਨਿਸ਼ਾਨਚੀ ਸਿੰਘਾਂ ਨੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਕੀਤੀ। ਇਹ ਵਿਸ਼ਾਲ ਨਗਰ ਕੀਰਤਨ ਜਿਹੜਾ ਕਿ ਭਗਤੀ ਰੰਗ ਵਿੱਚ ਰੰਗਿਆਂ ਹੋਇਆ ਸੀ ਦੁਪਿਹਰ ਸਮੇਂ ਗੁਰਦੁਆਰਾ ਸਾਹਿਬ ਸਿੰਘ ਸਭਾ ਬੋਰਗੋ ਹਰਮਾਦਾ ਤੋਂ ਚਾਲੇ ਪਾਉਂਦਿਆਂ ਪੂਰੇ ਨਗਰ ਦੀ ਪ੍ਰਕਿਰਮਾ ਕਰਦਾ ਵਾਪਸ ਸ਼ਾਮ ਗੁਰਦੁਆਰਾ ਸਾਹਿਬ ਸੰਪੂਰਨ ਹੋਇਆ। ਨਗਰ ਕੀਰਤਨ ਦੀਆਂ ਸੰਗਤਾਂ ਲਈ ਸੇਵਾਦਾਰਾਂ ਵੱਲੋਂ ਅਨੇਕਾਂ ਪ੍ਰਕਾਰ ਦੇ ਪਕਵਾਨਾਂ ਤੇ ਜੂਸਾਂ ਦੇ ਭੰਡਾਰੇ ਵਰਤਾਏ ਗਏ। ਇਸ ਮੌਕੇ ਗੁਰੂ ਦੀਆਂ ਲਾਡਲੀਆਂ ਫੌਜਾਂ ਸਾਹਿਬਜਾਦਾ ਬਾਬਾ ਜੁਝਾਰ ਸਿੰਘ ਗੱਤਕਾ ਅਕੈਡਮੀ ਦੇ ਸਿੰਘਾਂ ਵੱਲੋਂ ਆਪਣੀ ਗੱਤਕਾ ਕਲਾ ਦੇ ਹੈਰਤ ਅੰਗੇਜ਼ ਕਾਰਨਾਮੇ ਵੀ ਸੰਗਤਾਂ ਨੂੰ ਦਿਖਾਏ ਗਏ। ਮਹਾਨ ਸਿੱਖ ਧਰਮ ਤੇ ਪ੍ਰਸਾਰ ਲਈ ਸਿੰਘਾਂ ਵੱਲੋਂ ਦਸਤਾਰ ਕੈਂਪ ਵੀ ਲਗਾਇਆ ਗਿਆ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਨਕਲਾਬੀ ਜੀਵਨ ਦਾ ਪ੍ਰਸੰਗ ਇਟਲੀ ਦੇ ਪ੍ਰਸਿੱਧ ਢਾਡੀ ਕਵੀਸ਼ਰ ਜੱਥੇ ਗਿਆਨੀ ਸਤਪਾਲ ਸਿੰਘ ਗਰਚਾ,ਗਿਆਨੀ ਗੁਰਮੀਤ ਸਿੰਘ ਗੁਰਦਾਸਪੁਰੀ (ਯੂ ਕੇ) ਤੇ ਗਿਆਨ ਸਰਬਜੀਤ ਸਿੰਘ ਮਾਣਕਪੁਰੀ ਦੇ ਜੱਥੇ ਨੇ ਆਪਣੀ ਬੁਲੰਦ ਤੇ ਸ਼ੁਰੀਲੀ ਆਵਾਜ਼ ਵਿੱਚ ਸੰਗਤਾਂ ਦੇ ਸਨਮੁੱਖ ਰੱਖਿਆ।

ਇਸ ਮੌਕੇ ਨਗਰ ਕੀਰਤਨ ਵਿੱਚ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਮੁੱਖ ਸਿੰਘ ਹਜ਼ਾਰਾ ਤੇ ਹੋਰ ਮੈਂਬਰਾਂ ਨੇ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਦੀ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ੁਸ਼ੋਭਿਤ ਬਾਣੀ ਏਕਤਾ ਵਿੱਚ ਰਲ-ਮਿਲਕੇ ਸਮਾਜ ਵਿੱਚ ਵਿਚਰਨ ਦਾ ਇਨਕਲਾਬੀ ਹੋਕਾ ਦਿੰਦੀ ਹੈ। ਇਸ ਨਗਰ ਕੀਰਤਨ ਵਿੱਚ ਸੂਬੇ ਭਰ ਗੁਰੂ ਦੀਆਂ ਸੰਗਤਾਂ ਨੇ ਵੱਡੇ ਕਾਫ਼ਲੀਆਂ ਦੇ ਰੂਪ ਵਿੱਚ ਹਾਜ਼ਰੀ ਭਰਕੇ ਗੁਰੂ ਸਾਹਿਬ ਦਾ ਭਰਵਾਂ ਆਸ਼ੀਰਵਾਦ ਲਿਆ ਤੇ ਸਭ ਸੰਗਤਾਂ ਲਈ ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ



*ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਢਾਹਾਂ ਕਲੇਰਾਂ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਕਰਦੇ ਹੋਏ*

ਬੰਗਾ-ਸ਼੍ਰੋਮਣੀ ਅਕਾਲੀ ਦਲ ਵੱਲੋਂ ਅੱਜ ਖਟਕੜ ਕਲਾਂ ਵਿਖੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਕੀਤਾ ਗਿਆ। ਇਹ ਸਨਮਾਨ ਰਸਮ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵੱਲੋਂ ਨਿਭਾਈ ਗਈ।

ਉਹਨਾਂ ਢਾਹਾਂ ਕਲੇਰਾਂ ਵਿਖੇ ਚਲਦੀਆਂ ਸਿਹਤ ਤੇ ਸਿੱਖਿਆ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਗੁਰੂ ਨਾਨਕ ਮਿਸ਼ਨ ਨੂੰ ਸਮਰਪਿਤ ਸਮੂਹ ਅਦਾਰਿਆਂ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ। ਗੌਰਤਲਬ ਹੈ ਕਿ ਇਹ ਸਨਮਾਨ ਰਸਮ ਭਾਈ ਸੰਗਤ ਸਿੰਘ ਖਾਲਸਾ ਕਾਲਜ ਵਿਖੇ ਸ਼ਹੀਦ ਭਗਤ ਸਿੰਘ ਤੇ ਸਾਥੀ ਸਹੀਦਾਂ ਦੀ ਨਿੱਘੀ ਯਾਦ ਨੂੰ ਸਮਰਪਿਤ ਸੈਮੀਨਾਰ ਦੌਰਾਨ ਨਿਭਾਈ ਗਈ।

ਇਸ ਸਨਮਾਨ ਲਈ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਟਰੱਸਟ ਵਲੋਂ ਪਾਰਟੀ ਦੇ ਦਰਜ-ਬ-ਦਰਜਾ ਆਗੂਆਂ ਦਾ ਧੰਨਵਾਦ ਕੀਤਾ ਅਤੇ ਟਰੱਸਟ ਦੀ ਅਗਵਾਈ 'ਚ ਸਾਰੇ ਅਦਾਰਿਆਂ ਦੀ ਬੇਹਤਰੀ ਲਈ ਹੋਰ ਯਤਨ ਕਰਨ ਦਾ ਅਹਿਦ ਵੀ ਲਿਆ। ਇਸ ਮੌਕੇ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਹਲਕਾ ਬੰਗਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਮੀਤ ਪ੍ਰਧਾਨ ਐਸ ਜੀ ਪੀ ਸੀ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰੀ, ਸ. ਜਰਨੈਲ ਸਿੰਘ ਵਾਹਿਦ ਹਲਕਾ ਇੰਚਾਰਜ ਨਵਾਂਸ਼ਹਿਰ, ਸ. ਹਰਿੰਦਰ ਪਾਲ ਸਿੰਘ ਚੰਦੂਮਜਾਰਾ, ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸ਼ੁਕਾਰ, ਸੂਬਾਈ ਕਿਸਾਨ ਆਗੂ ਜੱਥੇਦਾਰ ਸਤਨਾਮ ਸਿੰਘ ਲਾਦੀਆਂ, ਠੇਕੇਦਾਰ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਸੋਹਣ ਲਾਲ ਢੰਡਾ ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ, ਜਥੇਦਾਰ ਨਵਦੀਪ ਸਿੰਘ ਅਨੋਖਰਵਾਲ ਆਦਿ ਵੀ ਸ਼ਾਮਲ ਸਨ।

# ਭਾਈ ਸੰਗਤ ਸਿੰਘ ਖਾਲਸਾ ਕਾਲਜ ਵਿਖੇ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ

## ✪ ਪ੍ਰਿੰਸੀਪਲ ਦੀ ਅਗਵਾਈ ਵਿੱਚ ਸਮੂਹ ਸਟਾਫ਼ ਨੇ ਨਿਭਾਈ ਸਨਮਾਨ ਰਸਮ



*ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਕਰਨ ਸਮੇਂ ਪ੍ਰਿੰਸੀਪਲ ਡਾ. ਰਣਜੀਤ ਸਿੰਘ ਅਤੇ ਸਟਾਫ਼ ਮੈਂਬਰ।*

ਬੰਗਾ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਥਾਪਿਤ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ਵਿਖੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਰਣਜੀਤ ਸਿੰਘ ਨੇ ਕਿਹਾ ਕਿ ਜਦੋਂ ਸਮਾਜ ਅੰਦਰ ਸੇਵਾ ਭਾਵਨਾਵਾਂ ਨਾਲ ਨਵੀਆਂ ਪੈੜਾਂ ਦੀ ਸਿਰਜਨਾ ਹੁੰਦੀ ਹੈ ਤਾਂ ਉਸ ਮਿਸ਼ਨ ਦੀ ਅਗਵਾਈ ਕਰਨ ਵਾਲੇ ਸਦਾ ਸਤਿਕਾਰੇ ਜਾਂਦੇ ਹਨ। ਉਹਨਾਂ ਕਿਹਾ ਕਿ ਅੱਜ ਇਸ ਮੁਬਾਰਕ ਮਿਸ਼ਨ ਨੂੰ ਸਮਰਪਿਤ ਉਕਤ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਆਪਣੇ ਕਾਲਜ ਦੇ ਵਿਹੜੇ ਸਨਮਾਨ ਕਰਦਿਆਂ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਸਨਮਾਨ ਪ੍ਰਾਪਤ ਕਰਨ ਉਪਰੰਤ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਧੰਨਵਾਦੀ ਸ਼ਬਦਾਂ ਦੀ ਸਾਂਝ ਪਾਈ ਅਤੇ ਕਿਹਾ ਕਿ ਇਸ ਸਨਮਾਨ ਲਈ ਟਰੱਸਟ ਦੇ ਸਮੂਹ ਨੁਮਾਇੰਦੇ ਅਤੇ ਟਰੱਸਟ ਦੀ ਅਗਵਾਈ 'ਚ ਕੰਮ ਕਰਦੇ ਸਮੂਹ ਅਦਾਰਿਆਂ ਦਾ ਸਟਾਫ਼ ਹੱਕਦਾਰ ਹਨ। ਉਹਨਾਂ ਨੇ ਸਨਮਾਨ ਪ੍ਰਦਾਨ ਕਰਨ ਵਾਲੀਆਂ ਸਮੂਹ ਸਖਸ਼ੀਅਤਾਂ ਨੂੰ ਇਸੇ ਤਰ੍ਹਾਂ ਸਾਂਝੀਦਾਰ ਬਣੇ ਰਹਿਣ ਦੀ ਗੱਲ ਵੀ ਕਹੀ।

# ਆ ਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ

ਪ੍ਰਿੰ. ਸਰਵਣ ਸਿੰਘ




'ਚਕਰ ਇੰਡੀਆ' ਵੈੱਬਸਾਈਟ 'ਤੇ ਪਈ ਇੱਕ ਵੀਡੀਓ ਦਾ ਨਾਂ ਹੈ 'ਚਕਰ ਇੱਕ ਚਿਰਾਗ'। ਸੰਤ ਬਲਬੀਰ ਸਿੰਘ ਸੀਚੇਵਾਲ ਕਹਿੰਦੇ ਹਨ, "ਚਕਰੀਆਂ ਨੇ ਸੀਵਰੇਜ ਪਾਉਣ ਵਿਚ ਜੋ ਉਤਸ਼ਾਹ ਦਿਖਾਇਆ ਉਹ ਆਪਣੀ ਮਿਸਾਲ ਆਪ ਹੈ। ਉਨ੍ਹਾਂ ਨੇ ਪਿੰਡ ਨੂੰ ਨਰਕ 'ਚੋਂ ਕੱਢ ਕੇ ਸੱਚਮੁੱਚ ਦਾ ਸਵਰਗ ਬਣਾ ਦਿੱਤਾ ਹੈ। ਜੇ ਕੋਈ ਆਪਣੇ ਪਿੰਡ ਵਿਚ ਸੀਵਰੇਜ ਪਾਉਣਾ ਤੇ ਪਿੰਡ ਨੂੰ ਸਵਰਗ ਬਣਾਉਣਾ ਚਾਹੁੰਦਾ ਹੈ ਤਾਂ ਮੇਰੀ ਪਹਿਲੀ ਸਲਾਹ ਉਨ੍ਹਾਂ ਨੂੰ ਪਿੰਡ ਚਕਰ ਦੇਖ ਕੇ ਆਉਣ ਦੀ ਹੁੰਦੀ ਹੈ।"

ਚਕਰ ਦੀ ਨਵੀਂ ਨੁਹਾਰ ਹਜ਼ਾਰਾਂ ਸੈਲਾਨੀਆਂ ਨੇ ਵੇਖੀ ਹੈ। ਕਈਆਂ ਨੇ ਚਕਰ ਦੀ ਰੀਸ ਕਰ ਕੇ ਆਪਣੇ ਪਿੰਡਾਂ ਨੂੰ ਸੱਚੀਂ ਸਵਰਗ ਬਣਾ ਲਿਆ ਹੈ। ਪੰਜਾਬ ਵਿਚ ਕਈ ਸਾਲਾਂ ਤੋਂ ਨਸ਼ਿਆਂ ਦਾ ਕਾਲਾ ਦੌਰ ਚੱਲਦਾ ਹੋਣ ਦੇ ਬਾਵਜੂਦ ਗਿਆਰਾਂ ਹਜ਼ਾਰ ਦੀ ਆਬਾਦੀ ਵਾਲਾ ਪਿੰਡ ਚਕਰ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਅਤੇ ਕਿਸਾਨਾਂ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਤੋਂ ਕਾਫੀ ਹੱਦ ਤਕ ਬਚਿਆ ਆ ਰਿਹੈ। ਇਸ ਪਿੰਡ ਵਿਚ ਇਕੋ ਗੁਰਦਵਾਰਾ ਹੈ ਜਿਥੋਂ ਹੋਰਨਾਂ ਪਿੰਡਾਂ ਵਿਚ ਵੀ ਇਕੋ ਗੁਰਦਵਾਰੇ ਦੀ ਲਹਿਰ ਚਲਾਈ ਗਈ ਹੈ।

ਡਾ. ਬਲਵੰਤ ਸਿੰਘ ਸੰਧੂ ਨੇ ਇਸ ਪਿੰਡ ਬਾਰੇ ਸਚਿੱਤਰ ਪੁਸਤਕ 'ਚਾਨਣ ਮੁਨਾਰਾ ਚਕਰ' ਲਿਖੀ ਹੈ ਜਿਸ ਦਾ ਮੁੱਖ ਬੰਦ ਹੈ, "ਸਾਥੋਂ ਅਕਸਰ ਪੁੱਛਿਆ ਜਾਂਦੈ ਕਿ ਸਾਡੇ ਪਿੰਡ ਦੀ ਕਾਇਆ ਕਲਪ ਕਿਵੇਂ ਹੋਈ? ਕਿਵੇਂ ਸਪੋਰਟਸ ਅਕੈਡਮੀ ਬਣੀ, ਕਿਵੇਂ ਹਜ਼ਾਰ ਤੋਂ ਵੱਧ ਘਰਾਂ ਦਾ ਸੀਵਰੇਜ ਪਾਇਆ, ਕਿਵੇਂ ਪਿੰਡ ਦੀਆਂ ਸੱਥਾਂ ਅਤੇ ਭਾਈਚਾਰਕ ਸਾਂਝ ਕੇਂਦਰਾਂ ਨੂੰ ਬਣਾਇਆ ਤੇ ਨਵਿਆਇਆ? ਕਿਵੇਂ ਗਲੀਆਂ ਪੱਕੀਆਂ ਤੇ ਖੁੱਲ੍ਹੀਆਂ ਕੀਤੀਆਂ ਤੇ ਕਿਵੇਂ ਹਜ਼ਾਰਾਂ ਰੁੱਖ ਬੂਟੇ ਲਾ ਕੇ ਪਿੰਡ ਨੂੰ ਹਰਿਆਵਲਾ ਬਣਾਇਆ? ਕਿਵੇਂ ਛੱਪੜਾਂ ਨੂੰ ਨਿਰਮਲ ਝੀਲਾਂ ਬਣਾ ਕੇ ਜਜ਼ੀਰੇ ਸਿਰਜੇ ਅਤੇ ਜੀਵ ਜੰਤੂਆਂ ਤੇ ਪੰਖੇਰੂਆਂ ਨੂੰ ਟਿਕਾਣੇ ਦਿੱਤੇ? ਕਿਵੇਂ ਸੀਵਰੇਜ ਦਾ ਪਾਣੀ ਟ੍ਰੀਟ ਕਰ ਕੇ ਮੁੜ ਵਰਤੋਂ ਯੋਗ ਬਣਾਇਆ? ਕਿਵੇਂ ਦੂਸ਼ਿਤ ਵਾਤਾਵਰਣ ਨੂੰ ਸ਼ੁਧ ਕੀਤਾ? ਕਿਵੇਂ ਪਿੰਡ ਵਾਸੀਆਂ ਨੂੰ ਏਕਤਾ ਦੇ ਸੂਤਰ ਵਿਚ ਪ੍ਰੋਇਆ ਅਤੇ ਉਹਨਾਂ ਰਾਹੀਂ ਅਸੰਭਵ ਜਾਪਦੇ ਕਾਰਜ ਸੰਭਵ ਕਰਵਾਏ? ਕਿਵੇਂ ਨਵੀਂ ਪੀੜ੍ਹੀ ਨੂੰ ਨਸ਼ਿਆਂ ਵੱਲੋਂ ਹੋੜਿਆ ਅਤੇ ਨਰੋਆ ਖੇਡ ਸਭਿਆਚਾਰ ਸਿਰਜਿਆ?" ਅਜਿਹੇ ਸਵਾਲਾਂ ਦੇ ਜਵਾਬ ਇਸ ਪੁਸਤਕ ਵਿਚੋਂ ਪੜ੍ਹੇ ਜਾ ਸਕਦੇ ਹਨ।

ਸਪੋਰਟਸ ਅਕੈਡਮੀ ਦੇ ਇਕ ਬੋਰਡ ਉਤੇ ਲਿਖਿਆ ਹੈ, "ਚਕਰ ਦੀ ਮਿੱਟੀ ਵਿਚ ਸਾਡੇ ਵੱਡ ਵਡੇਰਿਆਂ ਨੇ ਜਨਮ ਲਿਆ ਤੇ ਅਸੀਂ ਉਨ੍ਹਾਂ ਦੀ ਉਂਗਲ ਫੜ ਕੇ ਚੱਲਣਾ ਸਿੱਖਿਆ। ਇਸ ਮਿੱਟੀ ਨੇ ਸਾਨੂੰ ਬੋਹੜਾਂ ਦੀ ਛਾਂ ਵਰਗੇ ਮਾਪੇ ਦਿੱਤੇ, ਮਿੱਠੇ ਮੇਵਿਆਂ ਵਰਗੇ ਧੀ-ਪੁੱਤ ਤੇ ਮੋਢਿਆਂ ਵਰਗੇ ਯਾਰ ਬੇਲੀ ਦਿੱਤੇ। ਇਸ ਦੇ ਖੇਤਾਂ ਨੇ ਸਦੀਆਂ ਤੋਂ ਸਾਡਾ ਢਿੱਡ ਭਰਿਆ। ਅਸੀਂ ਭਾਗਾਂ ਵਾਲੇ ਹਾਂ ਕਿ ਚਕਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ।



ਲੇਖ ਨਾਲ ਭੇਜੀ ਜਾ ਰਹੀ ਫੋਟੋ ਵਿੱਚ ਪੁਸਤਕ 'ਚਾਨਣ ਮੁਨਾਰਾ ਚਕਰ' ਰਾਏ ਅਜੀਜ਼ਉੱਲਾ ਖਾਂ ਜੀ ਨੂੰ ਭੇਟ ਕਰਦਿਆਂ ਜਿਨ੍ਹਾਂ ਦੇ ਵਡ-ਵਡੇਰਿਆਂ ਨੇ ਸੱਤ ਸੌ ਸਾਲ ਪਹਿਲਾਂ ਪਿੰਡ ਚਕਰ ਦੀ ਮੋਹੜੀ ਗੱਡੀ ਸੀ।

ਗੁਰਬਾਣੀ ਦੀ ਬਖ਼ਸ਼ੀ ਸੋਝੀ ਸਦਕਾ ਅਸੀਂ ਪੌਣ ਪਾਣੀ ਤੇ ਧਰਤ ਦੀ ਮਹੱਤਤਾ ਸਮਝਦਿਆਂ ਦੁਨੀਆ ਸਾਹਵੇਂ ਸਰਬਸਾਂਝੇ ਕਾਰਜਾਂ ਨਾਲ ਵਿਕਾਸ ਦੀ ਮਿਸਾਲ ਪੇਸ਼ ਕੀਤੀ। ਅਸੀਂ ਚਾਹੁੰਦੇ ਹਾਂ, ਸਾਂਝੇ ਉੱਦਮ ਨਾਲ ਜਗਾਇਆ ਸਾਡਾ ਚੌਮੁਖੀਆ ਦੀਵਾ ਲਟ ਲਟ ਬਲ਼ਦਾ ਰਹੇ ਤੇ ਇਸ ਦੀਵੇ ਦੀ ਲੋਅ ਹੋਰਨਾਂ ਪਿੰਡਾਂ ਵਿਚ ਵੀ ਚਾਨਣ ਬਖੇਰੇ।"

ਕੌਮਾਂਤਰੀ ਪ੍ਰਸਿੱਧੀ ਦੇ ਮਾਲਕ ਡਾ. ਸਰਦਾਰਾ ਸਿੰਘ ਜੌਹਲ ਨੇ ਇਸ ਪਿੰਡ ਨੂੰ ਵੇਖਦਿਆਂ ਕਿਹਾ, "ਇਹ ਮੇਰੇ ਸੁਪਨਿਆਂ ਦਾ ਪਿੰਡ ਹੈ।" ਸੰਭਲੋ ਪੰਜਾਬ ਤੇ ਜੀਵੇ ਜਵਾਨੀ ਦੇ ਲੇਖਕ ਗੁਰਪ੍ਰੀਤ ਸਿੰਘ ਤੂਰ ਨੇ ਲਿਖਿਆ, "ਪੰਜਾਬ ਨੂੰ ਅੱਗੇ ਵਧਣ ਲਈ ਜਿਸ ਤਰ੍ਹਾਂ ਦੇ ਮਾਹੌਲ ਦੀ ਲੋੜ ਹੈ ਉਹ ਪਿੰਡ ਚਕਰ ਵਿਚ ਦੇਖਿਆ ਜਾ ਸਕਦਾ ਹੈ। ਪੰਜਾਬ ਦੇ ਸਾਹਿਤਕਾਰ, ਬੁੱਧੀਜੀਵੀ ਤੇ ਚਿੰਤਕ ਜਿਸ ਤਰ੍ਹਾਂ ਦਾ ਪੰਜਾਬ ਸਿਰਜਣਾ ਚਾਹੁੰਦੇ ਹਨ ਚਕਰ ਉਹਦੀ ਜਿਉਂਦੀ ਜਾਗਦੀ ਮਿਸਾਲ ਹੈ। ਅੱਖੜ ਸੁਭਾਅ ਦਾ ਇਹ ਪਿੰਡ ਕਿਸੇ ਸਮੇਂ ਮਾਰਧਾੜ ਕਾਰਨ ਬਦਨਾਮ ਵੀ ਰਿਹਾ ਪਰ ਇਸ ਨੇ ਜੋ ਰੁਤਬਾ ਅੱਜ ਪ੍ਰਾਪਤ ਕਰ ਲਿਆ ਹੈ, ਉਹਦੀ ਸ਼ਲਾਘਾ ਹੀ ਨਹੀਂ, ਰੀਸ ਵੀ ਕਰਨੀ ਬਣਦੀ ਹੈ।"

ਜ਼ਿਲ੍ਹਾ ਸੰਗਰੂਰ ਦੇ ਤੱਤਕਾਲੀ ਡਿਪਟੀ ਕਮਿਸ਼ਨਰ ਅਰਸ਼ਦੀਪ ਸਿੰਘ ਥਿੰਦ ਨੇ ਲਿਖਿਆ, "15 ਜੂਨ 2014 ਨੂੰ ਚਕਰ ਦੇਖਣ ਦਾ ਮੌਕਾ ਮਿਲਿਆ। ਮੇਰੇ ਨਾਲ ਆਈਆਂ 30 ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਪਿੰਡ ਦੇਖ ਕੇ ਬੜੀ ਪ੍ਰਸੰਨਤਾ ਹੋਈ। ਸ਼ਹਿਰਾਂ ਨੂੰ ਦੇਖ ਕੇ ਪਿੰਡਾਂ ਦੇ ਲੋਕਾਂ ਦਾ ਸੁਫ਼ਨਾ ਸੀ ਕਿ ਪਿੰਡਾਂ ਵਿਚ ਵੀ ਵਧੀਆ ਖੇਡ ਸਹੂਲਤਾਂ ਹੋਣ, ਸੈਰ ਕਰਨ ਲਈ ਥਾਵਾਂ ਹੋਣ, ਬੱਚਿਆਂ ਦੇ ਮਨੋਰੰਜਨ ਲਈ ਪਾਰਕ ਤੇ ਝੂਲੇ ਹੋਣ। ਚਕਰ ਵਿਚ ਉਹ ਸੁਪਨਾ ਸਾਕਾਰ ਹੁੰਦਾ ਦੇਖਿਆ। ਇਸ ਪਿੰਡ ਤੋਂ ਅਗਾਂਹ ਹੋਰ ਪਿੰਡਾਂ ਵਿਚ ਵੀ ਅਜਿਹਾ ਮਾਹੌਲ ਬਣਨ ਦੀ ਆਸ ਬੱਝੀ ਹੈ। ਲੋਕਾਂ ਨੇ ਖ਼ੁਦ ਹੀ ਹੰਭਲਾ ਮਾਰ ਕੇ ਆਪਣਾ ਅੱਗਾ ਸੁਆਰ ਲਿਆ ਹੈ।"

ਕੈਨੇਡਾ ਦੇ ਮੈਂਬਰ ਪਾਰਲੀਮੈਂਟ ਪਰਮ ਗਿੱਲ ਨੇ 09 ਜਨਵਰੀ 2013 ਨੂੰ ਲਿਖਿਆ, "ਕੈਨੇਡਾ ਰਹਿੰਦਿਆਂ ਪੰਜਾਬ ਸਦਾ ਹੀ ਖਿੱਚ ਪਾਉਂਦਾ ਹੈ। ਇਸ ਵਾਰ ਦੀ ਪੰਜਾਬ ਫੇਰੀ ਸੱਚਮੁੱਚ ਯਾਦਗਾਰੀ ਹੋ ਨਿਬੜੀ। ਸਬੱਬ ਨਾਲ ਪਿੰਡ ਚਕਰ ਵਿਚ ਹੋਏ ਵਿਕਾਸ ਕਾਰਜ ਆਪਣੀ ਅੱਖੀਂ ਦੇਖੇ। ਪਰਵਾਸੀ ਪੰਜਾਬੀਆਂ ਦੀ ਮਦਦ ਤੇ ਪਿੰਡਵਾਸੀਆਂ ਦੀ ਸਵੈਸ਼ਕਤੀ ਤੇ ਪ੍ਰੇਰਨਾ ਨਾਲ ਕੋਈ ਪਿੰਡ ਕਿਥੋਂ ਕਿਥੇ ਜਾ ਸਕਦਾ ਹੈ, ਇਸ ਗੱਲ ਦਾ ਗਵਾਹ ਪਿੰਡ ਚਕਰ ਹੈ। ਚਕਰ ਨੇ ਜੋ ਥੋੜ੍ਹੇ ਸਮੇਂ ਵਿਚ ਹੀ ਵੱਡੀਆਂ ਮੱਲਾਂ ਮਾਰੀਆਂ ਹਨ, ਭਾਵੇਂ ਉਹ ਖੇਡਾਂ ਵਿਚ ਹੋਣ, ਭਾਵੇਂ ਵਾਤਾਵਰਣ ਦੀ ਸਾਂਭ ਸੰਭਾਲ ਹੋਵੇ, ਉਸ ਲਈ ਚਕਰ ਵਧਾਈ ਦਾ ਪਾਤਰ ਹੈ।"

ਕੈਨੇਡਾ ਦੇ ਖੇਡ ਮੰਤਰੀ ਬੱਲ ਗੋਸਲ ਨੇ 12 ਜਨਵਰੀ 2014 ਨੂੰ ਵਿਜ਼ਟਰ ਬੁੱਕ 'ਤੇ ਲਿਖਿਆ, "ਅੱਜ ਪਿੰਡ ਚਕਰ 'ਚ ਆ ਕੇ ਸੋਚਦਾ ਹਾਂ ਕਿ ਚਕਰ ਨਾ ਆਉਂਦਾ ਤਾਂ ਬਹੁਤ ਕੁਝ ਦੇਖਣ ਜਾਨਣ ਵਾਲਾ ਰਹਿ ਜਾਣਾ ਸੀ। ਪਿੰਡ ਚਕਰ ਦੇ ਪਰਵਾਸੀਆਂ ਅਤੇ ਨਗਰ ਨਿਵਾਸੀਆਂ ਦੇ ਕਾਰਜ ਬਹੁਤ ਸਲਾਹੁਣਯੋਗ ਹਨ। ਇਨ੍ਹਾਂ ਸਾਰਿਆਂ ਨੇ ਰਲ ਮਿਲ ਕੇ ਪਿੰਡ ਨੂੰ ਸਾਫ਼ ਸੁਥਰਾ ਅਤੇ ਸੋਹਣਾ ਹੀ ਨਹੀਂ ਬਣਾਇਆ ਸਗੋਂ ਪੂਰੇ ਪੰਜਾਬ ਨੂੰ ਇਕ ਮਾਡਲ ਵੀ ਦਿੱਤਾ ਹੈ। ਪਿੰਡ ਚਕਰ ਨੇ ਜਿਵੇਂ ਆਪਣੀ ਪੱਧਰ 'ਤੇ ਖੇਡ ਸਭਿਆਚਾਰ ਸਿਰਜਿਆ ਅਤੇ ਬਹੁਤ ਘੱਟ ਸਮੇਂ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ, ਇਸ ਦੀ ਮਿਸਾਲ ਕਿਧਰੇ ਘੱਟ ਹੀ ਮਿਲਦੀ ਹੈ। ਮੈਂ ਚਕਰ ਦੀ ਚੜ੍ਹਦੀ ਕਲਾ ਲਈ ਕਾਮਨਾ ਕਰਦਾ ਹਾਂ।"

ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ ਚਕਰ ਆਇਆ ਤਾਂ ਉਸ ਨੇ ਸਪੋਰਟਸ ਅਕੈਡਮੀ ਵੇਖਣ ਪਿੱਛੋਂ ਕਿਸ਼ਤੀ ਉਤੇ ਝੀਲ ਦੀ ਸੈਰ ਵੀ ਕੀਤੀ। ਉਸ ਦਾ ਕਹਿਣਾ ਹੈ, "ਚਕਰ ਨੂੰ ਦੇਖ ਕੇ ਯਕੀਨ ਹੋ ਗਿਆ ਕਿ ਪੰਜਾਬ ਮਰਨ ਵਾਲਾ ਨਹੀਂ। ਚਕਰ 'ਚ ਜੋ ਮਾਹੌਲ ਦੇਖਿਆ ਇਹ ਮੈਨੂੰ ਕਦੇ ਨਹੀਂ ਭੁੱਲ ਸਕਦਾ। ਚਕਰ ਦੇ ਖਿਡਾਰੀ, ਚਕਰ ਦੀਆਂ ਝੀਲਾਂ ਦੇ ਕੁਦਰਤੀ ਨਜ਼ਾਰੇ ਤੇ ਮੇਰੀ ਉਮਰ ਦੇ ਨੇੜ ਪਹੁੰਚੇ ਸਾਥੀਆਂ ਦਾ ਗਰਮਜੋਸ਼ੀ ਨਾਲ ਮਿਲਣਾ ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਬਣ ਗਈਆਂ ਹਨ।"

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਮਨਜੀਤ ਸਿੰਘ ਕੰਗ ਨੇ ਲਿਖਿਆ, "ਚਕਰ ਵਿਚ ਚੱਲ ਰਹੇ ਕਾਰਜ ਦੇਖਣ ਦਾ ਮੌਕਾ ਮਿਲਿਆ। ਚਕਰ ਦੇ ਉਦਮੀਆਂ ਨੇ ਵਾਤਾਵਰਣ ਨੂੰ ਸੰਭਾਲਣ ਦਾ ਜੋ ਉਪਰਾਲਾ ਕੀਤਾ ਅਤੇ ਕਰ ਰਹੇ ਹਨ ਉਹ ਕਾਬਲੇ ਤਾਰੀਫ਼ ਹੈ। ਸੀਵਰੇਜ ਤੇ ਹੋਰ ਵਾਧੂ ਦੇ ਪਾਣੀ ਨੂੰ ਸੋਧ ਕੇ ਮੁੜ ਸਿੰਜਾਈ ਲਈ ਵਰਤਣਾ ਬੜੀ ਵੱਡੀ ਗੱਲ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਪਾਣੀ ਦਾ ਪੱਧਰ ਬਹੁਤ ਹੇਠਾਂ ਜਾ ਰਿਹਾ ਹੈ। ਪੰਜਾਬ ਦੇ ਬਾਕੀ ਪਿੰਡ ਵੀ ਜੇ ਅਜਿਹੇ ਉਪਰਾਲੇ ਕਰ ਲੈਣ ਤਾਂ ਪੌਣ ਪਾਣੀ ਦੇ ਪਲੀਤ ਹੋਣ ਦੀ ਸਮੱਸਿਆ ਨੂੰ ਠੱਲ੍ਹ ਪੈ ਸਕਦੀ ਹੈ।"

ਕੈਨੇਡਾ ਤੋਂ ਆਏ ਕਾਰੋਬਾਰੀ ਕੈਵਿਨ ਮੋਰਗਨ ਨੇ ਚਕਰ ਦੇ ਵਿਕਾਸ ਕਾਰਜਾਂ ਵਿਚ ਇਕ ਕਰੋੜ ਰੁਪਏ ਦਾ ਯੋਗਦਾਨ ਪਾ ਕੇ ਬੇਨਤੀ ਕੀਤੀ ਕਿ ਮੈਨੂੰ ਚਕਰ ਦਾ ਸਿਟੀਜ਼ਨ ਬਣਾ ਲਓ! ਚਕਰੀਆਂ ਨੇ ਢਾਬ ਵਾਲੀ ਝੀਲ ਦਾ ਨਾਂ ਲੇਕ ਮੋਰਗਨ ਰੱਖ ਕੇ ਉਸ ਨੂੰ ਚਕਰੀਆ ਬਣਾ ਲਿਆ। ਹੋਰਨਾਂ ਦੇ ਕਥਨਾਂ ਦਾ ਹਵਾਲਾ ਦਿੱਤੇ ਬਿਨਾਂ ਇਹੋ ਕਹਿਣਾ ਉਚਿਤ ਹੋਵੇਗਾ ਕਿ ਪਿੰਡ ਚਕਰ ਨੂੰ ਅੱਖੀਂ ਵੇਖ ਕੇ ਆਪੋ ਆਪਣੇ ਪਿੰਡਾਂ ਦੀ ਤਕਦੀਰ ਬਦਲੋ। ਜੇ ਚਕਰ ਸੁਧਰ ਸਕਦੈ ਤਾਂ ਹੋਰ ਪਿੰਡ ਕਿਉਂ ਨਹੀਂ ਸੁਧਰ ਸਕਦੇ? ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ ਦੇ ਗੁਰਵਾਕ ਅਨੁਸਾਰ ਚੱਲੋਗੇ ਤਾਂ ਚਕਰ ਦੇ ਹਾਣੀ ਹੋ ਜਾਵੋਗੇ। ਚਕਰ ਦਾ ਵਿਕਾਸ ਜਾਰੀ ਹੈ ਤੇ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਯੂ. ਐਨ. ਓ. ਪੰਜਾਬ ਦੇ ਇਸ ਪਿੰਡ ਨੂੰ 'ਵਿਸ਼ਵ ਮਾਡਲ ਪਿੰਡ' ਦਾ ਖ਼ਿਤਾਬ ਨਹੀਂ ਦਿੰਦੀ।

ਜਿਵੇਂ ਚਕਰ ਨੂੰ ਪਿੰਡਾਂ ਦਾ ਚਾਨਣ ਮੁਨਾਰਾ ਕਿਹਾ ਜਾਂਦੈ ਉਵੇਂ ਚਕਰ ਦੀ ਸਪੋਰਟਸ ਅਕੈਡਮੀ ਵੀ ਖੇਡਾਂ ਦਾ ਚਾਨਣ ਮੁਨਾਰਾ ਹੈ। ਇਸ ਅਕੈਡਮੀ ਦੇ ਖਿਡਾਰੀ ਸਟੇਟ ਪੱਧਰ ਦੇ 300 ਤੇ ਨੈਸ਼ਨਲ ਪੱਧਰ ਦੇ 30 ਤੋਂ ਵੱਧ ਮੈਡਲ ਜਿੱਤ ਚੁੱਕੇ ਹਨ। ਸੁਖਦੀਪ ਚਕਰੀਆ ਭਾਰਤ ਦਾ ਨੈਸ਼ਨਲ ਚੈਂਪੀਅਨ ਬਣਿਆ ਤੇ ਹੁਣ ਪ੍ਰੋਫ਼ੈਸ਼ਨਲ ਮੁੱਕੇਬਾਜ਼ੀ ਕਰ ਰਿਹੈ। ਚਕਰ ਦੀਆਂ ਚਾਰ ਧੀਆਂ ਕੌਮੀ ਪੱਧਰ 'ਤੇ ਜੇਤੂ ਰਹੀਆਂ ਅਤੇ ਕੌਮਾਂਤਰੀ ਮੁਕਾਬਲਿਆਂ ਵਿਚੋਂ ਭਾਰਤ ਲਈ 6 ਮੈਡਲ ਜਿੱਤੀਆਂ। ਮਹਿਲਾ ਜੂਨੀਅਰ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਵਿਚ ਮਨਦੀਪ ਸੰਧੂ ਗੋਲਡ ਮੈਡਲ ਜਿੱਤ ਕੇ ਵਿਸ਼ਵ ਚੈਂਪੀਅਨ ਬਣੀ ਜਿਸ ਵਿਚ 46 ਮੁਲਕਾਂ ਦੀਆਂ 441 ਚੋਟੀ ਦੀਆਂ ਮੁੱਕੇਬਾਜ਼ਾਂ ਨੇ ਭਾਗ ਲਿਆ।

2018 ਵਿਚ ਦਿੱਲੀ ਵਿਖੇ ਹੋਈ ਸੀਨੀਅਰ ਮਹਿਲਾ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਵਿਚੋਂ ਚਕਰ ਦੀ ਧੀ ਸਿਮਰਨਜੀਤ ਕੌਰ ਬਾਠ ਨੇ ਬਰਾਂਜ਼ ਮੈਡਲ ਅਤੇ ਏਸ਼ਿਆਈ ਖੇਡਾਂ 'ਚ ਗੋਲਡ ਮੈਡਲ ਜਿੱਤਿਆ। ਉਸ ਨੇ ਟੋਕੀਓ ਦੀਆਂ ਓਲੰਪਿਕ ਖੇਡਾਂ-2021 ਵਿਚ ਭਾਗ ਲਿਆ ਅਤੇ ਉਸ ਨੂੰ ਅਰਜੁਨਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਬਾਕੀ ਹਿਸਾ ਸਫ਼ਾ 57 ਤੇ ਪੜ੍ਹੋ

56 ਸਫ਼ੇ ਦੀ ਬਾਕੀ

ਸਪੋਰਟਸ ਅਕੈਡਮੀ ਦੇ ਪ੍ਰਬੰਧਕਾਂ ਦਾ ਦਾਅਵਾ ਹੈ ਕਿ ਕਿਸੇ ਵੀ ਦਿਨ ਕੋਈ ਆ ਕੇ ਵੇਖ ਲਵੇ ਉਸ ਨੂੰ ਦੋ ਸੌ ਦੇ ਕਰੀਬ ਖਿਡਾਰੀ ਖੇਡ ਮੈਦਾਨਾਂ ਵਿਚ ਖੇਡਦੇ ਦਿਸਣਗੇ। ਕੋਈ ਫੁੱਟਬਾਲ ਖੇਡ ਰਿਹਾ ਹੋਵੇਗਾ, ਕੋਈ ਕਬੱਡੀ, ਕੋਈ ਵਾਲੀਬਾਲ, ਕੋਈ ਅਥਲੈਟਿਕਸ ਕਰ ਰਿਹਾ ਹੋਵੇਗਾ ਤੇ ਬਹੁਤ ਸਾਰੇ ਹੋਣਹਾਰ ਬੱਚੇ ਮੁੱਕੇਬਾਜ਼ੀ ਦੀ ਸਿਖਲਾਈ ਲੈ ਰਹੇ ਹੋਣਗੇ। ਸਵੇਰੇ ਸ਼ਾਮ ਮੇਲਾ ਲੱਗਾ ਹੁੰਦਾ ਹੈ ਬੱਚਿਆਂ, ਬੀਬੀਆਂ ਤੇ ਗਭਰੂਆਂ ਦਾ। ਚਕਰੀਆਂ ਨੇ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਹੀ ਪਰਵਾਸੀਆਂ ਦੀ ਮਦਦ ਨਾਲ ਦਸ ਕਰੋੜ ਤੋਂ ਵੱਧ ਪੂੰਜੀ ਲਾ ਕੇ ਅਤੇ ਦਸ ਕਰੋੜ ਤੋਂ ਵੱਧ ਦੀ ਕਾਰ ਸੇਵਾ ਕਰਕੇ ਤਿੰਨ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨਵਿਆਈਆਂ, ਹਾਲ ਕਮਰੇ ਬਣਾਏ, ਅਧਿਆਪਕ ਤੇ ਕੋਚ ਰੱਖੇ, ਸਟੇਡੀਅਮ ਬਣਾਇਆ, ਸਪੋਰਟਸ ਅਕੈਡਮੀ ਚਲਾਈ ਤੇ ਸੀਵਰੇਜ ਪਾਇਆ। ਨੌਂ ਸੱਥਾਂ ਨਵਿਆਈਆਂ, ਕਈ ਪਾਰਕ ਬਣਾਏ, ਝੂਲੇ ਲਾਏ, ਥਾਂ ਥਾਂ ਸੀਮੈਂਟ ਦੇ ਬੈਂਚ ਸਥਾਪਿਤ ਕੀਤੇ, ਬੱਸ ਸ਼ੈੱਡ ਬਣਾਏ, ਨਵੇਂ ਸਿਰਿਓਂ ਗਲੀਆਂ ਪੱਕੀਆਂ ਕੀਤੀਆਂ ਅਤੇ ਗਲੀਆਂ, ਫਿਰਨੀ ਤੇ ਪਿੰਡ ਦੇ ਰਾਹਾਂ ਉਤੇ ਵੀਹ ਹਜ਼ਾਰ ਬੂਟੇ ਤੇ ਰੁੱਖ ਲਾਏ। ਦੂਰ ਨੇੜੇ ਦੇ ਲੋਕ ਆ ਕੇ ਵੇਖਦੇ ਹਨ ਤੇ ਪੁੱਛਦੇ ਹਨ, ਇਹ ਕ੍ਰਿਸ਼ਮਾ ਹੋਇਆ ਕਿਵੇਂ ?

ਇਹ ਕ੍ਰਿਸ਼ਮਾ ਕਰਨ ਵਿਚ ਪਿੰਡ ਦੇ ਹਰ ਮਾਈ-ਭਾਈ, ਬਾਲ-ਬੱਚੇ ਤੇ ਨੌਜੁਆਨ ਦਾ ਯੋਗਦਾਨ ਹੈ। ਇਕ ਘੰਟਾ ਕਾਰ ਸੇਵਾ ਕਰਨ ਵਾਲੇ ਵੀ ਹਨ ਤੇ ਸਾਲਾਂ ਬੱਧੀ ਕਾਰ ਸੇਵਾ ਕਰਨ ਵਾਲੇ ਵੀ। ਇਹਦੇ ਵਿਚ ਇਕ ਰੁਪਿਆ ਦਾਨ ਦੇਣ ਵਾਲੇ ਵੀ ਹਨ, ਸੌ ਵਾਲੇ ਵੀ, ਹਜ਼ਾਰ ਵਾਲੇ ਵੀ, ਲੱਖ ਵਾਲੇ ਵੀ ਤੇ ਕਰੋੜਾਂ ਰੁਪਿਆ ਦਾ ਦਾਨ ਕਰਨ ਵਾਲੇ ਵੀ ਹਨ। ਪਰ ਕਿਸੇ ਦਾਨੀ ਦਾ ਨਾਂ ਕਿਤੇ ਵੀ ਨਹੀਂ ਲਿਖਿਆ ਗਿਆ। ਵਰ੍ਹਿਆਂ ਤੋਂ ਸ਼ਾਮਲਾਟਾਂ ਰੋਕੀ ਬੈਠੇ ਭਰਾਵਾਂ ਨੇ ਸਾਂਝੀਆਂ ਥਾਵਾਂ ਆਪੇ ਛੱਡ ਦਿੱਤੀਆਂ। ਕਈਆਂ ਨੇ ਨਿੱਜੀ ਥਾਵਾਂ ਛੱਡ ਕੇ ਗਲੀਆਂ ਖੁੱਲ੍ਹੀਆਂ ਕਰਵਾਈਆਂ।

ਪੁਸਤਕ 'ਚਾਨਣ ਮੁਨਾਰਾ ਚਕਰ' ਦਾ ਸੰਦੇਸ਼ ਹੈ ਕਿ ਹੋਰਨਾਂ ਪਿੰਡਾਂ ਦੇ ਲੋਕ ਵੀ ਚਕਰ ਦੀ ਰੀਸ ਕਰ ਵੇਖਣ। ਪਿੰਡਾਂ ਦੇ ਲੋਕ ਆਪਣੇ ਕਾਰਜ ਆਪਣੇ ਹੱਥੀਂ ਸਵਾਰਨ ਨਾ ਕਿ ਵੋਟਾਂ ਦੀਆਂ ਭੁੱਖੀਆਂ ਸਰਕਾਰਾਂ ਵੱਲ ਝਾਕੀ ਜਾਣ। ਸਰਕਾਰੀ ਗਰਾਂਟਾਂ ਦੀਆਂ ਬੁਰਕੀਆਂ ਬੰਦਿਆਂ ਨੂੰ ਬੰਦੇ ਨਹੀਂ ਰਹਿਣ ਦਿੰਦੀਆਂ। ਚਕਰ ਦੇ ਵਿਕਾਸ ਵਿਚ ਪਿੰਡ ਦੇ ਤੇ ਪਰਵਾਸੀ ਭਰਾਵਾਂ ਦੇ ਜਿਹੜੇ ਦਸ ਕਰੋੜ ਤੋਂ ਵੱਧ ਰੁਪਈਏ ਲੱਗੇ ਹਨ ਉਹ ਸਭ ਨੂੰ ਦਿਸਦੇ ਹਨ। ਕਈਆਂ ਪਿੰਡਾਂ ਨੂੰ ਸਰਕਾਰੀ ਗਰਾਂਟਾਂ ਦੇ ਕਰੋੜਾਂ ਰੁਪਏ ਮਨਜ਼ੂਰ ਹੋਏ ਪਰ ਲੱਗੇ ਕਿਤੇ ਦਿੱਸਦੇ ਹੀ ਨਹੀਂ !

ਮੈਂ ਜਦੋਂ ਵੀ ਆਪਣੇ ਪਿੰਡ ਜਾਂਦਾ ਹਾਂ ਤਾਂ ਵੇਖਦਾ ਹਾਂ ਕਿ ਸਵੇਰੇ ਸ਼ਾਮ ਬੀਹੀਆਂ ਵਿਚ ਬੱਚੇ ਸਪੋਰਟਸ ਅਕੈਡਮੀ ਦੇ ਟਰੈਕ ਸੂਟ ਪਾਈ ਸਟੇਡੀਅਮ ਵੱਲ ਜਾਂਦੇ ਹਨ ਅਤੇ ਖੇਡ ਮੈਦਾਨ ਵਿਚ ਕਸਰਤਾਂ ਤੇ ਖੇਡਾਂ ਦਾ ਅਭਿਆਸ ਕਰਦੇ ਹਨ। ਨਸ਼ਿਆਂ ਤੋਂ ਬਚੇ ਹੋਏ ਹਨ ਤੇ ਉੱਚੇ ਆਚਰਣ ਦੇ ਮਾਲਕ ਬਣ ਰਹੇ ਹਨ।

ਉਨ੍ਹਾਂ ਦੇ ਸਰੀਰਾਂ ਵਿਚ ਪੈਦਾ ਹੋ ਰਹੀ ਵਾਧੂ ਊਰਜਾ ਦਾ ਸਹਿਜ ਨਿਕਾਸ ਹੋ ਰਿਹੈ ਅਤੇ ਵਿਹਲਾ ਸਮਾਂ ਸਕਾਰਥੇ ਲੱਗ ਰਿਹੈ। ਜੇਕਰ ਪੰਜਾਬ ਦੇ ਸਾਰੇ ਪਿੰਡਾਂ ਵਿਚ ਹੀ ਅਜਿਹਾ ਮਾਹੌਲ ਬਣ ਜਾਵੇ ਤਾਂ ਪੰਜਾਬ ਕੀਹਦੇ ਲੈਣ ਦਾ ਹੈ ? ਪਰਵਾਸੀ ਖੇਡ ਪ੍ਰਮੋਟਰਾਂ ਨੂੰ ਚਕਰ ਵਰਗੀਆਂ ਖੇਡ ਅਕੈਡਮੀਆਂ ਚਲਾਉਣ ਦੀ ਲੋੜ ਹੈ ਜਿਥੇ ਕੇਵਲ ਕਬੱਡੀ ਟੂਰਨਾਮੈਂਟ ਕਰਾਉਣ ਉਤੇ ਲੱਖਾਂ ਰੁਪਏ ਲਾਉਣ ਦੀ ਥਾਂ ਓਨੇ ਪੈਸਿਆਂ ਨਾਲ ਸਾਰਾ ਸਾਲ ਖੇਡਾਂ ਚਲਾਈਆਂ ਜਾ ਸਕਦੀਆਂ ਹਨ। ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਦੀ ਲਾਅਣਤ ਤੋਂ ਇੰਜ ਹੀ ਬਚਾਇਆ ਜਾ ਸਕਦੈ।

ਨੋਟ : ਪੁਸਤਕ ਵਿਚਲੀਆਂ ਤਸਵੀਰਾਂ ਵਿਚ ਪਿੰਡ ਦੀਆਂ ਪੁਰਾਣੀਆਂ ਤੇ ਨਵੀਆਂ ਝਾਕੀਆਂ ਵਿਖਾਈਆਂ ਗਈਆਂ ਹਨ। ਉਹੀ ਛੱਪੜ ਜੋ ਪਹਿਲਾਂ ਨਰਕ ਬਣੇ ਹੋਏ ਸਨ ਹੁਣ ਫੁੱਲਾਂ ਵਾਲੇ ਪਾਰਕਾਂ ਤੇ ਝੀਲਾਂ ਵਿਚ ਬਦਲ ਗਏ ਹਨ। ਰੂੜੀਆਂ 'ਚ ਘਿਰੀ ਮੁਸ਼ਕ ਮਾਰਦੇ ਪਾਣੀ ਵਾਲੀ ਢਾਬ ਹੁਣ ਨਿਰਮਲ ਝੀਲ ਬਣ ਗਈ ਹੈ ਜਿਸ ਵਿਚ ਸੈਰ ਸਪਾਟੇ ਲਈ ਕਿਸ਼ਤੀਆਂ ਤਰਦੀਆਂ ਹਨ। ਪੁਸਤਕ ਦੇ ਕਾਂਡ-ਦੀਵੇ ਦੀ ਲੋਅ, ਵਿਰਸਾ ਤੇ ਵਰਤਮਾਨ, ਚੱਕਰਾਂ ਵਿਚੋਂ ਨਿਕਲਿਆ ਚਕਰ, ਸੀਵਰੇਜ ਸਿਸਟਮ: ਤਕਨੀਕ ਤੇ ਤਜ਼ਰਬੇ, ਸ਼ਕਤੀ, ਸੰਘਰਸ਼ ਤੇ ਸੂਹਜ ਦਾ ਸੰਗਮ, ਚਿੱਠੀ ਚਕਰ ਤੋਂ, ਝੀਲਾਂ ਚਕਰ ਦੀਆਂ, ਚਕਰ 'ਚ ਚੜ੍ਹਿਆ ਖੇਡਾਂ ਦਾ ਸੂਰਜ, ਚਕਰ ਦੀਆਂ ਸ਼ੇਰਨੀਆਂ, ਚਕਰ ਨੂੰ ਗੁਰ ਸ਼ਬਦਾਂ ਦੀ ਗੁੜ੍ਹਤੀ, ਚਕਰ ਇਕ ਮਾਰਗ ਦਰਸ਼ਕ ਅਤੇ ਹੈਲੋ ! ਮੈਂ ਚਕਰ ਬੋਲਦਾਂ... ਆਦਿ ਹਨ। 'ਜੋ ਸੁਣਿਆ, ਜੋ ਦੇਖਿਆ' ਨਾਂ ਦੇ ਕਾਂਡ ਵਿਚ ਉਨ੍ਹਾਂ ਨਾਮਵਰ ਵਿਅਕਤੀਆਂ ਦੇ ਕਥਨ ਦਰਜ ਹਨ ਜਿਹੜੇ ਪਿੰਡ ਚਕਰ ਵੇਖਣ ਗਏ। ਗੁਰਦਵਾਰਾ ਮਹਿਦੀਆਣਾ ਸਾਹਿਬ ਦੇ ਦਰਸ਼ਨਾਂ ਨੂੰ ਆਈਆਂ ਸੰਗਤਾਂ ਹੁਣ ਚਕਰ ਦੀ ਵੀ ਜ਼ਿਆਰਤ ਕਰ ਕੇ ਮੁੜਦੀਆਂ ਹਨ।

## ਹਾਸਾ ਕਲੀਨਿਕ

**ਹਿਸਾਬ** ਦੇ ਅਧਿਆਪਕ ਨੇ ਸੋਨੂੰ ਤੇ ਮੋਨੂੰ ਨੂੰ ਦਰਖਤ ਨਾਲ ਲਟਕਣ ਦੀ ਸਜ਼ਾ ਦਿੱਤੀ। ਥੋੜ੍ਹੀ ਦੇਰ ਲਟਕਣ ਤੋਂ ਬਾਅਦ ਸੋਨੂੰ ਹੇਠਾਂ ਡਿੱਗ ਪਿਆ।

ਅਧਿਆਪਕ ਨੇ ਪੁੱਛਿਆ, ਕੀ ਥੱਕ ਗਿਆਂ ?

ਸੋਨੂੰ, ਨਹੀਂ ਪੱਕ ਗਿਆਂ।

*---*---*

**ਇਕ** ਮੁੰਡੇ ਦੇ ਮੋਟਰਸਾਈਕਲ ਨਾਲ ਸਕੂਟੀ ਵਾਲੀ ਕੁੜੀ ਦੀ ਟੱਕਰ ਹੋ ਗਈ। ਭੀੜ ਨੇ ਮੁੰਡੇ ਨੂੰ ਬੁਰੀ ਤਰ੍ਹਾਂ ਕੁੱਟਿਆ, ਫਿਰ ਕੁੜੀ ਤੇ ਸਕੂਟੀ ਨੂੰ ਚੁੱਕਿਆ।

ਇਕ ਆਦਮੀ ਬੋਲਿਆ, ਮੈਡਮ, ਤੁਹਾਨੂੰ ਲੱਗੀ ਤਾਂ ਨਹੀਂ ?

ਕੁੜੀ, ਨਹੀਂ, ਇਹ ਤਾਂ ਰੋਜ਼ ਦਾ ਕੰਮ ਹੈ, ਸਕੂਟੀ ਸਿੱਖ ਰਹੀ ਹਾਂ ਨਾ।

*---*---*

**ਡਾਕਟਰ,** ਮੋਟਾਪੇ ਦਾ ਇਕੋ ਇਲਾਜ ਹੈ।

ਚਿੰਟੂ, ਕੀ ਡਾਕਟਰ ਸਾਹਿਬ ?

ਡਾਕਟਰ, ਤੂੰ ਰੋਜ਼ ਇਕ ਰੋਟੀ ਖਾਇਆ ਕਰ।

ਚਿੰਟੂ, ਇਹ ਇਕ ਰੋਟੀ ਭੋਜਨ ਖਾਣ ਤੋਂ ਪਹਿਲਾਂ ਖਾਣੀ ਹੈ ਜਾਂ ਬਾਅਦ ਵਿੱਚ ?

*---*---*

# "ਮਣਕੇ ਟੁੱਟਦੇ ਜਾਂਦੇ ਨੇ" ਵਾਲੀ ਗਾਇਕਾ ਦੀਪਕ ਢਿੱਲੋਂ ਦੀ ਨਵੀਂ ਗਾਇਕੀ ਪਾਰੀ ਸ਼ੁਰੂ ਹੋਈ

## ✪ ਆਇਆ ਰਾਣਾ ਸੰਧੂ ਨਾਲ ਦੋਗਾਣਾ ਪੀ ਓ



"ਮਣਕੇ ਟੁੱਟਦੇ ਜਾਂਦੇ ਆ" ਗਾਣੇ ਨਾਲ ਰਾਤੋ ਰਾਤ ਸਟਾਰ ਗਾਇਕਾ ਬਣੀ ਦੀਪਕ ਢਿੱਲੋਂ ਫਿਰ ਸਰਗਰਮ ਹੋਈ ਹੈ ਤੇ ਇਸ ਵਾਰ ਓਹ ਵੱਖ ਵੱਖ ਕਲਾਕਾਰਾਂ ਨਾਲ ਦੋਗਾਣੇ ਗਾਂਵਦੀ ਪੂਜਾ ਤੇ ਸੁਦੇਸ਼ ਕੁਮਾਰੀ, ਗੁਰਲੇਜ ਅਖ਼ਤਰ ਦੀ ਤਰਾਂ ਨਵੀਂ ਪਛਾਣ ਬਣਾਏਗੀ। ਵਾਰਿਸ ਪ੍ਰੋਡਕਸ਼ਨ ਨੇ ਪੰਜਾਬੀ ਸੰਗੀਤ ਨਗਰੀ ਵਿੱਚ ਦੋਗਾਣਾ "ਪੀ ਓ" ਜਾਰੀ ਕੀਤਾ ਹੈ। ਇਹ ਦੋਗਾਣਾ ਮਾਨ ਸਿੰਘ ਦੀ ਪੇਸ਼ਕਸ਼ ਹੈ। ਇਸ ਵਿੱਚ ਸਟਾਰ ਗਾਇਕ ਰਾਣਾ ਸੰਧੂ ਦੀ ਸੁਰੀਲੀ ਬੁਲੰਦ ਆਵਾਜ਼ ਪਹਿਲੀ ਸੱਟੇ ਹੀ ਲੋਕ ਖਿੱਚ ਲੈਂਦੀ ਹੈ। ਉਹਨਾਂ ਦਾ ਸਾਥ ਗਾਇਕਾ ਦੀਪਕ ਢਿੱਲੋਂ ਨੇ ਦਿੱਤਾ ਹੈ। "ਮਣਕੇ" ਵਾਲੀ ਦੀਪਕ ਨੇ ਕਿਹਾ ਕਿ ਇਹ ਸੌਖੇ ਤੇ ਰੋਮਾਂਟਿਕ ਸ਼ਬਦਾਂ ਵਾਲਾ ਨੌਜਵਾਨਾਂ ਦਾ ਗਾਣਾ ਹੈ। ਇਸ ਦਾ ਸੰਗੀਤ ਸੱਗੀ ਨੈਕਸਸ ਨੇ ਦਿੱਤਾ ਹੈ ਤੇ ਰਾਣਾ ਸੰਧੂ - ਦੀਪਕ ਢਿੱਲੋਂ ਦੇ ਇਸ ਦੋਗਾਣੇ ਲਈ ਵੀਡਿਓ ਗੁਰਫਤਹਿ ਨੇ ਤਿਆਰ ਕੀਤਾ ਹੈ ਜਿਸ ਨੂੰ ਦੇਖ ਅਨੰਦਿਤ ਮਾਹੌਲ ਹੁੰਦਾ ਹੈ। ਸੁਖਮਨਦੀਪ ਕੌਰ ਦੇ ਨਿਰਮਾਣ ਹੇਠ ਆਏ ਗੀਤ 'ਪੀ ਓ' ਲਈ ਦੀਪਕ ਢਿੱਲੋਂ ਨੇ ਕਿਹਾ ਕਿ ਇਹ ਦੋਗਾਣਾ ਕਾਮਯਾਬ ਹੋਏਗਾ ਕਿਉਂ ਕਿ ਸਰਲ ਬੋਲ,ਆਕਰਸ਼ਕ ਸੰਗੀਤ ਤੇ ਦਿਲਕਸ਼ ਵੀਡਿਓ ਨਾਲ ਸਾਰੀਆਂ ਗੱਲਾਂ ਇਸ ਦੋਗਾਣੇ ਦੇ ਹਿੱਤ ਵਿੱਚ ਜਾਂਦੀਆਂ ਹਨ। ਦੀਪਕ ਢਿੱਲੋਂ ਨੇ ਕਿਹਾ ਕਿ ਰਾਣਾ ਸੰਧੂ ਨੌਜਵਾਨਾਂ ਦਾ ਪਸੰਦੀਦਾ ਗਾਇਕ ਹੀ ਇਸ ਲਈ ਹੈ ਕਿ ਓਹ ਗੀਤਾਂ ਦੀ ਚੋਣ ਹੀ ਇਸ ਹਿਸਾਬ ਦੀ ਕਰਦਾ ਹੈ ਕਿ ਗੀਤ ਓਹਨਾਂ ਦੇ ਦਿਲ ਦਿਮਾਗ ਅਨੁਕੂਲ ਹੋਣ ਤੇ "ਮਣਕੇ," ਵਾਂਗ ਇਹ ਗਾਣਾ ਵੀ ਕਾਮਯਾਬੀ ਦੇ ਅੰਕੜੇ ਦਰਜ਼ ਕਰੇਗਾ। ਰਾਣਾ ਸੰਧੂ ਤੇ ਦੀਪਕ ਢਿੱਲੋਂ ਦੇ ਇਸ " ਪੀ ਓ ' ਵਿੱਚ ਅਰਸ਼ ਸੋਹਲ ਮਾਡਲ ਹੈ ਜਿਸ ਦੇ ਜਲਵੇ ਦਰਸ਼ਕਾਂ ਨੂੰ ਪ੍ਰਭਾਵਿਤ ਕਰ ਦੋਗਾਣੇ ਨੂੰ ਲਾਭ ਦੇਣਗੇ।

-ਅੰਮ੍ਰਿਤ ਪਵਾਰ

# "ਅੰਗਰੇਜ਼" "ਫੁੱਫੜ" ਬਣਨ ਤੋਂ ਬਾਅਦ ਬਣ ਗਿਆ ਗਵਈਆ, ਗਾਈ ਗ਼ਜ਼ਲ ਤੇ ਖੋਹਲ ਦਿੱਤਾ ਗਾਇਕੀ ਦਾ "ਬੂਹਾ" ਗੁਰਮੀਤ ਸਾਜਨ




ਨਾਮ ਹੈ ਪੰਜਾਬੀ ਫ਼ਿਲਮਾਂ ਵਿੱਚ ਗੁਰਮੀਤ ਸਾਜਨ ਦਾ ਤੇ ਹੁਣ ਤੇ ਕਲ ਦਾ "ਅੰਗਰੇਜ਼" ਵਾਲਾ "ਫੁੱਫੜ" ਅੱਜ ਨਾਮਵਰ ਫ਼ਿਲਮੀ ਕਲਾਕਾਰ ਬਣ ਚੁੱਕਾ ਹੈ ਤੇ ਪੰਜਾਬੀ ਗਾਇਕੀ ਵਿੱਚ ਓਸ ਦੀ ਸ਼ੌਕੀਆ ਤੇ ਹੈ ਪਰ ਉਸ ਨੂੰ ਸੁਣ ਲੱਗਦਾ ਜਿਵੇਂ ਓਹ ਪੱਕਾ ਗਾਵਾਈਆ ਹੋਏ। ਗੁਰਮੀਤ ਸਾਜਨ ਫਿਲਮ ਨਿਰਮਾਤਾ ਵੀ ਹਨ ਤੇ ਜਦ ਵੇਹਲ ਮਿਲਦੀ ਏ ਤਦ ਨੂਰਜਹਾਂ, ਅਫ਼ਸ਼ਾਂ ਦੇ ਨਗਮੇ ਆਪਣੀ ਆਵਾਜ਼ ਵਿੱਚ ਆਪਣੇ ਪ੍ਰਸ਼ੰਸਕਾਂ ਤੱਕ ਸੋਸ਼ਲ ਮੀਡੀਆ ਤੇ ਪਾਓਂਦੇ ਰਹਿੰਦੇ ਹਨ। ਹੁਣ ਗੁਰਮੀਤ ਸਾਜਨ ਨੇ ਜਗਜੀਤ ਸਿੰਘ ਪਿਆਸਾ ਦੀ ਗ਼ਜ਼ਲ ਗਾ ਕਿ ਲੋਕ ਅਰਪਣ ਕਰਨੀ ਹੈ ਗ਼ਜ਼ਲ ਦਾ ਆਪਣਾ ਲੁਤਫ਼ ਹੈ ਤੇ ਸਾਜਨ ਅਨੁਸਾਰ ਓਹਨਾਂ ਨੇ ਇਹ ਗ਼ਜ਼ਲ ਰੂਹ ਨਾਲ ਗਾਈ ਹੈ।ਬਕਿਆਦਾ ਓਹਨਾਂ ਨੇ ਇਸ ਗ਼ਜ਼ਲ ਨੂੰ ਹਰ ਪੱਖ ਤੋਂ ਸ਼ਿੰਗਾਰ ਕਿ ਪੇਸ਼ ਕਰਨ ਲਈ ਮਿਹਨਤ ਕੀਤੀ ਹੈ । ਗੁਰਮੀਤ ਸਾਜਨ ਦੀ ਗਾਈ ਇਸ ਗ਼ਜ਼ਲ ਇਸ ਗੀਤ ਦਾ ਨਾਮ "ਬੂਹਾ" ਹੈ। ਓਹ ਮਾਡਲ ਕਮਲ ਬਰਾੜ ਦਾ ਧੰਨਵਾਦ ਕਰਦੇ ਨੇ ਜਿਸ ਦੀ ਅਦਾ ਦਾ ਬੂਹਾ ਓਹਨਾਂ ਦੀ ਗ਼ਜ਼ਲ ਲਈ ਖੁੱਲਿਆ ਹੈ ਤੇ ਕਮਲ ਬਰਾੜ ਦੇ ਹੁਸਨ ਨਾਲ ਗੁਰਮੀਤ ਸਾਜਨ ਦੀ ਗਾਇਕੀ ਦਾ ਫਿਰ ਖੁੱਲ੍ਹ ਚੁੱਕਾ ਬੂਹਾ ਚੰਗੇ ਸਰੋਤੇ ਅੰਦਰ ਲਿਆਏਗਾ ਤੇ ਆ ਰਹੇ ਵਕਤ ਵਿੱਚ ਕਰਮਜੀਤ ਅਨਮੋਲ ਦੀ ਤਰਾਂ ਗੁਰਮੀਤ ਸਾਜਨ ਵੀ ਫ਼ਿਲਮੀ ਗਾਇਕੀ ਕਰਦੇ ਦਿਖਾਈ ਤੇ ਸੁਣਾਈ ਦੇਣਗੇ। ਇਸ ਤੋਂ ਪਹਿਲਾਂ ਓਹ ਨੂਰਜਹਾਂ ਦੇ ਗਾਏ ਗੀਤ ਵੀ ਆਪਣੀ ਆਵਾਜ਼ ਵਿੱਚ ਰਲੀਜ਼ ਕਰ ਚੁੱਕੇ ਹਨ ਤੇ ਹੁਣ ਗ਼ਜ਼ਲ ਗਾ ਕਿ ਜਗਜੀਤ ਪਿਆਸਾ ਦੀ ਓਹਨਾਂ ਆਪਣਾ ਗਾਇਕੀ ਪ੍ਰੇਮ ਜਾਹਿਰ ਕੀਤਾ ਹੈ। -ਅੰਮ੍ਰਿਤ ਪਵਾਰ

# ਸੱਤ ਵਾਲੀਆਂ ਖ਼ਬਰਾਂ

ਗੁਰਮੀਤ ਸਿੰਘ ਮਰਾੜ੍ਹ
ਮੋ : 9501400397



ਗੁਆਂਢੀ ਰਾਜ ਦੀ ਸਰਹੱਦ ਤੇ ਹੋ ਰਹੇ ਧੱਕੇ ਨੇ ਬਾਪੂ ਦੀ ਨੀਂਦ ਖਰਾਬ ਕਰ ਰੱਖੀ ਸੀ। ਇਹ ਵੀ ਭਲਾ ਕਿਹੜਾ ਨਿਆਂ ਹੈ ਕਿ ਆਪਣਾ ਦੁਖੜਾ ਵੀ ਨਹੀਂ ਰੋਣ ਦੇਣਾ। ਦੇਸ਼ ਦੇ ਅੰਦਰ ਹੀ ਜੇ ਇਸ ਤਰ੍ਹਾਂ ਬਾਡਰ ਬਣ ਗਏ, ਕੱਲ੍ਹ ਨੂੰ ਉੱਨੀ ਇੱਕੀ ਹੁੰਦੀ ਹੈ ਤਾਂ ਕੌਣ ਕਿਸੇ ਦਾ ਸਹਾਰਾ ਬਣੇਗਾ। ਰੱਬ ਨਾ ਕਰੇ ਜੇ ਦੂਸਰੇ ਦੇਸ਼ ਨਾਲ ਜੰਗ ਲੱਗ ਜਾਵੇ। ਰਾਜ ਤਾਂ ਆਉਂਦੇ ਜਾਂਦੇ ਰਹਿਣੇ ਹਨ, ਅਜਿਹਾ ਕਰਨ ਤੋਂ ਪਹਿਲਾਂ ਕੁੱਝ ਤਾਂ ਸੋਚੋ।

ਸਰਹੱਦ ਤੇ ਰੋਕੇ ਕਿਸਾਨਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਵਰਤੇ ਜਾ ਰਹੇ ਹੱਥਕੰਡੇ ਵੇਖ ਬਾਪੂ ਦਾ ਗੁੱਸਾ ਵਧਦਾ ਜਾ ਰਿਹਾ ਸੀ। ਕਿਸਾਨਾਂ ਉੱਤੇ ਹੰਝੂ ਗੈਸ, ਰਬੜ ਦੀਆਂ ਗੋਲੀਆਂ, ਰਸਤੇ ਵਿੱਚ ਰੱਖੇ ਵੱਡੇ ਵੱਡੇ ਪੱਥਰ ਤੇ ਸੜਕ ਤੇ ਗੱਡੇ ਕਿੱਲ, ਜ਼ੁਲਮ ਨਹੀਂ ਤਾਂ ਹੋਰ ਕੀ ਹੈ। ਕੀ ਕਿਸਾਨ ਆਜ਼ਾਦ ਦੇਸ਼ ਦੇ ਨਾਗਰਿਕ ਨਹੀਂ,ਉਨ੍ਹਾਂ ਦੇ ਹੱਕਾਂ ਦੇ ਹੱਕਾਂ ਤੇ ਮਾਰੇ ਜਾ ਰਹੇ ਡਾਕੇ ਨੂੰ ਕਿਵੇਂ ਬਰਦਾਸ਼ਤ ਕੀਤਾ ਜਾ ਸਕਦਾ ਹੈ ? ਆਪਣਾ ਹੱਕ ਮੰਗਣਾ ਵੀ ਹੁਣ ਗੁਨਾਹ ਹੋ ਗਿਆ।ਸਵੇਰੇ ਹੀ ਅਖ਼ਬਾਰ ਵਿੱਚ ਲੱਗੀਆਂ ਖ਼ਬਰਾਂ ਅਤੇ ਤਸਵੀਰਾਂ ਨੇ ਬਾਪੂ ਨੂੰ ਖਾਸ਼ਾ ਪ੍ਰੇਸ਼ਾਨ ਕਰ ਦਿੱਤਾ ਸੀ। ਅਖ਼ਬਾਰ ਪਾਸੇ ਰੱਖ ਉਹ ਬੁੜਬੜਾਉਣ ਲੱਗੇ, “ਜਿੰਨ੍ਹਾਂ ਦੀਆਂ ਵੋਟਾਂ ਨਾਲ ਰਾਜ ਲੈਂਦੇ, ਉਨ੍ਹਾਂ ਵਿਰੁੱਧ ਹੀ ਕਾਨੂੰਨ ਬਣਾਉਣ ਲੱਗ ਪਏ, ਕੀ ਇਹ ਦੇਸ਼ ਸਿਰਫ ਧਨਾਢਾਂ ਦਾ ਹੀ ਰਹਿ ਗਿਆ।” ਬਾਪੂ ਬੋਲਦਾ ਬੋਲਦਾ ਕੁਰਸੀ ਤੇ ਜਿਵੇਂ ਡਿੱਗ ਪਿਆ ਸੀ। ਇਹੋ ਹੀ ਚੀਜ਼ ਸਾਡੇ ਲਈ ਪ੍ਰੇਸ਼ਾਨੀ ਦਾ ਕਾਰਣ ਸੀ। ਜਿਸ ਦਿਨ ਦਾ ਕਿਸਾਨ ਅੰਦੋਲਨ ਦੁਬਾਰਾ ਆਰੰਭ ਹੋਇਆ ਸੀ ਮਾਂ ਅਤੇ ਮੈਨੂੰ ਤੌਖਲਾ ਸੀ,ਬਾਪੂ ਨੇ ਫਿਰ ਬਿਸਤਰਾ ਬੰਨ੍ਹ ਲੈਣਾ। ਇਹ ਨਹੀਂ ਕਿ ਅਸੀਂ ਕਿਸਾਨ ਅੰਦੋਲਨ ਦੇ ਵਿਰੁੱਧ ਹਾਂ, ਸਗੋਂ ਤਨੋਂ ਮਨੋਂ ਇਸ ਦੀ ਹਮਾਇਤ ਕਰਦੇ ਹਾਂ ਪਰ ਬਾਪੂ ਦੀ ਉਮਰ ਅਤੇ ਵਧਦੇ ਖੂਨ ਦਬਾਅ ਕਾਰਣ ਉਨ੍ਹਾਂ ਦੀ ਸਿਹਤ ਵੱਲੋਂ ਚਿੰਤਾ ਰਹਿੰਦੀ ਸੀ। ਮਾਂ ਦੀਆਂ ਅੱਖਾਂ ਵਿੱਚੋਂ ਹੰਝੂ ਟਪਕ ਪੈਂਦੇ ਸਨ ਕਿ ਇਸ ਨੇ ਰਾਹਾਂ ਵਿੱਚ ਰੁਲਕੇ ਮਰਨਾ ਤੇ ਜੱਗ ਦੀਆਂ ਛਿੱਬੀਆਂ ਸਾਨੂੰ ਮਿਲਣੀਆਂ। ਬਾਪੂ ਦੇ ਜਿੱਦੀ ਸੁਭਾਅ ਅੱਗੇ ਸਾਡੀ ਕੁੱਝ ਕਹਿਣ ਦੀ ਹਿੰਮਤ ਨਹੀਂ ਸੀ। ਬਾਪੂ ਨੂੰ ਦੁਨੀਆਂਦਾਰੀ ਦੀਆਂ ਚਾਲਾਂ ਤੇ ਮੌਕੇ ਅਨੁਸਾਰ ਢਲ਼ ਜਾਣ ਦੀ ਆਦਤ ਬਿੱਲਕੁੱਲ ਪਸੰਦ ਨਹੀਂ ਸੀ। ਸੱਚ ਅਤੇ ਨਿਆਂ ਲਈ ਬੋਲਣ ਲੱਗਿਆਂ ਉਹ ਕਦੇ ਵੀ ਝਕਦੇ ਨਹੀਂ ਸਨ। ਇਸੇ ਕਰਕੇ ਉਹ ਪਰ੍ਹੇ ਪੰਚਾਇਤ ਤੋਂ ਵੀ ਉਹ ਪਾਸੇ ਹੀ ਰਹਿੰਦੇ ਸਨ ਕਿਉਂਕਿ ਉੱਥੇ ਝੁਕਦੇ ਪੱਲੜੇ ਵੱਲ ਝੁਕਣ ਵਾਲਿਆਂ ਦੀ ਬਹੁਤਾਤ ਸੀ। ਕਿਸੇ ਨਾਲ ਧੱਕਾ ਹੁੰਦਾ ਵੇਖ ਭਾਂਵੇ ਸਾਰਾ ਪਿੰਡ ਚੁੱਪ ਕਰ ਜਾਵੇ ਪਰ ਬਾਪੂ ਤੋਂ ਇਹ ਬਰਦਾਸ਼ਤ ਨਹੀਂ ਸੀ ਹੁੰਦਾ ਤੇ ਉਹ ਬੋਲਣ ਲੱਗਿਆਂ ਕਿਸੇ ਦੀ ਲਿਹਾਜ਼ ਨਹੀਂ ਸਨ ਕਰਦੇ। ਪਿਛਲੇ ਕਿਸਾਨ ਅੰਦੋਲਨ ਵਿੱਚ ਵੀ ਉਹ ਪੂਰਾ ਸਮਾਂ ਉੱਥੇ ਹੀ ਰਹੇ। ਮੈਂ ਉਨ੍ਹਾਂ ਨੂੰ ਲਿਆਉਣ ਲਈ ਦਿੱਲੀ ਜਾਣ ਲੱਗਿਆ ਤਾਂ ਮਾਂ ਵੀ ਨਾਲ ਜਾਣ ਲਈ ਤਿਆਰ ਹੋ ਗਈ, “ਪੁੱਤ ਤੇਰੇ ਕਹੇ ਤੋਂ ਉਸਨੇ ਕਾਹਦਾ ਆਉਣਾ, ਮੈਂ ਵੀ ਚਲਦੀ ਹਾਂ, ਸ਼ਾਇਦ ਆਖੇ ਲੱਗ ਜਾਵੇ।” ਤੇ ਮਾਂ ਨਾਲ ਹੀ ਦਿੱਲੀ ਚੱਲ ਪਈ। ਜਾਕੇ ਦੇਖਿਆ ਤਾਂ ਬਾਪੂ ਪੂਰਾ ਰੌਅ ਵਿੱਚ ਸੀ। ਜਰਨੈਲਾਂ ਵਾਂਗ ਉਸਦੇ ਹੁਕਮ ਵਿੱਚ ਕਈ ਬੰਦੇ ਏਧਰ ਉਧਰ ਭੱਜੇ ਫਿਰ ਰਹੇ ਸਨ। ਬਾਪੂ ਲੰਗਰ ਤੋਂ ਲੈਕੇ ਸਮਾਨ ਦੀ ਢੋਆ ਢੁਆਈ ਤੱਕ ਸਾਰੇ ਪ੍ਰਬੰਧ ਦੇਖ ਰਿਹਾ ਸੀ। ਉਸ ਦੀ ਬੜਕ ਨੌਜਵਾਨਾਂ ਨੂੰ ਹੌਸਲਾ ਤੇ ਹੱਲਾਸ਼ੇਰੀ ਦੇਣ ਲਈ ਕਾਫੀ ਸੀ।

ਜਿਵੇਂ ਉਮੀਦ ਸੀ ਬਾਪੂ ਨੇ ਨਹੀਂ ਸੀ ਆਉਣਾ, ਉਹੋ ਹੀ ਹੋਇਆ, “ਆਉਂਗਾ ਤਾਂ ਮੈਂ ਮੋਰਚਾ ਜਿੱਤਕੇ ਹੀ, ਫੌਜਾਂ ਮੈਦਾਨ ਵਿੱਚੋਂ ਭੱਜਦੀਆਂ ਨਹੀਂ, ਅਖੀਰਲੇ ਸਾਹ ਤੱਕ ਲੜਦੀਆਂ ਹਨ।” ਮਾਂ ਨੇ ਉਮਰ ਦਾ ਵਾਸਤਾ ਵੀ ਪਾਇਆ ਤੇ ਘਰ ਦੇ ਕੰਮਾਂ ਦਾ ਕਹਿ ਸਮਝਾਉਣ ਦਾ ਯਤਨ ਵੀ ਕੀਤਾ ਪਰ ਬਾਪੂ ਨੇ ਸਿਰ ਮਾਰ ਦਿੱਤਾ। ਮੁੰਡਿਆਂ ਨੇ ਬਾਪੂ ਦਾ ਹਰ ਤਰ੍ਹਾਂ ਦਾ ਖਿਆਲ ਰੱਖਣ ਦਾ ਕਹਿ ਸਾਨੂੰ ਤੋਰ ਦਿੱਤਾ ਸੀ। ਬਾਪੂ ਨੇ ਆਪਣਾ ਹੱਠ ਪੁਗਾਇਆ ਸੀ ਤੇ ਮੋਰਚੇ ਦੇ ਖ਼ਾਤਮੇ ਤੇ ਹੀ ਘਰ ਪਰਤਿਆ ਸੀ।

ਹੁਣ ਬਾਪੂ ਫਿਰ ਅੰਦੋਲਨ ਬਾਰੇ ਹੀ ਸੋਚਦਾ ਰਹਿੰਦਾ ਤੇ ਅੰਦਰੋਂ ਅੰਦਰੀ ਘੁਲਦਾ ਪਿਆ ਸੀ। ਉਸ ਨੂੰ ਵੀ ਆਪਣੀ ਬਿਮਾਰੀ ਦਾ ਅਹਿਸਾਸ ਸੀ ਪਰ ਫਿਰ ਵੀ ਉਸ ਦੀ ਬਿਰਤੀ ਉੱਥੇ ਹੀ ਲੱਗੀ ਹੋਈ ਸੀ। ਉਸ ਦੀ ਇਹ ਹਾਲਤ ਵੇਖ ਸਾਨੂੰ ਹੋਰ ਡਰ ਲੱਗਣ ਲੱਗ ਪਿਆ। ਮਾਂ ਹਰ ਸਮੇਂ ਉਸ ਨੂੰ ਹੋਰ ਗੱਲਾਂ ਵਿੱਚ ਲਗਾਉਣ ਦੀ ਕੋਸ਼ਿਸ਼ ਕਰਦੀ ਤੇ ਲੱਗਦੀ ਵਾਹ ਉਸ ਤੋਂ ਕਦੇ ਪਾਸੇ ਨਾ ਜਾਂਦੀ। ਘਰ ਵਿੱਚ ਡਰ ਬਣਿਆ ਹੋਇਆ ਸੀ ਕਿ ਉਸਦੀ ਸੋਚ ਅਤੇ ਅੰਦਰਲਾ ਗੁੱਸਾ ਕਿਤੇ ਕਿਸੇ ਅਣਹੋਣੀ ਵਿੱਚ ਨਾ ਬਦਲ ਜਾਵੇ। ਲੱਗਦਾ ਸੀ ਸਾਡੇ ਸਾਰੇ ਯਤਨ ਬੇਕਾਰ ਜਾ ਰਹੇ ਹਨ। ਅਜੇ ਇਹ ਕਸ਼ਮਕਸ਼ ਚੱਲਦੀ ਹੀ ਪਈ ਸੀ ਕਿ ਚਾਚੇ ਦਾ ਮੁੰਡਾ ਸੱਤਾ ਆ ਗਿਆ ਤੇ ਅੰਦੋਲਨ ਬਾਰੇ ਗੱਲਾਂ ਕਰਨ ਲੱਗਾ ਤੇ ਅਖ਼ਬਾਰ ਚੁੱਕ ਖ਼ਬਰਾਂ ਤੇ ਨਜ਼ਰ ਮਾਰਨ ਲੱਗਾ। ਅੰਦੋਲਨ ਦੌਰਾਨ ਕਿਸਾਨ ਦੀ ਮੌਤ ਅਤੇ ਜਥੇਬੰਦੀਆਂ ਵੱਲੋਂ ਸਰਕਾਰ ਤੋਂ ਪੈਸੇ ਅਤੇ ਨੌਕਰੀ ਦੀ ਮੰਗ ਤੇ ਗੱਲ ਕਰਨ ਲੱਗ ਪਿਆ। ਬਾਪੂ ਉਸ ਦੀ ਗੱਲ ਤੇ ਭੜਕ ਪਿਆ, “ਹਾਂ ਹਾਂ ਜ਼ਰੂਰ ਮੰਗੋ, ਹੁਣ ਇਤਿਹਾਸ ਵੀ ਕਲੰਕਿਤ ਕਰ ਲਵੋ। ਸਾਡੇ ਗੁਰੂਆਂ ਅਤੇ ਹੋਰ ਸਿੱਖਾਂ ਨੇ ਆਪਣਾ ਸਭ ਕੁੱਝ ਵਾਰ ਦਿੱਤਾ,ਉਨ੍ਹਾਂ ਨੇ ਤਾਂ ਸਰਕਾਰਾਂ ਅੱਗੇ ਸਿਰ ਨਹੀਂ ਨਿਵਾਇਆ, ਤੁਸੀਂ ਹੱਥ ਅੱਡ ਲਵੋ। ਨਾਲੇ ਸਰਕਾਰਾਂ ਵਿਰੁੱਧ ਲੜਨਾ ਤੇ ਨਾਲੇ ਰਿਆਇਤਾਂ ਭਾਲਣੀਆਂ। ਸ਼ਾਬਾਸ਼ ਤੁਹਾਡੇ!” ਮਾਂ ਨੇ ਬਾਪੂ ਨੂੰ ਚੁੱਪ ਕਰਾਉਣਾ ਚਾਹਿਆ ਪਰ ਉਹ ਕਦੋਂ ਕਿਸੇ ਭੜੂਏ ਦੀ ਸੁਣਦਾ ਸੀ। ਸੱਤਾ ਕੰਨ ਵਲੇਟ ਕੇ ਤੁਰ ਗਿਆ ਸੀ। ਮਾਂ ਵੱਲੋਂ ਗੁੱਸਾ ਵਿਖਾਉਣ ਤੇ ਬਾਪੂ ਇਹ ਕਹਿੰਦਾ ਅੰਦਰ ਚਲਾ ਗਿਆ ਸੀ ਜੇ ਤੁਹਾਨੂੰ ਭੈੜਾ ਲੱਗਦਾਂ ਤਾਂ ਨਹੀਂ ਬੋਲਦਾ। ਹੁਣ ਉਸ ਨੇ ਚੁੱਪੀ ਧਾਰ ਲਈ ਸੀ।

ਸਕੂਲੋਂ ਆ ਮੈਂ ਘਰਦੇ ਕੰਮ ਧੰਦੇ ਕਰਦਿਆਂ ਵਿੱਚ ਵਿੱਚ ਬਾਪੂ ਵੱਲ ਨਜ਼ਰ ਮਾਰ ਲੈਂਦਾ, ਉਹ ਸਵੇਰ ਦਾ ਚੁੱਪ ਚਾਪ ਪਿਆ ਸੀ। ਉਸਦੀ ਚੁੱਪ ਸਾਡੇ ਲਈ ਮੁਸੀਬਤ ਬਣਦੀ ਜਾਂਦੀ ਸੀ। ਮੈਂ ਬਾਪੂ ਦੇ ਕਮਰੇ ਸਾਹਮਣੇ ਬੈਠ ਗਿਆ ਤੇ ਮਾਂ ਚਾਹ ਰੱਖ ਗਈ। ਮੈਨੂੰ ਸਾਥੀ ਅਧਿਆਪਕ ਗੁਰਦਾਸ ਸਿੰਘ ਦੀ ਗੱਲ ਚੇਤੇ ਆ ਗਈ। ਸਾਡੇ ਸਕੂਲ ਵਿੱਚ ਨਵਾਂ ਪ੍ਰਿੰਸੀਪਲ ਬਦਲ ਕੇ ਆਇਆ ਸੀ। ਜਿਵੇਂ ਕਿ ਆਮ ਹੁੰਦਾ ਹੈ, ਬੱਚੇ ਛੁੱਟੀ ਹੋਣ ਵੇਲੇ ਕਮਰਿਆਂ ‘ਚੋਂ ਭੱਜਦੇ ਬਾਹਰ ਨਿਕਲਦੇ ਤੇ ਹੋ ਹੱਲਾ ਕਰਦੇ। ਪ੍ਰਿੰਸੀਪਲ ਨੇ ਦੋ ਕੁ ਦਿਨਾਂ ਬਾਅਦ ਮੀਟਿੰਗ ਰੱਖ ਲਈ ਤੇ ਸਭ ਨੂੰ ਹਦਾਇਤ ਕੀਤੀ ਕਿ ਬੱਚੇ ਲਾਈਨ ਬਣਾ ਕੇ ਅਤੇ ਬਿਨਾਂ ਕਿਸੇ ਸ਼ੋਰ ਦੇ ਗੇਟ ਤੱਕ ਲੈ ਜਾਣ ਦੀ ਜਿੰਮੇਵਾਰੀ ਅਧਿਆਪਕ ਦੀ ਹੋਵੇਗੀ। ਅਣਗਹਿਲੀ ਦੀ ਹਾਲਤ ਵਿੱਚ ਸ਼ਖਤ ਤਾੜਨਾ ਵੀ ਕਰ ਦਿੱਤੀ। ਗੁਰਦਾਸ ਸਿੰਘ ਨੇ ਦਲੀਲ ਦੇਣੀ ਚਾਹੀ ਕਿ ਸਰ ਇਹ ਕੁਦਰਤੀ ਪ੍ਰਵਿਰਤੀ ਹੈ ਅਤੇ ਜੇਕਰ ਉਨ੍ਹਾਂ ਨੂੰ ਇਸ ਵਿੱਚ ਕੋਈ ਖੁਸ਼ੀ ਮਿਲਦੀ ਹੈ ਤਾਂ ਸਾਨੂੰ ਉਹਨਾਂ ਦੀ ਇਹ ਖੁਸ਼ੀ ਖੋਹਣੀ ਨਹੀਂ ਚਾਹੀਦੀ। ਉਨ੍ਹਾਂ ਨੇ ‘ਚੀਕ ਬੁਲਬੁੱਲੀ’ ਕਵਿਤਾ ਦੀ ਉਦਾਹਰਣ ਵੀ ਦਿੱਤੀ ਪਰ ਪ੍ਰਿੰਸੀਪਲ ਆਪਣੇ ਕਹੇ ਤੇ ਕਾਇਮ ਰਿਹਾ ਤੇ ਹਰ ਹਾਲਤ ਵਿੱਚ ਆਪਣਾ ਫੁਰਮਾਨ ਲਾਗੂ ਕਰਵਾਉਣ ਲਈ ਬਜਿੱਦ ਸੀ। ਸਮੱਸਿਆ ਅਧਿਆਪਕਾਂ ਲਈ ਵੀ ਸੀ, ਕਿਸੇ ਨੇ ਆਪਣੀ ਗੱਡੀ ਸਟਾਰਟ ਕਰਨੀ ਹੁੰਦੀ ਤੇ ਕੋਈ ਮੋਟਰਸਾਈਕਲ, ਸਕੂਟਰ ਨਾਲ ਆਪਣਾ ਬੈਗ ਵਗੈਰਾ ਬੰਨ੍ਹ ਰਿਹਾ ਹੁੰਦਾ ਪਰ ਪ੍ਰਿੰਸੀਪਲ ਦਾ ਹੁਕਮ ਤਾਂ ਮੰਨਣਾ ਪੈਣਾ ਸੀ। ਸੋ ਅਸੀਂ ਕਤਾਰਾਂ ਵਿੱਚ ਤੋਰ ਬੱਚਿਆਂ ਨੂੰ ਗੇਟ ਟਪਾਉਣ ਲੱਗੇ ਪਰ ਆਖਿਰ ਅਸੀਂ ਕਿੱਥੋਂ ਤੱਕ ਨਾਲ ਜਾ ਸਕਦੇ ਸੀ। ਜਦੋਂ ਹੀ ਪ੍ਰਿੰਸੀਪਲ ਦੀ ਗੱਡੀ ਉਨ੍ਹਾਂਦੇ ਕੋਲ ਦੀ ਲੰਘਦੀ, ਉਹ ਆਪਣਾ ਗੁੱਭਗਲਾਹਟ ਕੱਢਣ ਲੱਗਦੇ। ਕੁੱਝ ਦਿਨਾਂ ਵਿੱਚ ਹੀ ਪ੍ਰਿੰਸੀਪਲ ਸਾਹਿਬ ਸਕੂਲ ਵਕਤ ਤੋਂ ਦੋ ਚਾਰ ਮਿੰਟ ਪਹਿਲਾਂ ਹੀ ਤੁਰਨ ਲੱਗੇ ਤੇ ਅਸੀਂ ਗੁਰਦਾਸ ਦੀ ਗੱਲ ਤੇ ਖੂਬ ਹੱਸਦੇ। ਇਨਸਾਨੀ ਫ਼ਿਤਰਤ ਹੈ ਕਿ ਉਸਦੇ ਮਨ ਦੇ ਗੁਬਾਰ ਨੂੰ ਨਾ ਨਿਕਲਣ ਦਿੱਤਾ ਜਾਵੇ ਤਾਂ ਉਹ ਰੋਗ ਬਣ ਜਾਂਦਾ ਹੈ ਤੇ ਬਾਪੂ ਵੀ ਤਾਂ ਅੰਦਰੋਂ ਅੰਦਰੀ ਘੁੱਲ ਰਿਹਾ ਸੀ।

“ਪੁੱਤ ਬਜ਼ੁਰਗ ਤੇ ਬੱਚੇ ਥੋੜੀ ਘਣੀ ਜਿੱਦ ਕਰਦੇ ਹੀ ਹੁੰਦੇ ਹਨ, ਤੂੰ ਮਨ ਤੇ ਨਾ ਲਾ, ਚਾਹ ਵੀ ਪਈ ਪਈ ਠੰਡੀ ਹੋ ਗਈ, ਲਿਆ ਤੱਤੀ ਕਰ ਦੇਵਾਂ।” ਮੈਂ ਸੋਚਾਂ ਵਿੱਚ ਪਿਆ ਚਾਹ ਪੀਣੀ ਵੀ ਭੁੱਲ ਗਿਆ ਸੀ। ਬਾਪੂ ਨੂੰ ਚੁੱਪ ਵਿੱਚੋਂ ਬਾਹਰ ਲਿਆਉਣ ਲਈ ਮੈਂ ਸ਼ਾਮ ਨੂੰ ਫਿਰ ਕੋਸ਼ਿਸ਼ ਕੀਤੀ, “ਬਾਪੂ ਜੇ ਕਹੇਂ ਤਾਂ ਟੀਵੀ ਚਲਾ ਦਿਆਂ, ਖ਼ਬਰਾਂ ਵਗੈਰਾ ਸੁਣ ਲੈ।” ਕਹਿ ਮੈਂ ਬਾਪੂ ਵੱਲ ਵੇਖਣ ਲੱਗਾ।

“ਖ਼ਬਰਾਂ! ਕਿਹੜੀਆਂ ਖ਼ਬਰਾਂ!! ਇਹ ਟੀਵੀ ਵਾਲੇ ਖ਼ਬਰਾਂ ਦਿੰਦੇ ਹਨ, ਇਹ ਤਾਂ ਭੋਂਪੂ ਹਨ ਭੋਂਪੂ। ਜੋ ਇਨ੍ਹਾਂ ਦਾ ਮਾਲਕ ਕਹੀ ਜਾਂਦਾ, ਉਸ ਦੇ ਝੂਠ ਨੂੰ ਵੀ ਸੌ ਵਾਰ ਬੋਲ ਸੱਚ ਬਣਾਉਂਦੇ ਹਨ। ਅਖੇ ਕਿਸਾਨ ਅੰਦੋਲਨ ਨਾਲ ਲੋਕਾਂ ਨੂੰ ਮੁਸੀਬਤਾਂ ਹੋ ਰਹੀਆਂ, ਆਉਣਾ ਜਾਣਾ ਔਖਾ ਹੋ ਗਿਆ। ਕੀ ਕਿਸਾਨ ਇਨਸਾਨ ਨਹੀਂ ਜੋ ਸੜਕਾਂ ਤੇ ਰੁੱਲੀ ਜਾਂਦੇ ਘਰ ਬਾਰ ਛੱਡਕੇ। ਉਨ੍ਹਾਂ ਦੀਆਂ ਮੁਸੀਬਤਾਂ ਕਿਉਂ ਨਹੀਂ ਦਿਸਦੀਆਂ। ਪੁੱਠੀਆਂ ਸਿੱਧੀਆਂ ਛੁਰਲੀਆਂ ਛੱਡੀ ਜਾਣਗੇ,ਦਲਾਲ ਕਿਸੇ ਥਾਂ ਦੇ। ਖ਼ਬਰਾਂ ਤਾਂ ਪਹਿਲਾਂ ਹੁੰਦੀਆਂ ਸੀ। ਟੀਵੀ, ਰੇਡੀਓ ਭਾਂਵੇ ਸਰਕਾਰੀ ਸਨ ਪਰ ਉਹ ਹਰ ਖ਼ਬਰ ਬਿਨਾਂ ਲੱਗ ਲਪੇਟ ਦੇ ਦਿੰਦੇ ਸਨ। ਲੋਕਾਂ ਨੂੰ ਖ਼ਬਰਾਂ ਤੇ ਭਰੋਸਾ ਹੁੰਦਾ ਸੀ। ਸਾਰੇ ਇਕੱਠੇ ਹੋ ਉਚੇਚ ਨਾਲ ਖ਼ਬਰਾਂ ਸੁਣਦੇ, ਕਿੱਥੇ ਰਹਿ ਗਈਆਂ ਉਹ ਸੱਤ ਵਾਲੀਆਂ ਖ਼ਬਰਾਂ।” ਬਾਪੂ ਅੱਜ ਦੇ ਮੀਡੀਆ ਤੋਂ ਬਦਜ਼ਨ ਹੋਇਆ ਅੱਖਾਂ ਬੰਦ ਕਰ ਸ਼ਾਇਦ ਅਤੀਤ ਵਿੱਚ ਗੁਆਚ ਗਿਆ ਸੀ। ਸੱਤ ਵਾਲੀਆਂ ਖ਼ਬਰਾਂ ਨਹੀਂ ਸ਼ਾਇਦ ਸਾਥੋਂ ਸੱਚ ਗੁਆਚ ਗਿਆ ਸੀ।

# ਸੁਦਾਗਰ ਬਰਾੜ ਲੰਡੇ

ਕਿਰਪਾਲ ਸਿੰਘ ਪੰਨੂੰ, ਟੋਰਾਂਟੋ
ਫੋਨ: 1-905-796-0531

ਮਾਰਚ 18, 2024 ਦੀ ਫੇਸਬੁੱਕ ਉੱਤੇ, ਕੁਲਵਿੰਦਰ ਖਹਿਰਾ ਵੱਲੋਂ ਦਿੱਤੀ ਸੂਚਨਾ ਪੜ੍ਹਕੇ ਤਨ ਮਨ ਡੂੰਘੇ ਸਦਮੇ ਵਿੱਚ ਚਲਾ ਗਿਆ। ਸੁਦਾਗਰ ਬਰਾੜ ਲੰਡੇ ਨੂੰ ਯਾਦ ਕਰਨਾ ਮੇਰੀ ਰੂਹ ਦਾ ਹੁਲਾਰਾ ਸੀ। ਬਿਨਾ ਪਤੇ ਉਸਦਾ ਤੁਰ ਜਾਣਾ ਮੇਰੇ ਲਈ ਡੁੱਬ ਕੇ ਮਰ ਜਾਣ ਵਾਲ਼ੀ ਗੱਲ ਹੈ। ਉਹ ਸੁਰਗਵਾਸ ਹੋਇਆ ਨਵੰਬਰ 2022 ਵਿੱਚ ਅਤੇ ਮੈਨੂੰ ਪਤਾ ਲੱਗਿਆ ਮਾਰਚ 2024 ਨੂੰ। ਮੇਰੇ ਲਈ ਇਸ ਤੋਂ ਵੱਡੀ ਨਮੋਸੀ ਵਾਲ਼ੀ ਕਿਹੜੀ ਗੱਲ ਹੋ ਸਕਦੀ ਹੈ। ਅਗਲੇ ਦਿਨ ਸੁਦਾਗਰ ਦੀ ਸੁਪਤਨੀ ਸਰਦਾਰਨੀ ਗੁਰਚਰਨ ਕੌਰ ਨਾਲ਼ 1-519-442-5577 ਉੱਤੇ ਦਰਦ ਸਾਂਝਾ ਕਰਨ ਲਈ ਫੋਨ ਕੀਤਾ ਤਾਂ ਉਨ੍ਹਾਂ ਦੀ ਬੇਟੀ ਨਿਰਮਲਜੀਤ ਕੌਰ ਨੇ ਦੱਸਿਆ ਕਿ ਉਹ ਤੇ ਇੰਡੀਆ ਗਏ ਹੋਏ ਨੇ। ਉਸਨੇ ਇਹ ਵੀ ਦੱਸਿਆ ਕਿ ਬਰਾੜ ਦੇ ਸੁਰਗਵਾਸ ਹੋਣ ਦੀ ਜਾਣਕਾਰੀ ਸਮੇਂ ਸਿਰ ਪੂਰਨ ਸਿੰਘ ਪਾਂਧੀ ਨੂੰ ਦੇ ਦਿੱਤੀ ਗਈ ਸੀ। ਇਹ ਸੁਣਕੇ ਸਦਮੇ ਦਾ ਦੂਹਰਾ ਤਕੜਾ ਝਟਕਾ ਲੱਗਿਆ। ਪਾਂਧੀ ਵੀ ਮੇਰੇ ਪੂਰਾ ਨੇੜੇ ਹੈ ਅਤੇ ਕਿਤੇ ਵੀ ਹੋਈਏ ਉਹ ਮੇਰੇ ਨਾਲ਼ ਪਲ ਪਲ ਦੀ ਜਾਣਕਾਰੀ ਦਾ ਆਦਾਨ ਪਰਦਾਨ ਕਰਦਾ ਰਹਿੰਦਾ ਹੈ। ਪੁੱਛਣ ਉੱਤੇ ਪਾਂਧੀ ਨੇ ਦੱਸਿਆ ਕਿ ਇਹ ਭਿਅੰਕਰ ਗਲਤੀ ਪਤਾ ਨਹੀਂ ਕਿਵੇਂ ਹੋ ਗਈ। ਮੈਂ ਉਨ੍ਹਾਂ ਦਿਨਾਂ ਵਿੱਚ ਚਾਰ ਕੁ ਮਹੀਨੇ ਇੰਡੀਆ ਗਿਆ ਹੁੰਦਾ ਹਾਂ। ਸ਼ਾਇਦ ਇਹ ਖ਼ਬਰ ਇਨ੍ਹਾਂ ਚਾਰ ਮਹੀਨਿਆਂ ਵਿੱਚ ਹੀ ਉਡ ਪੁਡ ਗਈ। ਪਰ ਮੇਰੇ ਲਈ ਇਹ ਇਸ ਤਰ੍ਹਾਂ ਨਹੀਂ ਹੋ ਸਕਦਾ।

ਸਾਡਾ ਪਹਿਲਾ ਮੇਲ 'ਕਲਮਾਂ ਦੇ ਕਾਫ਼ਲੇ' ਦੀ ਇੱਕ ਮਹੀਨੇਵਾਰ ਮੀਟਿੰਗ ਵਿੱਚ ਹੋਇਆ। ਪਹਿਲੇ ਮੇਲ ਵਿੱਚ ਹੀ ਸੁਦਾਗਰ ਨੇ ਮੇਰੀ ਰੂਹ ਦਾ ਹਰ ਕੋਨਾ ਮੱਲ ਲਿਆ। "ਬਰਾੜ ਕੀ ਤੇ ਲੰਡੇ ਕੀ, ਇਹ ਕੁਮੇਲ ਕਿਉਂ?" ਮੈਂ ਉਸਨੂੰ ਪੁੱਛਿਆ। "ਆਪੋ ਆਪਣੀ ਸੋਚ ਹੁੰਦੀ ਹੈ", ਉਹ ਬੋਲਿਆ, "ਚੰਗੀਆਂ ਚੀਜਾਂ ਦਾ ਮੇਲ ਕਦੇ ਵੀ ਕੁਮੇਲ ਨਹੀਂ ਹੁੰਦਾ। ਆਪਣੇ ਨਾਂ ਤੋਂ ਪਿੱਛੋਂ ਮਾਂ-ਬਾਪ, ਕਬੀਲੇ ਦਾ ਨਾਂ ਅਤੇ ਪਿੰਡ ਦਾ ਨਾਂ ਸਦਾ ਹੀ ਮਾਣ ਯੋਗ ਹੋਇਆ ਕਰਦੇ ਨੇ।" ਉਸ ਨੇ ਵਿਆਖਿਆ ਦਿੱਤੀ। ਉਹ ਪਲ ਤੇ ਇਹ ਪਲ ਸੁਦਾਗਰ ਮੇਰੇ ਹੋਰ ਨੇੜੇ ਹੋਰ ਨੇੜੇ ਹੁੰਦਾ ਚਲਾ ਗਿਆ। ਸੱਚੀ ਗੱਲ ਤਾਂ ਇਹ ਹੈ ਕਿ ਉਹ ਸਦੀਵੀ ਦੂਰ ਜਾ ਕੇ ਵੀ ਮੇਰੇ ਜੀਂਦੇ ਜੀਅ ਮੇਰੇ ਤੋਂ ਦੂਰ ਹੋਣ ਵਾਲ਼ਾ ਨਹੀਂ।

ਉਹ ਇੱਕ ਬਹੁ ਗੁਣੀ ਇਨਸਾਨ ਸੀ। ਅਧਿਆਪਕਾਂ ਦੀ ਯੂਨੀਅਨ ਵਿੱਚ ਉਹ ਸਦਾ ਸਰਗਰਮ ਰਿਹਾ। ਮਹਾਨ ਇਨਕਲਾਬੀ ਤੇਜਾ ਸਿੰਘ ਸੁਤੰਤਰ ਦੇ ਕਈ ਵੇਰ ਰੂਬਰੂ ਹੋ ਕੇ ਉਹ ਆਪਣੇ ਸੰਕੇ ਦੂਰ ਕਰਦਾ ਰਿਹਾ। ਉਸਦੇ ਪੁਰਖੇ ਮਹਿਕਮਾ ਮਾਲ ਵਿੱਚ ਰਹੇ ਅਤੇ ਉਸ ਕੋਲ਼ ਮਾਲ ਮਹਿਕਮੇ ਦੀ ਜਾਣਕਾਰੀ ਦਾ ਇੱਕ ਵਿਸ਼ਾਲ ਭੰਡਾਰ ਸੀ। ਇਤਿਹਾਸ ਵਿੱਚ ਉਸਦੀ ਪੂਰੀ ਰੁਚੀ ਅਤੇ ਮੁਹਾਰਤ ਸੀ। ਸਿਹਤ ਕਦੀ ਵੀ ਵਧੀਆ ਨਾ ਰਹਿਣ ਤੇ ਵੀ ਉਹ ਕਬੱਡੀ ਦਾ ਇੱਕ ਤਿੱਖਾ ਖਿਡਾਰੀ ਸੀ। ਜਿਸ ਇਨਸਾਨ ਦੀਆਂ ਅੱਖਾਂ ਤੇ ਕੰਨ ਸਦਾ ਖੁੱਲ੍ਹੇ ਹੋਣ ਅਤੇ ਉਹ ਤਰਕ ਬਿਤਰਕ ਬਿਰਤੀ ਦਾ ਮਾਲਕ ਹੋਵੇ, ਉਸਦੇ ਗਿਆਨ ਵਸੀਲੇ ਸਦਾ ਸਤਰਕ ਰਹਿੰਦੇ ਹਨ। ਵਿਚਾਰਾਂ ਦੇ ਮੋਤੀ ਚੁਣਦਿਆਂ-ਚੁਣਦਿਆਂ ਉਸ ਕੋਲ਼ ਜਾਣਕਾਰੀ ਦਾ ਅਸੀਮ ਖ਼ਜ਼ਾਨ ਇਕੱਠਾ ਹੋ ਜਾਂਦਾ ਹੈ। ਮੈਂ ਤੇ ਮੇਰੀ ਪਤਨੀ ਨੇ ਉਸ ਕੀਮਤੀ ਭੰਡਾਰ ਦੇ ਅਨੇਕ ਵਾਰ ਦਰਸ਼ਣ ਕੀਤੇ ਹਨ। ਉਸਦਾ ਸਾਡੇ ਘਰ ਅਤੇ ਸਾਡਾ ਉਸਦੇ ਘਰ ਆਣਾ ਜਾਣਾ ਵਗਦੀ ਵਾ ਦੇ ਨਿੱਘੇ-ਮਹਿਕਦੇ ਬੁੱਲੇ ਸਮਾਨ ਬਣਿਆ ਰਿਹਾ ਹੈ। ਜਦੋਂ ਅਸੀਂ ਕੇਵਲ ਦੋਵੇਂ ਹੀ ਹੁੰਦੇ ਤਾਂ ਬਹੁਤੀ ਵੇਰਾਂ ਆਪਣੀਆਂ ਢਕੀਆਂ ਰਿੱਝਦੀਆਂ ਦੇ ਢੱਕਣ ਚੁੱਕਦੇ ਤੇ ਮਲੂਕ ਜਾਣਕਾਰੀ ਦਾ ਆਦਾਨ ਪਰਦਾਨ ਭਰੋਸੇ ਦੇ ਰੇਸ਼ਮੀ ਪੜਦਿਆਂ ਪਿੱਛੇ ਮੁੜ ਢਕਿਆ ਜਾਂਦਾ।

ਸੁਦਾਗਰ ਨੇ ਮੈਨੂੰ ਆਪਣੇ ਅਨਗਿਣਤ ਸੁਹਿਰਦ ਜਾਣਕਾਰਾਂ ਨਾਲ਼ ਮਿਲ਼ਾ ਕੇ ਮੇਰੀਆਂ ਬਾਹਾਂ ਹੋਰ ਲੰਬੀਆਂ ਕੀਤੀਆਂ ਮੇਰੇ ਵਿਅਕਤੀਤਿਵ ਨੂੰ ਹੋਰ ਪਾਸਾਰ ਦਿੱਤਾ। ਕਲਾਕਾਰ ਮਲਕੀਤ ਸਿੰਘ, ਲਾਲ ਸਿੰਘ ਢਿੱਲੋਂ, ਪ੍ਰੋਫੈੱਸਰ ਕੰਵਲਜੀਤ ਢਿੱਲੋਂ ਆਦਿ ਦਾ ਮੈਂ ਸਦਾ ਮਾਣਮੱਤਾ ਸਾਥ ਮਾਣਦਾ ਰਿਹਾ ਹਾਂ। ਮੈਨੂੰ ਤੇ ਮੇਰੀ ਪਤਨੀ ਨੂੰ ਐਡਮੈਂਟਨ ਅਤੇ ਕੈਲੀਗਰੀ ਦੀ ਯਾਦਗਾਰੀ ਸੈਰ ਕਰਾਉਣ ਦਾ ਮਾਣ ਵੀ ਸੁਦਾਗਰ ਨੂੰ ਹੀ ਜਾਂਦਾ ਹੈ। ਗੱਲ ਕੀ ਉਸਦੀ ਇਹ ਸਮੁੱਚੀ ਦੇਣ ਵਰਨਣੋਂ ਬਾਹਰੀ ਹੈ।

ਮੇਰੀ ਪਤਨੀ ਨੂੰ ਆਪਣਾ ਨਵਾਂ ਘਰ ਖ਼ੀਦਣ ਲਈ 25ਕੁ ਹਜਾਰ ਕੈਨੇਡੀਅਨ ਡਾਲਰਾਂ ਦੀ ਲੋੜ ਪਈ ਤਾਂ ਪੂਰਨ ਸਿੰਘ ਪਾਂਧੀ ਨੇ ਅਤੇ ਸੁਦਾਗਰ ਨੇ ਅੱਧ ਬੋਲ ਪੂਰੀ ਕਰ ਦਿੱਤੀ। ਸਮੇਂ ਪਿੱਛੋਂ ਮੈਂ ਪੁੱਛਿਆ ਕਿ ਉਧਾਰ ਕਿੱਥੇ ਅਤੇ ਕਿਵੇਂ ਮੋੜਾਂ? ਤਾਂ ਸੁਦਾਗਰ ਦਾ ਕਹਿਣਾ ਸੀ ਕਿਤੇ ਵੀ ਤੇ ਕਿਵੇਂ ਵੀ ਮੋੜ ਦੇਵੀਂ ਤੇ ਕੋਈ ਕਾਹਲ਼ੀ ਨਹੀਂ ਹੈ। ਇੰਡੀਆ ਤੋਂ ਮੈਂ ਆਪਣੀ ਨਵੀਂ ਛਪੀ ਕਿਤਾਬ ਕੈਨੇਡਾ ਲੈ ਕੇ ਆਉਣੀ ਸੀ। ਬਰਾੜ ਨੂੰ ਮੈਂ ਪੁੱਛਿਆ ਕਿ ਉਹ ਕਿਤਨੀਆਂ ਕੁ ਕਿਤਾਬਾਂ ਲਿਜਾ ਸਕਦਾ ਹੈ? "ਇੱਕ ਪੂਰਾ ਸੂਟਕੇਸ ਤੇਰੀਆਂ ਕਿਤਾਬਾਂ ਲਈ ਹੈ।" ਉਸਦੀ ਉਦਾਰਤਾ ਬੋਲੀ। ਮੈਨੂੰ ਜੋ ਵੀ ਕਿਹਾ ਸੁਦਾਗਰ ਨੇ ਉਹ ਸਦਾ ਪੂਰਾ ਨਿਭਾਇਆ।

ਕਿਸ ਘਰ ਵਿੱਚ ਸਮੱਸਿਆਵਾਂ ਨਹੀਂ ਹੁੰਦੀਆਂ? ਸੁਦਾਗਰ ਉੱਤੇ ਵੀ ਸਿਰੇ ਦੀਆਂ ਸਮੱਸਿਆਵਾਂ ਝੁੱਲੀਆਂ। ਮੈਂ ਉਨ੍ਹਾਂ ਦਾ ਵਰਨਣ ਕਰ ਕੇ ਉਨ੍ਹਾਂ ਨੂੰ ਮੁੜ ਹਰੀਆਂ ਨਹੀਂ ਕਰਨਾ ਚਾਹੁੰਦਾ। ਬਰਾੜ ਨੇ ਆਪਣਾ ਸਨਮਾਨ ਬਰਕਰਾਰ ਰੱਖਦਿਆਂ ਸਿਆਣਪ, ਧੀਰਜ ਅਤੇ ਭਵਿੱਖ ਦੀ ਅੱਖ ਵਿੱਚ ਦੇਖਦਿਆਂ ਉਨ੍ਹਾਂ ਨਾਲ਼ ਸਮੇਂ ਸਿਰ ਠੀਕ-ਠੀਕ ਸਿੱਝਿਆ। ਸੁਦਾਗਰ ਸਿੰਘ ਬਰਾੜ ਮੇਰਾ ਸਹਾਰਾ ਸੀ, ਪ੍ਰੇਰਨਾ ਸ੍ਰੋਤ ਸੀ ਤੇ ਰਹਿਬਰ ਸੀ। ਮੇਰੇ ਵੱਲੋਂ ਉਸਦੀ ਸਰਧਾ ਵਿੱਚ ਬੋਲਣ ਲਈ ਅਜੇ ਬੜਾ ਕੁੱਝ ਬਾਕੀ ਹੈ।

ਸੁਦਾਗਰ ਨੂੰ ਇਸ਼ਨਾਨ ਕਰਨ ਵੇਲ਼ੇ (ਭਾਰਤ ਵਿੱਚ) ਦਿਮਾਗੀ ਹੱਲਾ ਹੋਇਆ। ਸਮੇਂ ਸਿਰ ਸੰਭਾਲ਼ਿਆ ਵੀ ਗਿਆ ਤੇ ਬਠਿੰਡੇ ਚੰਗੇ ਹਸਪਤਾਲ਼ ਪਹੁੰਚਾਇਆ ਵੀ ਗਿਆ ਪਰ ਉਸਦੀ ਪੂਰੀ ਸਿਹਤ ਵਾਪਸੀ ਨਾ ਹੋ ਸਕੀ ਅਤੇ ਲੰਮੇ ਸਮੇਂ ਲਈ ਵ੍ਹੀਲ ਚੇਅਰ ਨਾਲ਼ ਜੁੜਿਆ ਰਿਹਾ। ਉਸਦੀ ਪਤਨੀ ਸ੍ਰੀਮਤੀ ਗੁਰਚਰਨ ਕੌਰ ਨੇ ਅਥੱਕ ਸਰਧਾ ਨਾਲ਼ ਪੂਰੀ ਸਾਂਭ ਸੰਭਾਲ਼ ਕੀਤੀ। ਇਸ ਵਡਮੁੱਲੇ ਯੋਗਦਾਨ ਲਈ ਉਸਦੇ ਸਤਿਕਾਰ ਵਿੱਚ ਮੇਰਾ ਸਿਰ ਸਦਾ ਝੁਕਿਆ ਰਹੇਗਾ। ਸਰਦਾਰਨੀ ਬਰਾੜ ਨੇ ਸੁਦਾਗਰ ਦੀ ਅਧੂਰੀ ਪਈ ਪੁਸਤਕ ਦਾ ਖਰੜਾ ਕੰਪਿਊਟਰ ਵਿੱਚੋਂ ਲੱਭ ਕੇ ਆਪ ਤਿਆਰ ਕਰਵਾਇਆ ਅਤੇ ਵਧੀਆ ਛਪਵਾਇਆ। ਬਰਾੜ ਦੀ ਬੀਮਾਰੀ ਸਮੇਂ ਸਾਰੇ ਪਰਵਾਰ ਨੇ ਹੀ ਸਮੇਤ ਉਸਦੇ ਪੁੱਤਰ, ਪੁੱਤਰੀ ਅਤੇ ਜੁਆਈ ਨੇ ਪੂਰੀ ਸੇਵਾ ਨਾਲ਼ ਸਾਂਭ ਸੰਭਾਲ਼ ਕੀਤੀ। ਸੁਦਾਗਰ ਦੀ ਨੂੰਹ ਰਾਣੀ ਤੇਜ਼ ਬੁੱਧੀ ਦੀ ਮਾਲਕ ਹੈ। ਹਰ ਪੜ੍ਹਾਈ ਵਿੱਚ ਹੀ ਉਹ ਚੰਗੇ ਗ੍ਰੇਡ ਵਿੱਚ ਪਾਸ ਹੋਈ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਉਸਦੀ ਬੁੱਧੀ ਪਰਵਾਰਕ ਜੀਵਨ ਵਿੱਚ ਸਹਾਈ ਨਹੀਂ ਹੋ ਸਕੀ। ਕਈ ਵੇਰ ਬਹੁਤੀ ਸਿਆਣਪ ਹੀ ਸਿਖਰ ਦੀ ਵਿਰੋਧਤਾ ਦਾ ਕਾਰਨ ਬਣ ਜਾਂਦੀ ਹੈ। ਇੱਥੇ ਸੁਦਾਗਰ ਦੇ ਕੁੱਝ ਸੱਜਣਾਂ ਮਿੱਤਰਾਂ ਵੱਲੋਂ ਭੇਟ ਕੀਤੀ ਗਏ ਸਰਧਾ ਦੇ ਫੁੱਲ ਪੇਸ਼ ਕੀਤੇ ਜਾਂਦੇ ਹਨ:

ਕਿੰਝ ਧੋਵਾਂਗੇ ਇਹ ਨਮੋਸ਼ੀ? -ਅੱਜ ਦਿਲ ਉਸ ਵੇਲ਼ੇ ਸ਼ਰਮ ਅਤੇ ਅਫ਼ਸੋਸ ਨਾਲ਼ ਛਲਣੀ ਹੋ ਗਿਆ ਜਦੋਂ ਸਾਡੇ ਸਤਿਕਾਰਯੋਗ ਕਹਾਣੀਕਾਰ ਅਤੇ ਅਧਿਆਪਕ ਯੂਨੀਅਨ 'ਚ ਰਹੇ ਧੜੱਲੇਦਾਰ ਘੁਲਾਟੀਏ ਸੁਦਾਗਰ ਬਰਾੜ ਸਾਹਿਬ ਦੀ ਬੇਟੀ ਨੂੰ ਮੈਸਜ ਕਰਕੇ ਬਰਾੜ ਸਾਹਿਬ ਦੀ ਸਿਹਤ ਦਾ ਪਤਾ ਕਰਨ ਅਤੇ ਉਨ੍ਹਾਂ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਤਾਂ ਭੈਣ ਜੀ ਨੇ ਦੱਸਿਆ ਕਿ ਉਨ੍ਹਾਂ ਨੂੰ ਵਿੱਛੜਿਆਂ ਤਾਂ ਸਵਾ ਸਾਲ ਤੋਂ ਵੱਧ ਹੋ ਗਿਆ ਹੈ। ਦਿਲ ਸ਼ਰਮਸਾਰ ਹੈ ਕਿ ਅਸੀਂ ਆਪਣੇ ਬਿਮਾਰ ਪਏ ਸਾਥੀ ਦਾ ਪਤਾ ਤਾਂ ਕੀ ਲੈਣਾ ਸੀ, ਉਸਦੇ ਤੁਰ ਜਾਣ ਦੀ ਖ਼ਬਰ ਵੀ ਨਹੀਂ ਰੱਖ ਸਕੇ।
-ਕੁਲਵਿੰਦਰ ਖਹਿਰਾ

ਬਹੁਤ ਅਫ਼ਸੋਸ ਵਾਲੀ ਗੱਲ! ਸੁਣ ਕੇ ਬਹੁਤ ਦੁੱਖ ਹੋਇਆ। ਜਦੋਂ ਮੈਂ ਕਰੋਨਾ ਤੋਂ ਪਹਿਲਾਂ ਉਨ੍ਹਾਂ ਨੂੰ ਮਿਲਣ ਗਈ ਸੀ ਤਾ ਉਨ੍ਹਾਂ ਦੀ ਵਾਈਫ਼ ਨੇ ਪੁੱਛਿਆ ਕੀ ਤੁਸੀਂ ਇੰਨ੍ਹਾਂ ਨੂੰ ਪਛਾਣਿਆ? ਧੀਮੀ ਜਿਹੀ ਅਵਾਜ਼ ਵਿੱਚ ਕਹਿਣ ਲੱਗੇ, "ਹਾਂ ਅਸੀਂ ਇਕੱਠੇ ਕਹਾਣੀ ਮੀਟਿੰਗ ਵਿੱਚ ਜਾਂਦੇ ਹੁੰਦੇ ਸੀ।" ਭਾਵੇਂ ਮੁਸ਼ਕਲ ਨਾਲ ਬੋਲ ਹੁੰਦਾ ਸੀ ਸਰੀਰ ਦਾ ਇੱਕ ਪਾਸਾ ਕੰਮ ਨਹੀਂ ਸੀ ਕਰ ਰਿਹਾ। ਏਨੇ ਨੂੰ ਜਦੋਂ ਨਰਸ ਆਈ ਤਾਂ ਉਸਨੂੰ ਮੇਰੇ ਬਾਰੇ ਦੱਸਣ ਦੀ ਤੇ ਆਪਣੀਆਂ ਲਿਖਤਾਂ ਬਾਰੇ ਦੱਸਣ ਦੀ ਕੋਸ਼ਿਸ਼ ਕਰਨ ਲੱਗੇ। ਉਹ ਸੁਣ ਕੇ ਬਹੁਤ ਖੁਸ਼ ਹੋਈ ਤੇ ਕਹਿਣ ਲੱਗੀ, "O you are a great writer" ਸੁਣ ਕੇ ਉਸਦੇ ਚਿਹਰੇ ਤੇ ਮੁਸਕਰਾਹਟ ਫੈਲ ਗਈ। ਨਰਸ ਨੇ ਉਸਨੂੰ ਨਹਾਉਣਾ ਕਰਕੇ ਮੈਂ ਬਹੁਤਾ ਚਿਰ ਠਹਿਰ ਨਾ ਸਕੀ। ਬਹੁਤ ਅਫ਼ਸੋਸ !
-ਰਛਪਾਲ ਕੌਰ ਗਿੱਲ

ਯਾਰ, ਖ਼ਬਰ ਕਲੇਜੇ ਵਿਚ ਬਰਛੀ ਵਾਂਗ ਵੱਜੀ। ਮੈਂ ਤੈਨੂੰ ਕਹਿੰਦਾ ਵੀ ਰਿਹਾ ਕਿ ਉਹਨਾਂ ਨੂੰ ਮਿਲਣ ਚੱਲੀਏ, ਪਰ ਆਪਾਂ ਜਾ ਹੀ ਨਾ ਸਕੇ। ਗੁਨਾਹਗਾਰ ਮਹਿਸੂਸ ਕਰ ਰਿਹਾ ਸੀ।
-ਵਰਿਆਮ ਸਿੰਘ ਸੰਧੂ

ਬਹੁਤ ਅਫਸੋਸ ਹੈ, ਕਾਫਲੇ ਦੇ ਅਹਿਮ ਮੈਂਬਰ ਸੁਦਾਗਰ ਬਰਾੜ ਦੇ ਟੁਰ ਜਾਣ ਦਾ। ਮੈਂ ਦੋ ਵਾਰ ਮਿਲਣ ਲਈ ਗਿਆ ਸਾਂ, ਉਹ ਪਛਾਣ ਲੈਂਦਾ ਸੀ। ਇਹ ਪਤਾ ਲੱਗਣ 'ਤੇ ਕਿ ਉਹ ਪਛਾਣਦਾ ਨਹੀਂ, ਫਿਰ ਨਹੀਂ ਗਿਆ।
-ਜਰਨੈਲ ਸਿੰਘ ਕਹਾਣੀਕਾਰ

2011 ਵਿੱਚ ਕੈਲਗਰੀ ਆਏ ਸਨ ਸੁਦਾਗਰ ਬਰਾੜ ਜੀ ਉਦੋਂ ਮਿਲੇ ਸਨ। ਅਫ਼ਸੋਸ ਕਿ ਇਹ ਪਤਾ ਨਹੀਂ ਲੱਗਾ ਕਿ ਉਹਨਾਂ ਨੂੰ ਦੁਨੀਆਂ ਤੋਂ ਗਿਆ ਵੀ ਸਵਾ ਸਾਲ ਹੋ ਗਿਆ ਹੈ।
-ਬਲਜਿੰਦਰ ਸੰਘਾ

ਸੁਦਾਗਰ ਸਿੰਘ ਦੀ ਮੌਤ ਹੋ ਜਾਣ ਤੇ ਸੋਸ਼ਲ ਮੀਡੀਏ ਰਾਹੀਂ ਉਨ੍ਹਾਂ ਦੇ ਬੇਟੇ ਵੱਲੋਂ ਜਾਣਕਾਰੀ ਦਿੱਤੀ ਗਈ ਸੀ। ਕੁਝ ਸਮੇਂ ਬਾਦ ਉਨ੍ਹਾਂ ਦੇ ਜੱਦੀ ਪਿੰਡ ਲੰਡੇ ਵਿਖੇ ਆਯੋਜਿਤ ਸ਼ਰਧਾਂਜਲੀ ਸਮਾਗਮ ਦੀਆਂ ਖਬਰਾਂ ਵੀ ਸਾਂਝੀਆਂ ਕੀਤੀਆਂ ਖਬਰਾਂ ਵੀ ਸਾਂਝੀਆਂ ਕੀਤੀਆਂ ਗਈਆਂ ਸਨ। ਕਈ ਵਾਰ ਜਾਣਕਾਰੀ ਸਾਂਝੀ ਕਰਨ ਵਾਲੇ ਨਾਲ ਸਿੱਧੇ ਤੌਰ ਤੇ ਜੁੜੇ ਨਾਂ ਹੋਣ ਕਾਰਨ ਕਰਕੇ ਅਜਿਹਾ ਵਾਪਰ ਜਾਂਦਾ ਹੈ
-ਗੁਰਬਚਨ ਬਰਾੜ, ਕੈਲਗਰੀ


ਸੁਦਾਗਰ ਬਰਾਤ ਲੰਡੇ

ਸੁਦਾਗਰ ਸਿੰਘ ਬਰਾੜ ਪੰਜਾਬ ਦੀ ਅਧਿਆਪਕ ਯੂਨੀਅਨ ਤੇ ਕੈਨੇਡਾ ਦੇ 'ਕਲਮਾਂ ਦੇ ਕਾਫ਼ਲੇ' ਦੀ ਜਿੰਦ ਜਾਨ ਸੀ। ਕਈ ਵਰ੍ਹੇ ਪਹਿਲਾਂ ਉਸ ਨੂੰ ਪਿੰਡ ਗਏ ਨੂੰ ਸਟਰੋਕ ਹੋ ਗਿਆ ਸੀ। ਫਿਰ ਪਰਿਵਾਰ ਉਸ ਨੂੰ ਕੈਨਡਾ ਲੈ ਆਇਆ ਸੀ। ਵਰ੍ਹਿਆਂ ਬੱਧੀ ਸੇਵਾ ਸੰਭਾਲ ਕੀਤੀ ਗਈ। ਬੜੇ ਦੁੱਖ ਝੱਲੇ ਗਏ। ਜਦ ਜਾਂਦੀ ਵਾਰ ਦਾ ਸੱਦਾ ਆਇਆ ਤਾਂ ਕਲਮਾਂ ਦੇ ਕਾਫਲੇ 'ਚੋਂ ਕਿਸੇ ਨੂੰ ਵੀ ਪਤਾ ਨਾ ਲੱਗਾ। ਕੇਹੀ ਤਰਾਸਦੀ ਹੈ ਸਰਗਰਮ ਘੁਲਾਟੀਏ ਤੇ ਪੰਜਾਬੀ ਲੇਖਕ ਦੀ! ਫੇਸਬੁੱਕ ਦੇ ਜ਼ਮਾਨੇ ਵਿਚ ਵੀ ਕਿੰਨੀ ਦੇਰ ਬਾਅਦ ਪਤਾ ਲੱਗਾ! ਆਓ ਕਲਮਾਂ ਦੇ ਕਾਫ਼ਲੇ ਦੀ ਅਗਲੀ ਮੀਟਿੰਗ ਸੁਦਾਗਰ ਸਿੰਘ ਨਮਿੱਤ ਰੱਖੀਏ ਤੇ ਤੁਰ ਗਏ ਰਾਂਗਲੇ ਸੱਜਣ ਨੂੰ ਯਾਦ ਕਰੀਏ। -ਪ੍ਰਿੰਸੀਪਲ ਸਰਵਣ ਸਿੰਘ ਸੰਧੂ

ਕੁਲਵਿੰਦਰ! ਤੁਹਾਡੀ ਪੋਸਟ ਪੜ ਕੇ ਅਫ਼ਸੋਸ ਅਤੇ ਤੁਅਜਬ ਹੋਇਆ ਕਿ ਅੰਕਲ ਦੇ ਸਰੀਰਕ ਤੌਰ ਤੇ ਸਾਡੇ ਕੋਲੋਂ ਵਿਦਾ ਹੋਣ ਦਾ ਕਿਸੇ ਵੀ ਲੇਖਕ ਨੂੰ ਪਤਾ ਹੀ ਨਹੀਂ ਸੀ ਲੱਗਾ। ਸਾਡੀਆਂ ਪਰਿਵਾਰਕ ਸਾਝਾਂ ਹੋਣ ਕਰਕੇ ਅਸੀਂ ਬਰੈਂਪਟਨ ਅਤੇ ਸਾਰਨੀਆ ਕਈ ਵਾਰ ਆਪਣੇ ਪਾਪਾ ਜੀ ਨੂੰ, ਬੀਮਾਰੀ ਸਮੇਂ ਉਹਨਾਂ ਨੂੰ ਮਿਲਾਉਣ ਲਿਜਾਂਦੇ ਰਹੇ ਸੀ। ਸਸਕਾਰ ਉੱਤੇ ਵੀ ਗਏ ਅਤੇ ਭੋਗ ਉੱਤੇ ਵੀ, ਉਹ ਮੇਰੇ ਪਾਪਾ ਦੇ ਸੰਗਰਾਮੀ ਸਾਥੀ ਰਹੇ ਸਨ। ਪਰਿਵਾਰਾਂ ਦੀਆਂ ਅਗਲੀਆਂ ਪੀੜ੍ਹੀਆਂ ਦੀ ਵੀ ਸਾਂਝ ਬਣੀ ਹੋਈ ਹੈ। ਮੇਰੇ ਪਿਤਾ ਨੂੰ ਅੰਕਲ ਨੇ ਹੀ ਟੀਚਰ ਯੂਨੀਅਨ ਦਾ ਇਤਿਹਾਸ ਲਿਖਣ ਬਾਰੇ ਪਰੇਰਿਆ ਹੀ ਨਹੀਂ ਸਗੋਂ ਮਜਬੂਰ ਕੀਤਾ ਕਿਉਂਕਿ ਮੇਰੇ ਪਿਤਾ ਪੰਜਾਬ ਵਿੱਚ ਟਰੇਡ/ਟੀਚਰ ਯੂਨੀਅਨ ਦਾ ਮੁੱਢ ਬੰਨਣ ਵਾਲਿਆਂ ਵਿੱਚੋਂ ਸਨ/ਹਨ। ਸੁਦਾਗਰ ਅੰਕਲ ਬਹੁਤ ਬਾਅਦ ਵਿੱਚ ਕਾਫਲੇ ਵਿੱਚ ਸ਼ਾਮਿਲ ਹੋਏ। ਮੈਨੂੰ ਮਾਣ ਹੈ ਕਿ ਇਸ ਕਰਕੇ ਉਹ ਮੇਰੇ ਪਾਪਾ ਜੀ ਨੂੰ ਆਪਣੇ ਆਗੂ/ਰਹਿਬਰ ਵਾਲਾ ਸਤਿਕਾਰ ਦਿੰਦੇ ਰਹੇ ਅਤੇ ਸਾਨੂੰ ਪਿਆਰ ਨਾਲ ਨਿਵਾਜਦੇ ਰਹੇ। ਮੈ ਉਨ੍ਹਾਂ ਦੇ ਸਸਕਾਰ ਅਤੇ ਭੋਗ ਵੇਲੇ ਦੋਨਾਂ ਮੌਕਿਆਂ ਉੱਤੇ ਸੰਗਰਾਮੀ ਸਾਥੀਆਂ ਅਤੇ ਅਦੀਬਾਂ ਦੀ ਗੈਰ ਹਾਜਰੀ ਨੂੰ ਸ਼ਿਦਤ ਨਾਲ ਮਹਿਸੂਸ ਕੀਤਾ ਸੀ। ਸੁਦਾਗਰ ਅੰਕਲ ਨੂੰ ਬਹੁਤ ਸਤਿਕਾਰ।
-ਕੰਵਲਜੀਤ ਢਿੱਲੋਂ

ਸੁਦਾਗਰ ਬਰਾੜ ਭਾਵੇਂ ਕਈ ਸਾਲ ਦੂਜੇ ਬਸ ਪਿਆ ਰਿਹਾ ਪਰ ਉਸਦੇ ਠੀਕ ਹੋ ਜਾਣ ਦੀ ਮੈਨੂੰ ਸਦਾ ਹੀ ਆਸ ਬਣੀ ਰਹੀ। ਜਦੋਂ ਵੀ ਮੈਂ ਤੇ ਗੁਰਬਚਨ ਚਿੰਤਕ ਨੇ ਉਸਨੂੰ ਮਿਲਣਾ ਬੀਤੇ ਦੀਆਂ ਪਰਾਪਤੀਆਂ ਦੀਆਂ ਬਾਤਾਂ ਚੱਲਣੀਆਂ ਤੇ ਖੁਸ਼ਗਵਾਰ ਵਾਤਾਵਰਨ ਬਣਿਆਂ ਰਹਿਣਾ। ਦੂਰ ਜਾ ਕੇ ਵੀ ਉਹ ਮੇਰੇ ਮਨ ਤੋਂ ਕਦੇ ਵੀ ਦੂਰ ਨਹੀਂ ਹੋ ਸਕਦਾ। ਉਸਦੇ ਇਸ ਸਦੀਵੀ ਸਾਥ ਨੂੰ ਲੱਖ-ਲੱਖ ਪਰਨਾਮ।

# ਆਨਲਾਈਨ ਸਕੈਮਸ ਤੋਂ ਬਚਣ ਲਈ ਹੋਵੋ ਜਾਗਰੁਕ

**ANIL DHEER**
Columnist Alternative Therapist
Certified in IPC, TropicalÍ DÍ (WÍHÍO)
Covid-19 Vaccine-specific resources
PHR, UNICEF & Health Educator Awardee



"ਵਿਸ਼ਵ ਭਰ 'ਚ ਮੁੱਖ ਪਲੇਟਫਾਰਮ ਫੇਸਬੁੱਕ ਮਾਰਕੀਟ ਪਲੇਸ, ਇਨਸਟਾਗਰਾਮ, ਸਨੈਪਚਾਟ, ਐਮਾਜਾਨ ਵਰਗੀਆਂ ਸੋਸ਼ਲ ਸਾਈਟਸ 'ਤੇ ਆਨਲਾਈਨ ਠੱਗ (ਸਕੈਮਰਸ) ਦੁਆਰਾ ਸਸਤਾ-ਲਗਜ਼ਰੀ ਸਮਾਨ ਲਿਸਟਿੰਗ ਕਰਕੇ ਆਮ ਲੋਕਾਂ ਨੂੰ ਬੇਵਕੂਫ ਬਣਾ ਕੇ ਹਰ ਸਾਲ ਕਈ ਬਿਲੀਅਨ ਦੀ ਠੱਗੀ ਦਾ ਅੰਕੜਾ ਪਾਰ ਹੋ ਚੁੱਕੇ ਹਨ। ਇਸ ਦਾ ਮੁੱਖ ਕਾਰਨ ਲੋਕ ਜਾਗਰੁਕ ਘੱਟ ਹਨ। ਆਨਲਾਈਨ ਸਕੈਮਸ ਤੋਂ ਬਚਣ ਲਈ ਆਪਣੇ-ਆਪ ਨੂੰ ਸਿਰੇ ਦਾ ਜਾਗਰੁਕ ਕਰਨ ਦੀ ਲੋੜ ਹੈ-

ਇੰਟਰਨੈਸ਼ਨਲ ਅਵੇਅਰਨੈਸ ਕੰਮਪੇਨ ਕੈਨੇਡਾ : ਅੱਜ ਵਿਸ਼ਵ ਭਰ 'ਚ ਸੋਸ਼ਲ ਮੀਡੀਆ ਦਾ ਹੀ ਬੋਲਬਾਲਾ ਹੈ। ਇੱਕ ਸਰਵੇ ਦੇ ਮੁਤਾਬਿਕ ਹਰ ਸਾਲ ਕਈ ਬਿਲੀਅਨ ਦੀ ਆਨਲਾਈਨ ਠੱਗੀ (ਸਕੈਮਸ) ਸਾਹਮਣੇ ਆ ਰਹੀ ਹੈ। ਇਸ ਪਲੇਟਫਾਰਮ 'ਤੇ ਹਰ ਦੂਜਾ ਆਦਮੀ ਕਿਸੇ ਨਾ ਕਿਸੇ ਸਕੈਮ ਦਾ ਸ਼ਿਕਾਰ ਹੋ ਕੇ ਆਪਣਾ ਸੱਭ ਕੁੱਝ ਗਵਾ ਰਿਹਾ ਹੈ। ਬ੍ਰੇਮਲੀ ਇਲਾਕੇ ਦੇ ਨੇੜੇ ਲਿਜ਼ਾ ਰੋਡ 'ਅਪਾਰਟਮੈਂਟ ਦੀ ਐਂਟਰੈਂਸ 'ਤੇ ਕੱਲ ਸ਼ਾਮ 9 ਵਜੇ ਦੀ ਗੱਲ ਹੈ ਫੇਸਬੁੱਕ ਮਾਰਕੀਟ ਪਲੇਸ 'ਤੇ ਟੈਕਸਟ ਮੈਸੇਜਿੰਗ ਤੋਂ ਬਾਅਦ ਬ੍ਰੈਂਡ ਨਿਊ ਐਪਲ-ਵੱਾਚ ਡਿਲੀਵਰੀ ਦੇਣ ਗਈ ਲੜਕੀ ਤੋਂ ਜਿਸ ਖਰੀਦਨ ਵਾਲੇ ਨਾਲ ਡੀਲ ਹੋਈ ਸੀ, ਉਹ ਐਪਲ-ਵਾਚ ਦੇਖਣ ਦੇ ਬਹਾਨੇ ਸਿਰਫ 30 ਸੈਕੰਡ 'ਚ ਖੋਹ ਕੇ ਭੱਜ ਗਿਆ। ਪਤਾ ਲੱਗਾ ਕਿ ਉਸ ਨੌਜਵਾਨ ਨੇ ਫੇਸਬੁੱਕ ਮਾਰਕੀਟ ਪਲੇਸ ਫੇਕ ਅਕਾਊਂਟ ਬਣਾ ਲੜਕੀ ਨਾਲ 675 ਡਾਲਰ ਦੀ ਠੱਗੀ ਮਾਰੀ ਹੈ। ਪਤਾ ਨਹੀਂ ਅਜਿਹੇ ਆਨਲਾਈਨ ਠੱਗ ਰੋਜਾਨਾਂ ਕਿੰਨੇ ਲੋਕਾਂ ਨੂੰ ਟਾਰਗੈਟ ਕਰਦੇ ਹੋਣਗੇ।

ਲੱਗਦਾ ਹੈ ਸੋਸ਼ਲ ਮੀਡੀਆ 'ਤੇ ਜ਼ਿਆਦਾਤਰ ਆਨਲਾਈਨ ਚੋਰ-ਠੱਗਾਂ ਦਾ ਹੀ ਕਬਜਾ ਹੋ ਗਿਆ ਹੈ। ਕੋਈ ਪਤਾ ਨਹੀਂ ਕਦੋਂ ਕਿਸਨੂੰ ਇਹ ਠੱਗ ਟਾਰਗੈਟ ਕਰ ਲੈਣ। ਇਸ ਲਈ ਜਰੂਰੀ ਹੋ ਗਿਆ ਹੈ ਆਨਲਾਈਨ ਸਕੈਮਸ ਤੋਂ ਬਚਣ ਲਈ ਹਰ ਆਦਮੀ ਖੱਦ ਅਵੇਅਰ ਹੋ ਕੇ ਅੱਗੇ ਲੋਕਾਂ ਨੂੰ ਜਾਗਰੁਕ ਕਰੇ।

ਫਟਾਫਟ ਐਕਸ਼ਨ ਲਵੋ :

ਜੇਕਰ ਤੁਸੀਂ ਕਿਸੇ ਔਨਲਾਈਨ ਸਾਈਬਰ ਸਕੈਮ ਦੇ ਸ਼ਿਕਾਰ ਹੋ ਗਏ ਹੋ, ਤਾਂ ਤੁਹਾਡਾ ਬੈਂਕ ਖਾਤਾ, ਈਮੇਲ, ਅਤੇ ਹੋਰ ਆਨਲਾਈਨ ਖਾਤੇ ਵੀ ਖਤਰੇ 'ਚ ਆ ਜਾਂਦੇ ਹਨ। ਪਾਸਵਰਡ, ਕ੍ਰੈਡਿਟ ਕਾਰਡ, ਬਾਕੀ ਖਾਤਿਆਂ ਸਬੰਧੀ ਕਾਰਵਾਈ ਤੁਰੰਤ ਕਰੋ।

ਹਮੇਸ਼ਾ ਜਾਗਰੁਕ ਹੋ ਕੇ ਫੇਸਬੁੱਕ ਮਾਰਕੀਟ ਪਲੇਸ ਸਕੈਮਸ (ਘੁਟਾਲਿਆਂ) ਤੋਂ ਹਮੇਸ਼ਾ ਸਾਵਧਾਨ ਰਹੋ।

ਫਿਸ਼ਿੰਗ ਈਮੇਲਾਂ, ਟੈਕਸਟ, ਕਾਲਾਂ ਅਤੇ ਵੈਬਸਾਈਟਾਂ ਵੀ ਕਾਰਨ ਬਣ ਜਾਂਦੀਆਂ ਹਨ। ਫਿਸ਼ਿੰਗ ਇੱਕ ਕਿਸਮ ਦਾ ਸਾਈਬਰ ਅਟੈਕ ਹੈ, ਜਿੱਥੇ ਸਕੈਮ ਕਰਨ ਵਾਲੇ ਅਣਚਾਹੇ ਈਮੇਲਾਂ, ਟੈਕਸਟ ਜਾਂ ਸੋਸ਼ਲ ਮੀਡੀਆ ਟੈਕਸਟ ਭੇਜਦੇ ਹਨ ਜੋ ਦਾਅਵਾ ਕਰਦੇ ਹਨ ਕਿ ਤੁਸੀਂ ਕਿਸੇ ਭਰੋਸਾ ਕਰਦੇ ਹੋ ?

ਸਕੈਮ ਯਾਨਿ ਘੁਟਾਲਾ ਕਰਨ ਵਾਲੇ ਤੁਹਾਡੇ ਬੈਂਕ ਦੀ ਨਕਲ ਵੀ ਕਰ ਸਕਦਾ ਹੈ ਅਤੇ ਤੁਹਾਨੂੰ ਹਾਲ ਹੀ ਦੀ ਜਾਲੀ ਸੂਚਨਾ ਵੀ ਭੇਜ ਸਕਦੇ ਹਨ।




ਤੁਹਾਡੇ ਵੱਲੋਂ ਭੇਜੀ ਗਈ ਕੋਈ ਵੀ ਜਾਣਕਾਰੀ- ਜਿਵੇਂ ਕਿ ਖਾਤੇ ਦੇ ਪਾਸਵਰਡ, ਜਾਂ ਕ੍ਰੈਡਿਟ ਕਾਰਡ ਨੰਬਰ ਸਿੱਧੇ ਤੌਰ 'ਤੇ ਸਕੈਮ ਕਰਨ ਵਾਲੇ ਕੋਲ ਜਾਵੇਗੀ ਅਤੇ ਤੁਹਾਡੀ ਪਛਾਣ ਚੋਰੀ ਕਰਨ ਲਈ ਵਰਤੀ ਜਾ ਸਕਦੀ ਹੈ। ਅਣਪਛਾਤੇ ਲਿੰਕ 'ਤੇ ਕਦੇ ਵੀ ਕਲਿਕ ਨਾ ਕਰੋ।

ਔਨਲਾਈਨ ਸ਼ਾਪਿੰਗ ਕੁਦਰਤੀ ਤੌਰ 'ਤੇ ਖਤਰਨਾਕ ਨਹੀਂ ਹੈ। ਪਰ ਐਮਾਜ਼ਾਨ, ਫੇਸਬੁੱਕ ਮਾਰਕੀਟ ਪਲੇਸ, ਇਨਸਟਾਗ੍ਰਾਮ, ਸਨੈਪਚੈਟ ਵਰਗੀਆਂ ਸੋਸ਼ਲ ਮੀਡੀਆ ਵਰਗੀਆਂ ਸਾਈਟਾਂ 'ਤੇ ਸਸਤਾ ਲਗਜਰੀ ਸਮਾਨ ਦਿਖਾ ਕੇ ਅਤੇ ਪਤਾ ਲਗਾਉਣ ਤੋਂ ਬਚਣ ਲਈ ਹੈਕ ਕੀਤੇ ਖਾਤਿਆਂ ਵੀ ਵਰਤੋਂ ਵੀ ਕਰ ਸਕਦੇ ਹਨ।

ਪਰ ਭਾਵੇਂ ਤੁਸੀਂ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਕਰਦੇ ਹੋ ਅਤੇ ਤੁਹਾਡੇ ਖਾਤੇ ਤੋਂ ਭੁਗਤਾਨ ਵਾਪਸ ਲੈ ਲਿਆ ਜਾਂਦਾ ਹੈ, ਕੋਈ ਡਿਲੀਵਰੀ ਨਹੀਂ ਦਿਖਾਈ ਦਿੰਦੀ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਇਹ ਉਹ ਨਹੀਂ ਹੈ ਜੋ ਤੁਸੀਂ ਸੋਚਿਆ ਸੀ ਕਿ ਤੁਸੀਂ ਭੁਗਤਾਨ ਕਰ ਰਹੇ ਹੋ।

ਜੇ ਕਰ ਤੁਸੀਂ ਗਲਤੀ ਨਾਲ ਸਕੈਮਰਾਂ ਨੂੰ ਆਪਣਾ ਪਰਸਨਲ ਡੇਟਾ ਦਿੰਦੇ ਹੋ, ਤਾਂ ਉਹ ਤੁਹਾਡੇ ਨਾਂ 'ਤੇ ਕਰਜਾ ਵੀ ਲੈ ਸਕਦੇ ਹਨ ਜਾਂ ਤੁਹਾਡਾ ਬੈਂਕ ਖਾਤਾ ਖਾਲੀ ਵੀ ਕਰ ਸਕਦੇ ਹਨ।

ਅਸੁਰੱਖਿਅਤ ਸਾਈਟਾਂ 'ਤੇ ਕਦੇ ਨਾ ਜਾਓ। ਜੇਕਰ ਤੁਸੀਂ ਫੇਸਬੁੱਕ ਮਾਰਕੀਟ ਪਲੇਸ ਜਾਂ ਕਿਸੇ ਸੋਸ਼ਲ ਮੀਡੀਆ 'ਤੇ ਸੌਦਾ ਕਰਨਾ ਚਾਹੁੰਦੇ ਹੋ ਹਰ ਪੱਖੋਂ ਜਾਂਚ ਦੁਆਰਾ ਸੁਚੇਤ ਹੋਵੋ। ਜਿੰਮੇਵਾਰ ਏਜੰਸੀਆਂ ਨੂੰ ਸ਼ਾਮਿਲ ਕਰੋ। ਕੁੱਝ ਦੇਸ਼ਾਂ 'ਚ ਸੌਦਾ ਕਰਨ ਤੋਂ ਪਹਿਲਾਂ ਸਰਕਾਰੀ ਤੌਰ 'ਤੇ ਪੁਲਿਸ ਦੀ ਹੈਲਪ ਵੀ ਲੈ ਸਕਦੇ ਹੋ।

ਕਦੇ ਵੀ ਭੁਗਤਾਨ ਕੈਸ਼ ਨਾ ਕਰੋ ਹਮੇਸ਼ਾ ਕ੍ਰੈਡਿਟ ਕਾਰਡ ਦੁਆਰਾ ਹੀ ਕਰਨਾ ਸੇਫ ਹੈ।

ਨੋਟ : ਹਮੇਸ਼ਾ ਡੀਲ ਹਰ ਪੱਖੋਂ ਜਾਂਚ-ਪੜਤਾਲ ਅਤੇ ਕਿਸੇ ਸੇਫ ਇਨਡੋਰ ਪਬਲਿਕ ਪਲੇਸ ਤੇ ਹੀ ਕਰਨੀ ਚਾਹੀਦੀ ਹੈ। ਬਾਹਰ ਪ੍ਰਾਈਵੇਟ ਸੁਨਸਾਨ ਦਿਸਣ ਵਾਲੀ ਥਾਂ 'ਤੇ ਮਿਲਨਾ ਭਾਰੀ ਮੁਸੀਬਤ ਨੂੰ ਬੁਲਾਵਾ ਦੇਣ ਵਾਲੀ ਗੱਲ ਹੋ ਸਕਦੀ ਹੈ। ਅਜਿਹੇ ਲੋਕ ਹਥਿਆਰ ਚਾਕੂ ਜਾਂ ਗੋਲੀ ਮਾਰ ਕੇ ਬੁਰੀ ਤਰਾਂ ਜਖਮੀ ਵੀ ਕਰ ਸਕਦੇ ਹਨ।

# ਮੋਗਾ ਦੇ ਸਾਬਕਾ ਡਿਪਟੀ ਕਮਿਸ਼ਨਰ ਪੰਜਾਬੀ ਸਿਨੇਮਾ, ਸੰਗੀਤ ਤੇ ਸੱਭਿਆਚਾਰ ਦੇ ਨੇ ਦਿਵਾਨੇ, ਕਰਵਾਏ ਕਈ ਮਨੋਰੰਜਕ ਪ੍ਰੋਗਰਾਮ : ਕੈਪਟਨ ਨਰਿੰਦਰ ਸਿੰਘ





*ਐਕਟ੍ਰੈਸ ਟੀਨਾ ਘਈ ਨਾਲ ਕੈਪਟਨ ਨਰਿੰਦਰ ਸਿੰਘ ਆਈ ਏ ਐਸ ਤੇ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਕੈਪਟਨ ਸਾਬ ਲਿਖਤ ਕਿਤਾਬਾਂ "ਜੀਵਨ ਖੇਡ" ਬਹੁਮੁੱਲੇ ਰੰਗ ਪੰਜਾਬ ਦੇ ਰਲੀਜ਼ ਮੌਕੇ।*

ਅੱਜ ਕਲ ਪੰਜਾਬ ਤੇ ਹਰਿਆਣਾ ਹਾਈਕੋਰਟ ਲਈ ਵਕਾਲਤ ਕਰ ਰਹੇ ਆਈ ਏ ਐਸ ਅਫਸਰ ਤੇ ਮੋਗਾ ਦੇ ਸਾਬਕਾ ਡੀ ਸੀ ਰਹੇ ਕੈਪਟਨ ਨਰਿੰਦਰ ਸਿੰਘ ਪੰਜਾਬੀ ਫ਼ਿਲਮਾਂ, ਸੰਗੀਤ ਸੱਭਿਆਚਾਰ ਨਾਲ ਸਦੀਵੀ ਮੋਹ ਪਾਲ ਬੈਠੇ ਹਨ। ਆਪਣੇ ਕਾਰਜਕਾਲ ਦੌਰਾਨ ਓਹਨਾਂ ਪੰਜਾਬੀ ਫ਼ਿਲਮਾਂ ਦੇ ਪ੍ਰੋਗਰਾਮ ਸਰਹੱਦੀ ਇਲਾਕਿਆਂ ਅਜਨਾਲਾ ਤੇ ਅੰਮ੍ਰਿਤਸਰ ਕਰਵਾਏ ਤੇ ਫਿਰ ਨਿਰਦੇਸ਼ਕ ਸੱਭਿਆਚਾਰ ਵਿਭਾਗ ਪੰਜਾਬ ਸਰਕਾਰ ਬਣ ਓਹਨਾਂ ਕਈ ਕੰਮ ਕੀਤੇ। ਹੁਣ ਓਹਨਾਂ ਨੇ ਪੰਜਾਬੀ ਸੱਭਿਆਚਾਰ ਤੇ ਫ਼ਿਲਮਜ਼ ਤੇ ਕਿਤਾਬਾਂ ਲਿਖੀਆਂ ਹਨ। ਓਹਨਾਂ ਪ੍ਰਸਿੱਧ ਟੀਵੀ ਜਰਨਲਿਸਟ ਨੀਤਿਕਾ ਮਹੇਸ਼ਵਰੀ ਨੂੰ ਇਹ ਭੇਂਟ ਕੀਤੀਆਂ। ਜਦ ਆਈ ਏ ਐਸ ਅਫਸਰ ਆਪਣੀ ਬੋਲੀ ਦੇ ਮਾਨ ਸਨਮਾਨ ਤੇ ਉੱਨਤੀ ਲਈ ਕੰਮ ਕਰਦੇ ਹੋਣ ਤਦ ਮਾਣ ਹੁੰਦਾ ਹੈ ਕਿ ਅਸੀਂ ਵੀ ਆਪਣੀ ਬੋਲੀ, ਵਿਰਸੇ ਤੇ ਸੱਭਿਆਚਾਰ ਦੀ ਉੱਨਤੀ ਲਈ ਯੋਗਦਾਨ ਦੇਈਏ। ਕੈਪਟਨ ਨਰਿੰਦਰ ਸਿੰਘ ਹੋਰਾਂ ਨੇ ਪੰਜਾਬੀ ਸਿਨੇਮਾ ਤੇ ਜਿਹੜੀ ਕਿਤਾਬ ਲਿਖੀ ਹੈ ਓਸ ਵਿੱਚ ਅਨਮੋਲ ਯਾਦ ਤੇ ਅਣਜਾਣੇ ਓਹ ਤੱਥ ਹਨ ਜਿਹੜੇ ਸਦਾਬਹਾਰ ਕਲਾਕਾਰਾਂ ਤੇ ਰੌਸ਼ਨੀ ਪਾਉਂਦੇ ਹਨ। ਅਜਨਾਲਾ ਵਿੱਚ "ਮੇਹਰ ਮਿੱਤਲ ਨਾਈਟ" ਤੇ ਅੰਮ੍ਰਿਤਸਰ ਵਿਖੇ "ਰਫੀ ਐਵਾਰਡ" ਦੇ ਇਲਾਵਾ ਲੁਧਿਆਣਾ ਤੇ ਮੋਗਾ ਨੂੰ ਓਹਨਾਂ ਨੇ ਪੰਜਾਬੀ ਫ਼ਿਲਮਾਂ ਦੇ ਸਿਤਾਰਿਆਂ ਨਾਲ ਰੌਸ਼ਨ ਕਰਵਾਇਆ ਸੀ। ਓਹ ਦਸਦੇ ਨੇ ਕਿ ਸੰਗੀਤ ਤੇ ਕਲਾ ਨਾਲ ਪਿਆਰ ਕੁਦਰਤੀ ਹੁੰਦਾ ਹੈ ਤੇ ਫਿਲਮੀ ਮੋਹ ਅਚਾਨਕ ਐਸਾ ਹੋਇਆ ਕਿ ਇੱਕ ਸਮੇਂ ਓਹ ਤੇ ਪੰਜਾਬੀ ਫ਼ਿਲਮਾਂ ਦੀ ਨਗਰੀ ਇੱਕ ਗੱਲ ਸੀ। ਕੈਪਟਨ ਨਰਿੰਦਰ ਸਿੰਘ ਨੇ ਤਾਂ "ਛੋਟੀਆਂ ਬੱਚਤਾਂ" ਵਿਭਾਗ ਦਾ ਨਿਰਦੇਸ਼ਕ ਬਣ ਓਥੇ ਵੀ ਸੱਭਿਆਚਾਰ ਤੇ ਕਿਤਾਬਾਂ ਤੇ ਲੇਖ ਲਿਖਣ ਦੇ ਮੁਕਾਬਲੇ ਕਰਵਾਏ ਸਨ। ਕੈਪਟਨ ਨਰਿੰਦਰ ਸਿੰਘ ਦੇ ਫਿਲਮੀ ਪਿਆਰ ਦੀ ਦਾਦ ਦੇਣੀ ਬਣਦੀ ਹੈ। -ਅੰਮ੍ਰਿਤ ਪਵਾਰ